ਨਾਮਧਾਰੀ ਲਹਿਰ ਦੀ ਕਵਿਤਾ

ਬਹੁਪੱਖੀ ਅਧਿਐਨ



ਡਾ. ਰਣਜੀਤ ਕੌਰ

ਨਾਮਧਾਰੀ ਲਹਿਰ ਦੀ ਕਵਿਤਾ :
ਬਹੁਪੱਖੀ ਅਧਿਐਨ

ਨਾਮਧਾਰੀ ਲਹਿਰ ਦੀ ਕਵਿਤਾ
ਬਹੁਪੱਖੀ ਅਧਿਐਨ

ਡਾ. ਰਣਜੀਤ ਕੌਰ

ਸੁੰਦਰ ਬੁੱਕ ਡਿਪੋ
ਮਾਈ ਹੀਰਾਂ ਗੇਟ
ਜਲੰਧਰ।

Naamdhari Lehar Di Kavita
Bahupakhi Adhian
By
Dr. Ranjit Kaur

H. No. 99, Ward No. 06
VPO - Bholath, KPT.
Mob. 9872922820

Published By :
Sunder Book Depot
Mai Hiran Gate, Jalandhar.
Ph : 0181-2213184
E mail : sunderbookdepot@yahoo.com
sunderbookdepot@gmail.com

Printed in India

ISBN : 978-93-80427-37-1

ਪਹਿਲੀ ਵਾਰ : 2012

ਮੁੱਲ : 200-00

ਪ੍ਰਕਾਸ਼ਕ : **ਸੁੰਦਰ ਬੁੱਕ ਡਿਪੋ**
ਮਾਈ ਹੀਰਾਂ ਗੇਟ
ਜਲੰਧਰ। ਫੋਨ - 0181-2213184

ਪ੍ਰਿੰਟਰਜ਼ : **ਸਹਿਗਲ ਪ੍ਰਿੰਟਰਜ਼**
ਜਲੰਧਰ।



ਸਮਰਪਿਤ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਅਤੇ

ਸਮੂਹ ਨਾਮਧਾਰੀ ਸੰਗਤ ਨੂੰ

ਤਤਕਰਾ

ਇਕ ਸ਼ਲਾਘਾਯੋਗ ਉੱਦਮ

ਡਾ. ਰਣਜੀਤ ਕੌਰ ਦੀ ਆਲੋਚਨਾਤਮਕ ਪੁਸਤਕ **ਨਾਮਧਾਰੀ ਲਹਿਰ ਦੀ ਕਵਿਤਾ: ਬਹੁਪੱਖੀ ਅਧਿਐਨ** ਨਾਮਧਾਰੀ ਸੰਪ੍ਰਦਾਇ ਦੇ ਕਵੀਆਂ ਦੀਆਂ ਸਿਰਜਣਾਤਮਕ ਪ੍ਰਾਪਤੀਆਂ ਦੇ ਵਿਭਿੰਨ ਪਹਿਲੂਆਂ ਦਾ ਅਧਿਐਨ ਤੇ ਮੁਲੰਕਣ ਕਰਨ ਦਾ ਸੁਆਗਤ ਯੋਗ ਉੱਦਮ ਹੈ। ਭਾਰਤ ਦੇ ਇਤਿਹਾਸ ਵਿਚ ਉਨ੍ਹੀਵੀਂ ਸਦੀ ਦੇ ਮਗਰਲੇ ਅੱਧ ਵਿਚ ਹੋਂਦ ਵਿਚ ਆਈ ਨਾਮਧਾਰੀ ਲਹਿਰ ਆਪਣੀ ਧਾਰਮਿਕਤਾ ਅਤੇ ਆਪਣੇ ਸਮਾਜਕ-ਰਾਜਨੀਤਕ ਖੇਤਰਾਂ ਵਿਚ ਪਾਏ ਵਡਮੁੱਲੇ ਯੋਗਦਾਨ ਸਦਕਾ ਤਾਂ ਮਹਤਵਪੂਰਨ ਸਥਾਨ ਰੱਖਦੀ ਹੀ ਹੈ, ਇਸ ਲਹਿਰ ਦੇ ਬਾਨੀ ਅਤੇ ਉਨ੍ਹਾਂ ਦੇ ਪੈਰੋਕਾਰਾਂ ਵਲੋਂ ਕੀਤੀ ਗਈ ਸਾਹਿਤ-ਰਚਨਾ ਸਦਕਾ ਵੀ ਪੰਜਾਬੀ ਸਾਹਿਤ ਦੀ ਪਰੰਪਰਾ ਅਮੀਰ ਤੇ ਭਰਪੂਰ ਹੋਈ ਹੈ। ਨਾਮਧਾਰੀ ਲਹਿਰ ਦੀ ਸਾਹਿਤਕ ਪਰੰਪਰਾ ਦਾ ਮੁੱਢ ਇਸ ਲਹਿਰ ਦੇ ਬਾਨੀ ਸਤਿਗੁਰੂ ਰਾਮ ਸਿੰਘ ਦੁਆਰਾ ਲਿਖੇ ਵਾਰਤਕ-ਹੁਕਮਨਾਮਿਆਂ ਨਾਲ ਬੱਝ ਜਾਂਦਾ ਹੈ ਜਿਨ੍ਹਾਂ ਵਿਚ ਉਨ੍ਹਾਂ ਨੇ ਬੜੀ ਸਰਲ ਤੇ ਮਿਠਾਸ-ਭਰਪੂਰ ਸ਼ੈਲੀ ਵਿਚ ਸੰਗਤ ਨੂੰ ਬਾਣੀ ਪੜ੍ਹਨ ਤੇ ਨਾਮ ਸਿਮਰਨ ਕਰਨ, ਆਚਰਣ ਦੀ ਸ਼ੁੱਧਤਾ ਤੇ ਰਹਿਤ ਮਰਿਆਦਾ ਕਾਇਮ ਰੱਖਣ, ਸਮਾਜਕ ਬੁਰਾਈਆਂ ਨੂੰ ਦੂਰ ਕਰਨ, ਵਿਦਿਆ ਪ੍ਰਾਪਤ ਕਰਕੇ ਗਿਆਨਵਾਨ ਤੇ ਕਰਮਸ਼ੀਲ ਬਣਨ, ਆਪਣੀ ਬੋਲੀ ਤੇ ਆਪਣੇ ਸਭਿਆਚਾਰ ਨਾਲ ਜੁੜੇ ਰਹਿ ਕੇ ਦੇਸ਼ ਦੀ ਆਜ਼ਾਦੀ ਲਈ ਅੰਗਰੇਜ਼ੀ ਸਾਮਰਾਜ ਦੇ ਖਿਲਾਫ ਸੰਘਰਸ਼ ਕਰਨ ਦੇ ਉਪਦੇਸ਼ ਦਿੱਤੇ ਹਨ।

ਨਾਮਧਾਰੀ ਲਹਿਰ ਦੇ ਮੁਢਲੇ ਦੌਰ ਵਿਚ ਰਚੀ ਗਈ ਪੰਜਾਬੀ ਕਵਿਤਾ ਵੀ ਸਤਿਗੁਰੂ ਰਾਮ ਸਿੰਘ ਜੀ ਦੇ ਇਨ੍ਹਾਂ ਉਪਦੇਸ਼ਾਂ ਨੂੰ ਕਾਵਿ ਬੱਧ ਕਰਦੀ ਹੋਈ ਇਸ ਸੰਪ੍ਰਦਾਇ ਦੀਆਂ ਵਿਚਾਰਧਾਰਕ ਤੇ ਵਿਹਾਰਕ ਵਿਲੱਖਣਤਾਵਾਂ ਦਾ ਵਰਣਨ ਵੀ ਕਰਦੀ ਹੈ। ਇਹ ਕਵਿਤਾ ਨਾਮਧਾਰੀ ਗੁਰੂਆਂ ਸਤਿਗੁਰੂ ਰਾਮ ਸਿੰਘ ਜੀ, ਸਤਿਗੁਰੂ ਬਾਲਕ ਸਿੰਘ ਜੀ, ਸਤਿਗੁਰੂ ਹਰੀ ਸਿੰਘ ਜੀ ਦੀ ਮਹਿਮਾ ਦਾ, ਉਨ੍ਹਾਂ ਦੀ ਅਦੁਤੀ ਸ਼ਖਸੀਅਤ ਅਤੇ ਉਨ੍ਹਾਂ ਦੀ ਮਹਾਨ ਧਾਰਮਿਕ ਸਮਾਜਕ ਤੇ ਇਤਿਹਾਸਕ ਦੇਣ ਦਾ ਜਸ-ਗਾਇਨ ਵੀ ਕਰਦੀ ਹੈ ਅਤੇ ਪ੍ਰਸ਼ੰਸਾਮੂਲਕ ਸੁਰ ਵਿਚ ਨਾਮਧਾਰੀ ਸੰਪ੍ਰਦਾਇ ਦੇ ਪੈਰੋਕਾਰਾਂ ਵਲੋਂ ਦੇਸ਼ ਕੌਮ ਤੇ ਧਰਮ ਦੀ ਖਾਤਿਰ ਦਿੱਤੀਆਂ ਕੁਰਬਾਨੀਆਂ ਦੇ ਪ੍ਰਸੰਗ ਵੀ ਸੁਣਾਉਂਦੀ ਹੈ। ਇਸ ਦੌਰ ਦੀ ਕਵਿਤਾ ਦਾ ਕੁਝ ਹਿੱਸਾ ਬ੍ਰਜ ਤੇ ਪੰਜਾਬੀ ਭਾਸ਼ਾ ਦੇ ਮਿਸ਼ਰਣ ਵਾਲੀ ਭਾਸ਼ਾ ਵਿਚ ਰਚਿਆ ਹੋਇਆ ਹੈ। ਪੰਜਾਬੀ ਵਿਚ ਰਚੀ- ਨਾਮਧਾਰੀ ਕਵਿਤਾ ਦੀ ਪਹਿਲੀ ਕਿਰਤ ਬਾਬਾ ਚੰਦਾ ਸਿੰਘ ਜੀ ਦੇ ਲਿਖੇ ਬਾਰਾਂਮਾਹ ਦੇ ਰੂਪ ਵਿਚ ਉਪਲਬਧ ਹੈ। ਇਸ ਉਪਰੰਤ ਸੰਤ ਨਿਹਾਲ ਸਿੰਘ ਤੇ ਬਾਬਾ ਕਾਲਾ ਸਿੰਘ ਵਲੋਂ ਦੋ ਹੋਰ ਬਾਰਾਂਮਾਹੇ ਵੀ ਰਚੇ ਗਏ ਮਿਲਦੇ ਹਨ। ਇਹ ਤਿੰਨੇ ਬਾਰਾਂਮਾਹੇ ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਵਿਸ਼ੇਸ਼ ਮਹਤਵ ਰੱਖਣ ਵਾਲੇ ਹਨ। ਇਨ੍ਹਾਂ ਵਿਚ ਸਤਿਗੁਰੂ ਰਾਮ ਸਿੰਘ ਜੀ ਪ੍ਰਤਿ ਸ਼ਰਧਾ, ਭਗਤੀ ਤੇ ਪ੍ਰੇਮ ਦੇ ਤੀਬਰ ਭਾਵਾਂ ਦੀ ਪੇਸ਼ਕਾਰੀ ਹੋਈ ਹੈ। ਖਾਸ ਕਰਕੇ ਸਤਿਗੁਰੂ ਜੀ ਦੀ ਅੰਗਰੇਜ਼ ਹਕੂਮਤ ਵਲੋਂ ਦਿੱਤੀ ਸਰੋਦੀ ਜਲਾਵਤਨੀ

ਦੇ ਸਮੇਂ ਉਨ੍ਹਾਂ ਦੇ ਵਿਯੋਗ ਵਿਚ ਬਿਹਬਲ ਸੰਗਤ ਦੀ ਤੜਪ ਦਾ ਵਰਣਨ ਬਹੁਤ ਵੈਗਰਾਮਈ ਸੁਰ ਵਿਚ ਕੀਤਾ ਗਿਆ ਹੈ। ਨਾਮਧਾਰੀ ਸੰਪਰਧਾਇ ਦੀ ਜੀਵਨ-ਜਾਚ, ਧਾਰਮਿਕ, ਸਮਾਜਕ ਤੇ ਰਾਜਨੀਤਕ ਵਿਚਾਰ ਤੇ ਵਿਹਾਰ ਅਤੇ ਨਾਮਧਾਰੀ ਸੰਗਤ ਦੇ ਅੰਗਰੇਜ਼ ਹਕੂਮਤ ਪ੍ਰਤਿ ਰੋਹ ਤੇ ਵਿਦਰੋਹ ਦੇ ਸੂਰਬੀਰਤਾ ਭਰੇ ਕਾਰਨਾਮਿਆਂ ਦੀ ਪੇਸ਼ਕਾਰੀ ਵੀ ਇਨ੍ਹਾਂ ਬਾਰਾਮਾਂਹਿਆਂ ਵਿਚ ਕਲਾਤਮਕ ਰੂਪ ਵਿਚ ਹੋਈ ਹੈ।

ਨਾਮਧਾਰੀ ਲਹਿਰ ਦੀ ਪੰਜਾਬੀ ਕਵਿਤਾ ਦੇ ਦੂਜਾ ਦੌਰ ਦਾ ਆਰੰਭ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਹੁੰਦਾ ਹੈ ਜਦੋਂ ਨਾਮਧਾਰੀ ਸਤਿਗੁਰੂ ਦੀ ਸਰਪ੍ਰਸਤੀ ਸਦਕਾ ਇਸ ਕਵਿਤਾ ਨੂੰ ਭਰਪੂਰ ਹੁਲਾਰਾ ਮਿਲਦਾ ਹੈ। ਇਸ ਦੌਰ ਦੀ ਕਵਿਤਾ ਵਿਚ ਸੰਤ ਇੰਦਰ ਸਿੰਘ ਚਕਰਵਰਤੀ, ਸੰਤ ਨਿਧਾਨ ਸਿੰਘ ਕਾਦਰਾਬਾਦੀ, ਸੰਤ ਇਕਬਾਲ ਸਿੰਘ ਮਨਚੰਦਾ, ਗਿਆਨੀ ਗਿਆਨ ਸਿੰਘ, ਸੂਬਾ ਮੀਹਾਂ ਸਿੰਘ, ਨਾਹਰ ਸਿੰਘ, ਅਮਰ ਭਾਰਤੀ, ਅਵਤਾਰ ਸਿੰਘ ਆਜ਼ਾਦ, ਸੰਤ ਨਿਧਾਨ ਸਿੰਘ ਆਲਮ ਆਦਿ ਦਾ ਵਿਸ਼ੇਸ਼ ਯੋਗਦਾਨ ਹੈ। ਇਸ ਪਰੰਪਰਾ ਨੂੰ ਅੱਗੇ ਤੋਰਨ ਵਾਲੇ ਕਵੀਆਂ ਵਿਚ ਚਤਰ ਸਿੰਘ ਬੀਰ, ਤੇਜਾ ਸਿੰਘ ਸੋਖਲ, ਪ੍ਰੀਤਮ ਸਿੰਘ ਕਵੀ, ਤਾਰਾ ਸਿੰਘ ਅਨਜਾਣ, ਪ੍ਰੀਤਮ ਸਿੰਘ ਪੰਛੀ, ਕਿਰਪਾਲ ਸਿੰਘ ਕਸੇਲ, ਸੰਤ ਰਾਮ ਉਦਾਸੀ, ਮਾਸਟਰ ਅਮਰੀਕ ਸਿੰਘ, ਸੂਬਾ ਸੁਰਿੰਦਰ ਕੌਰ ਖਰਲ, ਗੁਰਦੇਵ ਸਿੰਘ ਰਾਏ, ਪ੍ਰਿੰਸੀਪਲ ਅਜੀਤ ਸਿੰਘ ਆਦਿ ਦੇ ਨਾਂ ਖਾਸ ਤੌਰ 'ਤੇ ਜ਼ਿਕਰ ਕਰਨ ਯੋਗ ਹਨ। ਇਸ ਵਿਸ਼ੇਸ਼ ਪ੍ਰਕਿਰਤੀ ਵਾਲੀ ਕਵਿਤਾ ਦਾ ਸਫਰ ਨਿਰੰਤਰ ਜਾਰੀ ਹੈ ਜਿਸ ਵਿਚ ਇਸਦੀਆਂ ਨਵੀਆਂ ਸੰਭਾਵਨਾਵਾਂ ਉਜਾਗਰ ਹੋ ਰਹੀਆਂ ਹਨ।

ਡਾ. ਰਣਜੀਤ ਕੌਰ ਦੀ ਇਹ ਪੁਸਤਕ ਨਾਮਧਾਰੀ ਲਹਿਰ ਦੀ ਇਸ ਵਿਲੱਖਣ ਕਾਵਿ-ਪਰੰਪਰਾ ਦੇ ਬਹੁ-ਪੱਖੀ ਸਰੂਪ ਦੇ ਖੋਜ-ਭਰਪੂਰ ਅਧਿਐਨ ਦਾ ਸਿੱਟਾ ਹੈ। ਉਸਦੇ ਪੀ.ਐਚ.ਡੀ. ਦੇ ਖੋਜ-ਪ੍ਰਬੰਧ ਦੀ ਅਗਵਾਈ ਤੇ ਨਿਗਰਾਨੀ ਕਰਦਿਆਂ ਮੈਨੂੰ ਇਸ ਗੱਲ ਦੀ ਖੁਸ਼ੀ ਹੁੰਦੀ ਸੀ ਕਿ ਉਸ ਦਾ ਖੋਜ ਕਾਰਜ ਨਾਮਧਾਰੀ ਕਾਵਿ ਦੀ ਪਰੰਪਰਾ ਸੰਬੰਧੀ ਪੀ.ਐਚ.ਡੀ ਪੱਧਰ ਦਾ ਪਹਿਲਾ ਖੋਜ ਕਾਰਜ ਸੀ। ਜਿਸ ਵਿਚ ਉਸਨੇ ਆਪਣੇ ਖੋਜ-ਵਿਸ਼ੇ ਸੰਬੰਧੀ ਕੀਤੇ ਗਏ ਨਾਮਧਾਰੀ ਲਹਿਰ ਦੀ ਕਵਿਤਾ ਦੇ ਗਹਿਨ ਤੇ ਵਿਸਤ੍ਰਿਤ ਅਧਿਐਨ ਦੌਰਾਨ ਪ੍ਰਮਾਣਿਕ ਸਿੱਟੇ ਪ੍ਰਸਤੁਤ ਕੀਤੇ ਹਨ। ਉਸ ਦੀ ਹੱਥਲੀ ਆਲੋਚਨਾਤਮਕ ਪੁਸਤਕ **ਨਾਮਧਾਰੀ ਲਹਿਰ ਦੀ ਕਵਿਤਾ : ਬਹੁਪੱਖੀ ਅਧਿਐਨ** ਨਾਮਧਾਰੀ ਲਹਿਰ ਦੀ ਪੰਜਾਬੀ ਕਵਿਤਾ ਦੇ ਗਹਿਨ ਤੇ ਵਿਸਤ੍ਰਿਤ ਅਧਿਐਨ ਦਾ ਪ੍ਰਮਾਣ ਪੇਸ਼ ਕਰਦੀ ਹੈ। ਉਸਨੇ ਆਪਣੇ ਇਸ ਅਧਿਐਨ ਨੂੰ ਸਾਹਿਤਿਕ ਸਰੋਕਾਰਾਂ ਤੋਂ ਅਗਾਂਹ ਤੋਰਦੇ ਹੋਏ ਇਸ ਲਹਿਰ ਦੇ ਇਤਿਹਾਸਕ ਵਿਕਾਸ ਤਕ ਵੀ ਫੈਲਾਇਆ ਹੈ ਅਤੇ ਇਸ ਲਹਿਰ ਦੀ ਕਵਿਤਾ ਦੇ ਧਾਰਮਿਕ ਸਮਾਜਕ ਤੇ ਰਾਜਨੀਤਕ ਸਰੋਕਾਰਾਂ ਦੀ ਵੀ ਪਛਾਣ ਕਰਾਈ ਹੈ ਜੋ ਕਿ ਇਸ ਕਵਿਤਾ ਦੀ ਵਿਲੱਖਣਤਾ ਦਾ ਵੱਡਾ ਆਧਾਰ ਸਿਰਜਦੇ ਹਨ। ਇਸ ਤਰ੍ਹਾਂ ਉਸਨੇ ਨਾਮਧਾਰੀ ਲਹਿਰ ਦੇ ਇਤਿਹਾਸਕ ਮਹੱਤਵ ਨੂੰ ਵੀ ਉਜਾਗਰ ਕੀਤਾ ਹੈ ਅਤੇ ਇਸ ਲਹਿਰ ਦੀ ਕਵਿਤਾ ਦਾ ਪੰਜਾਬੀ ਸਾਹਿਤ ਦੀ ਪਰੰਪਰਾ ਵਿਚ ਉਚਿਤ ਸਥਾਨ ਨਿਰਧਾਰਿਤ ਕਰਨ ਦੇ ਉਦੱਮ ਨੂੰ ਵੀ ਨੇਪਰੇ ਚਾੜ੍ਹਿਆ ਹੈ।

ਮੈਂ ਡਾ. ਰਣਜੀਤ ਕੌਰ ਨੂੰ ਉਸਦੇ ਇਸ ਉਦੱਮ ਤੇ ਸ਼ਾਬਾਸ਼ ਤੇ ਵਧਾਈ ਦਿੰਦੀ ਹੋਈ ਇਹ ਸ਼ੁਭ ਕਾਮਨਾ ਕਰਦੀ ਹਾਂ ਕਿ ਉਹ ਇਸ ਪੁਸਤਕ ਦੇ ਰੂਪ ਵਿਚ ਆਰੰਭ ਕੀਤੇ

ਸਾਹਿਤ-ਅਧਿਐਨ ਦੇ ਆਪਣੇ ਸਿਰੜ ਨੂੰ ਕਾਇਮ ਰਖਦੀ ਹੋਈ ਇਸ ਖੇਤਰ ਵਿਚ ਅਗਾਂਹ ਵੀ ਕਾਰਜਸ਼ੀਲ ਰਹੇ। ਇਸਦੇ ਨਾਲ ਹੀ ਮੈਂ ਇਸ ਸੰਭਾਵਨਾ ਵਿਚ ਆਪਣਾ ਵਿਸ਼ਵਾਸ ਪ੍ਰਗਟਾਉਣ ਦੀ ਖੁਸ਼ੀ ਵੀ ਲੈਣਾ ਚਾਹਾਂਗੀ ਕਿ ਡਾ. ਰਣਜੀਤ ਕੌਰ ਦਾ ਇਹ ਉਦੱਮ ਪੰਜਾਬੀ ਸਾਹਿਤ ਦੇ ਵਿਦਵਾਨਾਂ ਤੇ ਖੋਜਾਰਥੀਆਂ ਨੂੰ ਨਾਮਧਾਰੀ ਲਹਿਰ ਦੇ ਸਾਹਿਤ ਬਾਰੇ ਹੋਰ ਅਗਲੇਰੀ ਖੋਜ ਲਈ ਆਧਾਰ ਅਤੇ ਪ੍ਰੇਰਣਾ ਦਾ ਸਰੋਤ ਬਣੇਗਾ।

ਡਾ. ਬਲਜੀਤ ਕੌਰ

ਪ੍ਰੋਫੈਸਰ ਤੇ ਸਾਬਕਾ ਡੀਨ

ਭਾਸ਼ਾਵਾਂ ਫੈਕਲਟੀ

ਗੁਰੂ ਨਾਨਕ ਦੇਵ ਯੂਨੀਵਰਸਿਟੀ

ਅੰਮ੍ਰਿਤਸਰ।

ਨਾਮਧਾਰੀ ਲਹਿਰ ਦਾ ਸੰਖੇਪ ਇਤਿਹਾਸ

ਵਿਸ਼ਵ-ਇਤਿਹਾਸ ਦੇ ਅਧਿਐਨ ਤੋਂ ਪ੍ਰਮਾਣ ਮਿਲਦੇ ਹਨ ਕਿ ਕਿਸੇ ਵੀ ਦੇਸ਼-ਕਾਲ ਵਿਚ ਪ੍ਰਚਲਿਤ ਹੋਣ ਵਾਲੀ ਕੋਈ ਵੀ ਲਹਿਰ ਅਚਨਚੇਤੀ ਤੇ ਤਤਫਟ ਹੋਂਦ ਵਿਚ ਨਹੀਂ ਆ ਜਾਂਦੀ, ਸਗੋਂ ਉਸ ਦੇ ਉਦਭਵ ਪਿੱਛੇ ਵਿਸ਼ੇਸ਼ ਕਾਰਨ ਹੁੰਦੇ ਹਨ। ਇਨ੍ਹਾਂ ਵਿਚੋਂ ਕੁਝ ਕਾਰਨ ਸਤਹੀ ਤੇ ਕੁਝ ਗਹਿਨ ਪ੍ਰਕਿਰਤੀ ਵਾਲੇ ਹੁੰਦੇ ਹਨ। ਨਾਮਧਾਰੀ ਲਹਿਰ ਦੇ ਉਦਭਵ ਪਿੱਛੇ ਇਹ ਦੋਵੇਂ ਤਰ੍ਹਾਂ ਦੇ ਕਾਰਨ ਕਾਰਜਸ਼ੀਲ ਰਹੇ ਹਨ। ਨਾਮਧਾਰੀ ਲਹਿਰ ਦੇ ਉਦਭਵ ਦਾ ਮੁਖ ਪ੍ਰੇਰਕ ਖ਼ਾਲਸਾ ਰਾਜ ਦਾ ਪਤਨ ਸੀ। ਇਸ ਦੇ ਨਾਲ ਹੀ ਪੰਜਾਬੀਆਂ ਦਾ ਸਮਾਜਕ, ਧਾਰਮਿਕ ਅਤੇ ਨੈਤਿਕ ਪਤਨ ਵੀ ਨਾਮਧਾਰੀ ਲਹਿਰ ਦੇ ਉਦਭਵ ਦੇ ਮਹੱਤਵਪੂਰਨ ਪ੍ਰੇਰਕ ਬਣੇ।

ਮੁਗ਼ਲ ਸਾਮਰਾਜ ਦੇ ਪਤਨ ਤੋਂ ਬਾਅਦ ਪੰਜਾਬ ਵਿਚ ਸਿੱਖ ਮਿਸਲਾਂ ਦੀ ਸਥਾਪਨਾ ਹੋਈ ਅਤੇ ਸ਼ੁਕਰਚੱਕਰੀਆ ਮਿਸਲ ਦੇ ਸਰਦਾਰ ਮਹਾਂ ਸਿੰਘ ਦੇ ਪੁੱਤਰ ਰਣਜੀਤ ਸਿੰਘ ਨੇ ਸਾਰੀਆਂ ਮਿਸਲਾਂ ਨੂੰ ਮਿਲਾ ਕੇ ਖ਼ਾਲਸਾ ਰਾਜ ਦੀ ਸਥਾਪਨਾ ਕੀਤੀ। ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਉਤੇ ਪੰਜਾਹ ਸਾਲ ਰਾਜ ਕੀਤਾ। ਉਨ੍ਹਾਂ ਦੁਆਰਾ ਸਥਾਪਤ ਕੀਤਾ ਗਿਆ ਖ਼ਾਲਸਾ ਰਾਜ ਗੁਰੂ ਗੋਬਿੰਦ ਸਿੰਘ ਜੀ ਦੇ ਸਿਧਾਂਤਾਂ ਦਾ ਅਨੁਸਾਰੀ ਸੀ, ਜਿਸ ਵਿਚ ਸਾਰੇ ਧਰਮਾਂ ਅਤੇ ਕੌਮਾਂ ਦੇ ਨਾਗਰਿਕਾਂ ਨੂੰ ਬਰਾਬਰ ਸਥਾਨ ਤੇ ਸਨਮਾਨ ਦਿੱਤਾ ਜਾਂਦਾ ਸੀ। ਇਸੇ ਸਮੇਂ ਤਕ ਅੰਗਰੇਜ਼ੀ ਸਾਮਰਾਜ ਪੰਜਾਬ ਨੂੰ ਛੱਡ ਕੇ ਪੂਰੇ ਭਾਰਤ ਵਿਚ ਆਪਣੀਆਂ ਜੜ੍ਹਾਂ ਫੈਲਾਅ ਚੁੱਕਾ ਸੀ। ਈਸਾਈ ਮਿਸ਼ਨਰੀ ਈਸਾਈ ਧਰਮ ਦਾ ਪ੍ਰਚਾਰ ਕਰਨ ਲਈ ਪੰਜਾਬ ਵਿਚ ਵੀ ਪਹੁੰਚ ਚੁੱਕੇ ਸਨ ਅਤੇ ਅੰਗਰੇਜ਼ ਧਰਮ ਦਾ ਸਹਾਰਾ ਲੈ ਕੇ ਪੰਜਾਬ ਵਿਚ ਆਪਣੀ ਜੜ੍ਹ ਲਾਉਣ ਦੀ ਕੋਸ਼ਿਸ਼ ਕਰ ਰਹੇ ਸਨ।

ਗੁਰੂ ਰਾਮ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਖ਼ਾਲਸਾ ਸੈਨਾ ਦੀ ਕੰਵਰ ਨੌਨਿਹਾਲ ਰੈਜਮੈਂਟ ਵਿਚ ਸੈਨਿਕ ਸਨ, ਜਿੱਥੇ ਉਹ ਮਸਤਾਨਾ ਰਾਮ ਸਿੰਘ ਦੇ ਨਾਮ ਨਾਲ ਜਾਣੇ ਜਾਂਦੇ ਹਨ। ਉਨ੍ਹਾਂ ਦੇ ਮਨ ਉੱਤੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਰਾਜਗੱਦੀ ਹਥਿਆਉਣ ਵਾਸਤੇ ਹੋਏ ਲੜੀਵਾਰ ਕਤਲਾਂ, ਸਿੱਖਾਂ ਤੇ ਅੰਗਰੇਜ਼ਾਂ ਵਿਚਕਾਰ ਮੁਦਕੀ ਅਤੇ ਸਭਰਾਵਾਂ ਦੀਆਂ ਲੜਾਈਆਂ ਵਿਚ ਹੋਈ ਸਿੱਖ ਕੌਮ ਦੀ ਹਾਰ ਅਤੇ ਫਿਰ 1849 ਈ. ਵਿਚ ਅੰਗਰੇਜ਼ਾਂ ਦਾ ਪੰਜਾਬ ਉਤੇ ਕਬਜ਼ਾ ਆਦਿ ਘਟਨਾਵਾਂ ਨੇ ਡੂੰਘਾ ਪ੍ਰਭਾਵ ਪਾਇਆ। ਉਨ੍ਹਾਂ ਨੇ ਖ਼ਾਲਸਾ ਰਾਜ ਦੇ ਪਤਨ ਦੇ ਕਾਰਨਾਂ ਨੂੰ ਬਹੁਤ ਨੇੜਿਉਂ ਵੇਖਿਆ ਤੇ ਜਾਣਿਆ। ਉਨ੍ਹਾਂ ਨੇ ਇਹ ਅਨੁਭਵ ਕੀਤਾ ਕਿ ਸਿੱਖ ਖ਼ਾਲਸਾ ਰਾਜ ਦੇ ਪਤਨ ਦਾ ਮੁੱਖ ਕਾਰਨ ਇਹ ਸੀ ਕਿ ਖ਼ਾਲਸਾ ਕੌਮ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਥਾਪਤ ਸਿੱਖੀ ਮਰਿਯਾਦਾ ਦੇ ਸਿੱਧਾਂਤਾਂ ਨੂੰ ਭੁਲਾ ਕੇ ਕਈ ਕੁਰੀਤੀਆਂ ਦਾ ਸ਼ਿਕਾਰ ਹੋ ਗਈ ਸੀ। ਸਿੱਖ ਕੌਮ ਸਮਾਜਕ, ਧਾਰਮਿਕ ਅਤੇ ਨੈਤਿਕ ਪਤਨ ਦੀ ਸ਼ਿਕਾਰ ਹੋ ਰਹੀ ਸੀ। ਇਹ ਪਤਨ ਵੀ ਨਾਮਧਾਰੀ ਲਹਿਰ ਦੇ ਉਦਭਵ ਦਾ ਪ੍ਰੇਰਕ ਬਣਿਆ। ਇਸ ਬਾਰੇ ਨਿਮਨਅੰਕਿਤ ਕਾਵਿ-ਪੰਗਤੀਆਂ ਤੋਂ ਸਪਸ਼ਟ ਹੋ ਜਾਂਦਾ ਹੈ:

'ਗੁਰੂ ਦਸਮੇਸ਼ ਪਿਛੋਂ ਰਾਜ ਪਾਇਆ ਪੰਥ ਨੇ ਸੀ, ਰਾਹ ਦਿੱਤਾ ਛੱਡ ਤੇ ਕੁਰਾਹ ਰਾਹ ਮੱਲਿਆ। ਬੁਰਛਿਆਂ ਨੇ ਸਿਖ ਦਰਬਾਰ ਸੀ ਵੈਰਾਨ ਕੀਤਾ,ਨਿਰਬਲਾਂ, ਨਿਰਦੋਸ਼ਿਆਂ ਗ਼ਰੀਬਾਂ ਨੂੰ ਦਬੱਲਿਆ।'[1]

ਖ਼ਾਲਸਾ ਸੈਨਾ ਦੀ ਨੌਕਰੀ ਦੇ ਦੌਰਾਨ ਗੁਰੂ ਰਾਮ ਸਿੰਘ ਦਾ ਮੇਲ ਹਜਰੋਂ ਨਿਵਾਸੀ ਮਹਾਂਪੁਰਖ ਬਾਬਾ ਬਾਲਕ ਸਿੰਘ ਨਾਲ ਹੋਇਆ, ਜਿਨ੍ਹਾਂ ਨੂੰ ਨਾਮਧਾਰੀ ਲਹਿਰ ਦੇ ਇਤਿਹਾਸ ਵਿਚ ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਉਨ੍ਹਾਂ ਦਾ ਗੱਦੀ-ਨਸ਼ੀਨ ਮੰਨਿਆ ਗਿਆ ਹੈ। ਸਤਿਗੁਰੂ ਰਾਮ ਸਿੰਘ ਨੂੰ ਉਨ੍ਹਾਂ ਨੇ ਅੰਗਰੇਜ਼ ਹਕੂਮਤ ਦੇ ਖਿਲਾਫ਼ ਸਤਿਆਗ੍ਰਹਿ ਆਰੰਭ ਕਰਨ ਅਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਥਾਪਤ ਸਿੱਖੀ - ਮਰਿਯਾਦਾ ਨੂੰ ਬਰਕਰਾਰ ਰੱਖਣ ਦੀ ਪ੍ਰੇਰਨਾ ਦਿੱਤੀ।

1857 ਈ. ਵਿਚ ਭਾਰਤੀਆਂ ਨੇ ਅੰਗਰੇਜ਼ੀ ਸ਼ਾਮਰਾਜ ਵਿਰੁੱਧ ਪਹਿਲੀ ਲੜਾਈ ਲੜੀ ਸੀ। ਇਹ ਲੜਾਈ ਕੁਝ ਕਾਰਨਾਂ ਕਰਕੇ ਅਸਫ਼ਲ ਰਹੀ ਸੀ, ਪਰੰਤੂ ਇਸ ਨਾਲ ਅੰਗਰੇਜ਼ ਹਕੂਮਤ ਵਿਰੁੱਧ ਜਥੇਬੰਦ ਬਗ਼ਾਵਤ ਦਾ ਮੁੱਢ ਬੱਝ ਗਿਆ। ਸਿੱਖਾਂ ਨੇ ਇਸ ਲੜਾਈ ਵਿਚ ਭਾਗ ਨਹੀਂ ਸੀ ਲਿਆ। ਉਹ ਅਜੇ 1849 ਈ. ਵਿਚ ਹੋਈ ਸਿੰਘਾਂ ਤੇ ਅੰਗਰੇਜ਼ਾਂ ਦੀ ਜੰਗ ਵਿਚ ਖਾਧੀ ਹਾਰ ਨੂੰ ਭੁਲਾ ਨਹੀਂ ਸਕੇ ਸਨ। ਇਸ ਸਮੇਂ ਦੌਰਾਨ ਹੀ ਭਾਵ 1857 ਈ. ਦੀ ਵਿਸਾਖੀ ਨੂੰ ਨਾਮਧਾਰੀ ਗੁਰੂ ਰਾਮ ਸਿੰਘ ਨੇ ਭੈਣੀ ਸਾਹਿਬ (ਲੁਧਿਆਣਾ) ਵਿਚ 'ਸੰਤ ਖ਼ਾਲਸਾ' ਦੀ ਸਿਰਜਣਾ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਦੀ ਵਿਸਾਖੀ ਵਾਲੇ ਦਿਨ 'ਖ਼ਾਲਸੇ' ਦੀ ਸਿਰਜਣਾ ਕਰਨ ਸਮੇਂ ਜਿਹੜੇ ਅਸੂਲ ਅਤੇ ਮਰਿਯਾਦਾਵਾਂ ਸਿੱਖ ਪੰਥ ਲਈ ਨਿਸ਼ਚਿਤ ਕੀਤੀਆਂ ਸਨ, ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋ ਬਾਅਦ ਸਮਾਜ ਨੇ ਉਨ੍ਹਾਂ ਅਸੂਲਾਂ ਅਤੇ ਮਰਿਯਾਦਾਵਾਂ ਦਾ ਪਾਲਣ ਕਰਨਾ ਛੱਡ ਦੇਤਾ, ਜਿਸ ਦੇ ਫ਼ਲਸਰੂਪ ਸਮਾਜ ਵਿਚ ਸਮਾਜਕ, ਧਾਰਮਿਕ ਅਤੇ ਨੈਤਿਕ ਪਤਨ ਵਧਦਾ ਜਾ ਰਿਹਾ ਹੀ। ਸਿੱਖ ਸਮਾਜ ਦੇ ਇਸ ਪਤਨ ਨੂੰ ਰੋਕਣ ਦੇ ਮਕਸਦ ਨਾਲ ਹੀ ਸ੍ਰੀ ਗੁਰੂ ਰਾਮ ਸਿੰਘ ਨੇ 'ਸੰਤ ਖ਼ਾਲਸਾ' ਦੀ ਸਾਜਨਾ ਕੀਤੀ। ਇਸ ਇਤਿਹਾਸਕ ਘਟਨਾ ਨੂੰ ਨਾਮਧਾਰੀ-ਇਤਿਹਾਸ ਵਿਚ 'ਸਿੱਖ ਪੁਨਰ-ਸੁਰਜੀਤੀ' ਜਾਂ ਸਿੱਖ ਪੁਨਰ-ਸਥਾਪਨਾ ਦਾ ਨਾਮ ਦਿੱਤਾ ਗਿਆ ਹੈ। ਇਸ ਸੰਬੰਧ ਵਿਚ ਤਾਰਾ ਸਿੰਘ ਅਨਜਾਣ ਦੀ ਨਿਮਨ-ਲਿਖਤ ਟਿਪੱਣੀ ਉਲੇਖਯੋਗ ਹੈ:

ਸਤਿਗੁਰੂ ਰਾਮ ਸਿੰਘ ਨੇ ਦਸ਼ਮੇਸ਼ ਜੀ ਦੀ ਦਸੀ ਹੋਈ ਮਰਿਯਾਦਾ ਨੂੰ ਹੋਰ ਧਰਮਾਂ ਦੀਆਂ ਮਰਿਯਾਦਾਵਾਂ ਨਾਲੋਂ ਉੱਤਮ ਜਾਤਾਂ, ਪਰ ਇਸ ਵਿਚ ਆਈਆਂ ਊਣਤਾਈਆਂ ਵੀ ਖ਼ਤਮ ਕਰਨੀਆਂ ਜ਼ਰੂਰੀ ਸਨ। ਨਾਲ ਹੀ ਜ਼ਰੂਰਤ ਸੀ ਸਮੇਂ ਦੀ ਲੋੜ ਅਨੁਸਾਰ ਕੁਝ ਹੋਰ ਆਦਰਸ਼ਕ ਅਸੂਲਾਂ ਦੀ ਜਿਨ੍ਹਾਂ ਤੇ ਅਮਲ ਕਰਕੇ ਜਨ-ਸਧਾਰਨ ਨੂੰ ਚੰਗੀ ਜੀਵਨ-ਜਾਚ ਆ ਜਾਵੇ। ਆਪ ਨੇ ਸਿੱਖੀ ਰਹਿਤ ਮਰਿਯਾਦਾ ਨੂੰ ਫੇਰ ਸੁਰਜੀਤ ਕਰਨ ਲਈ ਵਸਾਖੀ ਦਾ ਦਿਹਾੜਾ ਚੁਣਿਆ।[2]

ਸ੍ਰੀ ਗੁਰੂ ਰਾਮ ਸਿੰਘ ਨੇ ਸਿੱਖ ਗੁਰੂ ਸਾਹਿਬਾਨ ਦੁਆਰਾ ਦਰਸਾਏ ਗਏ ਉਸ ਮਾਰਗ ਨੂੰ ਅਪਨਾਉਣ ਉੱਤੇ ਬਲ ਦਿੱਤਾ, ਜਿਸ ਨੂੰ ਸਮਾਜ ਤਿਆਗਦਾ ਜਾਂ ਭੁੱਲਦਾ ਜਾ ਰਿਹਾ ਸੀ। ਗੁਰੂ ਰਾਮ ਸਿੰਘ ਦੁਆਰਾ ਸਿੱਖੀ ਮਰਿਯਾਦਾ ਦੀ ਪੁਨਰ-ਸਥਾਪਤੀ ਬਾਰੇ ਨਾਮਧਾਰੀ ਕਵੀਆਂ ਦੀ ਕਵਿਤਾ ਵਿਚ ਵੀ ਉਲੇਖ ਕੀਤਾ ਗਿਆ ਮਿਲਦਾ ਹੈ। ਮਿਸਾਲ ਵਜੋਂ ਗਿਆਨੀ ਗਿਆਨ ਸਿੰਘ ਲਿਖਦੇ ਹਨ:

ਪਾਇ ਏਹ ਹੁਕਮ ਪ੍ਰਮੇਸ਼ ਕਾ ਬਿਬੇਸ ਫਿਰ
ਰਾਮ ਮਿਰਗੇਸ ਉਪਦੇਸ ਦੈਨ ਲਾਗਿਓ।
ਹੁੱਕੇ ਛੁਡਵਾਏ ਰਖਵਾਏ ਕੇਸ ਮੋਨਯੋਂ ਕੇ
ਸੁਧਾ ਛਕਿ ਥਾਏ ਸਿਖ ਭਾਗ ਜਿਨੈ ਜਾਗਿਓ।
ਫੈਲਯੋ ਜਸ ਭਾਰੀ ਸਿਖ ਥੀਏ ਤਾਂਹਿ ਕੇ ਅਪਾਰੀ
ਸਿੰਘ ਪੰਥ ਬਿਰਧਾਇਓ ਨਾਮ ਰਸ ਪਾਗਿਓ।
ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਜਾਰੀ
ਠੱਗੀ ਤਜਿ ਥੀਏ ਸੰਤ ਸਤਿਜੁਗ ਆ ਗਿਓ।[3]

ਸ੍ਰੀ ਗੁਰੂ ਰਾਮ ਸਿੰਘ ਨੇ ਸਿੱਖਾਂ ਵਿਚ ਆ ਰਹੇ ਸਮਾਜਕ ਤੇ ਨੈਤਿਕ ਪਤਨ ਨੂੰ ਰੋਕਣ ਲਈ ਸਮਾਜ ਦੀ ਅੱਧੀ ਵੱਸੋਂ ਇਸਤਰੀ ਨੂੰ ਉਸ ਦੇ ਬਣਦੇ ਹੱਕ ਦਿਵਾਉਣ ਦਾ ਵੀ ਬੀੜਾ ਉਠਾਇਆ। ਉਨ੍ਹਾਂ ਨੇ ਇਸਤਰੀਆਂ ਨੂੰ ਵੀ ਵਿਹਾਰਕ ਰੂਪ ਵਿਚ ਮਰਦਾਂ ਦੇ ਬਰਾਬਰ ਸਥਾਨ ਦਿੱਤਾ। ਉਨ੍ਹਾਂ ਨੇ 1863 ਈ. ਵਿਚ ਪਿੰਡ ਸਿਆਹੜ ਵਿਚ ਮਰਦਾਂ ਦੇ ਨਾਲ-ਨਾਲ 24 ਇਸਤਰੀਆਂ ਨੂੰ ਵੀ ਅੰਮ੍ਰਿਤ ਛਕਾਇਆ। ਉਨ੍ਹਾਂ ਨੇ ਇਸਤਰੀਆਂ ਨਾਲ ਸੰਬੰਧਿਤ ਸਮਾਜਕ ਬੁਰਾਈਆਂ ਦਾ ਡੱਟ ਕੇ ਵਿਰੋਧ ਕੀਤਾ ਅਤੇਆਪਣੇ ਪੈਰੋਕਾਰਾਂ ਨੂੰ ਜੰਮਦੀਆਂ ਕੁੜੀਆਂ ਨੂੰ ਮਾਰਨ, ਕੁੜੀਆਂ ਦਾ ਵੱਟਾ ਕਰਨ ਅਤੇ ਕੁੜੀਆਂ ਨੂੰ ਵੇਚਣ ਵਰਗੀਆਂ ਸਮਾਜਕ ਬੁਰਾਈਆਂ ਨੂੰ ਤਿਆਗਣ ਦਾ ਉਪਦੇਸ਼ ਦਿਤਾ। ਇਸਤਰੀ ਨੂੰ ਇਕ ਇਨਸਾਨ ਦਾ ਦਰਜਾ ਦਿੰਦੇ ਹੋਏ ਉਨ੍ਹਾਂ ਨੇ ਉਸ ਦੀਆਂ ਮਾਨਸਿਕ, ਭਾਵਨਾਤਮਕ ਅਤੇ ਸਰੀਰਕ ਜ਼ਰੂਰਤਾਂ ਨੂੰ ਮਰਦ ਦੀਆਂ ਜਰੂਰਤਾਂ ਵਾਂਗ ਹੀ ਮਹੱਤਵ ਦਿੱਤਾ। ਇਸ ਅਨੁਸਾਰ ਉਨ੍ਹਾਂ ਨੇ ਵਿਧਵਾਵਾਂ ਦਾ ਪੁਨਰ - ਵਿਆਹ ਕਰਾਉਣ, ਕੁੜੀਆਂ ਨੂੰ ਮੁੰਡਿਆਂ ਦੇ ਬਰਾਬਰ ਵਿੱਦਿਆ ਦੇਣ ਅਤੇ ਉਨ੍ਹਾਂ ਦੇ ਸੁਭਾਵਿਕ ਵਿਕਾਸ ਲਈ ਹਰ ਪ੍ਰਕਾਰ ਦੇ ਮੌਕੇ ਮੁਹੱਈਆਂ ਕਰਾਉਣ 'ਤੇ ਬਲ ਦਿੱਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਇਸਤਰੀ ਦੀ ਸਮਾਜਿਕ ਹਾਲਤ ਸੁਧਾਰਨ ਲਈ• ਬਿਨ੍ਹਾਂ ਦਾਜ-ਦਹੇਜ ਦੇ ਅੰਤਰਜਾਤੀ ਵਿਆਹ ਕਰਾਉਣ ਦੀ ਪ੍ਰਥਾ ਵੀ ਆਰੰਭ ਕੀਤੀ। ਇਸ ਪ੍ਰਥਾ ਦਾ ਆਰੰਭ ਪਿੰਡ ਖੋਟਿਆਂ ਵਿਚ 3 ਜੂਨ 1863 ਈ. ਵਿਚ ਕੀਤਾ।

ਇਨ੍ਹਾਂ ਸਮਾਜਕ ਤੇ ਆਚਰਣਕ ਸੁਧਾਰਾਂ ਰਾਹੀਂ ਲੋਕਾਂ ਵਿਚ ਮਨੋਬਲ ਭਰਕੇ 'ਲੋਕ-ਸ਼ਕਤੀ' ਨੂੰ ਜਾਗਰਿਤ ਕਰਨ ਪਿੱਛੇ ਗੁਰੂ ਰਾਮ ਸਿੰਘ ਦਾ ਮੁੱਖ ਉਦੇਸ਼ ਅੰਗਰੇਜ਼ੀ ਸਾਮਰਾਜ ਨਾਲ ਸਿੱਧੇ ਤੌਰ 'ਤੇ ਟੱਕਰ ਲੈਣ ਦਾ ਸੀ। ਇਸ ਉਦੇਸ਼ ਦੀ ਪੂਰਤੀ ਲਈ ਯਤਨਾਂ ਦਾ ਆਰੰਭ ਉਨ੍ਹਾਂ ਨੇ ਅੰਗਰੇਜ਼ੀ ਸਰਕਾਰ ਦਾ ਪੂਰਨ ਤੌਰ 'ਤੇ ਬਾਈਕਾਟ ਕਰਕੇ ਕੀਤਾ। ਇਸ ਬਾਈਕਾਟ ਸੰਬੰਧੀ ਐਨਸਾਈਕਲੋਪੀਡੀਆ ਬ੍ਰਿਟੈਨਿਕਾ ਵਿਚ ਨਿਮਨਲਿਖਿਤ ਟਿੱਪਣੀ ਅੰਕਿਤ ਹੈ:

(ਗੁਰੂ) ਰਾਮ ਸਿੰਘ ਸਿੱਖ ਫਿਲਾਸਫ਼ਰ ਤੇ ਸੁਧਾਰਕ ਅਤੇ ਅੰਗਰੇਜ਼ੀ ਵਪਾਰਕ ਮਾਲ ਅਤੇ ਨੌਕਰੀਆਂ ਪ੍ਰਤੀ ਨਾ-ਮਿਲਵਰਤਨ ਤੇ ਬਾਈਕਾਟ ਨੂੰ ਰਾਜਨੀਤਿਕ ਸ਼ਕਤੀ ਦਾ ਹਥਿਆਰ ਬਣਾ ਕੇ ਵਰਤਣ ਵਾਲਾ ਪਹਿਲਾ ਭਾਰਤੀ ਸੀ।4

ਇਸ ਬਾਈਕਾਟ ਵਿਚ ਉਨ੍ਹਾਂ ਅੰਗਰੇਜ਼ੀ ਸਰਕਾਰ ਦੁਆਰਾ ਸਥਾਪਤ ਸਕੂਲਾਂ ਦਾ ਤਿਆਗ ਕਰਕੇ ਬੱਚਿਆਂ ਨੂੰ ਮਾਤ-ਭਾਸ਼ਾ ਵਿਚ ਸਿੱਖਿਆ ਦੇਣ ਦਾ ਆਦੇਸ਼ ਦਿੱਤਾ। ਉਨ੍ਹਾਂ ਨੇ ਅੰਗਰੇਜ਼ ਸਰਕਾਰ ਦੇ ਨਿਆਂ-ਪ੍ਰਬੰਧ, ਅਰਥਾਤ ਅਦਾਲਤਾਂ ਨੂੰ ਨਿਆਂਇਕ ਨਾ ਮੰਨਦੇ ਹੋਏ

ਇਸ ਦੇ ਬਦਲੇ ਸਮਾਜ ਦੇ ਛੋਟੇ-ਮੋਟੇ ਝਗੜਿਆਂ ਦਾ ਨਿਪਟਾਰਾ ਪਿੰਡ ਪੱਧਰ 'ਤੇ ਕਰਨ ਦਾ ਪ੍ਰਬੰਧ ਕੀਤਾ ਅਤੇ ਆਪਣੇ ਪੈਰੋਕਾਰਾਂ ਨੂੰ ਹੁਕਮ ਦਿੱਤਾ ਕਿ ਅੰਗਰੇਜ਼ ਸਰਕਾਰ ਦੀਆਂ ਅਦਾਲਤਾਂ ਵਿਚ ਨਹੀਂ ਜਾਣਾ ਕਿਉਂਕਿ ਉਹ ਤੁਹਾਡੇ ਨਾਲ ਨਿਆਂ ਨਹੀਂ ਕਰਨਗੇ। ਉਹ ਵਿਦੇਸ਼ੀ ਹਨ, ਤੁਹਾਡੇ ਆਪਣੇ ਨਹੀਂ। ਇਸ ਤਰ੍ਹਾਂ ਉਨ੍ਹਾਂ ਨੇ ਆਪਣਾ ਕਾਨੂੰਨ-ਪ੍ਰਬੰਧ ਕਾਇਮ ਕੀਤਾ। ਅਦਾਲਤਾਂ ਦੇ ਬਾਈਕਾਟ ਦੇ ਨਾਲ-ਨਾਲ ਅੰਗਰੇਜ਼ ਸਰਕਾਰ ਦੇ ਡਾਕ-ਪ੍ਰਬੰਧ ਦਾ ਵੀ ਵਿਰੋਧ ਕਰਦੇ ਹੋਏ ਉਨ੍ਹਾਂ ਨੇ ਆਪਣਾ ਡਾਕ-ਪ੍ਰਬੰਧ ਕਾਇਮ ਕੀਤਾ। ਇਸ ਡਾਕ-ਪ੍ਰਬੰਧ ਨੂੰ ਚਲਾਉਣ ਲਈ ਉਨ੍ਹਾਂ ਨੇ ਆਪਣੇ ਪੈਰੋਕਾਰਾਂ ਦੀ ਡਿਊਟੀ ਲਾਈ ਕਿ ਉਹ ਡਾਕ ਨੂੰ ਪਿੰਡ-ਪਿੰਡ ਜਾ ਕੇ ਵੰਡਣ। ਇਨ੍ਹਾਂ ਪੈਰੋਕਾਰਾਂ ਨੂੰ ਹਰਕਾਰੇ ਕਿਹਾ ਜਾਂਦਾ ਸੀ। ਇਸ ਦੇ ਨਾਲ ਹੀ ਗੁਰੂ ਰਾਮ ਸਿੰਘ ਨੇ ਅੰਗਰੇਜ਼ ਸਰਕਾਰ ਦੀਆਂ ਸੜਕਾਂ, ਨਹਿਰਾਂ, ਨੌਕਰੀਆਂ ਅਤੇ ਕੱਪੜਿਆਂ ਦਾ ਤਿਆਗ ਕੀਤਾ ਅਤੇ ਸਵਦੇਸ਼ੀ ਵਸਤਾਂ ਨੂੰ ਅਪਣਾਇਆ। ਉਨ੍ਹਾਂ ਦਾ ਮਤ ਸੀ ਕਿ ਸਾਨੂੰ ਅੰਗਰੇਜ਼ੀ ਸਰਕਾਰ ਦੀਆਂ ਸਹੂਲਤਾਂ ਨਹੀਂ ਸਗੋਂ ਆਪਣੇ ਦੇਸ਼ 'ਤੇ ਆਪ ਰਾਜ ਕਰਨ ਦਾ ਹੱਕ ਚਾਹੀਦਾ ਹੈ। ਗੁਰੂ ਜੀ ਨੇ ਜੋ ਅੰਗਰੇਜ਼ੀ ਸਰਕਾਰ ਦੇ ਬਾਈਕਾਟ ਦੀ ਲਹਿਰ ਚਲਾਈ, ਉਸ ਨੂੰ ਹੀ ਮਗਰੋਂ ਮਹਾਤਮਾ ਗਾਂਧੀ ਨੇ ਨਾ-ਮਿਲਵਰਤਨ ਲਹਿਰ ਦੇ ਰੂਪ ਵਿਚ ਅਪਨਾ ਕੇ ਸੁਤੰਤਰਤਾ ਪ੍ਰਾਪਤੀ ਦੇ ਉਦੇਸ਼ ਵਿਚ ਕਾਮਯਾਬੀ ਹਾਸਲ ਕੀਤੀ ਸੀ। ਡਾ. ਰਾਜਿੰਦਰ ਪ੍ਰਸ਼ਾਦ ਆਪਣੇ ਲੇਖ 'ਸੁਤੰਤਰਤਾ ਧਰਮ ਦਾ ਅੰਗ' ਵਿਚ ਇਸ ਸੰਬੰਧੀ ਲਿਖਦੇ ਹਨ:

> ਗੁਰੂ ਰਾਮ ਸਿੰਘ ਜੀ ਸੁਤੰਤਰਤਾ ਨੂੰ ਵੀ ਧਰਮ ਦਾ ਅੰਗ ਸਮਝਦੇ ਸਨ। ਸਾਡੇ ਦੇਸ਼ ਵਿਚ ਮਹਾਤਮਾ ਗਾਂਧੀ ਨੇ ਜੋ ਅਸਹਿਯੋਗ ਐਨੇ ਜ਼ੋਰ ਨਾਲ ਚਲਾਇਆ ਹੈ, ਉਸ ਦਾ ਪ੍ਰਯਤਨ ਗੁਰੂ ਰਾਮ ਸਿੰਘ ਨੇ ਪੰਜਾਹ ਸਾਲ ਪਹਿਲਾਂ ਹੀ ਨਾਮਧਾਰੀਆਂ ਵਿਚ ਕਰਨਾ ਸ਼ੁਰੂ ਕਰ ਦਿੱਤਾ ਸੀ।[5]

ਅੰਗਰੇਜ਼ ਸਰਕਾਰ ਨੇ ਸ੍ਰੀ ਗੁਰੂ ਰਾਮ ਸਿੰਘ ਦੀਆਂ ਰਾਜਨੀਤਕ ਤੇ ਸਮਾਜਕ ਗਤੀਵਿਧੀਆਂ ਨੂੰ ਵੇਖਦੇ ਹੋਏ 1863 ਈ. ਵਿਚ ਉਨ੍ਹਾਂ ਨੂੰ ਭੈਣੀ ਸਾਹਿਬ ਵਿਚ ਨਜ਼ਰਬੰਦ ਕਰ ਦਿੱਤਾ ਅਤੇ ਉਨ੍ਹਾਂ ਦੀਆਂ ਧਾਰਮਿਕ, ਸਮਾਜਕ ਤੇ ਰਾਜਨੀਤਿਕ ਸਰਗਰਮੀਆਂ ਉੱਤੇ ਪਾਬੰਦੀ ਲਗਾ ਦਿੱਤੀ ਗਈ। ਇਸ ਦੇ ਫ਼ਲਸਰੂਪ ਉਨ੍ਹਾਂ ਨੇ ਜੋ ਅੰਗਰੇਜ਼ੀ ਸਰਕਾਰ ਵਿਰੁੱਧ ਨਾ-ਮਿਲਵਰਤਨ ਦਾ ਅੰਦੋਲਨ ਸ਼ੁਰੂ ਕੀਤਾ ਸੀ, ਉਸ ਦੀ ਚਾਲ ਮੱਠੀ ਪੈਣ ਲੱਗੀ। ਇਸ ਅੰਦੋਲਨ ਦੀ ਜੋਸ਼ੀਲੀ ਗਤੀ ਨੂੰ ਬਰਕਰਾਰ ਰੱਖਣ ਲਈ ਉਨ੍ਹਾਂ ਨੇ ਪੰਜਾਬ ਪੱਧਰ ਉਪਰ ਪੰਜ ਸੂਬੇ ਨਿਯੁਕਤ ਕੀਤੇ। ਜਦੋਂ ਸਰਕਾਰ ਨੇ ਇਨ੍ਹਾਂ ਸੂਬਿਆਂ ਦੇ ਪ੍ਰਚਾਰ ਦੌਰਿਆਂ ਦੀ ਕਾਮਯਾਬੀ ਨੂੰ ਦੇਖਿਆ ਤਾਂ ਉਸ ਨੇ ਇਨ੍ਹਾਂ ਸੂਬਿਆਂ ਦੇ ਦੌਰਿਆਂ 'ਤੇ ਵੀ ਪਾਬੰਦੀ ਲਾ ਦਿੱਤੀ। ਸ੍ਰੀ ਗੁਰੂ ਰਾਮ ਸਿੰਘ ਨੇ ਸੂਬਿਆਂ ਦੁਆਰਾ ਕੀਤੇ ਜਾ ਰਹੇ ਨਾਮਧਾਰੀ ਲਹਿਰ ਦੇ ਪ੍ਰਚਾਰ ਤੇ ਪ੍ਰਸਾਰ ਨੂੰ ਦੇਖਦੇ ਹੋਏ ਪੰਜ ਸੂਬਿਆਂ ਦੇ ਪ੍ਰਚਾਰ ਦੌਰਿਆਂ ਦੀ ਪਾਬੰਦੀ ਤੋਂ ਬਾਅਦ ਸਤਾਰ੍ਹਾਂ ਸੂਬੇ ਹੋਰ ਨਿਯੁਕਤ ਕਰ ਦਿੱਤੇ। ਪੰਜਾਬ ਵਿਚ ਸੂਬਾ-ਪ੍ਰਬੰਧ ਸਥਾਪਤ ਕਰਨ ਨਾਲ ਪੰਜਾਬ ਵਿਚ ਇਕ ਤਰ੍ਹਾਂ ਨਾਲ ਨਾਮਧਾਰੀਆਂ ਦਾ ਵੱਖਰਾ ਸ਼ਾਸਨ-ਪ੍ਰਬੰਧ ਕਾਇਮ ਹੋ ਗਿਆ ਸੀ ਜੋ ਅੰਗਰੇਜ਼ੀ ਸਾਮਰਾਜ ਦੇ ਸ਼ਾਸਨ-ਪ੍ਰਬੰਧ ਦਾ ਸਿੱਧੇ ਤੌਰ 'ਤੇ ਵਿਰੋਧ ਕਰਦਾ ਸੀ। ਇਹ ਇਕ ਸਮਾਨਾਂਤਰ ਸ਼ਾਸਨ-ਪ੍ਰਣਾਲੀ ਕਾਇਮ ਕਰਨ ਵਰਗਾ ਯਤਨ ਸੀ। ਇਸ ਤਰ੍ਹਾਂ ਸੂਬਾ-ਪ੍ਰਬੰਧ ਸਥਾਪਤ ਕਰਨ ਤੋਂ ਬਾਅਦ ਇਸ ਲਹਿਰ ਨਾਲ ਜੁੜਨ ਵਾਲੇ ਲੋਕਾਂ ਦੀ ਗਿਣਤੀ ਦਿਨੋ-ਦਿਨ ਵਧਣ ਲੱਗ ਪਈ ਸੀ। ਇਸ ਤਰ੍ਹਾਂ ਦੀਆਂ

ਸਰਗਰਮੀਆਂ ਅੰਗਰੇਜ਼ ਸਰਕਾਰ ਲਈ ਚਿੰਤਾ ਦਾ ਵਿਸ਼ੈ ਬਣ ਰਹੀਆਂ ਸਨ।

ਉਸ ਸਮੇਂ ਦੇ ਸਰਕਾਰੀ ਦਸਤਾਵੇਜ਼ਾਂ ਦੇ ਅਧਿਐਨ ਤੋਂ ਬਾਅਦ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਅੰਗਰੇਜ਼ ਅਧਿਕਾਰੀ ਨਾਮਧਾਰੀ ਲਹਿਰ ਦੇ ਪੈਰੋਕਾਰਾਂ ਨੂੰ ਅੰਗਰੇਜ਼ ਸਰਕਾਰ ਦਾ ਸਭ ਤੋਂ ਵੱਡਾ ਦੁਸ਼ਮਣ ਮੰਨਦੇ ਸਨ। ਉਨ੍ਹਾਂ ਨੂੰ ਡਰ ਸੀ ਕਿ ਇਹ ਲੋਕ ਬਾਈਕਾਟ ਅਤੇ ਨਾ-ਮਿਲਵਰਤਨ ਅੰਦੋਲਨ ਚਲਾ ਕੇ ਅੰਗਰੇਜ਼ੀ ਸਰਕਾਰ ਦਾ ਵਿਰੋਧ ਤਾਂ ਕਰਦੇ ਹੀ ਹਨ, ਸੂਬਾ-ਪ੍ਰਬੰਧ ਸਥਾਪਤ ਕਰਕੇ ਆਪਣਾ ਸ਼ਕਤੀਸ਼ਾਲੀ ਰਾਜ ਵੀ ਕਾਇਮ ਕਰ ਸਕਦੇ ਹਨ। ਨਾਮਧਾਰੀਆਂ ਦੇ ਸੂਬਾ-ਪ੍ਰਬੰਧ ਬਾਰੇ ਤਾਰਾ ਸਿੰਘ ਅਨਜਾਣ ਟਿੱਪਣੀ ਕਰਦੇ ਲਿਖਦੇ ਹਨ:

ਇਹਨਾਂ 22 ਸੂਬਿਆਂ ਰਾਹੀਂ ਸਤਿਗੁਰਾਂ ਨੇ ਜਥੇਬੰਦਕ ਸ਼ਕਤੀ ਦਾ ਵਿਕੇਂਦਰੀਕਰਣ ਕੀਤਾ। ਇਨ੍ਹਾਂ ਦੇ ਕਰਮ ਖੇਤਰ ਲਈ ਇਲਾਕੇ ਵੰਡ ਦਿੱਤੇ। ਸਾਰੇ ਸੂਬੇ ਪ੍ਰਭਾਵਸ਼ਾਲੀ ਸ਼ਖਸੀਅਤ ਦੇ ਮਾਲਕ ਸਨ। ... ਇਹ ਸਤਿਗੁਰਾਂ ਦੇ ਸਭ ਤੋਂ ਵੱਧ ਵਿਸ਼ਵਾਸ ਪਾਤਰ ਸਨ। ਇਹ ਕੇਂਦਰੀ ਪੰਚਾਇਤ ਲੋੜ ਅਨੁਸਾਰ ਸਤਿਗੁਰਾਂ ਕੋਲੋਂ ਰਾਹਨੁਮਾਈ ਲੈਂਦੀ ਸੀ ਅਤੇ ਸਮੇਂ-ਸਮੇਂ ਆਪਣੀ ਕਾਰਗੁਜ਼ਾਰੀ ਬਾਰੇ ਵੀ ਦਸਦੀ।[6]

ਅੰਗਰੇਜ਼ ਸਰਕਾਰ ਨੇ ਭਾਵੇਂ ਗੁਰੂ ਰਾਮ ਸਿੰਘ ਨੂੰ ਨਜ਼ਰਬੰਦ ਕਰ ਦਿੱਤਾ ਸੀ, ਪਰ ਸੂਬਾ-ਪ੍ਰਬੰਧ ਸਥਾਪਤ ਕਰਨ ਨਾਲ ਨਾਮਧਾਰੀ ਲਹਿਰ ਦੀ ਸ਼ਕਤੀ ਦਿਨੋ-ਦਿਨ ਵਧ ਰਹੀ ਸੀ। ਇਸ ਦੇ ਨਾਲ ਹੀ ਗੁਰੂ ਰਾਮ ਸਿੰਘ ਨੇ ਕੁਝ ਸਮਾਂ ਬੀਤ ਜਾਣ ਪਿਛੋਂ ਆਪਣੀਆਂ ਧਾਰਮਿਕ ਸਰਗਰਮੀਆਂ ਮੁੜ ਆਰੰਭ ਕਰ ਦਿੱਤੀਆਂ ਸਨ। ਇਹ ਦੇਖਣ ਨੂੰ ਭਾਵੇਂ ਧਾਰਮਿਕ ਲਗਦੀਆਂ ਸਨ, ਪਰ ਇਨ੍ਹਾਂ ਵਿਚ ਰਾਜਸੀ ਹਿਤ ਵੀ ਸ਼ਾਮਿਲ ਸਨ। ਧਾਰਮਿਕ ਉਪਦੇਸ਼ਾਂ ਰਾਹੀਂ ਸ੍ਰੀ ਗੁਰੂ ਰਾਮ ਸਿੰਘ ਜੀ ਆਪਣੇ ਅਨੁਯਾਈਆਂ ਵਿਚ ਜ਼ੁਲਮ ਦੇ ਖਿਲਾਫ਼ ਡਟਣ ਦਾ ਮਨੋਬਲ ਭਰ ਰਹੇ ਸਨ। ਇਹ ਗੱਲ ਬੁੱਚੜਬਧ ਦੀ ਘਟਨਾ ਤੋਂ ਪ੍ਰਮਾਣਕ ਹੋ ਜਾਂਦੀ ਹੈ। ਹਿੰਦੂ ਤੇ ਸਿੱਖ ਧਰਮ ਵਿਚ ਗਊ-ਹੱਤਿਆ ਨੂੰ ਪਾਪ ਮੰਨਿਆ ਜਾਂਦਾ ਸੀ। ਅੰਗਰੇਜ਼ ਸਰਕਾਰ ਇਹ ਚੰਗੀ ਤਰ੍ਹਾਂ ਸਮਝਦੀ ਸੀ, ਪਰ ਉਸ ਨੇ ਕੂਟਨੀਤੀ ਤੋਂ ਕੰਮ ਲੈਂਦਿਆਂ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚ ਬੁੱਚੜਖਾਨੇ ਖੋਲ੍ਹ ਦਿੱਤੇ। ਨਾਮਧਾਰੀਆਂ ਤੋਂ ਬੁੱਚੜਖਾਨੇ ਖੋਲ੍ਹਣ ਵਾਲੀ ਗੱਲ ਬਰਦਾਸ਼ਤ ਨਹੀਂ ਸੀ ਹੋ ਰਹੀ। ਇਹ ਗੱਲ ਉਦੋਂ ਬਰਦਾਸ਼ਤ ਤੋਂ ਬਿਲਕੁਲ ਬਾਹਰ ਹੋ ਗਈ ਜਦੋਂ ਸਿੱਖਾਂ ਦੇ ਪਵਿੱਤਰ ਧਾਰਮਿਕ ਸਥਾਨ ਵਾਲੇ ਸ਼ਹਿਰ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਵੀ ਬੁੱਚੜਖਾਨਾ ਖੋਲ੍ਹ ਦਿੱਤਾ। ਕਾਂ ਅਤੇ ਗਿਰਝਾਂ ਬੁੱਚੜਖਾਨੇ ਤੋਂ ਪਸ਼ੂਆਂ ਦੇ ਮਾਸ ਦੀਆਂ ਬੋਟੀਆਂ ਅਤੇ ਹੱਡੀਆਂ ਚੁੱਕ ਲਿਆਉਂਦੇ ਅਤੇ ਇਹ ਅਕਸਰ ਹੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਅਤੇ ਸਰੋਵਰ ਵਿਚ ਡਿੱਗਣ ਲੱਗੀਆਂ। ਇਸ ਤੋਂ ਦੁਖੀ ਹੋ ਕੇ ਨਾਮਧਾਰੀ ਪੈਰੋਕਾਰਾਂ ਨੇ ਜੂਨ 1871 ਵਿਚ ਅੰਮ੍ਰਿਤਸਰ ਦੇ ਬੁੱਚੜਖਾਨੇ ਵਿਚ ਜਾ ਕੇ ਬੁੱਚੜਾਂ ਨੂੰ ਮਾਰ ਦਿੱਤਾ। ਅੰਗਰੇਜ਼ ਅਧਿਕਾਰੀਆਂ ਨੇ ਅੰਮ੍ਰਿਤਸਰ ਦੀ ਇਸ ਬੁੱਚੜਬਧ ਘਟਨਾ ਦਾ ਜ਼ਿੰਮੇਵਾਰ ਕੁਝ ਬੇਗੁਨਾਹ ਲੋਕਾਂ ਨੂੰ ਠਹਿਰਾਇਆ। ਸ੍ਰੀ ਗੁਰੂ ਰਾਮ ਸਿੰਘ ਨੇ ਆਪਣੇ ਉਨ੍ਹਾਂ ਪੈਰੋਕਾਰਾਂ ਨੂੰ, ਜਿਨ੍ਹਾਂ ਨੇ ਅੰਮ੍ਰਿਤਸਰ ਵਿਚ ਬੁੱਚੜਬਧ ਕੀਤਾ ਸੀ, ਹੁਕਮ ਦਿੱਤਾ ਕਿ ਉਹ ਜਾ ਕੇ ਬੇਗੁਨਾਹਾਂ ਨੂੰ ਸਜ਼ਾ ਹੋਣ ਤੋਂ ਬਚਾਉਣ। ਉਨ੍ਹਾਂ ਨੇ ਆਪਣੇ ਆਪ ਨੂੰ ਸਰਕਾਰ ਦੇ ਹਵਾਲੇ ਕਰ ਦਿੱਤਾ ਅਤੇ ਲਹਿਣਾ ਸਿੰਘ, ਫਤਿਹ ਸਿੰਘ, ਹਾਕਮ ਸਿੰਘ ਅਤੇ ਬਹਿਲਾ ਸਿੰਘ ਨੂੰ ਫ਼ਾਂਸੀ ਦੀ ਸਜ਼ਾ ਹੋਈ ਜਦਕਿ ਤਿੰਨ ਹੋਰ ਨਾਮਧਾਰੀਆਂ ਨੂੰ ਅੰਗਰੇਜ਼ ਸਰਕਾਰ ਨੇ ਜਲਾਵਤਨੀ ਦੀ ਸਜ਼ਾ ਸੁਣਾਈ।

ਅੰਮ੍ਰਿਤਸਰ ਵਿਚ ਨਾਮਧਾਰੀ ਸਿੰਘਾਂ ਦੀ ਸ਼ਹੀਦੀ ਦੀ ਇਸ ਘਟਨਾ ਤੋਂ ਬਾਅਦ 15 ਜੁਲਾਈ 1871 ਈ. ਨੂੰ ਨਾਮਧਾਰੀਆਂ ਨੇ ਰਾਏਕੋਟ ਦੇ ਬੁੱਚੜਖਾਨੇ 'ਤੇ ਹਮਲਾ ਕਰਕੇ ਉਥੇ ਵੀ ਬੁੱਚੜਬਧ ਕੀਤਾ, ਜਿਸ ਦੀ ਸਜ਼ਾ ਪੰਜ ਨਾਮਧਾਰੀਆਂ ਨੂੰ ਦਿੱਤੀ ਗਈ। ਤਿੰਨ ਨਾਮਧਾਰੀਆਂ ਮਸਤਾਨ ਸਿੰਘ, ਗੁਰਮੁਖ ਸਿੰਘ ਅਤੇ ਮੰਗਲ ਸਿੰਘ ਨੂੰ 26 ਨਵੰਬਰ 1871 ਈ. ਵਿਚ ਰਾਏਕੋਟ ਵਿਖੇ ਫ਼ਾਂਸੀ ਦਿੱਤੀ ਗਈ ਅਤੇ ਦੋ ਨਾਮਧਾਰੀਆਂ ਰਤਨ ਸਿੰਘ ਅਤੇ ਸੂਬਾ ਰਤਨ ਸਿੰਘ ਨੂੰ ਸੈਂਟਰਲ ਜੇਲ੍ਹ ਲੁਧਿਆਣਾ ਵਿਚ ਫ਼ਾਂਸੀ ਦਿੱਤੀ ਗਈ।
ਏਸੇ ਤਰ੍ਹਾਂ ਨਾਮਧਾਰੀਆਂ ਨੇ 15 ਜਨਵਰੀ 1872 ਈ. ਨੂੰ ਮਲੇਰਕੋਟਲੇ ਵਿਚ ਵੀ ਬੁੱਚੜਬਧ ਕੀਤਾ। ਇਸ ਘਟਨਾ ਦੇ ਫ਼ਲਸਰੂਪ 17, 18 ਜਨਵਰੀ 1872 ਈ. ਨੂੰ ਬਿਨ੍ਹਾਂ ਮੁਕੱਦਮਾ ਚਲਾਇਆ ਹੀ 66 ਨਾਮਧਾਰੀਆਂ ਨੂੰ ਮਲੇਰਕੋਟਲੇ ਦੇ ਰੱਕੜ ਵਿਚ ਤੋਪਾਂ ਨਾਲ ਉਡਾ ਦਿੱਤਾ ਗਿਆ। ਨਾਮਧਾਰੀ ਲਹਿਰ ਦੀਆਂ ਬੁੱਚੜਬਧ ਅਤੇ ਨਾਮਧਾਰੀ ਸ਼ਹੀਦੀਆਂ ਦੀਆਂ ਇਨ੍ਹਾਂ ਇਤਿਹਾਸਕ ਘਟਨਾਵਾਂ ਬਾਰੇ ਕਿਰਪਾਲ ਸਿੰਘ ਕਸੇਲ ਨੇ ਆਪਣੇ ਖੋਜ-ਪਤੱਰ "ਕੂਕਾ ਲਹਿਰ ਦੀ ਬੀਰ-ਕਾਵਿ ਪਰੰਪਰਾ" ਵਿਚ ਇਸ ਤਰ੍ਹਾਂ ਲਿਖਿਆ ਹੈ:
ਇਸ (ਕੂਕਾ ਲਹਿਰ) ਨੇ ਥੋੜ੍ਹੇ ਸਾਲਾਂ ਵਿਚ ਇਕ ਵੱਡੀ ਧਾਰਮਿਕ, ਸਮਾਜਕ ਤੇ ਰਾਜਨੀਤਿਕ ਲੋਕ-ਲਹਿਰ ਦਾ ਰੂਪ ਧਾਰਨ ਕਰ ਲਿਆ, ਜਿਸ ਦਾ ਸੁਭਾ ਆਪਣੇ ਜਨਮ ਤੋਂ ਹੀ ਸਾਮਰਾਜ ਵਿਰੋਧੀ ਸੀ। ... ਇਹੋ ਕਾਰਨ ਹੈ ਕਿ ਮਲੇਰਕੋਟਲੇ ਦੇ ਇਤਿਹਾਸਕ ਸਾਕੇ ਨੂੰ ਅੰਗਰੇਜ਼ ਸਰਕਾਰ ਵੱਲੋਂ 'ਕੂਕਾ ਵਿਦਰੋਹ' ਜਾਂ 'ਕੂਕਾ ਬਗ਼ਾਵਤ' ਜਾਂ Kuka out break ਦੀ ਸੰਗਿਆ ਦਿੱਤੀ ਗਈ ਹੈ।[7]

ਇਨ੍ਹਾਂ ਬੁੱਚੜਬਧ ਘਟਨਾਵਾਂ ਅਤੇ ਨਾਮਧਾਰੀ ਸ਼ਹੀਦੀ ਘਟਨਾਵਾਂ ਉਪਰੰਤ ਅੰਗਰੇਜ਼ ਸਰਕਾਰ ਨੇ ਨਾਮਧਾਰੀ ਲਹਿਰ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਦਾ ਫ਼ੈਸਲਾ ਕਰ ਲਿਆ ਕਿਉਂਕਿ ਉਹ ਨਾਮਧਾਰੀ ਲਹਿਰ ਨਾਲ ਜੁੜੀ ਹੋਈ 'ਲੋਕ-ਸ਼ਕਤੀ' ਨੂੰ ਦੇਖ ਕੇ ਬੁਰੀ ਤਰ੍ਹਾਂ ਘਬਰਾ ਗਈ ਸੀ। ਆਪਣੇ ਇਸ ਫ਼ੈਸਲੇ ਅਧੀਨ ਸਰਕਾਰ ਨੇ ਸ੍ਰੀ ਗੁਰੂ ਰਾਮ ਸਿੰਘ ਅਤੇ ਉਨ੍ਹਾਂ ਦੇ ਪੈਰੋਕਾਰਾਂ ਪ੍ਰਤਿ ਸਖ਼ਤ ਦਮਨ-ਚਕੱਰ ਦੀ ਨੀਤੀ ਅਪਨਾ ਲਈ। ਇਸ ਦੀ ਪ੍ਰੋੜਤਾ ਵਜੋਂ ਜਸਵਿੰਦਰ ਸਿੰਘ ਦਾ ਇਹ ਕਥਨ ਧਿਆਨ ਦੇਣਯੋਗ ਹੈ:

ਅੰਗਰੇਜ਼ਾਂ ਨੂੰ ਹੁਣ ਪੱਕਾ ਯਕੀਨ ਹੋ ਗਿਆ ਕਿ ਸਤਿਗੁਰੂ ਰਾਮ ਸਿੰਘ ਦਾ ਚਲਾਇਆ ਹੋਇਆ ਅੰਦੋਲਨ ਉਹਨਾਂ ਦੇ ਸਾਮਰਾਜ ਲਈ ਵੱਡਾ ਖ਼ਤਰਾ ਬਣ ਚੁੱਕਾ ਹੈ। ਅਗਰ ਉਹਨਾਂ ਨੇ ਰਾਜ ਕਰਨਾ ਹੈ ਤਾਂ ਇਹ ਜ਼ਰੂਰੀ ਹੈ ਕਿ ਸਤਿਗੁਰੂ ਜੀ ਨੂੰ ਪੰਜਾਬ ਤੋਂ ਬਾਹਰ ਭੇਜ ਦਿੱਤਾ ਜਾਵੇ ਅਤੇ ਨਾਲ ਹੀ ਉਹਨਾਂ ਦਾ ਪੰਜਾਬ ਵਿਚ ਰਹਿੰਦੇ ਸਿੱਖਾਂ ਸੇਵਕਾਂ ਨਾਲ ਸੰਪਰਕ ਵੀ ਨਾ ਰਹਿਣ ਦਿੱਤਾ ਜਾਵੇ।[8]

ਇਸ ਸੋਚੀ ਸਮਝੀ ਨੀਤੀ ਅਨੁਸਾਰ ਅੰਗਰੇਜ਼ ਸਰਕਾਰ ਨੇ ਗੁਰੂ ਰਾਮ ਸਿੰਘ ਨੂੰ 17 ਜਨਵਰੀ 1872 ਈ. ਨੂੰ ਸ਼ਾਮ ਦੇ ਵਕਤ ਹਿਰਾਸਤ ਵਿਚ ਲੈ ਲਿਆ। 18 ਜਨਵਰੀ 1872 ਨੂੰ ਉਨ੍ਹਾਂ ਨੂੰ ਉਨ੍ਹਾਂ ਦੇ ਚਾਰ ਪੈਰੋਕਾਰਾਂ (ਨਿੱਜੀ ਸੇਵਕ ਨਾਨੂੰ ਸਿੰਘ, ਸੂਬਾ ਜਵਾਹਰ ਸਿੰਘ, ਸੂਬਾ ਸਾਹਿਬ ਸਿੰਘ ਅਤੇ ਸੂਬਾ ਲੱਖਾ ਸਿੰਘ) ਸਮੇਤ ਫ਼ੌਜ ਦੀ ਨਿਗਰਾਨੀ ਹੇਠ ਅਲਾਹਾਬਾਦ ਦੇ ਪ੍ਰਯਾਗ ਕਿਲ੍ਹੇ ਵਿਚ ਭੇਜ ਦਿੱਤਾ ਗਿਆ। ਅੰਗਰੇਜ਼ ਸਰਕਾਰ ਨੇ ਉਨ੍ਹਾਂ ਨੂੰ ਜਲਾਵਤਨ ਕਰਨ ਦਾ ਫ਼ੈਸਲਾਂ ਕਰ ਲਿਆ ਤਾਂ ਕਿ ਨਾਮਧਾਰੀ ਲਹਿਰ ਦੀ ਸ਼ਕਤੀ ਨੂੰ ਖ਼ਤਮ ਕੀਤਾ ਜਾਵੇ। ਸਰਕਾਰ ਨੇ ਬੰਗਾਲ ਦੇ ਰੈਗੂਲੇਸ਼ਨ ਐਕਟ 1818 ਦੇ ਅਧੀਨ ਗੁਰੂ ਰਾਮ ਸਿੰਘ ਨੂੰ ਅਲਾਹਾਬਾਦ ਤੋਂ ਕਲਕੱਤਾ ਅਤੇ ਫਿਰ ਕਲਕੱਤਾ ਤੋਂ ਸਮੁੰਦਰੀ ਜਹਾਜ਼ ਰਾਹੀਂ

ਜਲਾਵਤਨ ਕਰਕੇ ਬਰ੍ਹਮਾ (ਰੰਗੂਨ) ਭੇਜ ਦਿੱਤਾ। ਸਰਕਾਰ ਨੇ ਉਨ੍ਹਾਂ ਨੂੰ ਅਲਾਹਾਬਾਦ ਕਿਲ੍ਹੇ ਤੋਂ ਕਲਕੱਤੇ ਭੇਜਣ ਦੀ ਕਾਰਵਾਈ ਬਿਲਕੁਲ ਗੁਪਤ ਰੱਖੀ ਤਾਂ ਕਿ ਉਨ੍ਹਾਂ ਦੇ ਸ਼ਰਧਾ ਤੇ ਪੈਰੋਕਾਰ ਸਰਕਾਰ ਵਿਰੁੱਧ ਬਗ਼ਾਵਤ 'ਤੇ ਨਾ ਉਤਰ ਆਉਣ, ਨਾਲ ਹੀ ਸਰਕਾਰ ਇ ਵੀ ਚਾਹੁੰਦੀ ਸੀ ਕਿ ਨਾਮਧਾਰੀ ਪੈਰੋਕਾਰਾਂ ਨੂੰ ਪਤਾ ਹੀ ਨਾ ਲੱਗੇ ਕਿ ਉਨ੍ਹਾਂ ਦੇ ਗੁਰੂ ਨੂੰ ਕਿੱ ਰੱਖਿਆ ਗਿਆ ਹੈ ਤਾਂ ਕਿ ਉਨ੍ਹਾ ਦੇ ਪੈਰੋਕਾਰਾਂ ਦਾ ਉਨ੍ਹਾਂ ਨਾਲੋਂ ਸੰਪਰਕ ਪੂਰੀ ਤਰ੍ਹਾਂ ਟੁੱ ਜਾਵੇ। ਕਲਕੱਤਾ ਤੋਂ ਰੰਗੂਨ ਭੇਜਣ ਸਮੇਂ ਗੁਰੂ ਰਾਮ ਸਿੰਘ ਦੇ ਨਾਲ ਉਨ੍ਹਾਂ ਦਾ ਇਕੋ ਨਿੱਜ ਸੇਵਕ ਭਾਈ ਨਾਨੂੰ ਸਿੰਘ ਹੀ ਸੀ। ਉਨ੍ਹਾਂ ਦੀ ਜਲਾਵਤਨੀ ਤੋਂ ਬਾਅਦ ਅੰਗਰੇਜ਼ ਸਰਕਾ ਨੇ ਨਾਮਧਾਰੀ ਲਹਿਰ ਦੀਆਂ ਸਾਰੀਆਂ ਗਤੀਵਿਧੀਆਂ 'ਤੇ ਪਾਬੰਦੀ ਲਾ ਦਿੱਤੀ। ਇਕ ਸਮਾਂ ਅਜਿਹਾ ਆਇਆ ਕਿ ਸਰਕਾਰ ਨੇ ਪੰਜਾਬ ਦੇ ਕੁਝ ਆਗੂਆਂ ਤੋਂ ਨਾਮਧਾਰੀ ਸ੍ਰੀ ਰਾਮ ਸਿੰਘ ਦੀ ਵਤਨ-ਵਾਪਸੀ ਸੰਬੰਧੀ ਰਾਇ ਮੰਗੀ। ਇਨ੍ਹਾਂ ਰਾਜਿਆਂ ਮਹਾਰਾਜਿਆਂ ਅਤੇ ਮਹੰਤਾਂ ਨੇ ਜੋ ਅੰਗਰੇਜ਼ ਸਰਕਾਰ ਦੇ ਪਿੱਠੂ ਸਨ, ਨੇ ਆਪਣੇ ਹਿੱਤਾਂ ਅਤੇ ਅੰਗਰੇਜ਼ ਸਰਕਾਰ ਪ੍ਰਤਿ ਵਫ਼ਾਦਾਰੀ ਨੂੰ ਧਿਆਨ ਵਿਚ ਰੱਖਦੇ ਹੋਏ ਇਹ ਰਾਇ ਪ੍ਰਗਟ ਕੀਤੀ ਕਿ ਅੰਗਰੇਜ਼ ਸਰਕਾਰ ਦੇ ਇਸ ਵਿਦਰੋਹੀ ਨੂੰ ਕਿਸੇ ਵੀ ਕੀਮਤ ਤੇ ਨਾ ਛੱਡਿਆ ਜਾਵੇ। ਇਸ ਦੇ ਫ਼ਲਸਰੂਪ ਅੰਗਰੇਜ਼ ਸਰਕਾਰ ਨੇ ਸ੍ਰੀ ਗੁਰੂ ਰਾਮ ਸਿੰਘ ਨੂੰ ਰਿਹਾਅ ਕਰਨ ਦਾ ਵਿਚਾਰ ਛੱਡ ਦਿੱਤਾ।

ਅੰਗਰੇਜ਼ਾਂ ਦੀਆਂ ਦਮਨਕਾਰੀ ਕਾਰਵਾਈਆਂ ਸ੍ਰੀ ਗੁਰੂ ਰਾਮ ਸਿੰਘ ਦੀ ਜਲਾਵਤਨੀ ਤਕ ਹੀ ਸੀਮਿਤ ਰਹੀਆਂ। ਉਨ੍ਹਾਂ ਨੂੰ ਜਲਾਵਤਨ ਕਰਨ ਤੋਂ ਬਾਅਦ ਭੈਣੀ ਸਾਹਿਬ ਛਾਪੇ ਮਾਰੇ ਗਏ ਅਤੇ ਉਥੇ ਪਈਆਂ ਸਾਰੀਆਂ ਕੀਮਤੀ ਵਸਤੂਆਂ ਜ਼ਬਤ ਕਰ ਲਈਆਂ ਗਈਆਂ। ਇਸ ਦੇ ਨਾਲ ਹੀ ਭੈਣੀ ਸਾਹਿਬ ਪੁਲਿਸ ਚੌਂਕੀ ਬਿਠਾ ਦਿੱਤੀ ਗਈ। ਬਾਹਰੋਂ ਆਉਣ ਵਾਲੇ ਜਾਂ ਉਥੋਂ ਬਾਹਰ ਜਾਣ ਵਾਲੇ ਹਰ ਵਿਅਕਤੀ ਲਈ ਅੰਗਰੇਜ਼ ਹਾਕਮਾਂ ਦੀ ਪ੍ਰਵਾਨਗੀ ਲੈ ਕੇ ਆਉਣਾ-ਜਾਣਾ ਜ਼ਰੂਰੀ ਕਰ ਦਿੱਤਾ ਗਿਆ। ਇਥੋਂ ਤਕ ਕਿ ਪੰਜ ਨਾਮਧਾਰੀ ਸਿੱਖਾਂ ਨੂੰ ਇਕੋ ਵੇਲੇ ਇਕੱਠੇ ਹੋਣ ਦਾ ਅਧਿਕਾਰ ਨਹੀਂ ਸੀ। ਨਾਮਧਾਰੀ ਹੋਣਾ ਉਸ ਸਮੇਂ ਅੰਗਰੇਜ਼ ਸਰਕਾਰ ਦੀਆਂ ਨਜ਼ਰਾਂ ਵਿਚ ਸਭ ਤੋਂ ਵੱਡਾ ਗੁਨਾਹ ਸੀ। ਪੰਜਾਬ ਦੇ ਸਾਰੇ ਪਿੰਡਾਂ ਦੇ ਸਾਰੇ ਨਾਮਧਾਰੀਆਂ ਦੇ ਨਾਮ ਜ਼ਿਲਾ ਗਜ਼ਟਾਂ ਵਿਚ ਦਰਜ ਕਰ ਲਏ ਗਏ ਸਨ ਅਤੇ ਹਰ ਨਾਮਧਾਰੀ ਨੂੰ ਥਾਣੇ ਜਾ ਕੇ ਪੇਸ਼ ਹੋਣਾ ਪੈਂਦਾ ਸੀ। ਪਰੰਤੂ ਇਸ ਦਮਨ-ਚਕੱਰ ਦੇ ਬਾਵਜੂਦ ਵੀ ਕੁਝ ਨਾਮਧਾਰੀ ਸ਼ਰਧਾਲੂ ਗੁਰੂ ਰਾਮ ਸਿੰਘ ਪ੍ਰਤੀ ਪਿਆਰ ਦੇ ਖਿੱਚੇ ਹੋਏ ਲੁਕਦੇ ਛਿਪਦੇ ਬਰ੍ਹਮਾਂ ਪਹੁੰਚਣ ਵਿਚ ਕਾਮਯਾਬ ਹੁੰਦੇ ਰਹੇ ਅਤੇ ਅੰਗਰੇਜ਼ ਸਰਕਾਰ ਤੋਂ ਚੋਰੀ ਛਿਪੇ ਆਪਣੇ ਗੁਰੂ ਨੂੰ ਮਿਲਦੇ ਰਹੇ। 1872-73 ਤੋਂ 1880 ਈ. ਤੱਕ ਨਾਮਧਾਰੀ ਪੈਰੋਕਾਰਾਂ ਦੇ ਨਾਮਧਾਰੀ ਗੁਰੂ ਰਾਮ ਸਿੰਘ ਤੋਂ 75 ਤੋਂ ਉਪਰ ਹੁਕਮਨਾਮੇ ਪ੍ਰਾਪਤ ਕੀਤੇ ਇਨ੍ਹਾ ਵਿਚੋਂ ਕੁਝ ਹੁਕਮਨਾਮਿਆਂ ਨੂੰ ਸਰਕਾਰ ਨੇ ਜਬਤ ਕਰ ਲਿਆ, ਜਿਨ੍ਹਾਂ ਦਾ ਅੰਗਰੇਜ਼ੀ ਵਿਚ ਅਨੁਵਾਦ ਕਰਕੇ ਫਾਇਲਾਂ ਵਿਚ ਦਰਜ ਕਰ ਲਿਆ ਗਿਆ। ਸ੍ਰੀ ਗੁਰੂ ਰਾਮ ਸਿੰਘ ਦੁਆਰਾ ਆਪਣੇ ਪੈਰੋਕਾਰਾਂ ਨੂੰ ਭੇਜੇ ਜਾ ਰਹੇ ਇਨ੍ਹਾਂ ਹੁਕਮਨਾਮਿਆਂ ਤੋਂ ਵੀ ਸਰਕਾਰ ਨੂੰ ਡਰ ਹੋ ਗਿਆ ਅਤੇ ਉਸ ਨੇ ਇਸ ਪਤੱਰ-ਵਿਹਾਰ ਨੂੰ ਪੂਰੀ ਤਰ੍ਹਾਂ ਬੰਦ ਕਰਨ ਲਈ ਨਵੇਂ ਉਪਾਅ ਸੋਚਣੇ ਸ਼ੁਰੂ ਕਰ ਦਿੱਤੇ। ਸਰਕਾਰੀ ਅਧਿਕਾਰੀਆਂ ਨੇ 28 ਜੁਲਾਈ 1880 ਈ. ਵਿਚ ਗੁਰੂ ਰਾਮ ਸਿੰਘ ਦੇ ਬੰਗਲੇ ਤੋਂ ਉਨ੍ਹਾ ਦੇ ਸ਼ਰਧਾਲੂ ਧੰਨਾ ਸਿੰਘ ਨੂੰ ਗ੍ਰਿਫ਼ਤਾਰ ਕੀਤਾ, ਜਿਸ ਕੋਲੋਂ ਗੁਰੂ ਜੀ ਦੁਆਰਾ ਨਾਮਧਾਰੀ ਸੰਗਤ ਨੂੰ ਲਿਖੀਆਂ ਹੋਈਆਂ ਦੋ ਚਿੱਠੀਆਂ (ਹੁਕਮਨਾਮੇ) ਪ੍ਰਾਪਤ

ਹੋਈਆਂ। ਇਸ ਸੰਬੰਧ ਵਿਚ ਨਾਮਧਾਰੀ ਲਹਿਰ ਦੇ ਇਤਿਹਾਸਕਾਰ ਜਸਵਿੰਦਰ ਸਿੰਘ ਦੀ ਨਿਮਨਅੰਕਿਤ ਟਿਪਣੀ ਵਿਚਾਰ ਕਰਣਯੋਗ ਹੈ:

ਅਨੇਕਾਂ ਜਤਨ ਕਰਨ ਦੇ ਬਾਵਜੂਦ ਵੀ ਸਰਕਾਰ ਸਤਿਗੁਰੂ ਰਾਮ ਸਿੰਘ ਜੀ ਦਾ ਉਨ੍ਹਾਂ ਦੇ ਸਿੰਘਾਂ ਨਾਲ ਸੰਪਰਕ ਰੋਕ ਨਹੀਂ ਸਕੀ। ਨਾਮਧਾਰੀ ਸਿੱਖ ਸਤਿਗੁਰੂ ਹਰੀ ਸਿੰਘ ਤੋਂ ਆਗਿਆ ਲੈ ਕੇ ਬਰ੍ਹਮਾਂ ਜਾਂਦੇ ਰਹੇ, ਅਰਦਾਸਾਂ ਭੇਜਦੇ ਰਹੇ ਅਤੇ ਸਤਿਗੁਰੂ ਰਾਮ ਸਿੰਘ ਜੀ ਤੋਂ ਹੁਕਮਨਾਮੇ ਲਿਆਂਦੇ ਰਹੇ।[9]

ਧੰਨਾ ਸਿੰਘ ਜੀ ਦੇ ਫੜੇ ਜਾਣ ਤੋਂ ਬਾਅਦ ਅੰਗਰੇਜ਼ ਸਰਕਾਰ ਨੇ ਗੁਰੂ ਰਾਮ ਸਿੰਘ ਨੂੰ ਰੰਗੂਨ ਤੋਂ ਤਬਦੀਲ ਕਰਕੇ ਕਿਸੇ ਹੋਰ ਗੁਪਤ ਥਾਂ ਤੇ ਭੇਜਣ ਦਾ ਫੈਸਲਾਂ ਕਰ ਲਿਆ ਤਾਂ ਕਿ ਉਨ੍ਹਾਂ ਦੇ ਸਿੱਖ ਉਨ੍ਹਾਂ ਨਾਲ ਕਿਸੇ ਵੀ ਤਰ੍ਹਾਂ ਦਾ ਸੰਪਰਕ ਨਾ ਕਰ ਸਕਣ। ਉਨ੍ਹਾਂ ਨੂੰ ਰੰਗੂਨ ਤੋਂ ਕਾਫੀ ਦੂਰ ਇਕ ਛੋਟੇ ਜਿਹੇ ਟਾਪੂ ਮਰਗੋਈ ਭੇਜ ਦਿੱਤਾ ਗਿਆ ਜਿਥੇ ਆਮ ਵਿਅਕਤੀ ਦਾ ਸਰਕਾਰੀ ਹੁਕਮ ਤੋਂ ਬਗੈਰ ਪਹੁੰਚਣਾ ਨਾ ਮੁਮਕਿਨ ਸੀ। ਗੁਰੂ ਜੀ ਨੂੰ 18 ਸਤੰਬਰ 1881 ਈ. ਵਿਚ 'ਆਨੰਦਾ' ਨਾਮ ਦੀ ਕਿਸ਼ਤੀ ਰਾਹੀਂ ਰੰਗੂਨ ਤੋਂ ਮਰਗੋਈ ਭੇਜਿਆ ਗਿਆ ਸੀ। ਇਸ ਸੰਬੰਧੀ ਖਬਰ ਮਿਲਣ ਤੇ ਗੁਰੂ ਜੀ ਦਾ ਅਨਿੰਨ ਸ਼ਰਧਾਲੂ ਸਖ਼ਤ ਮੁਸ਼ਕਲਾਂ ਨੂੰ ਤੈਅ ਕਰਦਾ ਹੋਇਆ ਆਪਣੇ ਗੁਰੂ ਕੋਲ ਜਾ ਪੁੱਜਾ, ਪਰ ਅੰਗਰੇਜ਼ ਸਰਕਾਰ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਮੀਹਾਂ ਸਿੰਘ ਦੀ ਗ੍ਰਿਫ਼ਤਾਰੀ ਤੋਂ ਬਾਅਦ ਨਾਮਧਾਰੀ ਪੈਰੋਕਾਰਾਂ ਦਾ ਆਪਣੇ ਗੁਰੂ ਨਾਲ ਬਹੁਤਾ ਰਾਬਤਾ ਨਾ ਰਿਹਾ। ਉਹ ਕਿੰਨਾ ਸਮਾਂ ਮਰਗੋਈ ਰਹੇ, ਉਥੋਂ ਉਨ੍ਹਾਂ ਨੂੰ ਕਿਥੇ ਭੇਜਿਆ ਜਾਂ ਉਹ ਕਿਥੇ ਚਲੇ ਗਏ? ਸਰਕਾਰ ਨੇ ਇਨ੍ਹਾ ਸਾਰੇ ਸਵਾਲਾਂ ਦੇ ਉਤੱਰ ਇਤਿਹਾਸ ਦੇ ਪੰਨਿਆ ਤੋਂ ਜਾਣਬੁਝ ਕੇ ਗ਼ਾਇਬ ਕਰ ਦਿੱਤੇ।

ਅੰਗਰੇਜ਼ ਸਰਕਾਰ ਭਾਵੇਂ ਆਪਣੀ ਇਸ ਦਮਨਕਾਰੀ ਨੀਤੀ ਨਾਲ ਕੂਕਾ ਲਹਿਰ ਨੂੰ ਵਕਤੀ ਤੌਰ ਤੇ ਦਬਾਉਣ ਵਿਚ ਕਾਮਯਾਬ ਹੋ ਗਈ, ਪਰੰਤੂ ਗੁਰੂ ਰਾਮ ਸਿੰਘ ਦੇ ਛੋਟੇ ਭਰਾ ਬੁੱਧ ਸਿੰਘ ਦੀ ਅਗਵਾਈ ਹੇਠ ਇਸ ਲਹਿਰ ਨੇ ਇਕ ਵਾਰ ਫੇਰ ਜ਼ੋਰ ਫੜਿਆ। ਗੁਰੂ ਰਾਮ ਸਿੰਘ ਨੇ ਆਪਣੀ ਜਲਾਵਤਨੀ ਦੌਰਾਨ ਰੰਗੂਨ ਤੋਂ ਇਕ ਹੁਕਮਨਾਮੇ ਰਾਹੀਂ ਆਪਣੇ ਭਰਾ ਬੁੱਧ ਸਿੰਘ ਨੂੰ ਨਾਮਧਾਰੀ ਲਹਿਰ ਦੀ ਵਾਗਡੋਰ ਸੰਭਾਲਣ ਦਾ ਹੁਕਮ ਦਿੱਤਾ ਸੀ ਅਤੇ ਬੁੱਧ ਸਿੰਘ ਨੇ 1874 ਈ. ਵਿਚ ਗੁਰੂ ਹਰੀ ਸਿੰਘ ਦੇ ਰੂਪ ਵਿਚ ਇਸ ਹੁਕਮ ਦੀ ਪਾਲਣਾ ਦਾ ਕਾਰਜ ਆਰੰਭਿਆ। ਇਸ ਸੰਬੰਧੀ ਪ੍ਰਮਾਣ ਨਿਮਨਅੰਕਿਤ ਉਕਤੀ ਤੋਂ ਮਿਲ ਜਾਂਦਾ ਹੈ:

ਬੁੱਧ ਸਿੰਘ ਦਾ ਨਾਮ ਅੱਜ ਤੋਂ ਹਰੀ ਸਿੰਘ ਹੋਇਆ। ਇਹ ਸਿੱਖੀ ਹਰੀ ਰੱਖਣਗੇ। ਅੱਜ ਤੋਂ ਇਨ੍ਹਾਂ ਨੂੰ ਸਿਰ ਕਰਤਾ ਜਾਨਣਾ। ਇਨ੍ਹਾਂ ਦੇ ਧੱਕੇ ਹੋਏ ਨੂੰ ਮੈਂ ਨਹੀਂ ਬਖਸ਼ਾਂਗਾ, ਮੇਰੇ ਧੱਕੇ ਹੋਏ ਨੂੰ ਬਖਸ਼ ਸਕਣਗੇ।[10]

ਉਪਰੋਕਤ ਸ਼ਬਦ ਗੁਰੂ ਰਾਮ ਸਿੰਘ ਦੁਆਰਾ ਰੰਗੂਨ ਤੋਂ ਬਾਬਾ ਦਰਬਾਰਾ ਸਿੰਘ ਹੱਥ ਭੇਜੇ ਹੋਏ ਪਹਿਲੇ ਹੁਕਮਨਾਮੇ ਵਿਚ ਦਰਜ ਹਨ। ਗੁਰੂ ਹਰੀ ਸਿੰਘ ਨੇ 1874 ਈ. ਤੋਂ 1906 ਈ. ਤੱਕ ਨਾਮਧਾਰੀ ਲਹਿਰ ਦੀ ਰਹਿਨੁਮਾਈ ਕੀਤੀ। ਉਨ੍ਹਾਂ ਨੇ ਆਪਣੇ ਕਾਲ ਵਿਚ ਰੂਸ ਨਾਲ ਸੰਬੰਧ ਸਥਾਪਿਤ ਕੀਤੇ ਕਿਉਂਕਿ ਉਸ ਸਮੇਂ ਅੰਗਰੇਜ਼ ਸਾਮਰਾਜ ਦਾ ਸਭ ਤੋਂ ਵੱਡਾ ਦੁਸ਼ਮਣ ਰੂਸ ਸੀ ਅਤੇ ਗੁਰੂ ਹਰੀ ਸਿੰਘ ਚਾਹੁੰਦੇ ਸਨ ਕਿ ਇਸੇ ਤਰ੍ਹਾਂ ਰੂਸ ਦੀ ਸਹਾਇਤਾ ਲੈ ਕੇ ਭਾਰਤ ਵਿਚੋਂ ਅੰਗਰੇਜ਼ੀ ਸਾਮਰਾਜ ਦੀਆਂ ਜੜ੍ਹਾਂ ਉਖਾੜ ਦਿੱਤੀਆਂ ਜਾਣ। ਸ੍ਰੀ ਗੁਰੂ ਹਰੀ ਸਿੰਘ ਤੋਂ ਬਾਅਦ 1906 ਤੋਂ ਲੈ ਕੇ 1959 ਤੱਕ ਅਗਲੇ ਨਾਮਧਾਰੀ

ਗੁਰੂ ਪ੍ਰਤਾਪ ਸਿੰਘ ਨੇ ਨਾਮਧਾਰੀ ਪੈਰੋਕਾਰਾਂ ਵਿਚ ਗੁਰੂ ਰਾਮ ਸਿੰਘ ਦੇ ਉਪਦੇਸ਼ਾ ਦਾ ਪ੍ਰਚਾਰ ਕੀਤਾ। 1959 ਤੋਂ ਨਾਮਧਾਰੀਆਂ ਦੇ ਵਰਤਮਾਨ ਗੁਰੂ ਜਗਜੀਤ ਸਿੰਘ ਨੇ ਨਾਮਧਾਰੀ ਸਮਾਜ ਦੀ ਵਾਗਡੋਰ ਸੰਭਾਲੀ ਹੋਈ ਹੈ।

ਨਾਮਧਾਰੀ ਲਹਿਰ ਦੇ ਇਤਿਹਾਸ ਦਾ ਅਧਿਐਨ ਕਰਦਿਆ ਇਹ ਤੱਥ ਉੱਭਰ ਕੇ ਸਾਹਮਣੇ ਆਉਂਦਾ ਹੈ ਕੀ ਅੰਗਰੇਜ਼ ਸਰਕਾਰ ਵਲੋਂ 1872-73 ਵਿਚ ਨਾਮਧਾਰੀ ਲਹਿਰ ਉੱਤੇ ਚਲਾਇਆ ਗਿਆ ਦਮਨ-ਚੱਕਰ 1947 ਈ ਤੱਕ ਕਾਇਮ ਰਿਹਾ। ਅੰਗਰੇਜ਼ ਸਰਕਾਰ ਇਸ ਲਹਿਰ ਦੇ ਪੈਰੋਕਾਰਾਂ ਵਿਚੋਂ ਰਚੇ ਗਏ ਸਾਹਿਤ ਨੂੰ ਵੀ ਸਮੇਂ - ਸਮੇਂ 'ਤੇ ਜ਼ਬਤ ਕਰ ਲੈਂਦੀ ਰਹੀ, ਕਿਉਂਕਿ ਸਰਕਾਰ ਦੀਆਂ ਨਜ਼ਰਾਂ ਵਿਚ ਨਾਮਧਾਰੀ ਲਹਿਰ ਨਾਲ ਸੰਬੰਧਿਤ ਕਿਸੇ ਵਿਅਕਤੀ ਵਲੋਂ ਲਿਖੀ ਗਈ ਕਿਸੇ ਵੀ ਪ੍ਰਕਾਰ ਦੀ ਲਿਖਤ ਸਾਮਰਾਜੀ ਹਕੂਮਤ ਲਈ ਖ਼ਤਰਾ ਪੈਦਾ ਕਰ ਸਕਦੀ ਸੀ। ਭਾਰਤ ਵਿਚ ਜਿੰਨਾ ਸਮਾਂ ਅੰਗਰੇਜ਼ ਸਰਕਾਰ ਦਾ ਰਾਜ ਕਾਇਮ ਰਿਹਾ, ਨਾਮਧਾਰੀ ਲਹਿਰ ਦੀਆਂ ਸਭ ਪ੍ਰਕਾਰ ਦੀਆਂ ਗਤੀਵਿਧੀਆਂ ਉਪਰ ਪਾਬੰਦੀਆਂ ਲੱਗੀਆਂ ਰਹੀਆਂ, ਪਰੰਤੂ ਫਿਰ ਵੀ ਅੰਗਰੇਜ਼ ਸਰਕਾਰ ਨਾਮਧਾਰੀ ਲਹਿਰ ਨੂੰ ਪੂਰੀ ਤਰ੍ਹਾਂ ਖ਼ਤਮ ਨਾ ਕਰ ਸਕੀ। ਇਸ ਦੀ ਪੁਸ਼ਟੀ ਡਾ. ਹਰਿਭਜਨ ਸਿੰਘ ਦੇ ਨਿਮਨਲਿਖਤ ਕਥਨ ਤੋਂ ਹੋ ਜਾਂਦੀ ਹੈ:

ਬਾਬਾ ਜੀ ਦੇ ਦੇਸੋਂ ਬਾਹਰ ਜਾਣ ਬਾਦ ਲਹਿਰ ਦਬਾ ਤਾਂ ਦਿੱਤੀ ਗਈ, ਪਰ ਇਹ ਖ਼ਤਮ ਨਹੀਂ ਕੀਤੀ ਜਾ ਸਕੀ। ਕੂਕੇ ਸਿੰਘ ਹਮੇਸ਼ਾ ਅੰਗਰੇਜ਼ ਵਿਰੋਧੀ ਅੰਦੋਲਨਾਂ ਨਾਲ ਜੁੜੇ ਰਹੇ।[11]

ਇਸ ਵਿਚਾਰ ਚਰਚਾ ਤੋਂ ਸਪੱਸ਼ਟ ਹੈ ਕਿ ਭਾਵੇਂ ਅੰਗਰੇਜ਼ ਸਰਕਾਰ ਨੇ ਨਾਮਧਾਰੀ ਲਹਿਰ ਪ੍ਰਤਿ ਹਮੇਸ਼ਾ ਦਮਨਕਾਰੀ ਨੀਤੀ ਅਪਨਾਈ ਰੱਖੀ, ਫਿਰ ਵੀ ਸਰਕਾਰ ਨਾਮਧਾਰੀ ਲਹਿਰ ਨੂੰ ਪੂਰੀ ਤਰ੍ਹਾਂ ਦਬਾ ਨਹੀਂ ਸਕੀ। ਨਾਮਧਾਰੀ ਪੈਰੋਕਾਰ ਨੇ ਆਪਣੀਆਂ ਗਤੀਵਿਧੀਆਂ ਸਿੱਧੇ-ਅਸਿੱਧੇ ਤੌਰ 'ਤੇ ਬਰਕਰਾਰ ਰੱਖੀਆਂ। ਇਹ ਗਤੀਵਿਧੀਆਂ ਧਾਰਮਿਕ, ਸਮਾਜਕ-ਸਭਿਆਚਾਰਕ ਅਤੇ ਰਾਜਨੀਤਿਕ ਸਨ ਅਤੇ ਇਨ੍ਹਾਂ ਦੇ ਪ੍ਰਸਾਰ ਤੇ ਪ੍ਰਚਾਰ ਹਿਤ ਨਾਮਧਾਰੀਆਂ ਨੇ ਸਾਹਿਤ-ਰਚਨਾ, ਵਿਸ਼ੇਸ਼ ਕਰਕੇ ਕਾਵਿ-ਰਚਨਾ ਵੀ ਕੀਤੀ। ਨਾਮਧਾਰੀ ਕਵੀਆਂ ਵਲੋਂ ਰਚੀ ਗਈ ਕਵਿਤਾ ਦਾ ਬਹੁਪਾਸਾਰੀ ਅਧਿਐਨ ਹੀ ਸਾਡੇ ਇਸ ਖੋਜ-ਕਾਰਜ ਦਾ ਵਿਸ਼ੈ-ਖੇਤਰ ਹੈ।

ਹਵਾਲੇ ਤੇ ਟਿੱਪਣੀਆਂ

1. ਕਾਹਲਾ ਸਿੰਘ, 'ਉਸਤਤਨਾਮਾ', ਉਨ੍ਹੀਵੀਂ ਸਦੀ ਚੋਣਵਾਂ ਪੰਜਾਬੀ ਸਾਹਿਤ (ਸੰਪਾ. ਹਰਿਭਜਨ ਸਿੰਘ), ਪੰਨਾ 545.
2. ਸਭਹਨ ਕੇ ਸਿਰਮੌਰ, ਪੰਨਾ 24.
3. ਨਾਮਧਾਰੀ ਸਿਖ-ਸੰਖੇਪ ਵਿਵਰਨ, ਪੰਨਾ 56.
4. "(Guru) Ram Singh, Sikh philosopher and reformer and the first Indian to use non-cooperation and boycott of the British merchandise and services as a political weapon." – Encyclopaedia
5. ਸਤਿਜੁਗ ਬਸੰਤ ਅੰਕ, 1992, ਪੰਨਾ 86,
6. ਸਭਹਨ ਕੇ ਸਿਰਮੌਰ, ਪੰਨਾ 55.
7. ਖੋਜ ਪੱਤ੍ਰਿਕਾ (ਬੀਰ-ਕਾਵਿ ਵਿਸ਼ੇਸ਼ ਅੰਕ), ਪੰਨੇ 192-193.
8. ਹੁਕਮਨਾਮੇ, ਪੰਨਾ 30.
9. ਉਹੀ, ਪੰਨੇ 49-50.
10. ਚੋਣਵੇਂ ਸਵਾਲ ਜਵਾਬ ਤੋਂ ਉਧਰਿਤ, ਪੰਨਾ 81.
11. ਉਨ੍ਹਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ, ਪੰਨਾ 518.

ਨਾਮਧਾਰੀ ਲਹਿਰ ਦੀ ਕਵਿਤਾ : ਨਿਕਾਸ ਤੇ ਵਿਕਾਸ

ਨਾਮਧਾਰੀ ਲਹਿਰ ਦੀ ਕਵਿਤਾ ਦਾ ਆਰੰਭ ਕਦੋਂ ਹੋਇਆ? ਇਹ ਪ੍ਰਸ਼ਨ ਆਪਣੇ ਆਪ ਵਿਚ ਕਾਫ਼ੀ ਮਹੱਤਵਪੂਰਨ ਹੈ। ਜਿਨ੍ਹਾਂ ਪਰਿਸਥਿਤੀਆਂ ਵਿਚ ਨਾਮਧਾਰੀ ਕਵਿਤਾ ਦਾ ਜਨਮ ਹੋਇਆ, ਉਹ ਇਸ ਕਵਿਤਾ ਦੀ ਰਚਨਾ ਦੇ ਅਨੁਕੂਲ ਨਹੀਂ ਸਨ। ਅੰਗਰੇਜ਼ ਸਰਕਾਰ ਨੇ ਇਸ ਲਹਿਰ ਨਾਲ ਜੁੜੀਆਂ ਹੋਈਆਂ ਸਾਰੀਆਂ ਗਤੀਵਿਧੀਆਂ ਉਪਰ ਕਰੜੀ ਨਜ਼ਰ ਰੱਖੀ ਹੋਈ ਸੀ। ਅੰਗਰੇਜ਼ ਸਰਕਾਰ ਨਾਮਧਾਰੀ ਲਹਿਰ ਦੇ ਸਾਹਿਤ, ਖਾਸ ਕਰਕੇ ਕਵਿਤਾ ਨੂੰ ਨਾਮਧਾਰੀਆਂ ਦੀ ਬਗ਼ਾਵਤ ਦਾ ਇਕ ਅੰਗ ਸਮਝਦੀ ਸੀ, ਕਿਉਂਕਿ ਉਸ ਨੂੰ ਇਸ ਲਹਿਰ ਦੀਆਂ ਰਚਨਾਵਾਂ ਵਿਚੋਂ ਬਗ਼ਾਵਤ ਦੀ ਬੂ ਆਉਂਦੀ ਸੀ। ਇਸ ਕਰਕੇ ਨਾਮਧਾਰੀ ਲਹਿਰ ਦੇ ਉਦਭਵ ਤੇ ਵਿਕਾਸ ਦੌਰਾਨ ਕਾਵਿ-ਰਚਨਾ ਲਈ ਅਨੁਕੂਲ ਪਰਿਸਥਿਤੀਆਂ ਮੌਜੂਦ ਨਹੀਂ ਸਨ। ਇਸ ਤੱਥ ਦੀ ਪ੍ਰੋੜਤਾ ਲਈ ਹਰਿਭਜਨ ਸਿੰਘ ਦੀ ਨਿਮਨਅੰਕਿਤ ਟਿੱਪਣੀ ਧਿਆਨ ਦੇਣਯੋਗ ਹੈ:

ਕੂਕਾ ਲਹਿਰ ਦੀ ਮੂਲ ਵਫ਼ਾ ਧਰਮ ਪ੍ਰਤੀ ਸੀ ਤੇ ਧਰਮ ਦੇ ਹਵਾਲੇ ਨਾਲ ਦੇਸ ਪ੍ਰਤੀ। ਸਾਹਿਤ ਦੇ ਹੋਂਦ ਵਿਚ ਆਉਣ ਲਈ ਜਿਸ ਸਮਾਜਿਕ ਸੰਪਰਕ ਦੀ ਲੋੜ ਹੁੰਦੀ ਹੈ, ਉਸ ਲਈ ਫ਼ਜ਼ਾ ਸਾਜ਼ਗਾਰ ਨਹੀਂ ਸੀ। ਅਜਿਹੇ ਹਾਲਾਤ ਵਿਚ ਵਿਰਲੀ-ਟਾਵੀਂ ਰਚਨਾ ਹੋਈ ਹੋਵੇਗੀ ਜੋ ਜਾਂ ਤਾਂ ਮੌਖਿਕ ਰੂਪ ਵਿਚ ਹੋਣ ਕਾਰਨ ਗੁੰਮ-ਗੁਆਚ ਗਈ ਜਾਂ ਨਾਮੁਆਫ਼ਿਕ ਹਾਲਾਤ ਵਿਚ ਸੰਭਾਲੀ ਨਾ ਜਾ ਸਕੀ।[1]

ਸਪਸ਼ਟ ਹੈ ਕਿ ਨਾਮਧਾਰੀ ਲਹਿਰ ਦੀ ਕਵਿਤਾ ਦਾ ਆਰੰਭ ਪ੍ਰਤਿਕੂਲ ਪਰਿਸਥਿਤੀਆਂ ਵਿਚ ਹੋਇਆ, ਜਿਸ ਕਾਰਨ ਇਸ ਕਵਿਤਾ ਦੇ ਕੁਝ ਮੁਢਲੇ ਤੱਥ ਸਮੇਂ ਦੀ ਗਰਦਿਸ਼ ਵਿਚ ਗੁੰਮ ਗਏ ਹਨ। ਇਸ ਕਵਿਤਾ ਦੇ ਤੱਥ ਗੁੰਮਣ ਦਾ ਇਕ ਕਾਰਨ ਇਸ ਦੇ ਰਚਣਹਾਰਿਆ ਦਾ ਇਸ ਕਵਿਤਾ ਨੂੰ ਸੰਭਾਲਣ ਪ੍ਰਤਿ ਚੇਤਨ ਨਾ ਹੋਣਾ ਵੀ ਹੋ ਸਕਦਾ ਹੈ। ਇਸ ਤੋਂ ਇਲਾਵਾ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਜਦੋਂ ਇਸ ਲਹਿਰ ਦੀ ਕਵਿਤਾ ਹੋਂਦ ਵਿਚ ਆਈ, ਪ੍ਰੈੱਸ ਤੇ ਛਾਪਖਾਨਾ ਆਪਣੀ ਹੋਂਦ ਦੀ ਮੁੱਢਲੀ ਅਵਸਥਾ ਵਿਚ ਸੀ ਅਤੇ ਬਹੁਤੇ ਲੋਕਾਂ ਦੀ ਪਹੁੰਚ ਤੋਂ ਦੂਰ ਸੀ। ਇਸ ਕਾਰਨ ਨਾਮਧਾਰੀ ਕਵਤਿਾ ਦੇ ਮੁਢਲੇ ਤੱਥ ਕੁਝ ਹੱਥ ਲਿਖਤ-ਖਰੜਿਆਂ ਦੇ ਰੂਪ ਵਿਚ ਪ੍ਰਾਪਤ ਹੁੰਦੇ ਹਨ। ਇਥੇ ਇਹ ਗੱਲ ਸਹਿਜ ਹੀ ਸਮਝੀ ਜਾ ਸਕਦੀ ਹੈ ਕਿ ਇਸ ਕਵਿਤਾ ਦੇ ਬਹੁਤ ਸਾਰੇ ਹੱਥ-ਲਿਖਤ ਖਰੜੇ ਕਾਗਜ਼ ਗਲਣ ਕਾਰਨ, ਸਲ੍ਹਾਬ ਜਾਣ ਕਾਰਨ ਅਤੇ ਸਿਉਂਕ ਲੱਗਣ ਕਾਰਨ ਨਸ਼ਟ ਹੋ ਗਏ ਹਨ। ਇਸ ਤੋਂ ਇਲਾਵਾ ਅੰਗਰੇਜ਼ ਸਰਕਾਰ ਦੀ ਨਾਮਧਾਰੀ ਲਹਿਰ ਪ੍ਰਤਿ ਦਮਨਕਾਰੀ ਨੀਤੀ ਦੇ ਕਾਰਨ ਇਸ ਲਹਿਰ ਦੀਆ ਮੁੱਢਲੇ ਦੌਰ ਦੀਆ ਕਾਵਿ-ਰਚਨਾਵਾਂ ਨੂੰ ਸਰਕਾਰ ਸਮੇਂ-ਸਮੇਂ 'ਤੇ ਜ਼ਬਤ ਵੀ ਕਰਦੀ ਰਹੀ, ਜੋ ਮੁੜ ਕੇ ਉਪਲਬਧ ਨਹੀਂ ਹੋ ਸਕੀਆਂ।

ਨਾਮਧਾਰੀ ਲਹਿਰ ਦੀ ਕਵਿਤਾ ਸੰਬੰਧੀ ਪ੍ਰਾਪਤ ਤੱਥਾਂ ਦਾ ਅਧਿਐਨ-ਵਿਸ਼ਲੇਸ਼ਣ

ਕਰਦਿਆਂ ਅਸੀਂ ਨਾਮਧਾਰੀ ਕਵੀ ਬਾਬਾ ਚੰਦਾ ਸਿੰਘ ਦੇ ਬਾਰਾਂਮਾਹ ਨਾਲ ਨਾਮਧਾਰੀ ਕਵਿਤਾ ਦਾ ਆਰੰਭ ਹੋਇਆ ਮੰਨ ਸਕਦੇ ਹਾਂ। ਬਾਰਾਂਮਾਹ ਚੰਦਾ ਸਿੰਘ ਨੂੰ ਇਸ ਲਹਿਰ ਦੀ ਪਹਿਲੀ ਕਾਵਿ-ਕਿਰਤ ਮੰਨਣ ਵਾਲੀ ਧਾਰਨਾ ਕਈ ਤੱਥਾਂ ਦੁਆਰਾ ਪ੍ਰਮਾਣਤ ਹੋ ਜਾਂਦੀ ਹੈ। ਪਹਿਲਾ ਇਹ ਹੈ ਕਿ ਬਾਬਾ ਚੰਦਾ ਸਿੰਘ ਨਾਮਧਾਰੀ ਗੁਰੂ ਰਾਮ ਸਿੰਘ ਦਾ ਸਮਕਾਲੀ ਸੀ। ਇਸ ਬਾਰਾਂਮਾਹ ਦਾ ਰਚਨਾ-ਕਾਲ 1872 ਤੋਂ 1884 ਈ. ਦੇ ਵਿਚਕਾਰ ਦਾ ਸਮਾਂ ਹੈ ਅਤੇ ਇਹੋ ਸਮਾਂ ਨਾਮਧਾਰੀ ਗੁਰੂ ਰਾਮ ਸਿੰਘ ਦ ਜਲਾਵਤਨੀ ਦਾ ਸਮਾਂ ਹੈ। ਇਸ ਬਾਰਾਂਮਾਹ ਦਾ ਅੰਗਰੇਜ਼ ਸਰਕਾਰ ਦੁਆਰਾ ਅਨੁਵਾਦ ਵੀ ਕਰਵਾਇਆ ਗਿਆ ਸੀ। ਜਸਵਿੰਦਰ ਸਿੰਘ ਨੇ ਨਾਮਧਾਰੀ ਲਹਿਰ ਦੇ ਇਤਿਹਾਸ ਨਾਲ ਸੰਬੰਧਿਤ ਇਤਿਹਾਸਕ ਦਸਤਾਵੇਜ਼ ਦੇ ਅਧਿਐਨ ਦੇ ਆਧਾਰ 'ਤੇ ਬਾਰਾਂਮਾਹ ਚੰਦਾ ਸਿੰਘ ਬਾਰੇ ਹੇਠ ਲਿਖੇ ਤੱਥ ਪੇਸ਼ ਕੀਤੇ ਹਨ:

ਪੰਜਾਬ ਸਰਕਾਰ ਦੇ ਕਾਰਜਕਾਰੀ ਸਕੱਤਰ ਮਿਸਟਰ ਸੀ.ਐਲ. ਟੱਪਰ ਨੇ ਸਕੱਤਰ ਭਾਰਤ ਸਰਕਾਰ. ਹੋਮ ਡਿਪਾਰਟਮੈਂਟ ਦੇ ਸਕੱਤਰ ਮਿਸਟਰ ਏ. ਮੈਕੰਜੀ ਵੱਲ ਲਾਹੌਰੋ 24.06.1984 ਨੂੰ ਇਕ ਚਿੱਠੀ ਲਿਖੀ, ਜਿਸ ਵਿਚ ਇਸ ਬਾਰਾਂਮਾਹ ਦਾ ਜ਼ਿਕਰ ਹੈ। ਇਸ ਪੱਤਰ ਦੇ ਨਾਲ ਇਸਦਾ ਪੂਰਾ ਅੰਗ੍ਰੇਜ਼ੀ ਅਨੁਵਾਦ ਵੀ ਨੱਥੀ ਕੀਤਾ ਗਿਆ ਤੇ ਇਹ ਵੀ ਦੱਸਿਆ ਗਿਆ ਕਿ ਇਹ ਬਾਰਾਂਮਾਹ ਅਜੱਕਲ੍ਹ ਪ੍ਰਕਾਸ਼ਿਤ ਰੂਪ ਵਿਚ ਲੋਕਾਂ ਵਿਚ ਪ੍ਰਸਾਰਿਆ ਜਾ ਰਿਹਾ ਹੈ।[2]

ਇਸ ਤੋਂ ਪ੍ਰਮਾਣਿਤ ਹੁੰਦਾ ਹੈ ਕਿ ਚੰਦਾ ਸਿੰਘ ਦੀ ਰਚਨਾ ਬਾਰਾਂਮਾਹ ਨਾਮਧਾਰੀ ਲਹਿਰ ਦੀ ਕਵਿਤਾ ਦੀ ਪਹਿਲੀ ਪ੍ਰਕਾਸ਼ਿਤ ਰਚਨਾ ਹੈ ਅਤੇ ਇਸ ਦੇ ਨਾਲ ਹੀ ਪੰਜਾਬੀ ਬਾਰਾਂਮਾਹ ਦੀ ਪਰੰਪਰਾ ਵਿਚ ਵੀ ਇਹ ਪਹਿਲੀ ਰਚਨਾ ਹੈ, ਜਿਸ ਦਾ ਅੰਗਰੇਜ਼ੀ ਵਿਚ ਅਨੁਵਾਦ ਹੋਇਆ ਹੈ। ਇਸ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਚੰਦਾ ਸਿੰਘ ਦਾ ਬਾਰਾਂਮਾਹ ਨਾਮਧਾਰੀ ਸਾਹਿਤ ਦੀ ਪਹਿਲੀ ਕਾਵਿ-ਰਚਨਾ ਹੈ।

ਬਾਰਾਂਮਾਹ ਬਾਬਾ ਚੰਦਾ ਸਿੰਘ ਤੋਂ ਬਾਅਦ ਬਾਰਾਂਮਾਹ ਨਿਹਾਲ ਸਿੰਘ ਨੂੰ ਨਾਮਧਾਰੀ ਕਵਿਤਾ ਦੀ ਦੂਜੀ ਕਾਵਿ-ਕਿਰਤ ਮੰਨਿਆ ਜਾ ਸਕਦਾ ਹੈ। ਇਸ ਰਚਨਾ ਦਾ ਰਚਨਾ-ਕਾਲ ਵੀ ਗੁਰੂ ਰਾਮ ਸਿੰਘ ਦੇ ਸਮਕਾਲੀਨ ਦਾ ਹੈ। ਕਾਹਲਾ ਸਿੰਘ ਦੀ ਰਚਨਾ ਉਸਤਤਨਾਮਾ ਵੀ ਇਸੇ ਸਮੇਂ ਦੌਰਾਨ ਹੀ ਰਚੀ ਗਈ ਹੈ।

ਇਸ ਤਰ੍ਹਾਂ ਨਾਮਧਾਰੀ ਲਹਿਰ ਦੀ ਕਵਿਤਾ ਦਾ ਅਧਿਐਨ ਕਰਦਿਆਂ ਅਸੀਂ ਕਹਿ ਸਕਦੇ ਹਾਂ ਕਿ ਇਸ ਕਵਿਤਾ ਦਾ ਆਰੰਭ ਬਾਰਾਂਮਾਹ ਬਾਬਾ ਚੰਦਾ ਸਿੰਘ ਨਾਲ ਹੋਇਆ। ਉਸਤਤਨਾਮਾ ਤੇ ਬਾਰਾਂਮਾਹ ਸੰਤ ਨਿਹਾਲ ਸਿੰਘ ਵੀ ਨਾਮਧਾਰੀ ਲਹਿਰ ਦੀ ਕਵਿਤਾ ਦੀਆਂ ਆਰੰਭਿਕ ਰਚਨਾਵਾਂ ਦੇ ਤੌਰ 'ਤੇ ਪ੍ਰਵਾਨਗੀ ਹਾਸਲ ਕਰ ਚੁੱਕੀਆਂ ਹਨ। ਸਮੁੱਚੀ ਨਾਮਧਾਰੀ ਲਹਿਰ ਦੀ ਕਵਿਤਾ ਦੇ ਅਧਿਐਨ ਤੇ ਵਿਸ਼ਲੇਸ਼ਣ ਦੇ ਆਧਾਰ 'ਤੇ ਅਸੀਂ ਇਸ ਕਵਿਤਾ ਦੀ ਵਰਗ-ਵੰਡ ਕਰ ਸਕਦੇ ਹਾਂ। ਇਸ ਕਵਿਤਾ ਦੀ ਉਚਿਤ ਵਰਗ-ਵੰਡ/ਪੜਾਅ ਵੰਡ ਇਸ ਦੀ ਪ੍ਰਕਿਰਤੀ ਦੇ ਆਧਾਰ 'ਤੇ ਕੀਤੀ ਜਾ ਸਕਦੀ ਹੈ। ਕਿਰਪਾਲ ਸਿੰਘ ਕਸੇਲ ਨੇ ਆਪਣੇ ਖੋਜ-ਪੱਤਰ 'ਨਾਮਧਾਰੀ ਮਤ ਦਾ ਸਾਹਿਤ ਤੇ ਪੱਤਰਕਾਰੀ: ਮਹੱਤਵ ਤੇ ਯੋਗਦਾਨ' ਵਿਚ ਸਮੁੱਚੇ ਨਾਮਧਾਰੀ ਸਾਹਿਤ ਨੂੰ ਇਸ ਦੇ ਰਚਨਾ ਕਾਲ ਦੇ ਆਧਾਰ 'ਤੇ ਤਿਨ ਹਿੱਸਿਆਂ ਵਿਚ ਵੰਡਿਆ ਹੈ:

(ੳ) 1857 ਤੋਂ ਲੈ ਕੇ 1906 ਤਕ ਦੇ ਕਾਲ, ਜਿਸ ਨੂੰ ਸਤਿਗੁਰੂ ਰਾਮ ਸਿੰਘ ਅਤੇ ਸਤਿਗੁਰੂ ਹਰੀ ਸਿੰਘ ਦਾ ਕਾਲ ਕਿਹਾ ਜਾ ਸਕਦਾ ਹੈ, ਦੀ ਕਾਵਿ ਰਚਨਾ।

(ਅ) ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਕਾਲ, ਅਰਥਾਤ 1906 ਤੋਂ 1959 ਤੱਕ ਦੀ ਕਾਵਿ-ਰਚਨਾ।

(ੲ) ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਾਲ ਅਰਥਾਤ 1959 ਤੋਂ ਵਰਤਮਾਨ ਸਮੇਂ ਤਕ ਦੀ ਕਾਵਿ-ਰਚਨਾ।[3]

ਪਰ ਅਸੀਂ ਨਾਮਧਾਰੀ ਕਵਿਤਾ ਦੇ ਅਧਿਐਨ-ਵਿਸ਼ਲੇਸ਼ਣ ਲਈ ਇਸ ਦੀ ਕਾਲਵੰਡ ਜਾਂ ਵਰਗਵੰਡ ਦਾ ਆਧਾਰ ਇਸਦੇ ਰਚਨਾ-ਕਾਲ ਨੂੰ ਬਣਾਉਣ ਦੀ ਥਾਂ ਕਵਿਤਾ ਦੀ ਪ੍ਰਕਿਰਤੀ ਨੂੰ ਬਣਾਉਣਾ ਉਚਿਤ ਸਮਝਦੇ ਹਾਂ। ਇਸ ਕਵਿਤਾ ਦੀ ਪ੍ਰਕਿਰਤੀ ਦੇ ਆਧਾਰ 'ਤੇ ਸਮੁੱਚੀ ਨਾਮਧਾਰੀ ਲਹਿਰ ਦੀ ਕਵਿਤਾ ਨੂੰ ਹੇਠ ਲਿਖੇ ਦੋ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ:

1. ਪਹਿਲੇ ਪੜਾਅ ਦੀ ਨਾਮਧਾਰੀ ਕਵਿਤਾ
2. ਦੂਜੇ ਪੜਾਅ ਦੀ ਨਾਮਧਾਰੀ ਕਵਿਤਾ

ਇਨ੍ਹਾਂ ਦੋਹਾਂ ਪੜਾਵਾਂ ਦੀ ਨਾਮਧਾਰੀ ਕਵਿਤਾ ਦੇ ਵੱਖਰੇ-ਵੱਖਰੇ ਸਰੋਕਾਰ ਹਨ। ਪਹਿਲੇ ਪੜਾਅ ਦੀ ਕਵਿਤਾ ਨਾਮਧਾਰੀ ਲਹਿਰ ਦੇ ਧਾਰਮਿਕ, ਸਮਾਜ-ਸਭਿਆਚਾਰਕ, ਇਤਿਹਾਸਕ ਅਤੇ ਰਾਸ਼ਟਰਵਾਦੀ ਉਦੇਸ਼ਾਂ ਨੂੰ ਉਜਾਗਰ ਕਰਦੀ ਹੋਈ ਜਨ-ਸਾਧਾਰਨ ਨੂੰ ਇਸ ਲਹਿਰ ਵੱਲ ਪ੍ਰੇਰਿਤ ਕਰਨ ਦਾ ਪ੍ਰਕਾਰਜ ਵੀ ਨਿਭਾਉਂਦੀ ਹੈ। ਪਹਿਲੇ ਪੜਾਅ ਦੀ ਨਾਮਧਾਰੀ ਕਵਿਤਾ ਦੀ ਪ੍ਰਕਿਰਤੀ ਵਧੇਰੇ ਕਰਕੇ ਪ੍ਰਚਾਰ-ਕਾਵਿ ਵਾਲੀ ਹੈ, ਕਿਉਂਕਿ ਇਸ ਕਵਤਿਾ ਦਾ ਮੁੱਖ ਮਨੋਰਥ ਆਮ ਲੋਕਾਂ ਨੂੰ ਗੁਰੂ ਰਾਮ ਸਿੰਘ ਅਤੇ ਉਨ੍ਹਾਂ ਦੁਆਰਾ ਸਥਾਪਤ ਨਾਮਧਾਰੀ ਲਹਿਰ ਦੇ ਟੀਚਿਆਂ/ਉਦੇਸ਼ਾਂ ਤੋਂ ਜਾਣੂ ਕਰਵਾਉਣਾ ਸੀ ਤਾਂ ਕਿ 'ਲੋਕ-ਸ਼ਕਤੀ' ਇਸ ਤੋਂ ਪ੍ਰਭਾਵਿਤ ਹੋ ਸਕੇ। ਇਨ੍ਹਾ ਉਦੇਸ਼ਾਂ ਨੂੰ ਮੁੱਖ ਰੱਖਕੇ ਰਚੀ ਗਈ ਕਵਿਤਾ ਨੇ ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਵੀ ਯੋਗਦਾਨ ਪਾਇਆ ਹੈ ਕਿਉਂਕਿ ਪਹਿਲੇ ਪੜਾਅ ਦੀ ਕਵਿਤਾ ਸਾਹਿਤਿਕ ਗੁਣਾਂ ਦੀ ਦ੍ਰਿਸ਼ਟੀ ਤੋਂ ਵੀ ਵਿਸ਼ੇਸ਼ ਮਹੱਤਵ ਰੱਖਦੀ ਹੈ। ਦੂਜੇ ਪੜਾਅ ਦੀ ਕਵਿਤਾ ਵਿਚ ਪਹਿਲੇ ਪੜਾਅ ਦੀ ਕਵਿਤਾ ਦੇ ਪ੍ਰਕਿਰਤੀਗਤ ਲੱਛਣ ਤਾਂ ਦ੍ਰਿਸ਼ਟੀਗੋਚਰ ਹੁੰਦੇ ਹੀ ਹਨ, ਨਾਲ ਹੀ ਇਸ ਦੀ ਵਿਸ਼ੇਸ਼ ਪਹਿਚਾਣ ਇਹ ਬਣਦੀ ਹੈ ਕਿ ਇਸ ਵਿਚ ਨਾਮਧਾਰੀ ਗੁਰੂ ਰਾਮ ਸਿੰਘ ਦੇ ਵਿਯੋਗ ਤੋਂ ਪੈਦਾ ਹੋਈ ਭਾਵਨਾਤਮਕ ਪੀੜਾ ਦੀ ਸੁਰ ਭਰਪੂਰ ਰੂਪ ਵਿਚ ਵਿਦਮਾਨ ਹੈ। ਇਹ ਕਵਿਤਾ ਸਤਿਗੁਰੂ ਦੇ ਵਿਛੋੜੇ ਪ੍ਰਤਿ ਬਿਹਬਲਤਾ ਅਤੇ ਉਨ੍ਹਾਂ ਦੇ ਵਾਪਸ ਆਉਣ ਦੀ ਉਡੀਕ ਵਾਲੀ ਮਨੋਸਥਿਤੀ ਦੀ ਪੇਸ਼ਕਾਰੀ ਹੈ। ਇਸ ਦੇ ਨਾਲ ਹੀ ਇਹ ਕਵਿਤਾ ਮਗਰਲੇ ਨਾਮਧਾਰੀ ਗੁਰੂਆਂ ਗੁਰੂ ਹਰੀ ਸਿੰਘ, ਗੁਰੂ ਪ੍ਰਤਾਪ ਸਿੰਘ ਅਤੇ ਗੁਰੂ ਜਗਜੀਤ ਸਿੰਘ ਦਾ ਜਸ-ਗਾਇਨ ਵੀ ਰਕਦੀ ਹੈ। ਦੂਜੇ ਪੜਾਅ ਦੀ ਕਵਿਤਾ ਦਾ ਕੇਂਦਰੀ ਥੀਮ ਅੰਗਰੇਜ਼ ਹਕੂਮਤ ਵਲੋਂ ਜਲਾਵਤਨ ਕੀਤੇ ਗਏ ਗੁਰੂ ਰਾਮ ਸਿੰਘ ਦੇ ਵਿਛੋੜੇ ਦੀ ਤੜਪ ਅਤੇ ਉਨ੍ਹਾਂ ਦੇ ਵਾਪਸ ਪਰਤ ਆਉਣ ਦੀ ਉਡੀਕ ਹੈ। ਹੁਣ ਅਸੀਂ ਇਨ੍ਹਾਂ ਦੋਹਾਂ ਪੜਾਵਾਂ ਦੀ ਕਵਿਤਾ ਦਾ ਵਿਸਤ੍ਰਿਤ ਅਧਿਐਨ ਕਰਾਂਗੇ:

(ੳ) ਪਹਿਲੇ ਪੜਾਅ ਦੀ ਨਾਮਧਾਰੀ ਕਵਿਤਾ

ਇਸ ਪੜਾਅ ਦੀ ਨਾਮਧਾਰੀ ਕਵਿਤਾ ਵਿਚ ਉਨ੍ਹਾ ਸਾਰੀਆਂ ਕਾਵਿ-ਰਚਨਾਵਾਂ ਨੂੰ ਸ਼ਾਮਿਲ ਕੀਤਾ ਗਿਆ ਹੈ ਜੋ ਸਤਿਗੁਰੂ ਰਾਮ ਸਿੰਘ ਦੇ ਸਮਕਾਲ ਵਿਚ ਰਚੀਆਂ ਗਈਆਂ ਸਨ ਅਤੇ ਇਸ ਸਮੇਂ ਉਪਲਬਧ ਹਨ। ਇਨ੍ਹਾਂ ਕਾਵਿ ਰਚਨਾਵਾਂ ਦੀ ਸੂਚੀ ਨਿਮਨ ਅੰਕਿਤ ਹੈ:

1. ਸੰਤੋਖ ਸਿੰਘ, ਸ੍ਰੀ ਸਤਿਗੁਰੂ ਬਿਲਾਸ
2. ਕਾਹਲਾ ਸਿੰਘ, ਉਸਤਤਨਾਮਾ
3. ਕਾਹਲਾ ਸਿੰਘ, ਸ਼ਹੀਦ ਬਿਲਾਸ
4. ਕਾਲਾ ਸਿੰਘ, ਪੈਂਤੀ ਅੱਖਰੀ
5. ਕਾਲਾ ਸਿੰਘ, ਪੰਥ ਪ੍ਰਕਾਸ਼ ਨਾਮਧਾਰੀ ਸਿੰਘਾਂ ਦਾ
6. ਕਾਲਾ ਸਿੰਘ, ਬਾਰਾਂਮਾਹ
7. ਗਿਆਨੀ ਗਿਆਨ ਸਿੰਘ, ਨਾਮਧਾਰ ਸਿੱਖ ਸੰਖੇਪ ਵਿਵਰਨ
8. ਚੰਦਾ ਸਿੰਘ, ਬਾਰਾਂਮਾਹ
9. ਧਿਆਨ ਸਿੰਘ ਕਾਦਰਾਬਾਦੀ, ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰਵੀਂ
10. ਨਿਹਾਲ ਸਿੰਘ, ਬਾਰਾਂਮਾਹ
11. ਗੁਰਿੰਡਨਾਮਾ

ਗਿਆਨੀ ਗਿਆਨ ਸਿੰਘ ਨੇ ਆਪਣੇ ਗ੍ਰੰਥ ਪੰਥ ਪ੍ਰਕਾਸ਼ ਵਿਚ 28 ਕਬਿੱਤਾਂ ਵਿਚ ਨਾਮਧਾਰੀ ਲਹਿਰ ਦੇ ਇਤਿਹਾਸ ਨੂੰ ਕਾਵਿਬੱਧ ਕੀਤਾ ਹੈ। ਉਸ ਨੇ ਇਸ ਲਹਿਰ ਦੇ ਉਦਭਵ ਦਾ ਵਰਣਨ ਕਰਨ ਤੋਂ ਇਲਾਵਾ ਇਸ ਲਹਿਰ ਦੇ ਧਾਰਮਿਕ, ਸਮਾਜ-ਸਭਿਆਚਾਰਕ, ਇਤਿਹਾਸਕ ਅਤੇ ਰਾਸ਼ਟਰਵਾਦੀ ਮੁਹੱਤਵ ਨੂੰ ਵੀ ਉਜਾਗਰ ਕੀਤਾ ਹੈ। ਇਹ ਕਾਵਿ-ਰਚਨਾ ਅੰਗਰੇਜ਼ ਸਰਕਾਰ ਵੱਲੋਂ ਨਾਮਧਾਰੀ ਲਹਿਰ ਪ੍ਰਤਿ ਦਮਨਕਾਰੀ ਨੀਤੀ ਅਪਨਾਉਣ ਅਤੇ ਰਾਮ ਸਿੰਘ ਦੀ ਜਲਾਵਤਨੀ, ਉਨ੍ਹਾਂ ਵਲੋਂ ਨਾਮਧਾਰੀ ਲਹਿਰ ਦੀ ਵਾਗਡੋਰ ਆਪਣੇ ਛੋਟੇ ਭਰਾ ਹਰੀ ਸਿੰਘ ਨੂੰ ਫੜਾ ਦੇਣ, ਆਦਿ ਇਤਿਹਾਸਕ ਘਟਨਾਵਾਂ ਦਾ ਤੱਥਮੂਲਕ ਵਰਣਨ ਹੈ। ਇਸ ਰਚਨਾ ਦੀ 'ਅੰਤਿਕਾ' ਵਿਚ ਕਵੀ ਨੇ ਇਕ ਦੋਹਿਰਾ ਅੰਕਿਤ ਕੀਤਾ ਹੈ ਜਿਸ ਵਿਚ ਦਮੋਦਰ ਵਾਲੀ 'ਅੱਖੀ ਡਿੱਠਾ' ਕਾਵਿ-ਜੁਗਤ ਦੀ ਵਰਤੋਂ ਕਰਦੇ ਹੋਏ ਉਹ ਲਿਖਦਾ ਹੈ:

ਉਨ ਸਿੰਘਨ ਕਾ ਹਾਲ ਤੋਂ ਲਿਖਿਓ ਕਿਤਾਬਨ ਮਾਂਹਿ।
ਹਮ ਨਿਜ ਨੈਨਨ ਜੋ ਪਿਖਿਓ ਸੋਅਬ ਸਾਚ ਸੁਨਾਂਹਿ।[4]

ਗਿਆਨੀ ਗਿਆਨ ਸਿੰਘ ਨੇ ਇਸ ਰਚਨਾ ਦੀ ਇਕ ਚੌਪਈ ਵਿਚ ਮਲੇਰਕੋਟਲੇ ਦੇ ਨਾਮਧਾਰੀ ਸ਼ਹੀਦੀ ਸਾਕੇ ਵਾਲੀ ਘਟਨਾ ਦਾ ਵਰਣਨ ਕੀਤਾ ਅਤੇ ਉਸ ਵਰਣਨ ਰਾਹੀਂ ਨਾਮਧਾਰੀ ਪੈਰੋਕਾਰਾਂ ਦੀ ਵੀਰਤਾ, ਸਾਹਸ ਅਤੇ ਗੁਰੂ-ਭਗਤੀ ਨੂੰ ਵੀ ਉਜਾਗਰ ਕੀਤਾ ਹੈ। ਜਿਹੜੇ ਨਾਮਧਾਰੀ ਸਿੱਖਾਂ ਨੂੰ ਅੰਗਰੇਜ਼ ਸਰਕਾਰ ਨੇ ਤੋਪਾਂ ਨਾਲ ਉਡਾਇਆ ਸੀ, ਉਨ੍ਹਾਂ ਦੀ ਦਿਲ ਖੋਲ੍ਹ ਕੇ ਪ੍ਰਸੰਸਾਂ ਕੀਤੀ ਗਈ ਹੈ। ਇਸ ਚੌਪਈ ਵਿਚ ਤੋਪਾਂ ਅੱਗੇ ਖੜੋ ਕੇ ਸ਼ਹੀਦੀ ਪਾਉਣ ਵਾਲੇ ਸੂਰਬੀਰਾਂ ਦੀ ਉਪਮਾ ਕਰਦਾ ਹੋਇਆ ਕਵੀ ਅਲੰਕਾਰਕ ਸ਼ੈਲੀ ਵਿਚ ਲਿਖਦਾ ਹੈ:

ਦੀਵੇ ਪਰ ਜਯੋਂ ਆਈ ਪਤੰਗੇ
ਤਯੋਂ ਤੋਪਨ ਦਿਸ ਜਾਇ ਨਿਸ਼ੰਗੇ।[5]

ਗਿਆਨੀ ਗਿਆਨ ਸਿੰਘ ਦੁਆਰਾ ਰਚਿਤ ਇਨ੍ਹਾਂ 28 ਕਬਿੱਤਾਂ ਨੂੰ ਮੈਨੇਜਰ ਸਤਿਜੁਗ ਸ੍ਰੀ ਜੀਵਨ ਨਗਰ ਸਰਸਾ ਨੂੰ 1968 ਈ. ਵਿਚ ਇਕ ਵੱਖਰੀ ਜਿਲਦ ਵਿਚ ਪ੍ਰਕਾਸ਼ਿਤ ਕੀਤਾ। ਇਨ੍ਹਾ ਕਬਿਤਾਂ ਦਾ ਡਾ. ਹਰਿਭਜਨ ਸਿੰਘ ਦੁਆਰਾ ਕੀਤਾ ਗਿਆ ਅੰਗਰੇਜ਼ੀ ਅਨੁਵਾਦ ਵੀ ਉਪਲਬਧ ਹੈ। ਕਬਿੱਤਾਂ ਦੀ ਭਾਸ਼ਾ ਬ੍ਰਜ ਹੈ ਪਰ ਇਹ ਗੁਰਮੁਖੀ ਲਿਪੀ ਵਿਚ ਲਿਖੇ ਗਏ

ਹਨ। ਇਹ ਕਬਿੱਤ ਨਾਮਧਾਰੀ ਇਤਿਹਾਸ ਦਾ ਪ੍ਰਥਮ ਸਰੋਤ ਹਨ, ਕਿਉਂਕਿ ਇਹ ਨਾਮਧਾਰੀ ਲਹਿਰ ਦੇ ਆਰੰਭ ਤੋਂ ਲੈ ਕੇ ਵਿਕਾਸ ਤਕ ਦਾ ਤੱਥਮੂਲਕ ਵਿਵਰਨ ਹਨ। ਇਸ ਦੇ ਨਾਲ ਹੀ ਇਨ੍ਹਾਂ ਦਾ ਆਪਣਾ ਸਾਹਿਤਿਕ ਮਹੱਤਵ ਵੀ ਹੈ।

ਪਹਿਲੇ ਪੜਾਅ ਦੀ ਨਾਮਧਾਰੀ ਕਵਿਤਾ ਦੀ ਇਕ ਹੋਰ ਮਹੱਤਵਪੂਰਨ ਕਾਵਿ-ਰਚਨਾ ਸੰਤ ਧਿਆਨ ਸਿੰਘ ਕਾਦਰਾਬਾਦੀ ਦੁਆਰਾ ਰਚਿਤ **ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ** ਹੈ। ਇਹ ਰਚਨਾ ਆਕਾਰ ਪੱਖੋਂ ਕਾਫ਼ੀ ਵੱਡੀ ਹੈ। ਇਹ ਇਕ ਪ੍ਰਬੰਧ-ਕਾਵਿ ਦੀ ਵੰਨਗੀ ਹੈ ਅਤੇ ਇਸ ਦੇ ਵੀਹ ਅਧਿਆਇ ਹਨ। ਇਸ ਕਾਵਿ-ਰਚਨਾ ਦੀ ਭੂਮਿਕਾ 'ਰਾਮ ਕਹਿਤ ਚਿੱਤ ਥਿੱਤ ਹੋਇ ਸਿੰਘ ਕਹਿਤ ਭੈ ਹਾਨ' ਵਿਚ ਅਮਰ ਭਾਰਤੀ ਨੇ ਇਸ ਰਚਨਾ ਦਾ ਸਰਬਪੱਖੀ ਅਧਿਐਨ ਕਰਦੇ ਹੋਏ ਨਿਮਨਲਿਖਿਤ ਸ਼ਬਦਾਂ ਵਿਚ ਰਾਇ ਪੇਸ਼ ਕੀਤੀ ਹੈ:

ਇਹ ਪੁਸਤਕ ਮੁਖ ਰੂਪ ਵਿਚ ਇਤਿਹਾਸਕ ਪੁਸਤਕ ਨਹੀਂ, ਸਗੋਂ ਸਤਿਗੁਰੂ ਰਾਮ ਸਿੰਘ ਦੇ ਕੌਤਕਾਂ ਦਾ ਭਗਤੀਪੂਰਨ ਵਰਣਨ ਹੈ। ਫਿਰ ਵੀ ਇਸ ਪੁਸਤਕ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਨਾਮਧਾਰੀ ਸਮਾਜ ਦੀ ਬੁਨਿਆਦ, ਉਸ ਦੀ ਚੜ੍ਹਤ ਤੇ ਉਸ ਦੀਆ ਵਿਸ਼ੇਸ਼ ਇਤਿਹਾਸਕ ਘਟਨਾਵਾਂ ਉਪਰ ਇਕ ਐਸੀ ਸਟੀਕ ਟਿੱਪਣੀ ਮੌਜੂਦ ਹੈ ਜੋ ਹੋਰ ਕਿਸੇ ਵੀ ਇਤਿਹਾਸਕ ਗ੍ਰੰਥ ਦੇ ਮੁਕਾਬਲੇ ਸੰਵੇਦਨਸ਼ੀਲ, ਮਨੋਵਿਗਿਆਨਕ ਤੇ ਇਤਿਹਸਕ ਪੱਖ ਤੋਂ ਪਰਮਾਣੀਕ ਹੈ।[6]

ਇਸ ਪੁਸਤਕ ਵਿਚ ਲੇਖਕ ਸੰਤ ਧਿਆਨ ਸਿੰਘ ਨੇ ਗੁਰੂ ਰਾਮ ਸਿੰਘ ਨਾਲ ਸੰਬੰਧਿਤ ਜੀਵਨੀਮੂਲਕ ਵੇਰਵਿਆਂ ਤੇ ਘਟਨਾਵਾਂ ਨੂੰ ਇਕ ਵਿਸ਼ੇਸ਼ ਜੁਗਤ ਰਾਹੀਂ ਅਭਿਵਿਅਕਤ ਕੀਤਾ ਹੈ। ਇਹ ਵਿਸ਼ੇਸ਼ ਜੁਗਤ ਹੈ 'ਸੁਣ ਕੇ ਲਿਖਣ ਦੀ' ਜੁਗਤ। ਕਵੀ ਨੇ ਇਸ ਵਿਸ਼ਾਲ ਰਚਨਾ ਦੇ ਸਾਰੇ ਪ੍ਰਸੰਗ ਗੁਰੂ ਰਾਮ ਸਿੰਘ ਦੇ ਦੋ ਸੇਵਕਾਂ ਭਾਈ ਰਾਇ ਸਿੰਘ ਤੇ ਹਰਮੀਤ ਸਿੰਘ ਤੋਂ ਸੁਣ ਕੇ ਲਿਖੇ ਹੋਣ ਦਾ ਦਾਅਵਾ ਕੀਤਾ ਹੈ। ਇਸ ਜੁਗਤ ਦੀ ਵਰਤੋਂ ਕਵੀ ਨੇ ਰਚਨਾ ਵਿਚ ਕਈ ਥਾਈਂ ਕੀਤੀ ਹੈ। ਮਿਸਾਲ ਵਜੋਂ, ਭਾਈ ਰਾਇ ਸਿੰਘ ਤੋਂ ਕਥਾ ਸੁਣਨ ਬਾਰੇ ਉਹ ਲਿਖਦਾ ਹੈ:

– ਇਸ ਪਰਕਾਰ ਗਏ ਰਾਏ ਸਿੰਘ ਕਥਾ ਸੁਨਾਈ ਮੋਹਿ॥
ਆਵੋਗੇ ਜਿਸ ਭਾਤ ਅਬ ਭਾਖੋਂ ਸੁਣੀਏ ਸੁਣੀਏ ਸੋਇ॥ ੭

– ਇਸ ਬਿਧਿ ਰਾਇ ਸਿੰਘ ਨਿਜ ਗਾਥਾ॥
ਕਹਿਣ ਲਗਾ ਫਿਰ ਮੇਰੇ ਸਾਥਾ॥[8]

ਇਸੇ ਤਰ੍ਹਾਂ, ਭਾਈ ਹਰਮੀਤ ਸਿੰਘ ਤੋਂ ਨਾਮਧਾਰੀ ਸਤਿਗੁਰੂ ਰਾਮ ਸਿੰਘ ਸੰਬੰਧੀ ਜਾਣਕਾਰੀ ਲੈਣ ਬਾਰੇ ਵੀ ਕਵੀ ਨੇ ਕਈ ਥਾਈਂ ਜ਼ਿਕਰ ਕੀਤਾ ਹੈ, ਮਿਸਾਲ ਵਜੋਂ :

ਅਬ ਜਿਸ ਸਤਿਗੁਰ ਕਥਾ ਸੁਣਾਈ॥
ਨਾਮ ਠਾਂਸ ਦਿਉਂ ਤਾਹਿ ਬਤਾਈ॥
ਸਾਂਦੇ ਵਾਲਾ ਹੈ ਇਕ ਗਰਾਮ॥
ਤਹਾਂ ਭਾਈ ਹਰਿਮੀਤ ਸਿੰਘ ਨਾਮ॥

ਤਿਨ ਰਸਨਾ ਤੇ ਜੋ ਜੋ ਭਾਖਾ॥

ਸੋ ਲਿਖਨੇ ਕੀ ਲਗੀ ਭਿਲਾਖਾ॥[9]

ਕਵੀ ਨੇ ਇਸ ਵੱਡ-ਆਕਾਰੀ ਕਾਵਿ ਰਚਨਾ ਦੇ ਹਰ ਅਧਿਆਇ ਦਾ ਆਰੰਭ ਮੰਗਲਾਚਰਨ ਦੀ ਜੁਗਤ ਨਾਲ ਕੀਤਾ ਹੈ। ਮੰਗਲਾਚਰਨ ਵਿਚ ਉਸ ਨੇ ਕ੍ਰਮਵਾਰ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਹਰੀ ਸਿੰਘ ਤਕ ਨੂੰ ਨਮਸਕਾਰ ਕਰਦਿਆਂ ਉਨ੍ਹਾਂ ਦਾ ਜਸ-ਗਾਇਨ ਕੀਤਾ ਹੈ। ਇਸ ਦੀ ਇਕ ਮਿਸਾਲ ਵਜੋਂ ਪੰਜਵੇਂ ਅਧਿਆਇ ਦੀਆਂ ਆਰੰਭਕ ਪੰਗਤੀਆਂ ਨਿਮਨਅੰਕਿਤ ਹਨ, ਜਿਨ੍ਹਾਂ ਵਿਚ ਕਵੀ ਨੇ ਚੌਥੇ ਗੁਰੂ ਰਾਮਦਾਸ ਪ੍ਰਤਿ ਸ਼ਰਧਾਪੂਰਨ ਨਮਸਕਾਰ ਕਰਦੇ ਹੋਏ ਉਨ੍ਹਾਂ ਦੀ ਮਹਿਮਾ ਦਾ ਗਾਇਨ ਕੀਤਾ ਹੈ:

ਚੌਥੇ ਗੁਰ ਚੌਥੇ ਜੁਗੀ ਚੌਥ ਪਦਾਰਥ ਦੇਵ॥
ਚੌਥ ਅਸੀ ਕਾਟੇ ਜਨੌਂ ਬਿਘ ਬਿਨਾਸੀ ਸੇਵ॥10

ਇਸੇ ਤਰ੍ਹਾਂ, ਕਵੀ ਇਸ ਕਾਵਿ-ਰਚਨਾ ਦੇ ਵੀਹਵੇਂ ਅਧਿਆਇ ਵਿਚ ਨਾਮਧਾਰੀ ਗੁਰੂ ਹਰੀ ਸਿੰਘ ਦਾ ਜਸ-ਗਾਇਨ ਕਰਦਿਆਂ ਲਿਖਦਾ ਹੈ:

ਗੁਰ ਨਾਮ ਹਰੀ ਹਰਿ ਕਾਮ ਹਰੀ
ਹਰਿ ਰਾਮ ਹਰੀ ਮਤ ਲੇ ਗੁਰ ਓਟਾ॥
ਹਰਿ ਰਾਮ ਗਏ ਕਹਿ ਕਾਮ ਗਏ
ਸੁ ਤਮਾਮ ਭਏ ਸਿਰ ਲੇਵਤ ਪੋਟਾ॥
ਪਾ ਨੀਵ ਸਦੀਵ ਹੀ ਸ਼ਾਤ ਸੁਭਾ
ਸੁਭ੍ਰਾ ਸ਼ਾਮ ਹੀ ਨਾਮ ਕੋ ਦੇਵਤ ਘੋਟਾ॥
ਬੁਧ ਸੋ ਨਾਮ ਹਰੀ ਹਰਿ ਰਾਮ ਕੀਏ
ਪਰਨਾਮ ਨ ਰਹੇ ਵਥ ਤੋਟਾ॥[11]

ਸੰਤ ਧਿਆਨ ਸਿੰਘ ਰਚਿਤ **ਸ੍ਰੀ ਸਤਿਗੁਰੂ ਬਿਲਾਸ** ਦੇ ਅਧਿਐਨ ਉਪਰੰਤ ਕਿਹਾ ਜਾ ਸਕਦਾ ਹੈ ਕਿ ਗੁਰਮੁਖੀ ਲਿਪੀ ਵਿਚ ਤੇ ਬ੍ਰਿਜ ਭਾਸ਼ਾ ਵਿਚ ਲਿਖੀ ਗਈ ਇਸ ਰਚਨਾ ਦੀ ਸੰਚਾਰ-ਯੋਗਤਾ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਕਵੀ ਨੇ ਸ਼ਬਦ-ਚਮਤਕਾਰਾਂ, ਰਸਾਂ, ਅਲੰਕਾਰਾਂ, ਬਿੰਬਾਂ ਤੇ ਪ੍ਰਤੀਕਾਂ ਆਦਿ ਕਾਵਿ-ਜੁਗਤਾਂ ਦੀ ਸਿਰਜਣਾ ਕੀਤੀ ਹੈ। ਇਸ ਰਚਨਾ ਦੇ ਪ੍ਰਮੁੱਖ ਛੰਦ ਬੈਂਤ, ਦੋਹਿਰਾ, ਚੌਪਈ, ਸਵੈਯਾ ਤੇ ਕਬਿੱਤ ਹਨ। ਇਸ ਵੱਡ-ਆਕਾਰੀ ਰਚਨਾ ਵਿਚ ਨਾਮਧਾਰੀ ਲਹਿਰ ਦੇ ਉਦਭਵ ਤੇ ਵਿਕਾਸ ਤੋਂ ਲੈ ਕੇ ਗੁਰੂ ਰਾਮ ਸਿੰਘ ਦੀ ਜਲਾਵਤਨੀ ਤੇ ਗੁਰੂ ਹਰੀ ਸਿੰਘ ਦੁਆਰਾ ਨਾਮਧਾਰੀ ਪੰਥ ਦੀ ਵਾਗਡੋਰ ਸੰਭਾਲਣ ਤਕ ਦੇ ਇਤਿਹਾਸ ਦਾ ਸਾਹਿਤਿਕ ਰੂਪਾਂਤਰਣ ਕੀਤਾ ਗਿਆ ਹੈ। ਇਹ ਰਚਨਾ ਇਤਤਿਹਾਸਕ ਘਟਨਾਵਾਂ ਦਾ ਸਾਹਿਤਿਕ ਰੂਪਾਂਤਰਣ ਕਰਨ ਦੀ ਪ੍ਰਕਿਰਿਆ ਵਿਚ ਕੁਝ ਮਿਥਿਹਾਸਕ ਤੱਤਾਂ ਨੂੰ ਵੀ ਕਾਵਿ-ਜੁਗਤਾਂ ਦਾ ਅੰਗ ਬਣਾਉਂਦੀ ਹੈ। ਮਿਸਾਲ ਵਜੋਂ ਨਿਮਨਅੰਕਿਤ ਪੰਗਤੀਆਂ ਅਧਿਐਨਯੋਗ ਹਨ:

ਬੈਠੇ ਸਤਿਗੁਰੂ ਰਾਮ ਸਿੰਘ ਆਪ ਦਿਵਾਨ ਲਗਾਇ॥
ਦੇਵ ਪੁਰੀ ਮੈਂ ਇੰਦ ਜਿਵ ਤਾਰਕ ਮੰਡਲ ਰਾਇ॥12

ਉਪਰੋਕਤ ਕਾਵਿ-ਸਤਰਾਂ ਸਤਿਗੁਰੂ ਰਾਮ ਸਿੰਘ ਦੀ ਗੁਰਿਆਈ ਦੀ ਮਹਿਮਾ ਨੂੰ ਦੇਵਪੁਰੀ ਦੇ ਇੰਦਰ ਦੀ ਸਥਿਤੀ ਨਾਲ ਤੁਲਨਾ ਕੇ ਉਪਮਾ ਅਲੰਕਾਰ ਦੀ ਮਿਸਾਲ ਪੇਸ਼ ਕਰਦੀਆਂ ਹਨ। ਇਸ ਪ੍ਰਕਾਰ ਨਾਮਧਾਰੀ ਲਹਿਰ ਦੇ ਇਤਿਹਾਸ ਵਿਚ ਇਸ ਕਾਵਿ-ਰਚਨਾ ਦਾ ਮਹੱਤਵ ਤਾਂ ਨਿਰਵਿਵਾਦ ਹੈ ਹੀ, ਇਕ ਸਾਹਿਤਿਕ ਕਿਰਤ ਵਜੋਂ ਵੀ ਇਹ

ਮੁੱਲਵਾਨ ਰਚਨਾ ਹੈ।

ਸੰਤ ਧਿਆਨ ਸਿੰਘ ਕਾਦਰਬਾਦੀ ਦੀ ਉਪਰ ਚਰਚਿਤ ਕਾਵਿ-ਰਚਨਾ ਤੋਂ ਇਲਾਵਾ ਨਾਮਧਾਰੀ ਲਹਿਰ ਦੀ ਇਸ ਪੜਾਅ ਨਾਲ ਸੰਬੰਧਿਤ ਕਾਵਿ-ਰਚਨਾ ਵਿਚ ਤਿੰਨ ਹੋਰ ਕਾਵਿ-ਰਚਨਾਵਾਂ ਬਾਰਾਂਮਾਹ ਰਚਿਤ ਬਾਬਾ ਚੰਦਾ ਸਿੰਘ, ਬਾਰਾਂਮਾਹ ਰਚਿਤ ਸੰਤ ਨਿਹਾਲ ਸਿੰਘ ਅਤੇ ਬਾਰਾਂਮਾਹ ਰਚਿਤ ਬਾਬਾ ਕਾਲਾ ਸਿੰਘ ਵੀ ਧਿਆਨ ਦੇਣ ਯੋਗ ਹਨ। ਬਾਰਾਂਮਾਹ ਬਾਬਾ ਚੰਦਾ ਸਿੰਘ ਨਾਮਧਾਰੀ ਲਹਿਰ ਦੀ ਪਹਿਲੀ ਪ੍ਰਮਾਣਕ ਰਚਨਾ ਹੈ ਜਿਸ ਨਾਲ ਨਾਮਧਾਰੀ ਕਵਿਤਾ ਦਾ ਆਰੰਭ ਹੋਇਆ ਮੰਨਿਆ ਜਾਂਦਾ ਹੈ। ਬਾਬਾ ਚੰਦਾ ਸਿੰਘ ਦੁਆਰਾ ਰਚਿਤ ਬਾਰਾਂਮਾਹ ਦੀ ਪ੍ਰਕਿਰਤੀ ਪੰਜਾਬੀ ਬਾਰਾਂਮਾਹ ਦੀ ਕਾਵਿ-ਪਰੰਪਰਾ ਤੋਂ ਵੱਖਰੀ ਪ੍ਰਕਾਰ ਦੀ ਹੈ। ਇਹ ਬਾਰਾਂਮਾਹ ਦੋਹਿਰਾ ਅਤੇ ਚੌਪਈ ਛੰਦਾਂ ਵਿਚ ਲਿਖਿਆ ਗਿਆ ਹੈ। ਇਸ ਦੇ ਪਹਿਲੇ ਦੋਹਿਰੇ ਵਿਚ ਕਵੀ ਨੇ ਆਪਣੇ ਬਾਰੇ ਕੁਝ ਜਾਣਕਾਰੀ ਦਿੱਤੀ ਹੈ। ਉਸ ਤੋਂ ਅਗਲੇ ਚਾਰ ਦੋਹਰਿਆਂ ਵਿਚੋਂ ਪਹਿਲੇ ਵਿਚ ਮੰਗਲਾਚਰਨ ਦੀ ਜੁਗਤ ਰਾਹੀਂ ਆਪਣੇ ਇਸ਼ਟ (ਸਤਿਗੁਰੂ) ਨੂੰ ਨਮਸਕਾਰ ਕੀਤੀ ਹੈ ਅਤੇ ਅਗਲੇ ਤਿੰਨ ਦੋਹਰਿਆਂ ਵਿਚ ਸਤਿਗੁਰੂ ਦਾ ਜੱਸ-ਗਾਇਨ ਕੀਤਾ ਹੈ। ਮਿਸਾਲ ਵਜੋਂ, ਦੂਸਰੇ ਦੋਹਿਰੇ ਵਿਚ ਉਹ ਲਿਖਦਾ ਹੈ:

ਨਮਸਕਾਰ ਸਤਿਗੁਰੂ ਕੋ ਕਰਾ,
ਚਰਨੀ ਸੀਸ ਨਿਵਾਇ॥
ਬਾਰਾਂਮਾਹ ਸ੍ਰੀ ਸਤਿਗੁਰੂ ਉਚਰੋਂ
ਮੁਹਿ ਪਹਿ ਹੋਇ ਸਹਾਇ॥ [13]

ਰਚਨਾ ਦੇ ਆਰੰਭਕ ਦੋਹਰਿਆਂ ਵਿਚ ਮੰਗਲਾਚਰਨ ਅਤੇ ਗੁਰੂ ਦਾ ਜੱਸ ਗਾਇਨ ਕਰਨ ਤੋਂ ਬਾਦ ਕਵੀ ਨੇ ਕ੍ਰਮਵਾਰ ਚੇਤਰ ਤੋਂ ਲੈ ਕੇ ਫੱਗਣ ਦੇ ਮਹੀਨੇ ਤਕ ਹਰੇਕ ਮਹੀਨੇ ਦੇ ਨਾਂ ਨਾਲ ਸ਼ੁਰੂ ਹੋਣ ਵਾਲੇ ਬੰਦਾਂ ਵਿਚ ਆਪਣੇ ਵਿਚਾਰਾਂ, ਮਨੋਭਾਵਾਂ ਅਤੇ ਵਲਵਲਿਆਂ ਨੂੰ ਚੌਪਈ ਅਤੇ ਦੋਹਰਿਆਂ ਵਿਚ ਅੰਕਿਤ ਕੀਤਾ ਹੈ। ਇਸ ਤੋਂ ਬਾਦ ਕਵੀ ਨੇ ਆਪਣੀ ਕਲਪਨਾ-ਸ਼ਕਤੀ ਦੀ ਸਹਾਇਤਾ ਨਾਲ ਰਚਨਾ ਵਿਚ ਕੁਝ ਮਿਥਿਹਾਸਕ ਪਾਤਰਾਂ ਦਾ ਪ੍ਰਵੇਸ਼ ਕਰਾਇਆ ਹੈ ਅਤੇ ਅੰਗਰੇਜ਼ੀ ਸ਼ਾਸਨ ਦੇ ਖ਼ਾਤਮੇ ਦਾ ਕਾਲਪਨਿਕ ਦ੍ਰਿਸ਼ ਵੀ ਚਿਤਰਿਆ ਹੈ। ਆਰੰਭਕ ਦੋਹਰਿਆਂ ਵਾਂਗ ਹੀ ਬਾਰਾਂਮਾਹ ਦੇ ਅੰਤਲੇ ਕੁਝ ਦੋਹਰਿਆਂ ਵਿਚ ਫਿਰ ਇਕ ਵਾਰ ਸਤਿਗੁਰ ਦੀ ਮਹਿਮਾ ਉਚਾਰੀ ਗਈ ਹੈ।

ਨਾਮਧਾਰੀ ਕਵੀਆਂ ਦੁਆਰਾ ਰਚਿਤ ਇਨ੍ਹਾਂ ਤਿੰਨਾਂ ਬਾਰਾਂਮਾਹਿਆਂ ਦਾ ਸਰੂਪ ਪੰਜਾਬੀ ਬਾਰਾਂਮਾਹ ਕਾਵਿ-ਪਰੰਪਰਾ ਦੇ ਸੁਖਾਂਤਕ ਅੰਤ ਦੇ ਬਿਲਕੁਲ ਉਲਟ ਹੈ। ਇਨ੍ਹਾਂ ਤੋਂ ਪੂਰਬਲੇ ਪੰਜਾਬੀ ਬਾਰਾਂਮਾਹਿਆਂ ਵਿਚ ਨਾਇਕਾ ਗਿਆਰਾਂ ਮਹੀਨੇ ਆਪਣੇ ਪ੍ਰੀਤਮ ਦਾ ਵਿਛੋੜਾ ਝੱਲਦੀ ਹੈ ਤੇ ਬਾਰ੍ਹਵੇਂ ਮਹੀਨੇ ਵਿਚ ਉਸ ਦਾ ਆਪਣੇ ਪ੍ਰੀਤਮ ਨਾਲ ਮਿਲਾਪ ਹੁੰਦਾ ਹੈ। ਇਸ ਤਰ੍ਹਾਂ ਇਹ ਬਾਰਾਂਮਾਹੇ ਵਿਯੋਗ ਤੋਂ ਸੰਯੋਗ ਤਕ ਦਾ ਸਫ਼ਰ ਤੈਅ ਕਰਦੇ ਹਨ। ਇਸ ਦੇ ਵਿਪਰੀਤ ਨਾਮਧਾਰੀ ਬਾਰਾਂਮਾਹਿਆਂ, ਵਿਚ ਨਾਇਕਾ ਪਹਿਲੇ ਗਿਆਰਾਂ ਮਹੀਨੇ ਆਪਣੇ ਪ੍ਰੀਤਮ ਦਾ ਸਾਥ ਮਾਣਦੀ ਹੈ, ਭਾਵ ਸੰਯੋਗ ਦੀ ਸਥਿਤੀ ਵਿਚ ਹੁੰਦੀ ਹੈ ਅਤੇ ਬਾਰ੍ਹਵੇਂ ਮਹੀਨੇ ਵਿਚ ਉਸਦਾ ਆਪਣੇ ਨਾਇਕ/ਪ੍ਰੇਮੀ-ਪਿਆਰੇ ਨਾਲੋਂ ਵਿਛੋੜਾ ਪੈ ਜਾਂਦਾ ਹੈ। ਇਹ ਤਿੰਨੇ ਬਾਰਾਂਮਾਹੇ ਨਾਮਧਾਰੀ ਲਹਿਰ ਅਤੇ ਵਿਸ਼ੇਸ਼ ਕਰਕੇ ਗੁਰੂ ਰਾਮ ਸਿੰਘ ਪ੍ਰਤਿ ਸ਼ਰਧਾ ਭਾਵਨਾ ਦੀ ਦ੍ਰਿਸ਼ਟੀ ਤੋਂ ਲਿਖੇ ਗਏ ਹਨ ਪਰ ਇਨ੍ਹਾ ਦੀ ਸਾਹਿਤਿਕ ਅਤੇ ਇਤਿਹਾਸਕ ਮਹੱਤਤਾ ਵੀ ਨਿਰਵਿਵਾਦ ਹੈ। ਇਨ੍ਹਾਂ ਬਾਰਾਂਮਾਹਿਆਂ ਵਿਚ ਨਾਮਧਾਰੀ

ਲਹਿਰ ਦੀਆਂ 1857 ਤੋਂ 1885 ਈ. ਤਕ ਦੀਆਂ ਮਹੱਤਵਪੂਰਨ ਗਤੀਵਿਧੀਆਂ ਨੂੰ ਕਾਵਿਬੱਧ ਕੀਤਾ ਗਿਆ ਹੈ। ਇਸ ਦੇ ਨਾਲ ਹੀ, ਇਹ ਬਾਰਾਂਮਾਹੇ ਮੱਧਕਾਲੀ ਪੰਜਾਬੀ ਕਵਿਤਾ ਅਤੇ ਆਧੁਨਿਕ ਪੰਜਾਬੀ ਕਵਿਤਾ ਵਿਚਕਾਰ ਇਕ ਕੜੀ ਦੀ ਭੂਮਿਕਾ ਨਿਭਾਂਉਂਦੇ ਹਨ। ਇਨ੍ਹਾਂ ਬਾਰਾਂਮਾਹਿਆ ਵਿਚ ਸੰਯੋਗ, ਵਿਯੋਗ ਅਤੇ ਬਿਰਹਾ ਦਾ ਵਰਣਨ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਹੋਇਆ ਹੈ। ਇਨ੍ਹਾਂ ਤਿੰਨਾਂ ਬਾਰਾਂਮਾਹਿਆਂ ਬਾਰੇ ਕਿਰਪਾਲ ਸਿੰਘ ਕਸੇਲ ਦੀ ਨਿਮਨਅੰਕਿਤ ਟਿੱਪਣੀ ਉਲੇਖਯੋਗ ਹੈ:

ਇਨ੍ਹਾਂ ਤਿੰਨਾਂ ਬਾਰਾਂਮਾਹਾਂ ਵਿਚ ਕੂਕਾ ਲਹਿਰ ਦੇ ਤਤਕਾਲਕ ਪਿਛੋਕੜ ਦਾ ਕਵੀਆਂ ਨੇ ਸਮਕਾਲੀ ਅਨੁਭਵ ਦੁਆਰਾ ਚਿਤਰਨ ਕੀਤਾ ਹੈ, ਜੋ ਕਿ ਇਕ ਤਰ੍ਹਾਂ ਉਨ੍ਹਾਂ ਦਾ ਉਤਮ-ਪੁਰਖੀ ਨਿੱਜੀ ਅਨੁਭਵ ਹੀ ਹੈ।[14]

ਨਾਮਧਾਰੀ ਕਵੀਆਂ ਦੇ ਲਿਖੇ ਹੋਏ ਬਾਰਾਂਮਾਹਿਆਂ ਵਿਚ ਉਨ੍ਹਾਂ ਸਥਿਤੀਆਂ, ਪਰਿਸਥਿਤੀਆਂ ਨੂੰ ਵੀ ਕਾਵਿਬੱਧ ਕੀਤਾ ਗਿਆ ਹੈ ਜੋ ਸਤਿਗੁਰੂ ਰਾਮ ਸਿੰਘ ਦੇ ਜਲਾਵਤਨ ਦਾ ਮੁੱਖ ਕਾਰਨ ਬਣੀਆਂ। ਇਨ੍ਹਾਂ ਵਿਚੋਂ ਕੁਝ ਇਕ ਇਨ੍ਹਾਂ ਕਵੀਆਂ ਦੇ ਨਿੱਜੀ ਅਨੁਭਵ ਵੀ ਹੋ ਸਕਦੀਆਂ ਹਨ। ਇਨ੍ਹਾਂ ਬਾਰਾਂਮਾਹਿਆਂ ਦਾ ਸਾਂਝਾ ਗੁਣ ਇਹ ਹੈ ਕਿ ਤਿੰਨਾਂ ਦੇ ਨਾਇਕ ਗੁਰੂ ਰਾਮ ਸਿੰਘ ਹਨ ਅਤੇ ਨਾਇਕਾ ਨਾਮਧਾਰੀ ਸੰਗਤ ਹੈ। ਇਸ ਦੇ ਨਾਲ ਨਾਇਕ/ਪ੍ਰੀਤਮ ਦੇ ਮਿਲਾਪ ਦਾ ਵਰਣਨ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਹੋਇਆ ਹੈ। ਇਨ੍ਹਾ ਬਾਰਾਂਮਾਹਿਆਂ ਦੇ ਪਾਠਗਤ ਅਧਿਐਨ ਤੋਂ ਪਤਾ ਲਗਦਾ ਹੈ ਕਿ ਪਿਛਲੇ ਦੋ ਬਾਰਾਂਮਾਹੇ ਚੇਤਰ ਦੇ ਮਹੀਨੇ ਤੋਂ ਆਰੰਭ ਹੋ ਕੇ ਫੱਗਣ ਦੇ ਮਹੀਨੇ ਦੇ ਵਰਣਨ 'ਤੇ ਆ ਕੇ ਖ਼ਤਮ ਹੁੰਦੇ ਹਨ ਅਤੇ ਇਹ ਦੋਵੇਂ ਬਾਰਾਂ-ਬਾਰਾਂ ਬੰਦਾਂ ਵਿਚ ਰਚੇ ਗਏ ਹਨ। ਬਾਬਾ ਚੰਦਾ ਸਿੰਘ ਦੁਆਰਾ ਰਚਿਤ ਬਾਰਾਂਮਾਹ ਦੀ ਪ੍ਰਕਿਰਤੀ ਇਨ੍ਹਾ ਦੋਹਾਂ ਤੋਂ ਕੁਝ ਵੱਖਰੀ ਪ੍ਰਕਾਰ ਦੀ ਹੈ। ਚੇਤਰ ਤੋਂ ਫੱਗਣ ਤਕ ਬਾਰਾਂ ਬੰਦਾਂ ਤੋਂ ਇਲਾਵਾ ਆਦਿ ਅਤੇ ਅੰਤ ਵਿਚ ਦੋਹਿਰੇ ਅੰਕਿਤ ਹਨ।

ਇਨ੍ਹਾਂ ਬਾਰਾਂਮਾਹਿਆ ਦੇ ਅਧਿਐਨ ਦੌਰਾਨ ਅਸੀਂ ਦੇਖਦੇ ਹਾਂ ਕਿ ਚੇਤਰ ਦੇ ਮਹੀਨੇ ਤੋਂ ਲੈ ਕ੍ਰਮਵਾਰ ਮਾਘ ਦੇ ਮਹੀਨੇ ਤਕ ਸਤਿਗੁਰੂ ਦੇ ਦਰਬਾਰ ਦਾ ਚਿਤਰਨ ਕੀਤਾ ਗਿਆ ਹੈ। ਸਤਿਗੁਰੂ ਦੀ ਹਜ਼ੂਰੀ ਵਿਚ ਨਾਇਕਾ/ਸੰਗਤ ਬਹੁਤ ਖੁਸ਼ ਹੈ ਅਤੇ ਉਸ ਦੇ ਨੂਰਾਨੀ ਮੁਖ ਦੇ ਦਰਸ਼ਨ ਕਰਕੇ ਹੀ ਜੀਉਂਦੀ ਹੈ। ਨਾਇਕਾ ਨੂੰ ਆਪਣੇ ਪ੍ਰੀਤਮ ਪਿਆਰੇ ਤੋਂ ਬਿਨਾਂ ਹੋਰ ਕਿਸੇ ਦੀ ਪਰਵਾਹ ਨਹੀਂ ਰਹਿੰਦੀ। ਇਸ ਸੰਯੋਗ ਅਵਸਥਾ ਨੂੰ ਨਿਮਨਲਿਖਤ ਕਾਵਿ-ਸਤਰਾਂ ਰੂਪਮਾਨ ਕਰਦੀਆਂ ਹਨ:

ਅੱਸੂ ਆਸ ਗੁਰਾਂ ਦੀ ਰੱਖੀ
ਨਿੱਤ ਮੈਂ ਦਰਸਨ ਦੇਖਾਂ ਅੱਖੀ।
ਸਤਿਗੁਰ ਨਾਮ ਪਦਾਰਥ ਦਿੱਤਾ
ਬੈਠ ਕਿਨਾਰੇ ਚੱਖੀ।
ਕੀ ਪਰਵਾਹ ਕਿਸੇ ਦੀ ਉਹਨਾਂ
ਗੁਰੂ ਜਿਨ੍ਹਾਂ ਦਾ ਪੱਖੀ।[15]

ਪਰ ਨਾਇਕਾ ਦਾ ਇਹ ਪ੍ਰੀਤਮ-ਮਿਲਾਪ ਇਕ ਸਥਾਈ ਅਵਸਥਾ ਨਹੀਂ ਹੈ, ਸਗੋਂ ਨਾਇਕ/ਸਤਿਗੁਰੂ ਨੂੰ ਆਪਣਾ ਦੇਸ ਅਤੇ ਸੰਗਤ ਛੱਡ ਕੇ ਜਲਾਵਤਨ ਹੋਣਾ ਪੈਂਦਾ ਹੈ। ਇਨ੍ਹਾਂ ਤਿੰਨਾਂ ਬਾਰਾਂਮਾਹਿਆਂ ਵਿਚ ਉਨ੍ਹਾਂ ਸਮਾਜਕ, ਧਾਰਮਿਕ, ਇਤਿਹਾਸਕ ਅਤੇ ਰਾਜਨੀਤਿਕ ਪਰਸਿਥਿਤੀਆਂ ਦਾ ਵਰਣਨ ਵੀ ਕੀਤਾ ਗਿਆ ਹੈ ਜੋ ਨਾਇਕ ਦੇ ਜਲਾਵਤਨ ਹੋਣ ਦਾ ਮੁੱਖ

ਕਾਰਨ ਬਣੀਆਂ। ਮਿਸਾਲ ਵਜੋਂ, ਬਾਬਾ ਕਾਲਾ ਸਿੰਘ ਨੇ ਆਪਣੇ ਬਾਰਾਂਮਾਹ ਵਿਚ ਮਾਘ ਦੇ ਮਹੀਨੇ ਵਿਚ ਮਲੇਰਕੋਟਲੇ ਦੀ ਤਤਕਾਲੀਨ ਤੇ ਇਤਿਹਾਸਕ ਘਟਨਾ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ:

ਮਾਘ ਮਹੀਨੇ ਸੋਧ ਅਰਦਾਸਾ ਸਿੰਘ ਹਮਲਾ ਕਰ ਧਾਏ ਨੇ।
ਵਿਚ ਕੋਟਲੇ ਬੁੱਚੜ ਮਾਰੇ ਦੇਖ ਮਲੇਸ਼ ਘਬਰਾਏ ਨੇ।
ਸ਼ੇਰਪੁਰ ਦੇ ਠਾਣਿਉਂ ਹੋ ਕੇ ਸਿੰਘ ਕੋਟਲੇ ਧਾਏ ਨੇ।
ਨਾਭਾ, ਜੀਂਦ, ਪਟਿਆਲਾ ਫੌਜਾਂ ਸਿਖ ਤੋਪਾਂ ਨਾਲ ਉਡਾਏ ਨੇ।[16]

ਉਪਰੋਕਤ ਤਿੰਨਾਂ ਬਾਰਾਂਮਾਹਿਆਂ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਇਨ੍ਹਾ ਬਾਰਾਂਮਾਹਿਆਂ ਦਾ ਅੰਤ ਦੁਖਮਈ ਸਥਿਤੀ ਵਿਚ ਹੁੰਦਾ ਹੈ। ਨਾਇਕਾ ਦਾ ਆਪਣੇ ਪ੍ਰੀਤਮ ਪਿਆਰੇ ਨਾਲ ਮਿਲਾਪ/ਸੰਯੋਗ-ਵਿਯੋਗ ਵਿਚ ਬਦਲ ਜਾਂਦਾ ਹੈ। ਇਨ੍ਹਾਂ ਤਿੰਨਾਂ ਬਾਰਾਂਮਾਹਿਆਂ ਵਿਚ ਕਵੀਆਂ ਨੇ ਫੱਗਣ ਦੇ ਮਹੀਨੇ ਵਿਚ ਬਿਰਹਾ ਅਤੇ ਵਿਯੋਗ ਭੋਗ ਰਹੀ ਸੰਗਤ/ਨਾਇਕਾ ਦੀ ਕਰੁਣਾਮਈ ਮਨੋਅਵਸਥਾ ਨੂੰ ਪੇਸ਼ ਕੀਤਾ ਹੈ। ਉਦਾਹਰਣ ਵਜੋਂ, ਸੰਤ ਨਿਹਾਲ ਸਿੰਘ ਆਪਣੇ ਬਾਰਾਂਮਾਹ ਵਿਚ ਲਿਖਦੇ ਹਨ :

ਫੱਗਣ ਫੇਰ ਕਦੀ ਆਵੀਂ, ਮੁਖ ਆਪਣਾ ਦਿਖਾਵੀਂ।
ਰਤਾ ਚੈਨ ਨਹੀਂ ਆਵੈ, ਤੇਰੀ ਸੰਗਤ ਕੁਰਲਾਂਵਦੀ।
ਬੁਰਾ ਗੁਰਾਂ ਦਾ ਵਿਛੋੜਾ, ਜੈਸੇ ਜਿਗਰ ਵਿਚ ਫੋੜਾ।
ਦਿਨ ਰਾਤ ਇਹੋ ਝੋਰਾ, ਕੋਈ ਗੱਲ ਨਹੀਂ ਭਾਂਵਦੀ।
ਹੋਈ ਹਾਲ ਤੋਂ ਬੇਹਾਲ, ਖੁਲੇ ਗਲ ਵਿਚ ਵਾਲ
ਫਿਰ ਥੱਕੀ ਢੂਡ ਭਾਲ, ਨੈਣੀ ਨੀਂਦ ਨਹੀਂ ਆਂਵਦੀ।[17]

ਨਾਮਧਾਰੀ ਲਹਿਰ ਨਾਲ ਸੰਬੰਧਿਤ ਇਕ ਹੋਰ ਮਹੱਤਵਪੂਰਨ ਕਾਵਿ-ਰਚਨਾ ਉਸਤਤਨਾਮਾ ਪ੍ਰਾਪਤ ਹੁੰਦੀ ਹੈ। ਉਸਤਤਨਾਮਾ ਨਾਮਧਾਰੀ ਕਵੀ ਕਾਹਲਾ ਸਿੰਘ ਦੀ ਕਾਵਿ-ਕਿਰਤ ਹੈ। ਇਸ ਕਾਵਿ ਰਚਨਾ ਦਾ ਪਾਠ-ਸੰਪਾਦਕ ਡਾ. ਹਰਿਭਜਨ ਸਿੰਘ ਨੇ ਆਪਣੀ ਪੁਸਤਕ ਉਨ੍ਹੀਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ ਦੇ ਦਸਵੇਂ ਖੰਡ ਵਿਚ ਕੀਤਾ ਹੈ। ਖੋਜੀ ਆਲੋਚਕ ਨੇ ਇਸ ਕਾਵਿ-ਰਚਨਾ ਦਾ ਪਾਠ-ਸੰਪਾਦਨ ਕਰਨ ਦੇ ਨਾਲ-ਨਾਲ ਇਸ ਕਾਵਿ-ਰਚਨਾ ਦਾ ਅਧਿਐਨ ਤੇ ਵਿਸ਼ਲੇਸ਼ਣ ਵੀ ਕੀਤਾ ਹੈ। ਇਸ ਰਚਨਾ ਦਾ ਬਹੁਪੱਖੀ ਅਧਿਐਨ ਕਰਦਿਆਂ ਡਾ. ਹਰਿਭਜਨ ਸਿੰਘ ਲਿਖਦੇ ਹਨ:

ਉਸਤਤਨਾਮਾ ਕਵੀ ਕਾਹਲਾ ਸਿੰਘ ਦੀ ਗੁਰੂ-ਭਗਤੀ ਅਤੇ ਸ਼ਰਧਾ ਦਾ ਸਰਲ ਅਤੇ ਸਪਸ਼ਟ ਪ੍ਰਗਟਾਵਾ ਹੈ। ਰਚਨਾ ਵਿਚ ਨਾ ਕਲਪਣਾ ਦੀ ਉਡਾਨ ਹੈ, ਨਾ ਸ਼ਬਦ-ਚਮਤਕਾਰ ਦਾ ਵਿਖਾਲਾ ਪਾਉਣ ਦਾ ਉਚੇਚ।[18]

ਉਸਤਤਨਾਮਾ ਵਿਚ ਕਾਹਲਾ ਸਿੰਘ ਨੇ ਸਤਿਗੁਰੂ ਰਾਮ ਸਿੰਘ ਦੇ ਜੀਵਨੀਮੂਲਕ ਵੇਰਵੇ ਕਾਵਿਬੱਧ ਕਰਨ ਦੇ ਨਾਲ-ਨਾਲ ਨਾਮਧਾਰੀ ਲਹਿਰ ਦੇ ਧਾਰਮਿਕ, ਸਮਾਜਕ, ਇਤਿਹਾਸਕ ਅਤੇ ਰਾਸ਼ਟਰਵਾਦੀ ਪੱਖਾਂ ਨੂੰ ਵੀ ਉਘਾੜਿਆ ਹੈ। ਇਸ ਦੇ ਨਾਲ ਹੀ ਗੁਰੂ ਹਰੀ ਸਿੰਘ ਪ੍ਰਤਿ ਕਵੀ ਦੀ ਸ਼ਰਧਾ ਦਾ ਪ੍ਰਗਟਾਵਾ ਵੀ ਹੋਇਆ ਹੈ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖ-ਸਮਾਜ ਵਿਚ ਜੋ ਕੁਰੀਤੀਆਂ ਪ੍ਰਵੇਸ਼ ਕਰ ਗਈਆਂ ਸਨ, ਉਨ੍ਹਾਂ ਦਾ ਵਰਣਨ ਵੀ ਕੀਤਾ ਗਿਆ ਹੈ। ਨਾਮਧਾਰੀ ਲਹਿਰ ਦੀ ਮਹੱਤਵਪੂਰਨ ਘਟਨਾ 'ਸੰਤ ਖ਼ਾਲਸੇ ਦੀ ਸਾਜਨਾ' ਦਾ ਵੀ ਕਵੀ ਨੇ ਪ੍ਰਭਾਵਸ਼ਾਲੀ ਢੰਗ ਨਾਲ ਕਾਵਿ-ਵਰਣਨ

ਕੀਤਾ ਹੈ। ਇਸ ਘਟਨਾ ਨਾਲ ਸਿੱਖ ਸਮਾਜ ਵਿਚ ਜੋ ਹਾਂਪੱਖੀ ਪਰਿਵਰਤਨ ਆਇਆ, ਉਸ ਦਾ ਜ਼ਿਕਰ ਕਵੀ ਨੇ ਇਸ ਤਰ੍ਹਾਂ ਕੀਤਾ ਹੈ:

ਸੰਤ ਖ਼ਾਲਸਾ ਬਣਾਇਆ ਤੇ ਮਿਟਾਇਆ ਨ੍ਹੇਰ ਗੁਰੂ ਜੇ ਨੇ,
ਸੰਤ ਪੰਥ ਖ਼ਾਲਸਾ ਹੈ ਸਿੰਘਾਂ ਨਾਮਧਾਰੀਆਂ।
ਢੋਲਕਾਂ ਦੇ ਸ਼ਬਦ ਅਖੰਡ ਪਾਠ ਸ਼ੁਰੂ ਕੀਤੇ,
ਅੰਮ੍ਰਿਤ ਛਕਾਇਆ ਖੰਡੇ ਧਾਰ ਨਰ ਨਾਰੀਆਂ।
ਗਿਰੀ ਹੋਈ ਸਿਖੀ ਨਵੇਂ ਸਿਰੇ ਫੇਰ ਕੈਮ ਕੀਤੀ,
ਮੰਨਿਆ ਸੀ ਦੁਖ ਵੇਖ ਭੰਡੀਆ ਪੁਜਾਰੀਆਂ।
ਕਲੂ ਕਾਲ ਵਿਚ ਸਤਿਜੁਗ ਲਾਇਆ ਕਾਹਲਾ ਸਿੰਘ,
ਗੁਰੂ ਰਹਿਤ ਨੂੰ ਦਸ ਕੁਰਹਿਤਾਂ ਸੁਧਾਰੀਆਂ।[19]

ਉਸਤਤਨਾਮਾ ਵਿਚ ਕਵੀ ਕਾਹਲਾ ਸਿੰਘ ਨੇ ਨਾਮਧਾਰੀ ਲਹਿਰ ਦੇ ਵਿਭਿੰਨ ਪੱਖਾਂ ਨੂੰ ਕਾਵਿਬੱਧ ਤਾਂ ਕੀਤਾ ਹੀ ਹੈ, ਇਹ ਕਵਿਤਾ ਉਸ ਦੀ ਗੁਰੂ-ਭਗਤੀ ਦੀ ਗਵਾਹੀ ਵੀ ਭਰਦੀ ਹੈ।

ਉਪਰੋਕਤ ਵਿਚਾਰ-ਚਰਚਾ ਦੇ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਨਾਮਧਾਰੀ ਲਹਿਰ ਦੀ ਪਹਿਲੇ ਪੜਾਅ ਦੀ ਕਵਿਤਾ ਦਾ ਮੁੱਖ ਮਨੋਰਥ ਆਮ ਲੋਕਾਂ ਨੂੰ ਨਾਮਧਾਰੀ ਲਹਿਰ ਦੇ ਟੀਚਿਆਂ ਤੋਂ ਜਾਣੂ ਕਰਵਾਉਣਾ ਅਤੇ ਇਸ ਲਹਿਰ ਦੇ ਸਮਾਜਕ, ਧਾਰਮਿਕ, ਰਾਜਨੀਤਿਕ ਅਤੇ ਇਤਿਹਾਸਕ ਮਹੱਤਵ ਨੂੰ ਉਜਾਗਰ ਕਰਨਾ ਸੀ। ਇਸ ਮਨੋਰਥ ਨਾਲ ਰਚੀ ਗਈ ਇਹ ਕਵਿਤਾ ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਵੀ ਯੋਗਦਾਨ ਪਾਉਂਦੀ ਹੈ ਕਿਉਂਕਿ ਇਹ ਸਾਹਿਤਿਕ ਗੁਣਾਂ ਦੀ ਦ੍ਰਿਸ਼ਟੀ ਤੋਂ ਵੀ ਵਿਸ਼ੇਸ਼ ਮਹੱਤਵ ਰੱਖਦੀ ਹੈ।

(ਅ) ਦੂਜੇ ਪੜਾਅ ਦੀ ਨਾਮਧਾਰੀ ਕਵਿਤਾ

ਨਾਮਧਾਰੀ ਲਹਿਰ ਦੇ ਦੂਜੇ ਪੜਾਅ ਦੀ ਕਵਿਤਾ ਵਿਚ ਨਾਮਧਾਰੀ ਕਵੀਆਂ ਦੀਆਂ ਉਨ੍ਹਾਂ ਕਾਵਿ-ਰਚਨਾਵਾਂ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ, ਜਿਹੜੀਆਂ ਨਾਮਧਾਰੀ ਸਤਿਗੁਰੂ ਰਾਮ ਸਿੰਘ ਦੇ ਦੇਸ਼-ਨਿਕਾਲੇ ਤੇ ਅਗਿਆਤਵਾਸ ਦੇ ਸਮੇਂ ਤੋਂ ਲੈ ਕੇ ਵਰਤਮਾਨ ਸਮੇਂ ਤਕ ਰਚੀਆਂ ਗਈਆਂ ਹਨ। ਇਸ ਪੜਾਅ ਦੀ ਕਵਿਤਾ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਇਹ ਕਵਿਤਾ ਗਿਣਨਾਤਮਕ ਤੇ ਗੁਣਾਤਮਕ ਦੋਹਾਂ ਪੱਖਾਂ ਤੋਂ ਬਹੁਤ ਅਮੀਰ ਹੈ। ਇਸ ਪੜਾਅ ਦੀ ਕਵਿਤਾ ਵਿਚ ਅਸੀਂ ਹੇਠ ਲਿਖੇ ਕਾਵਿ-ਸੰਗ੍ਰਹਿਆਂ ਨੂੰ ਸ਼ਾਮਿਲ ਕਰਦੇ ਹਾਂ:

- ਅਮਰੀਕ ਸਿੰਘ, **ਸਚੀ ਤੇਰੀ ਸਿਫ਼ਤ**, ਨਾਮਧਾਰੀ ਦਰਬਾਰ, ਪੰਜਾਬ, 1995.
- ਸ਼ੌਕ, ਗੁਰਬਖਸ਼ ਸਿੰਘ, **ਸ਼ੌਕ ਤਰਾਨੇ**, ਨਾਮਧਾਰੀ ਦਰਬਾਰ, ਭੈਣੀ ਸਾਹਿਬ, 1981.
- ਕਵੀ, ਪ੍ਰੀਤਮ ਸਿੰਘ, **ਸਿਮਰਨ**, ਗੁਰਮਤਿ ਪ੍ਰਿੰਟਿੰਗ ਪ੍ਰੈਸ, ਨਵੀਂ ਦਿੱਤੀ, 1992.
- ਕਾਮਲ, ਤਾਰਾ ਸਿੰਘ (ਸੰਪ.), **ਪ੍ਰਭੂ ਅਬਿਨਾਸੀ**, ਸਤਿਗੁਰੂ ਪ੍ਰਤਾਪ ਅਵਤਾਰ ਸ਼ਤਾਬਦੀ ਕਮੇਟੀ, ਨਵੀਂ ਦਿੱਲੀ, 1991.
- ਕਸੇਲ, ਕਿਰਪਾਲ ਸਿੰਘ, **ਜੈਸਾ ਸਤਿਗੁਰੂ ਸੁਣੀਂਦਾ**, ਪੰਜਾਬੀ ਪਬਲੀਕੇਸ਼ਨ, ਪਟਿਆਲਾ, 1996.
- ________, **ਚਾਲੀਸਾ ਸ੍ਰੀ ਸਤਿਗੁਰੂ ਜਗਜੀਤ ਸਿੰਘ**, ਨਾਮਧਾਰੀ

ਦਰਬਾਰ ਭੈਣੀ ਸਾਹਿਬ, 1999.

- ਖਰਲ, ਸੁਰਿੰਦਰ ਕੌਰ, **ਬਖ਼ਸ਼ਿਸ਼**, ਨਾਮਧਾਰੀ ਇੰਜੀਨੀਅਰਿੰਗ ਵਰਕਸ, ਰੋਪੜ 1996.
- _____, ਤੂੰ ਹੀ ਤੂੰ, ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ, 2000.
- ਚੀਮਾ, ਅਜੀਤ ਸਿੰਘ, ਬ੍ਰਿਹਾ, ਨਾਮਧਾਰੀ ਦਰਬਾਰ, ਨਵੀਂ ਦਿੱਲੀ, 1994.
- ____, ਰੁਬਾਈਆਂ ਦੀ ਪਟਾਰੀ, ਛਾਬੜਾ ਕੰਪੋਜ਼ਿੰਗ ਹਾਊਸ, ਜਲੰਧਰ, 1997.
- ______, ਗੁਲਜ਼ਾਰੇ-ਗਜ਼ਲ, ਵਾਈਟ ਕਰਾਸ ਪ੍ਰਿੰਟਰਜ਼, ਜਲੰਧਰ, 1996.
- ਚੱਕਰਵਰਤੀ, ਇੰਦਰ ਸਿੰਘ, ਮਾਲਵੇਂਦ, ਨਾਮਧਾਰੀ ਦਰਬਾਰ, ਭੈਣੀ ਸਾਹਿਬ।
- ਨਿਹਾਲ ਸਿੰਘ, ਸੀਤਲਤਾ ਦਾ ਸਰੋਤ; ਨਾਮਧਾਰੀ ਦਰਬਾਰ, ਭੈਣੀ ਸਾਹਿਬ।
- ਪੰਛੀ, ਕਰਤਾਰ ਸਿੰਘ, **ਚਰਨ ਭੇਂਟ**, ਸਤਿਗੁਰੂ ਪ੍ਰਤਾਪ ਅਵਤਾਰ ਸ਼ਤਾਬਦੀ ਕਮੇਟੀ ਨਵੀਂ ਦਿੱਲੀ, 1991.
- ਬਗਲੀ, ਹਰਨਾਮ ਸਿੰਘ, **ਸੰਤ ਖ਼ਾਲਸਾ**, ਨਾਮਧਾਰੀ ਦਰਬਾਰ, ਭੈਣੀ ਸਾਹਿਬ
- ਬਿਸ਼ਨ ਸਿੰਘ, **ਅਣਖੀ ਮਸਤਾਨੇ**, ਨਾਮਧਾਰੀ ਦਰਬਾਰ, ਭੈਣੀ ਸਾਹਿਬ।
- ਰਤਨ, ਹਰਿਭਜਨ ਸਿੰਘ, ਗੁਰ-ਗੀਤ ਰਤਨਮਾਲਾ, ਨਾਮਧਾਰੀ ਦਰਬਾਰ, ਭੈਣੀ ਸਾਹਿਬ, 2000.
- ਰਾਏ, ਗੁਰਦੇਵ ਸਿੰਘ, **ਅਦੁੱਤੀ ਰਹਿਬਰ**, ਗੁਰਦੇਵ ਸਿੰਘ ਰਾਏ ਸਾਹਿਤ ਪ੍ਰਕਾਸ਼ਨ, ਰੱਕੜਾ, 1996.
- ਤਰਨ ਸਿੰਘ ਵਹਿਮੀ, ਸੁਹੇਵਾ ਸਾਹਿਬ, ਅਵਾਮੀ ਪ੍ਰਿੰਟਿੰਗ ਪੈਸ, ਜਲੰਧਰ (ਮਿਤੀਹੀਣ)।

ਉਪਰੋਕਤ ਅੰਕਿਤ ਸੂਚੀ ਤੋਂ ਇਲਾਵਾ ਇਸ ਪੜਾਅ ਦੀ ਨਾਮਧਾਰੀ ਕਵਿਤਾ ਵਿਚ ਚਾਰ ਬਾਰਾਂਮਾਹ ਵੀ ਰਚੇ ਹੋਏ ਮਿਲਦੇ ਹਨ ਜਿਨ੍ਹਾਂ ਦਾ ਸੰਪਾਦਨ ਤਾਰਾ ਸਿੰਘ ਅਨਜਾਣ ਨੇ ਆਪਣੀ ਸੰਪਾਦਿਤ ਪੁਸਤਕ **ਰਾਮ ਵਿਯੋਗੀਆਂ ਦੇ ਬਾਰਾਂਮਾਹ** ਵਿਚ ਪਹਿਲੇ ਪੜਾਅ ਦੇ ਤਿੰਨ ਬਾਰਾਂਮਾਹਿਆਂ ਦੇ ਨਾਲ ਹੀ ਕੀਤਾ ਹੈ। ਇਨ੍ਹਾ ਚਾਰ ਬਾਰਾਂਮਾਹਿਆਂ ਦੇ ਰਚਣਹਾਰੇ ਕਵੀ ਸੂਬਾ ਮੀਹਾਂ ਸਿੰਘ, ਤੇਜਾ ਸਿੰਘ ਸੋਖਲ, ਸੰਤ ਇਕਬਾਲ ਸਿੰਘ ਮਨਚੰਦਾ ਅਤੇ ਚਤਰ ਸਿੰਘ ਬੀਰ ਹਨ। ਇਨ੍ਹਾਂ ਬਾਰਾਂਮਾਹਿਆਂ ਦੀ ਸਾਂਝੀ ਵਿਸ਼ੇਸ਼ਤਾ ਇਹ ਹੈ ਕਿ ਇਨ੍ਹਾ ਸਾਰਿਆਂ ਦਾ ਨਾਇਕ ਨਾਮਧਾਰੀ ਸਤਿਗੁਰੂ ਰਾਮ ਸਿੰਘ ਅਤੇ ਨਾਇਕਾ ਨਾਮਧਾਰੀ ਸੰਗਤ ਹੈ। ਨਾਇਕਾ/ਸੰਗਤ ਚੇਤਰ ਦੇ ਮਹੀਨੇ ਤੋਂ ਲੈ ਕੇ ਫੱਗਣ ਦੇ ਮਹੀਨੇ ਤਕ ਪੂਰੇ ਦਾ ਪੂਰਾ ਸਾਲ ਆਪਣੇ ਪ੍ਰੀਤਮ ਪਿਆਰੇ (ਗੁਰੂ) ਦਾ ਵਿਛੋੜਾ ਭੋਗਦੀ ਹੈ। ਇਸ ਤਰ੍ਹਾਂ ਇਹ ਬਾਰਾਂਮਾਹੇ ਵਿਯੋਗ ਤੋਂ ਵਿਯੋਗ ਵੱਲ ਗਤੀਸ਼ੀਲ ਹੁੰਦੇ ਹਨ। ਇਨ੍ਹਾਂ ਬਾਰਾਂਮਾਹਿਆਂ ਵਿਚ ਸੰਗਤ ਦੁਆਰਾ ਮਹਿਸੂਸ ਕੀਤੇ ਗਏ ਗੁਰੂ-ਵਿਯੋਗ ਨੂੰ ਬੜੇ ਭਾਵੁਕ ਅੰਦਾਜ਼ ਵਿਚ ਪੇਸ਼ ਕੀਤਾ ਗਿਆ ਹੈ। ਹਰ ਮਹੀਨੇ ਦੇ ਵਰਣਨ ਵਿਚ ਬਿਰਹਣ ਨਾਇਕਾ ਦੁਆਰਾ ਅਨੁਭਵ ਕੀਤੇ ਗਏ ਮਾਨਸਿਕ ਕਸ਼ਟਾਂ ਅਤੇ ਮਨੋਭਾਵਾਂ ਨੂੰ ਪੇਸ ਕਰਨ ਲਈ ਪਿੱਠਭੂਮੀ ਵਜੋਂ ਪ੍ਰਕਿਰਤੀ ਚਿਤਰਨ ਕੀਤਾ ਗਿਆ ਹੈ। ਇਨ੍ਹਾ ਸਾਰੇ ਬਾਰਾਂਮਾਹਿਆਂ ਦਾ ਆਰੰਭ ਚੇਤਰ ਮਹੀਨੇ ਤੋਂ ਬੜੀ ਵਿਯੋਗਮਈ ਮਨੋਸਥਿਤੀ ਤੇ ਵਰਣਨ ਨਾਲ ਹੁੰਦਾ ਹੈ:

ਚੇਤਰ ਚਿਤ ਦੇ ਵਿਚ ਉਦਾਸ ਹੋਏ,
ਕਦੋਂ ਆਣ ਕੇ ਦਰਸ ਦਿਖਾਏ ਪੀਆਂ।

ਅਸਾਂ ਰੋਂਦਿਆਂ ਤੇ ਕੁਰਲਾਂਦਿਆ ਨੂੰ,
ਕਦੋਂ ਆਣਕੇ ਗਲੇ ਲਗਾਏ ਪੀਆਂ।
ਏਹਨਾਂ ਨੈਣਾਂ ਦੇ ਫਰਸ਼ ਵਿਛਾਵਾਂ ਸੋਹਣੇ,
ਮੇਰੀ ਆਣ ਕੇ ਸੇਜ ਸੁਹਾਏ ਪੀਆਂ।
ਡਾਵਾਂ ਡੋਲ ਹੋਈ ਤੇਰੇ ਦਰਸ ਬਾਝੋਂ,
ਤੂੰ ਹੀ ਆਣਕੇ ਚਿਤ ਪਰਚਾਏ ਪੀਆਂ।[20]

ਨਾਮਧਾਰੀ ਕਵਿਤਾ ਦੇ ਦੂਜੇ ਪੜਾਅ ਵਿਚ ਰਚੇ ਗਏ ਇਨ੍ਹਾਂ ਚਾਰ ਬਾਰਾਂਮਾਹਿਆਂ ਵਿਚ ਸਾਲ ਦੇ ਅੰਤਲੇ ਮਹੀਨੇ, ਭਾਵ ਫੱਗਣ ਵਿਚ ਪ੍ਰੀਤਮ ਪਿਆਰੇ (ਗੁਰੂ) ਨਾਲ ਮਿਲਾਪ ਨਹੀਂ ਹੁੰਦਾ, ਜਿਵੇਂ ਕਿ ਪੰਜਾਬੀ ਬਾਰਾਂਮਾਹਿਆਂ ਦੀ ਪਰੰਪਰਾ ਵਿਚ ਹੁੰਦਾ ਦਰਸਾਇਆ ਗਿਆ ਹੈ। ਪੰਜਾਬੀ ਦੇ ਹੋਰ ਬਾਰਾਂਮਾਹਿਆਂ ਵਿਚ ਪਹਿਲੇ ਗਿਆਰਾਂ ਮਹੀਨੇ ਨਾਇਕਾ ਆਪਣੇ ਪ੍ਰੀਤਮ ਦਾ ਵਿਛੋੜਾ ਭੋਗਦੀ ਹੈ ਅਤੇ ਬਾਰ੍ਹਵੇਂ ਮਹੀਨੇ ਵਿਚ ਉਸਦਾ ਆਪਣੇ ਪ੍ਰੀਤਮ ਨਾਲ ਮਿਲਾਪ ਹੋ ਜਾਂਦਾ ਹੈ। ਇਸਦੀ ਮਿਸਾਲ ਪੰਜਾਬੀ ਲੋਕ ਬਾਰਹਮਾਹੇ ਵੀ ਹਨ ਅਤੇ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਾਰਹਮਾਹ ਤੁਖਾਰੀ ਅਤੇ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਬਾਰਹਮਾਹ ਮਾਝ ਵੀ ਹਨ। ਨਾਮਧਾਰੀ ਕਵੀਆਂ ਦੁਆਰਾ ਰਚੇ ਗਏ ਇਨ੍ਹਾ ਬਾਰਾਂਮਾਹਿਆਂ ਵਿਚ ਜਿਉਂ-ਜਿਉਂ ਸਮਾਂ ਬੀਤਦਾ ਜਾਂਦਾ ਹੈ, ਤਿਉਂ-ਤਿਉਂ ਪ੍ਰੀਤਮ-ਵਿਛੋੜੇ ਦਾ ਦੁੱਖ ਹੋਰ ਤੀਖਣ ਹੁੰਦਾ ਹੈ। ਨਾਇਕਾ (ਸੰਗਤ) ਨੂੰ ਉਹ ਸਮਾਂ ਯਾਦ ਆਉਂਦਾ ਹੈ, ਜਦੋਂ ਉਸ ਦਾ ਪ੍ਰੀਤਮ (ਗੁਰੂ) ਉਸ ਨੂੰ ਰੋਂਦੀ-ਕੁਰਲਾਉਂਦੀ ਨੂੰ ਛੱਡ ਕੇ ਪਰਦੇਸ ਚਲਾ ਗਿਆ ਸੀ। ਇਸ ਸਥਿਤੀ ਨੂੰ ਸੂਬਾ ਮੀਹਾਂ ਸਿੰਘ ਨੇ ਪਿਛਲਝਾਤ ਦੀ ਜੁਗਤ ਰਾਹੀਂ ਇਸ ਤਰ੍ਹਾਂ ਅਭਿਵਿਅਕਤ ਕੀਤਾ ਹੈ:

ਮਾਹ ਮਾਘ ਦਾ ਦੁੱਖ ਕੀ ਕਰਾਂ ਭੈਣੋ,
ਗਿਆ ਮਾਘ ਦੇ ਵਿਚ ਪਰਦੇਸ ਪੀਆ।
ਗੱਡੇ ਬੈਠ ਕੇ ਕੰਬਲੀ ਲੈ ਉਪਰ
ਜ਼ਿਮੀਂਦਾਰਾਂ ਦਾ ਕਰ ਲਿਆ ਭੇਸ ਪੀਆ।
ਬੈਠੇ ਚੜੇ ਗਡੇ ਤੇ ਝੱਲੇ ਨਾ ਜਾਣ ਭੈਣੋ,
ਛੱਡ ਚੱਲੇ ਨੇ ਆਪਣਾ ਦੇਸ ਪੀਆ।
ਧਾਹਾਂ ਮਾਰ ਕੇ ਰੋਂਦੀਆਂ ਦਾਸੀਆਂ ਨੇ,
ਕੋਈ ਚਲੇ ਨਾ ਸਾਡੜੀ ਪੇਸ਼ ਪੀਆ।[21]

ਨਾਇਕਾ (ਸੰਗਤ) ਦੀ ਵਿਯੋਗ ਤੋਂ ਵਿਯੋਗ ਤਕ ਦੀ ਸਥਿਤੀ ਨੂੰ ਰੂਪਮਾਨ ਕਰਨ ਵਾਲੇ ਇਨ੍ਹਾਂ ਬਾਰਾਂਮਾਹਿਆਂ ਵਿਚ ਬਾਰਾਂ ਮਹੀਨਿਆਂ ਦੀਆ ਪ੍ਰਕਿਰਤਕ ਵਿਸ਼ੇਸ਼ਤਾਵਾਂ ਨੂੰ ਆਧਾਰ ਬਣਾ ਕੇ ਬਿਰਹਣ/ਨਾਇਕਾ ਦੁਆਰਾ ਭੋਗੀ ਜਾ ਰਹੀ ਮਾਨਸਿਕ ਪੀੜਾ ਦੀ ਖ਼ੂਬਸੂਰਤ ਪੇਸ਼ਕਾਰੀ ਹੋਈ ਹੈ। ਇਨ੍ਹਾਂ ਕਵੀਆਂ ਨੇ ਪ੍ਰਕਿਰਤੀ ਚਿਤਰਨ ਨੂੰ ਇਕ ਕਾਵਿ-ਜੁਗਤ ਵਜੋਂ ਵਰਤਿਆ ਹੈ ਜੋ ਨਾਇਕਾ ਦੀ ਮਨੋਦਸ਼ਾ ਨੂੰ ਪ੍ਰਗਟ ਕਰਨ ਵਿਚ ਸਹਾਇਕ ਸਿੱਧ ਹੁੰਦੀ ਹੈ। ਮਿਸਾਲ ਵਜੋਂ, ਨਿਮਨਅੰਕਿਤ ਪੰਗਤੀਆਂ ਦੇਖ ਸਕਦੇ ਹਾਂ:

ਜੇਠ ਦੀਆਂ ਲੋਆਂ ਦਾ ਨਾ ਉਕਾ ਮੈਨੂੰ ਸੇਕ ਕੋਈ,
ਸੇਕ ਇਕੋ ਸੀਨੇ ਦੀਵਾ ਹਿਜ਼ਰ ਦਾ ਜੋ ਬਲਦਾ।
ਬਲਦਾ ਨਾ ਬੁਝ ਜਾਵੇ ਪ੍ਰੀਤਮ ਦੇ ਦੀਦਾਰ ਬਾਝੋਂ,

ਪਤਾ ਨਹੀਂ ਜੀਵਨ ਦੇ ਇਕ ਘੜੀ ਪਲ ਦਾ।[22]

ਇਨ੍ਹਾਂ ਬਾਰਾਂਮਾਹਿਆਂ ਦੀ ਨਾਇਕਾ ਜਦੋਂ ਆਪਣੇ ਪ੍ਰੀਤਮ ਅੱਗੇ ਅਰਜ਼ੋਈਆਂ ਕਰ-ਕਰ ਥੱਕ ਜਾਂਦੀ ਹੈ ਅਤੇ ਉਸ ਦੀ ਕੋਈ ਅਰਜ਼ੋਈ ਜਾਂ ਅਰਦਾਸ ਪੂਰੀ ਨਹੀਂ ਹੁੰਦੀ, ਤਾਂ ਉਸ ਨੂੰ ਮਹਿਸੂਸ ਹੁੰਦਾ ਹੈ ਕਿ ਵਿਛੋੜਾ ਉਸ ਦੇ ਆਪਣੇ ਮਾੜੇ ਕਰਮਾਂ ਦਾ ਫ਼ਲ ਹੈ। ਮਿਸਾਲ ਵਜੋਂ ਤੇਜਾ ਸਿੰਘ ਸੋਖਲ ਆਪਣੇ ਬਾਰਾਂਮਾਹ ਵਿਚ ਨਾਇਕਾ ਦੇ ਮੂੰਹੋਂ ਅਖਵਾਉਂਦਾ ਹੈ:

ਚੜ੍ਹਿਆ ਜੇਠ ਜੁਦਾਈ ਵਾਲਾ
ਬ੍ਰਿਹੋਂ ਮਾਰ ਮੁਕਾਇਆ।
ਵਿਚ ਉਡੀਕ ਉਮਰ ਗੁਜਰ ਗਈ
ਅਜੇ ਪੀਆ ਨਹੀਂ ਆਇਆ।
ਦੇਵਾਂ ਦੋਸ਼ ਕਿਸੇ ਨੂੰ ਕਾਹਦਾ
ਮਿਲਿਆ ਲੇਖ ਲਿਖਾਇਆ।[23]

ਇਨ੍ਹਾਂ ਬਾਰਾਂਮਾਹਿਆਂ ਵਿਚ ਨਾਇਕਾ ਇਕ ਪਾਸੇ ਤਾਂ ਪ੍ਰੀਤਮ ਦੇ ਵਿਛੋੜੇ ਤੇ ਬਿਰਹਾ ਦੀ ਅਤਿਅੰਤ ਪੀੜਾਦਾਇਕ ਸਥਿਤੀ ਵਿਚੋਂ ਗੁਜਰ ਰਹੀ ਹੋਣ ਕਰਕੇ ਦੁਖੀ ਹੈ, ਦੂਜੇ ਪਾਸੇ ਲੋਕ ਤਾਹਨੇ ਦੇ ਦੇ ਕੇ ਉਸ ਨੂੰ ਮਾਨਸਿਕ ਤੌਰ 'ਤੇ ਲਹੂ-ਲੁਹਾਨ ਕਰ ਦਿੰਦੇ ਹਨ।

ਫਿਰ ਵੀ ਉਸ ਦੇ ਦਿਲ ਦੇ ਕਿਸੇ ਕੋਨੇ ਵਿਚ ਪ੍ਰੀਤਮ ਦੇ ਪਰਤ ਆਉਣ ਦੀ ਆਸ ਕਾਇਮ ਰਹਿੰਦੀ ਹੈ। ਉਹ ਉਸ ਅਤਿਅੰਤ ਖ਼ੁਸ਼ੀ ਦੇ ਪਲ ਦੀ ਕਲਪਨਾ ਵੀ ਕਰਦੀ ਹੈ, ਜਦੋਂ ਉਸ ਦਾ ਪ੍ਰੀਤਮ ਵਾਪਸ ਆ ਜਾਵੇਗਾ। ਚਤਰ ਸਿੰਘ ਦੇ ਬਾਰਾਂਮਾਹ ਦੀ ਨਾਇਕਾ ਦੇ ਇਹ ਬੋਲ ਇਸ ਸਥਿਤੀ ਨੂੰ ਰੂਪਮਾਨ ਕਰਦੇ ਹਨ:

ਨੱਚ ਪਏ ਦਿਲ ਮੋਰ ਬਣ
ਖੁਸ਼ੀਆਂ ਕਰੇ ਕਰੋੜ।
ਚੀਨੀ ਵਾਲਾ ਆ ਜਾਏ
ਜੇਕਰ ਵਾਗਾਂ ਮੋੜ।[24]

ਨਾਮਧਾਰੀ ਲਹਿਰ ਨਾਲ ਸੰਬੰਧਿਤ ਇਨ੍ਹਾਂ ਬਾਰਾਂਮਾਹਿਆਂ ਦੇ ਅਧਿਐਨ ਤੇ ਵਿਸ਼ਲੇਸ਼ਣ ਦੇ ਆਧਾਰ 'ਤੇ ਪੰਜਾਬੀ ਬਾਰਾਂਮਾਹ ਕਾਵਿ-ਪਰੰਪਰਾ ਵਿਚ ਇਨ੍ਹਾਂ ਦਾ ਵਿਸ਼ੇਸ਼ ਸਥਾਨ ਨਿਸ਼ਚਿਤ ਕੀਤਾ ਜਾ ਸਕਦਾ ਹੈ। ਇਨ੍ਹਾਂ ਬਾਰਾਂਮਾਹਿਆਂ ਵਿਚ ਪੂਰਬਲੀ ਬਾਰਾਂਮਾਹਾ-ਪਰੰਪਰਾ ਵਾਲੀਆਂ ਰੂਪਾਕਾਰਕ ਵਿਸ਼ੇਸ਼ਤਾਵਾਂ ਮੌਜੂਦ ਹਨ, ਫਿਰ ਵੀ ਇਨ੍ਹਾਂ ਦੀ ਪ੍ਰਕਿਰਤੀ ਪੂਰਬਲੇ ਬਾਰਾਂਮਾਹਿਆਂ ਤੋਂ ਵੱਖਰੀ ਹੈ। ਬਲਜੀਤ ਕੌਰ ਨੇ ਆਪਣੇ ਖੋਜ-ਪਤੱਰ 'ਨਾਮਧਾਰੀ ਕਵੀਆਂ ਦੁਆਰਾ ਰਚਿਤ ਬਾਰਾਂਮਾਹ: ਸਰੂਪ ਤੇ ਮਹੱਤਵ' ਵਿਚ ਨਾਮਧਾਰੀ ਬਾਰਾਂਮਾਹਿਆਂ ਬਾਰੇ ਟਿੱਪਣੀ ਕਰਦੇ ਹੋਏ ਲਿਖਿਆ ਹੈ:

ਇਹ ਬਾਰਾਂਮਾਹੇ ਪੰਜਾਬੀ ਬਾਰਾਂਮਾਹਿਆਂ, ਖ਼ਾਸ ਕਰਕੇ ਧਾਰਮਿਕ ਬਾਰਾਂਮਾਹਿਆਂ ਦੀ ਪਰੰਪਰਾ ਨਾਲ ਸੰਬੰਧਿਤ ਹੁੰਦੇ ਹੋਏ ਵੀ ਵਿਲੱਖਣ ਵਿਸ਼ੇਸ਼ਤਾਵਾਂ ਦੀਆਂ ਧਾਰਣੀ ਕਾਵਿ-ਰਚਨਾਵਾਂ ਹਨ। ...... ਇਨ੍ਹਾਂ ਬਾਰਾਂਮਾਹਿਆਂ ਦੇ ਇਤਿਹਾਸਕ ਮੁਲੰਕਣ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਦਾ ਮਹੱਤਵ ਨਿਰਵਿਵਾਦ ਹੈ।[25]

ਦੂਜੇ ਪੜਾਅ ਦੀ ਨਾਮਧਾਰੀ ਕਵਿਤਾ ਦੀ ਇਕ ਹੋਰ ਮਹੱਤਵਪੂਰਨ ਕਾਵਿ-

ਰਚਨਾ ਹਰਨਾਮ ਸਿੰਘ ਬਗਲੀ ਦੀ ਕਾਵਿ-ਕਿਰਤ **ਸੰਤ ਖ਼ਾਲਸਾ** ਹੈ। **ਸੰਤ ਖ਼ਾਲਸਾ** ਵਿਚ ਨਾਮਧਾਰੀ ਲਹਿਰ ਦੇ ਇਤਿਹਾਸਕ ਤੱਥਾਂ ਦਾ ਬਿਉਰਾ ਪੇਸ਼ ਕੀਤਾ ਪਰ ਇਨ੍ਹਾਂ ਤੱਥਾਂ ਦੀ ਪੇਸ਼ਕਾਰੀ ਇਤਿਹਾਸ ਦੇ ਰੂਪ ਵਿਚ ਨਹੀਂ, ਕਾਵਿ ਦੇ ਰੂਪ ਵਿਚ ਹੋਈ ਹੈ। ਇਨ੍ਹਾਂ ਇਤਿਹਾਸਕ ਤੱਥਾਂ ਦਾ ਸੰਤ ਖ਼ਾਲਸਾ ਵਿਚ ਕਾਵਿ-ਰੂਪਾਂਤਰਣ ਹੋਇਆ ਹੈ। ਇਸ ਪ੍ਰਕਾਰ ਇਹ ਰਚਨਾ ਇਕ ਇਤਿਹਾਸਕ ਦਸਤਾਵੇਜ ਨਹੀਂ ਸਗੋਂ ਇਕ ਸਾਹਿਤਿਕ ਕਿਰਤ ਹੈ। ਨਾਮਧਾਰੀ ਲਹਿਰ ਦੇ ਇਤਿਹਾਸ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਸੰਤ ਖ਼ਾਲਸਾ ਨੂੰ ਅੰਗਰੇਜ਼ ਸਰਕਾਰ ਨੇ ਸਰਕਾਰ-ਵਿਰੋਧੀ ਵਿਚਾਰਾਂ ਵਾਲੀ ਕਿਰਤ ਮੰਨਦੇ ਹੋਏ ਜ਼ਬਤ ਕਰ ਲਿਆ ਸੀ।

ਸੰਤ ਖ਼ਾਲਸਾ ਦਾ ਅਧਿਐਨ-ਵਿਸ਼ਲੇਸ਼ਣ ਕਰਦਿਆਂ ਇਹ ਤੱਥ ਉਭੱਰ ਕੇ ਸਾਹਮਣੇ ਆਉਂਦਾ ਹੈ ਕਿ ਹਰਨਾਮ ਸਿੰਘ ਬਗਲੀ ਨੇ ਆਪਣੀ ਇਸ ਕਿਰਤ ਵਿਚ ਨਾਮਧਾਰੀ ਲਹਿਰ, ਸਤਿਗੁਰੂ ਰਾਮ ਸਿੰਘ ਅਤੇ ਨਾਮਧਾਰੀ ਸਿੰਘਾਂ ਸੰਬੰਧੀ ਆਪਣੇ ਵਿਚਾਰਾਂ ਦੀ ਪੇਸ਼ਕਾਰੀ ਇਕ ਖਾਸ ਦ੍ਰਿਸ਼ਟੀ ਤੋਂ ਕੀਤੀ ਹੈ। ਇਸ ਕਾਵਿ ਰਚਨਾ ਦਾ ਉਦੇਸ਼ ਨਾਮਧਾਰੀ ਲਹਿਰ ਦੇ ਇਤਿਹਾਸ ਨੂੰ ਕਲਮਬੱਧ ਕਰਨਾ ਹੈ ਪਰ ਇਸ ਦੇ ਨਾਲ-ਨਾਲ ਇਹ ਕਵੀ ਦੀਆਂ ਧਾਰਮਿਕ ਅਤੇ ਕਾਵਿਕ ਭਾਵਨਾਵਾਂ ਦੀ ਅਭਿਵਿਅਕਤੀ ਵੀ ਹੈ। ਇਹ ਰਚਨਾ ਕਵੀ ਦੀ ਆਪਣੇ ਗੁਰੂ ਪ੍ਰਤੀ ਸ਼ਰਧਾ ਭਾਵਨਾ ਨਾਲ ਓਤਪੋਤ ਹੈ। ਇਸ ਕਾਵਿ-ਰਚਨਾ ਵਿਚ ਹਰਨਾਮ ਸਿੰਘ ਬਗਲੀ ਨੇ ਨਾਮਧਾਰੀ ਸੰਗਤ ਦੀ ਰੋਜ਼ਮਰ੍ਹਾ ਜ਼ਿੰਦਗੀ ਦਾ ਵਰਣਨ ਕੀਤਾ ਹੈ, ਜੋ ਇਥੇ ਉਲੇਖ ਕਰਨਯੋਗ ਹੈ:

ਨਵੇਂ ਗੁਰਾਂ ਸਾਜੇ ਜਿਹੜੇ ਨਾਮਧਾਰੀ
ਵਡੇ ਓੜਕਿਉਂ ਉਠ ਇਸ਼ਨਾਨ ਕਰਦੇ।
ਸੁੱਚ ਸੋਧ ਰਖਦੇ ਖਦਰਪੋਸ਼ ਸਾਰੇ
ਸ੍ਵਾਸ ਸ੍ਵਾਸ ਹੀ ਭਜਨ ਭਗਵਾਨ ਕਰਦੇ।
ਅਸਲੀ ਦੇਵਤੇ ਰਿਖੀ ਨੇ ਨਾਮਧਾਰੀ
ਹਰਦਮ ਪੁਰਖ ਅਕਾਲ ਦਾ ਧਿਆਨ ਕਰਦੇ।
ਨਾਮ ਜਪਨ ਦਾ ਸਦਾ ਹਰਨਾਮ ਸਿੰਘਾ,
ਸਤਿਗੁਰੂ ਵਿਚ ਉਪਦੇਸ਼ ਜਹਾਨ ਕਰਦੇ।[26]

ਨਾਮਧਾਰੀ ਲਹਿਰ ਨਾਲ ਸੰਬੰਧਿਤ ਕਵੀਆਂ ਵਿਚ ਪ੍ਰੀਤਮ ਸਿੰਘ ਕਵੀ ਦਾ ਨਾਮ ਰੁਬਾਈਆਂ ਦੇ ਕਵੀ ਵਜੋਂ ਪ੍ਰਸਿੱਧ ਹੈ। ਉਸ ਦੇ ਕਾਵਿ-ਸੰਗ੍ਰਹਿ **ਸਿਮਰਨ** ਵਿਚ ਉਸ ਦੀਆਂ ਦੋ ਸੌ ਦਸ ਰੁਬਾਈਆਂ ਸੰਕਲਿਤ ਹਨ। ਇਹ ਰੁਬਾਈਆਂ ਸਾਹਿਤਿਕ ਗੁਣਾਂ ਨਾਲ ਭਰਪੂਰ ਹੋਣ ਦੇ ਨਾਲ-ਨਾਲ ਕਵੀ ਦੇ ਆਪਣੇ ਗੁਰੂ-ਪ੍ਰੀਤਮ ਪ੍ਰਤਿ ਸ਼ਰਧਾ, ਸਤਿਕਾਰ ਅਤੇ ਪਿਆਰ ਦੀ ਉੱਤਮ ਮਿਸਾਲ ਹਨ। ਇਨ੍ਹਾਂ ਰੁਬਾਈਆਂ ਦੀ ਰਹੱਸਮਈ ਸੁਰ ਇਨ੍ਹਾਂ ਦੀ ਆਪ-ਮੁਹਾਰਤਾ, ਸੰਗੀਤਕ ਲੈਅ ਅਤੇ ਸ਼ਾਂਤ ਰਸ ਦੀ ਪ੍ਰਧਾਨਤਾ ਇਨ੍ਹਾਂ ਦੇ ਵਿਸ਼ੇਸ਼ ਪਛਾਣ-ਚਿੰਨ੍ਹ ਹਨ। ਮਿਸਾਲ ਵਜੋਂ ਇਕ ਰੁਬਾਈ ਨਿਮਨਅੰਕਿਤ ਹੈ:

ਤੇਰਾ ਨਾਮ ਲਿਆਂ ਦੁੱਖ ਨੱਸਣ ਸੁਖ ਵੱਸਣ ਚੌਫੇਰੇ
ਹਿਰਦੇ ਠੰਡ ਦਾਹ ਮਿਟ ਜਾਂਦੀ ਦੁਸ਼ਮਣ ਹੁੰਦੇ ਨੇੜੇ
ਦੁਨੀਆਂ ਪਿਆਰੀ-ਪਿਆਰੀ ਲਗਦੀ ਮੌਤ ਮਿੱਠੀ ਗਲਵਕੜੀ
ਕੈਡਾ ਚੰਗਾ ਹੋਇ ਜਿ ਵਸੇਂ ਨਿਸ ਦਿਨ ਅੰਦਰ ਮੇਰੇ।[27]

ਪ੍ਰਿੰਸੀਪਲ ਅਜੀਤ ਸਿੰਘ ਚੀਮਾ ਨੇ ਨਾਮਧਾਰੀ ਕਵਿਤਾ ਨੂੰ ਹੁਣ ਤਕ ਤਿੰਨ ਕਾਵਿ-ਸੰਗ੍ਰਹਿ-**ਬ੍ਰਿਹਾ**, **ਗੁਲਜ਼ਾਰੇ**, **ਗ਼ਜ਼ਲ ਅਤੇ ਰੁਬਾਈਆਂ ਦੀ ਪਟਾਰੀ** ਦਿੱਤੇ ਹਨ। ਉਸ ਦੀ ਕਵਿਤਾ ਦੀ ਮੁੱਖ ਪਛਾਣ ਗੁਰੂ-ਪਿਆਰ ਦਾ ਡੁਲ੍ਹ-ਡੁਲ੍ਹ ਪੈਂਦਾ ਜਜ਼ਬਾ ਹੈ। ਗੁਰੂ ਰਾਮ ਸਿੰਘ ਦਾ ਵਿਯੋਗ ਅਤੇ ਬਿਰਹਾ ਦੇ ਅਨੁਭਵ ਦੀ ਤੀਬਰਤਾ ਕਵੀ ਦੇ ਕਾਵਿ-ਅਨੁਭਵ ਦਾ ਅੰਗ ਬਣੀ ਹੈ। ਮਿਸਾਲ ਵਜੋਂ ਨਿਮਨਅੰਕਿਤ ਕਾਵਿ-ਸਤਰਾਂ ਅਧਿਐਨਯੋਗ ਹਨ:

ਲੰਘ ਗਈ ਏ ਬਸੰਤ ਕੀਤੇ ਕਈ ਤੰਤ ਮੰਤ
ਘਰ ਪਰਤਿਆ ਨਹੀਂ ਕੰਤ ਰਹੀ ਔਸੀਆਂ ਉਲੀਕਦੀ
ਔਸੀਆਂ ਉਲੀਕਦੀ ਤੇ ਚਿੱਠੀਆਂ ਉਡੀਕਦੀ
ਆਈ ਨਾ ਕੋਈ ਚਿੱਠੀ ਉਹਦੇ ਆਉਣ ਦੀ ਤਰੀਕ ਦੀ
ਆਉਣ ਦੀ ਤਾਰੀਕ ਹੈ ਹਿਲਾਵੇ ਡੋਰ ਪ੍ਰੀਤ ਦੀ
ਉਠਦੀ ਏ ਚੀਸ ਬੋਲੀ ਵੱਜੇ ਜਾਂ ਸ਼੍ਰੀਕ ਦੀ
ਬੋਲੀ ਏ ਸ਼੍ਰੀਕ ਦੀ ਤੇ ਦਿਲ ਨੂੰ ਝਰੀਟ ਦੀ
ਮੰਗਦੀ ਹੈ ਮਾਹੀ ਤੇਰੇ ਦਰਸ਼ਨਾਂ ਭੀਖ ਦੀ।[28]

ਸੁਰਿੰਦਰ ਕੌਰ ਖਰਲ ਨਾਮਧਾਰੀ ਕਵਿਤਾ ਰਚਣ ਵਾਲੀ ਇਸਤਰੀ ਕਵੀ ਹੈ। ਉਸ ਨੇ ਮੁੱਖ ਤੌਰ ਤੇ ਖੁੱਲ੍ਹੀ ਕਵਿਤਾ ਹੀ ਰਚੀ ਹੈ। ਪਰ ਇਸ ਖੁੱਲ੍ਹੀ ਕਵਿਤਾ ਦੀ ਕਾਵਿਕ ਲੈਅ ਵਿਸ਼ੇਸ਼ ਤੌਰ ਤੇ ਆਪਣਾ ਪ੍ਰਭਾਵ ਪਾਉਂਦੀ ਹੈ। ਖਰਲ ਦੇ ਦੋ ਕਾਵਿ-ਸੰਗ੍ਰਹਿ-**ਬਖਸ਼ਿਸ਼** ਤੇ **ਤੂੰ ਹੀ ਤੂੰ** ਪ੍ਰਕਾਸ਼ਿਤ ਹੋ ਚੁੱਕੇ ਹਨ। ਉਸ ਦੀਆਂ ਕਵਿਤਾਵਾਂ ਇਸਤਰੀ-ਮਨ ਦੀਆਂ ਵਿਭਿੰਨ ਸਥਿਤੀਆਂ ਦੀ ਪ੍ਰਤੀਨਿਧਤਾ ਕਰਨ ਦੇ ਨਾਲ-ਨਾਲ ਅਧਿਆਤਮਕ ਪ੍ਰੇਮ ਦਾ ਉੱਤਮ ਨਮੂਨਾ ਹਨ। ਇਹ ਕਵਿਤਾਵਾਂ ਉਤਮ-ਪੁਰਖੀ ਸ਼ੈਲੀ ਵਿਚ ਲਿਖੀਆਂ ਹੋਈਆਂ ਹਨ ਅਤੇ ਗੁਰੂ ਪ੍ਰੇਮ ਵਿਚ ਲੀਨ 'ਮੈਂ' ਪਾਤਰ ਦੀ ਮਨੋਸਥਿਤੀ ਨੂੰ ਬੜੀ ਖ਼ੂਬਸੂਰਤੀ ਨਾਲ ਪੇਸ਼ ਕਰਦੀਆਂ ਹਨ। 'ਮੈਂ' ਪਾਤਰ ਆਪਣੇ ਗੁਰੂ-ਪ੍ਰੀਤਮ, ਨੂੰ ਆਪਣਾ ਪ੍ਰੇਰਨਾ-ਸਰੋਤ ਅਤੇ ਆਪਣਾ ਸਭ ਕੁਝ ਮੰਨਦੀ ਹੈ। ਮਿਸਾਲ ਵਜੋਂ ਨਿਮਨ-ਅੰਕਿਤ ਪੰਗਤੀਆਂ ਅਧਿਐਨਯੋਗ ਹਨ:

ਤੇਰੇ ਅਥਾਹ ਡੂੰਘੇ ਸਮੁੰਦਰ ਜਿਹੇ ਨੈਣਾਂ 'ਚ
ਮੈਨੂੰ ਸਾਰਾ ਬਰਹਿਮੰਡ ਨਜ਼ਰ ਆਉਂਦ ਹੈ।
ਤੇਰੇ ਹੋਠਾਂ 'ਚੋਂ ਨਿਕਲੇ ਸ਼ਬਦਾਂ ਦਾ ਹਰ ਫੁੱਲ,
ਜੀਅ ਕਰਦੈ ਆਪਣੀ ਝੋਲੀ 'ਚ ਸਮੇਟ ਲਵਾਂ
ਤੇ ਸੁਗੰਧੀ ਬਿਖੇਰਨ ਲਈ ਚੁਣ ਚੁਣ ਕੇ
ਕਾਗਜ਼ਾਂ ਉਤੇ ਸਜਾ ਦੇਵਾਂ।[29]

ਨਾਮਧਾਰੀ ਕਵੀਆਂ ਵਿਚ ਇਕ ਹੋਰ ਪ੍ਰਸਿੱਧ ਨਾਂ ਕਰਤਾਰ ਸਿੰਘ ਪੰਛੀ ਦਾ ਹੈ ਜਿਸ ਦੇ ਹੁਣ ਤਕ ਚਾਰ ਕਾਵਿ-ਸੰਗ੍ਰਹਿ **ਸਰਦਲ**, **ਸਿਦਕ ਕਥੂਰੀ**, **ਮੁੜ੍ਹਕੇ ਦੀ ਕੁੱਖ** ਅਤੇ **ਚਰਨ ਭੇਂਟ** ਪ੍ਰਕਾਸ਼ਿਤ ਹੋ ਚੁੱਕੇ ਹਨ। ਉਸ ਦੀਆਂ ਕਵਿਤਾਵਾਂ ਨਾਮਧਾਰੀ ਲਹਿਰ ਦੇ ਇਤਿਹਾਸਕ, ਸਮਾਜਕ, ਧਾਰਮਿਕ ਅਤੇ ਰਾਜਨੀਤਿਕ ਮਹੱਤਵ ਨੂੰ ਉਜਾਗਰ ਕਰਨ ਦੇ ਨਾਲ-ਨਾਲ ਇਕ ਸ਼ਰਧਾਲੂ ਸਿੱਖ ਦੀਆਂ ਮਨੋਭਾਵਨਾਵਾਂ ਦੀ ਤਰਜਮਾਨੀ ਕਰਦੀਆਂ ਹਨ। ਗੁਰੂ ਦੇ ਅਨਿੰਨ ਸ਼ਰਧਾਵਾਨ ਵਜੋਂ ਉਹ ਲਿਖਦਾ ਹੈ:

ਇਹ ਕੈਸੀ ਮੁਸਕਾਨ ਪਾਤਸ਼ਾਹ?

ਖੁਸ਼ੀਆਂ ਦਾ ਫ਼ਰਮਾਨ ਪਾਤਸ਼ਾਹ।
ਸਹਿਜ ਸੁਭਾ ਮਨ ਆਖੀ ਜਾਵੇ,
ਹੋ ਜਾਵਾਂ ਕੁਰਬਾਨ ਪਾਤਸ਼ਾਹ।
ਹਰ ਪਲ ਧੜਕਣ ਅੰਦਰ ਵੱਸੋਂ,
ਇਹੋ ਨੇ ਅਰਮਾਨ ਪਾਤਸ਼ਾਹ।

ਜਿਸ ਤੇ ਹੱਥ ਮਿਹਰ ਦਾ ਰੱਖੇ,
ਬਣ ਜਾਂਦੈ ਗੁਣਵਾਨ ਪਾਤਸ਼ਾਹ।[30]

ਉਪਰੋਕਤ ਪੰਗਤੀਆਂ ਇਕ ਸੱਚੇ ਸਿੱਖ ਦੀ ਆਪਣੀ ਗੁਰੂ ਪ੍ਰਤਿ ਅਥਾਹ ਸ਼ਰਧਾ-ਭਾਵਨਾ ਦੀ ਪੇਸ਼ਕਰੀ ਹਨ।

ਅਮਰੀਕ ਸਿੰਘ ਨੇ ਨਾਮਧਾਰੀ ਕਵਿਤਾ ਨੂੰ ਦੋ ਕਾਵਿ-ਸੰਗ੍ਰਹਿ **ਸਚੀ ਤੇਰੀ ਸਿਫ਼ਤਿ** ਅਤੇ **ਸ਼ੇਅਰਾਂ ਦਾ ਸ਼ੀਰਾਜ਼ਾ** ਦਿੱਤੇ ਹਨ। ਉਸ ਨੇ ਛੋਟੀਆਂ ਤੇ ਵੱਡੀਆਂ ਕਵਿਤਾਵਾਂ ਦੇ ਨਾਲ ਨਾਲ ਗ਼ਜ਼ਲਾਂ ਦੀ ਰਚਨਾ ਵੀ ਕੀਤੀ ਹੈ। ਅਮਰੀਕ ਸਿੰਘ-ਕਾਵਿ ਨਾਮਧਾਰੀ ਗੁਰੂ ਸਾਹਿਬਾਨ ਦੇ ਜੀਵਨੀਮੂਲਕ ਵੇਰਵਿਆਂ ਦੀ ਪੇਸ਼ਕਾਰੀ ਵੀ ਹੈ ਅਤੇ ਨਾਮਧਾਰੀ ਲਹਿਰ ਦੇ ਵਿਭਿੰਨ ਪੱਖਾਂ ਦੀ ਕਾਵਿ-ਅਭਿਵਿਅਕਤੀ ਵੀ ਹੈ। ਉਸ ਦੀਆਂ ਕਵਿਤਾਵਾਂ ਸਮੁੱਚੀ ਨਾਮਧਾਰੀ ਸੰਗਤ ਦੇ ਸ਼ਰਧਾਮਈ ਪ੍ਰੀਤ-ਭਾਵਾਂ ਦੀ ਰੂਪਮਾਨਤਾ ਹਨ। ਮਿਸਾਲ ਵਜੋਂ ਉਸ ਦੀ ਕਵਿਤਾ 'ਮੈਂ ਹਾਂ ਨਾਮਧਾਰੀ' ਦਾ ਅਧਿਐਨ ਕੀਤਾ ਜਾ ਸਕਦਾ ਹੈ। ਇਹ ਕਵਿਤਾ ਨਾਮਧਾਰੀ ਸਿੰਘਾਂ ਦੇ ਚਰਿੱਤਰ ਤੇ ਉਨ੍ਹਾਂ ਦੀ ਜੀਵਨ-ਸ਼ੈਲੀ ਨੂੰ ਪ੍ਰਤਿਬਿੰਬਤ ਕਰਦੀ ਹੈ:॥

ਹੈ ਦੁਨੀਆਂ ਤੋਂ ਮੇਰੀ ਕਹਾਣੀ ਨਿਆਰੀ
ਮੈਂ ਹਾਂ ਨਾਮਧਾਰੀ, ਮੈਂ ਹਾਂ ਨਾਮਧਾਰੀ

ਕਿਹਾ ਸਾਦਾ ਪਹਿਨੋ ਤੇ ਸ਼ੁਧ ਅੰਨ ਖਾਉ
ਕਬਰ ਆਪਣਾ ਢਿੱਡ ਨਾ ਜੀਆਂ ਦੀ ਬਣਾਉ

ਕਿਹਾ ਵਤਨ ਖਾਤਰ ਮਰੋ ਜੇ ਹੈ ਜੀਣਾ
ਗ਼ੁਲਾਮੀ ਦਾ ਜੀਣਾ ਵੀ ਹੈ ਕੋਈ ਜੀਣਾ
ਬਣੋਂ ਮਰਦ ਖੱਫ਼ਣ ਸਿਰਾਂ ਤੇ ਵਲ੍ਹੇਟੋ
ਵਰੋ ਮੌਤ ਜੋ ਹੈ ਅਜੇ ਤੱਕ ਕੁਆਰੀ।
ਵਤਨ ਵਾਸਤੇ ਗੋਲੇ ਸੀਨੇ ਤੇ ਝੱਲੋ,
ਚੜ੍ਹਨ ਵਾਸਤੇ ਫਾਂਸੀ ਤਖ਼ਤੇ ਤੇ ਚਲੋ।
ਲਵੋ ਜੋੜ ਢੀਮਾਂ ਕਰੋ ਕੱਦ ਪੂਰੇ,
ਹਿਲਾਓ ਜ਼ੁਲਮ ਦਾੜ੍ਹੀ ਸਾਰੀ ਦੀ ਸਾਰੀ।[31]

ਪੰਜਾਬੀ ਦੇ ਸਾਹਿਤਕਾਰ ਤੇ ਸਾਹਿਤ-ਆਲੋਚਕ ਕਿਰਪਾਲ ਸਿੰਘ ਕਸੇਲ ਦੀ ਕਾਵਿ ਪੁਸਤਕ **ਜੈਸਾ ਸਤਿਗੁਰੂ ਸੁਣੀਂਦਾ** ਨਾਮਧਾਰੀ ਲਹਿਰ ਨਾਲ ਸੰਬੰਧਿਤ ਕਾਵਿ ਦੀ ਇਕ ਵੰਨਗੀ ਹੈ। **ਜੈਸਾ ਸਤਿਗੁਰੂ ਸੁਣੀਂਦਾ** ਇਕ ਪ੍ਰਬੰਧ-ਕਾਵਿ ਹੈ, ਜੋ ਅੱਠ ਸਰਗਾਂ ਵਿਚ ਰਚਿਆ ਗਿਆ ਹੈ। ਕਵੀ ਨੇ ਇਸ ਦੇ ਪਹਿਲੇ ਸਰਗ ਵਿਚ ਮੰਗਲਾਚਰਣ ਦੀ

ਪਰੰਪਰਾ ਨਿਭਾਈ ਹੈ। ਉਸ ਨੇ ਮੰਗਲਾਚਰਨ ਦਾ ਆਰੰਭ ਪ੍ਰਭੂ ਦੀ ਉਸਤਤ ਤੋਂ ਕੀਤਾ ਹੈ ਅਤੇ ਫਿਰ ਸਤਿਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਤਕ ਸਾਰੇ ਗੁਰੂ ਸਾਹਿਬਾਨ ਦਾ ਜਸ-ਗਾਇਨ ਕੀਤਾ ਹੈ। ਇਸ ਪੁਸਤਕ ਦੇ ਦੂਜੇ ਸਰਗ 'ਗੁਰ ਚਰਨਾਂ ਉੱਤੇ ਅਰਦਾਸ' ਵਿਚ ਕਵੀ ਨੇ ਆਪਣੇ ਇਸ਼ਟ ਤੋਂ ਇਹ ਕਾਵਿ-ਰਚਨਾ ਸੰਪੂਰਨ ਕਰਨ ਦਾ ਵਰਦਾਨ ਮੰਗਿਆ ਹੈ ਅਤੇ ਆਪਣੇ ਆਪ ਨੂੰ ਨਿਮਾਣੇ ਵਿਅਕਤੀ ਦੇ ਰੂਪ ਵਿਚ ਪੇਸ਼ ਕੀਤਾ ਹੈ। ਉਹ ਲਿਖਦਾ ਹੈ:

ਗੁਰ ਚਰਨਾਂ ਦਾ ਧਿਆਨ ਧਰ
ਕਰਦਾ ਮੈਂ ਅਰਦਾਸ।
ਬੁਧ ਵਿਵੇਕ ਨੂੰ ਬਖ਼ਸ਼ ਕੇ
ਕਰੋ ਕਲਾ ਪ੍ਰਗਾਸ।
ਨਿਰਗੁਣਹਾਰਾ ਮੈਂ ਹਾਂ
ਆਪ ਗੁਣਾਂ ਦੀ ਖਾਨ।
ਗੁਰ-ਮਹਿਮਾ ਅਲੱਖ ਹੈ
ਜਾਇ ਨਾ ਸਕੇ ਬਖਾਨ।
ਮਿਹਰ ਕਰੋ ਗੁਰਦੇਵ ਜੀ
ਬਖਸ਼ੋ ਇਹ ਵਰਦਾਨ।
ਹੋਵੇ ਪੂਰਨ ਗ੍ਰੰਥ ਇਹ
ਕਿਰਪਾ ਕਰੋ ਮਹਾਨ।[32]

ਇਸ ਪ੍ਰਬੰਧ-ਕਾਵਿ ਦੇ ਅਗਲੇ ਸਰਗਾਂ ਵਿਚ ਕਵੀ ਨੇ ਪਹਿਲਾਂ ਇਤਿਹਾਸਕ ਸਥਾਨ ਭੈਣੀ ਸਾਹਿਬ ਦਾ ਵਰਣਨ ਕੀਤਾ ਹੈ ਅਤੇ ਫਿਰ ਕ੍ਰਮਵਾਰ ਨਾਮਧਾਰੀ ਗੁਰੂਆਂ - ਗੁਰੂ ਰਾਮ ਸਿੰਘ, ਗੁਰੂ ਬਾਲਕ ਸਿੰਘ, ਗੁਰੂ ਹਰੀ ਸਿੰਘ, ਗੁਰੂ ਪ੍ਰਤਾਪ ਸਿੰਘ ਅਤੇ ਵਰਤਮਾਨ ਗੁਰੂ ਜਗਜੀਤ ਸਿੰਘ ਦੇ ਜੀਵਨੀਮੂਲਕ ਵੇਰਵੇ ਕਾਵਿਬੱਧ ਕੀਤੇ ਹਨ। ਇਸ ਦੇ ਨਾਲ ਹੀ ਇਨ੍ਹਾਂ ਨਾਮਧਾਰੀ ਗੁਰੂਆਂ ਦੁਆਰਾ ਕੀਤੇ ਗਏ ਵੱਖ-ਵੱਖ ਸਮਾਜਕ, ਧਾਰਮਿਕ, ਇਤਿਹਾਸਕ ਅਤੇ ਰਾਜਨੀਤਿਕ ਕਾਰਜਾਂ ਦਾ ਵੀ ਪ੍ਰਸ਼ੰਸਾਤਮਕ ਵਰਣਨ ਕੀਤਾ ਗਿਆ ਹੈ॥। ਇਸ ਪ੍ਰਕਾਰ ਇਹ ਕਾਵਿ-ਪੁਸਤਕ ਨਾਮਧਾਰੀ ਲਹਿਰ ਦੇ ਸਮੁੱਚੇ ਇਤਿਹਾਸ ਨੂੰ ਆਪਣੇ ਕਲੇਵਰ ਵਿਚ ਲੈਂਦੀ ਹੈ ਅਤੇ ਇਸ ਦੇ ਨਾਲ ਹੀ, ਇਕ ਉੱਤਮ ਸਾਹਿਤਿਕ ਕਿਰਤ ਵਜੋਂ ਵੀ ਆਪਣੀ ਹੋਂਦ ਸਥਾਪਤ ਕਰਦੀ ਹੈ।

ਨਾਮਧਾਰੀ ਲਹਿਰ ਨਾਲ ਸੰਬੰਧਿਤ ਵੱਡੀ ਗਣਿਤੀ ਵਿਚ ਕਵਿਤਾਵਾਂ ਪੱਤਰ-ਪੱਤਰਕਾਵਾਂ ਵਿਚ ਵੀ ਛਪੀਆਂ ਹੋਈਆਂ ਉਪਲੱਬਧ ਹੁੰਦੀਆਂ ਹਨ। ਇਨ੍ਹਾਂ ਕਵਿਤਾਵਾਂ ਵਿਚੋਂ ਕੁਝ ਪੰਜਾਬੀ ਦੇ ਵਿਸ਼ਿਸ਼ਟ ਕਵੀਆਂ ਵਲੋਂ ਲਿਖੀਆਂ ਗਈਆਂ ਹਨ, ਜਿਨ੍ਹਾਂ ਵਿਚ ਹਰਿਭਜਨ ਸਿੰਘ, ਵਿਧਾਤਾ ਸਿੰਘ ਤੀਰ, ਗੁਰਮੁਖ ਸਿੰਘ ਮੁਸਾਫ਼ਰ, ਧਨੀ ਰਾਮ ਚਾਤ੍ਰਿਕ, ਸੰਤੋਖ ਸਿੰਘ ਧੀਰ ਆਦਿ ਕਵੀਆਂ ਦੇ ਨਾਮ ਵਰਣਨਯੋਗ ਹਨ। ਇਸ ਦੇ ਨਾਲ ਹੀ, ਸੰਤ ਹਰਨਾਮ ਸਿੰਘ ਬਗਲੀ, ਸੂਬਾ ਮੀਹਾਂ ਸਿੰਘ, ਜੁਗਿੰਦਰ ਸਿੰਘ ਮੁਕਤਾ, ਜਵਾਲਾ ਸਿੰਘ ਸੇਵਕ, ਸੁਖਵੰਤ ਸਿੰਘ ਕੰਗ, ਜੋਗਾ ਸਿੰਘ, ਨਿਰੰਜਨ ਸਿੰਘ ਨੂਰ, ਜੋਗਿੰਦਰ ਸਿੰਘ ਕੰਗ ਆਦਿ ਕਵੀਆਂ ਦੀਆਂ ਕਵਿਤਾਵਾਂ ਵੀ ਵੱਖ-ਵੱਖ ਸਮੇਂ ਪੱਤਰ-ਪੱਤਰਕਾਵਾਂ ਵਿਚ ਛਪਦੀਆਂ ਰਹੀਆਂ ਹਨ। ਇਨ੍ਹਾਂ ਵਿਚ ਕੁਝ ਕਵਿਤਾਵਾਂ ਉੱਚ ਪੱਧਰ ਦੀਆਂ ਕਾਵਿ-ਵੰਨਗੀਆਂ ਹਨ।

ਇਸ ਦੀ ਇਕ ਮਿਸਾਲ ਵਜੋਂ ਏਥੇ ਹਰਿਭਜਨ ਸਿੰਘ ਦੀ ਕਵਿਤਾ 'ਹਰਿ ਜੂ ਹਰਿਮੰਦਰ ਆਵਹਿੰਗੇ' ਦਾ ਜ਼ਿਕਰ ਕਰ ਸਕਦੇ ਹਾਂ। ਇਹ ਕਵਿਤਾ ਨਾਮਧਾਰੀ ਸਤਿਗੁਰੂ ਰਾਮ ਸਿੰਘ ਪ੍ਰਤਿ ਸ਼ਰਧਾ ਅਤੇ ਉਸਦੇ ਵਿਯੋਗ ਦੇ ਅਨੁਭਵ ਦੀ ਪੇਸ਼ਕਾਰੀ ਹੈ:

ਪ੍ਰਭੂ ਜੀ, ਤੁਰ ਗਿਆਂ ਨੂੰ ਲੰਮਾ, ਕਾਲ ਵਿਹਾਇਆ
ਮੁੜ ਆਵਣ ਦਾ ਕਿਉਂ ਵੇਲਾ ਅਜੇ ਨਾ ਆਇਆ
ਹੈ ਚਾਤ੍ਰਕ ਸ਼ਾਂਤੀ ਲਈ ਤਿਰਹਾਇਆ
ਪ੍ਰਭ ਜੀ ਕਦ ਆ ਕੇ ਸਾਡੀ ਦਰਸ਼ਨ ਪਿਆਸ ਬੁਝਾਵਹਿੰਗੇ

ਹੈ ਆਸ ਸਤਿਗੁਰੂ ਓੜਕ ਨੂੰ ਆ ਜਾਣਾ
ਵਿਸ਼ਵਾਸ ਕਿ ਸਾਨੂੰ ਹਰਗਿਜ਼ ਨਹੀਂ ਭੁਲਾਉਣਾ
ਇਹ ਦਰਦ ਵਿਛੋੜਾ ਦੋ ਦਿਨ ਹੋਰ ਪਰਾਹੁਣਾ
ਫਿਰ ਜੋਗ ਔਰ ਸੰਯੋਗ ਮਿਲਹਿੰਗੇ, ਰਾਸ ਰਚਾਵਹਿੰਗੇ।33

ਪੱਤਰ-ਪੱਤਰਕਾਵਾਂ ਵਿਚ ਪ੍ਰਕਾਸ਼ਿਤ ਇਨ੍ਹਾਂ ਕਵਿਤਾਵਾਂ ਦਾ ਵਿਸ਼ੈ-ਖੇਤਰ ਬੜਾ ਵਿਸ਼ਾਲ ਹੈ। ਇਹ ਨਾਮਧਾਰੀ ਲਹਿਰ ਅਤੇ ਨਾਮਧਾਰੀ ਸਤਿਗੁਰੂ ਸਾਹਿਬਾਨ ਸਬੰਧੀ ਛੋਟੇ ਤੋਂ ਛੋਟੇ ਵੇਰਵੇ ਤੋਂ ਵੱਡੇ ਤੋਂ ਵੱਡੇ ਵੇਰਵੇ ਤੱਕ ਫੈਲੀਆਂ ਹੋਈਆਂ ਹਨ। ਪਰ ਇਨ੍ਹਾਂ ਦਾ ਵਧੇਰੇ ਬਲ ਨਾਮਧਾਰੀ ਲਹਿਰ ਦੇ ਰਾਸ਼ਟਰਵਾਦੀ ਮਹੱਤਵ ਨੂੰ ਉਘਾੜਨ ਅਤੇ ਗੁਰੂ-ਪ੍ਰੀਤਮ ਤੋਂ ਵਿਛੜਨ ਦੀ ਸਥਿਤੀ ਨੂੰ ਪੇਸ਼ ਕਰਨ ਉੱਤੇ ਹੈ। ਗੁਰੂ ਰਾਮ ਸਿੰਘ ਦੀ ਜਲਾਵਤਨੀ ਤੋਂ ਬਾਦ ਰਚੀ ਗਈ ਸਮੁੱਚੀ ਕਵਿਤਾ ਮੁੱਖ ਤੌਰ 'ਤੇ ਇਸ ਅਰਜ਼/ਅਰਦਾਸ ਨਾਲ ਸੰਬੰਧਿਤ ਰਹੀ ਹੈ ਕਿ ਸਤਿਗੁਰੂ ਰਾਮ ਸਿੰਘ ਦੇ ਮੁੜ ਕੇ ਦਰਸ਼ਨ ਹੋ ਜਾਣ। ਇਸ ਅਰਜ਼ੋਈ ਦੇ ਪੂਰੇ ਨਾ ਹੋਣ ਦੀ ਸੂਰਤ ਵਿਚ ਸਤਿਗੁਰੂ ਦੇ ਵਿਛੋੜੇ ਦੀ ਅਸਹਿ ਪੀੜ ਦਾ ਵਰਣਨ ਵੀ ਹੋਇਆ ਹੈ ਅਤੇ ਸਤਿਗੁਰੂ ਪਿਆਰੇ ਨੂੰ ਥਾਂ-ਥਾਂ ਖੋਜਣ ਵਾਲੀ ਭਾਵਨਾ ਦਾ ਪ੍ਰਗਟਾਵਾ ਵੀ ਕੀਤਾ ਗਿਆ ਹੈ। ਇਸ ਮਨੋਸਥਿਤੀ ਨੂੰ ਸੁਖਵੰਤ ਸਿੰਘ ਕੰਗ ਦੀ ਕਵਿਤਾ 'ਬਸੰਤ ਪੰਚਮੀ ਤੇ ਵਿਸ਼ੇਸ਼ ਭੇਂਟ' ਇਸ ਤਰ੍ਹਾਂ ਅਭਿਵਿਅਕਤ ਕਰਦੀ ਹੈ:

ਅਸੀਂ ਗੁਰੂ ਰਾਮ ਸਿੰਘ ਦਾ ਦੀਦਾਰ ਭਾਲਦੇ,
ਅਸੀਂ ਚੀਨੀ ਅਸਵਾਰ ਦਾ ਪਿਆਰ ਭਾਲਦੇ।
ਪਾ ਕੇ ਪਿਆਰ ਤੁਰ ਜਾਣ ਵਾਲਿਆ,
ਰੋਗ ਸੰਗਤਾਂ ਨੂੰ ਬ੍ਰਿਹਾ ਦਾ ਲਾਉਣ ਵਾਲਿਆ।

ਕੂਕ ਆਜ਼ਾਦੀ ਵਾਲੀ ਲਾਉਣ ਵਾਲਿਆ
ਦੇਸ਼ ਲਈ ਪ੍ਰਦੇਸ਼ ਤੁਰ ਜਾਣ ਵਾਲਿਆ
ਜਾ ਕੇ ਬਰਮਾ 'ਚ ਤੇਰਾ ਘਰ ਬਾਰ ਭਾਲਦੇ।[34]

ਉਪਰੋਕਤ ਵਿਚਾਰ ਚਰਚਾ ਤੋਂ ਸਪੱਸ਼ਟ ਹੁੰਦਾ ਹੈ ਕਿ ਨਾਮਧਾਰੀ ਲਹਿਰ ਨਾਲ ਸੰਬੰਧਿਤ ਕਾਵਿ ਵੱਡੀ ਗਿਣਤੀ ਵਿਚ ਉਪਲਬਧ ਹੈ ਅਤੇ ਇਸ ਨੂੰ ਇਸ ਦੀ ਪ੍ਰਕਿਰਤੀ ਦੇ ਆਧਾਰ 'ਤੇ ਦੋ ਪੜਾਵਾਂ ਵਿਚ ਵੰਡਿਆ ਜਾ ਸਕਦਾ ਹੈ। ਨਾਮਧਾਰੀ ਕਵਿਤਾ ਦਾ ਜਨਮ ਲਗਭਗ ਇਕ ਸਦੀ ਪਹਿਲਾਂ ਦਾ ਹੈ, ਪਰ ਅਜੇ ਤਕ ਇਹ ਕਵਿਤਾ ਪੰਜਾਬੀ ਆਲੋਚਕਾਂ ਦਾ ਵਧੇਰੇ ਧਿਆਨ ਨਹੀਂ ਖਿੱਚ ਸਕੀ। ਇਸ ਲਈ ਇਸ ਗੱਲ ਦੀ ਵਿਸ਼ੇਸ਼ ਲੋੜ ਹੈ ਕਿ

ਨਾਮਧਾਰੀ ਕਵਿਤਾ ਨੂੰ ਖੋਜ, ਅਧਿਐਨ ਤੇ ਮੁਲੰਕਣ ਦਾ ਵਿਸ਼ੈ ਬਣਾਇਆ ਜਾਵੇ ਤਾਂ ਕਿ ਇਸ ਨੂੰ ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਬਣਦਾ ਸਥਾਨ ਪ੍ਰਾਪਤ ਹੋ ਸਕੇ।

ਹਵਾਲ ਤੇ ਟਿੱਪਣੀਆਂ

1. ਉਨ੍ਹਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ, ਪੰਨਾ 522.
2. **Kuka Movement : Freedom Struggle in Punjab,** pp. 293-94.
3. **ਅੰਤਰਰਾਸ਼ਟਰੀ ਸੈਮੀਨਾਰ ਨਾਮਧਾਰੀ ਲਹਿਰ : ਇਤਿਹਾਸ, ਸਾਹਿਤ ਅਤੇ ਯੋਗਦਾਨ,** ਸੈਮੀਨਾਰ ਜਿਲਦ, 8-9 ਮਈ 2001, ਪੰਨਾ 2.
4. ਗਿਆਨੀ ਗਿਆਨ ਸਿੰਘ, **ਨਾਮਧਾਰੀ ਸਿੱਖ ਸੰਖੇਪ ਵਿਵਰਨ,** ਪੰਨਾ 91.
5. ਓਹੀ, ਪੰਨਾ 92.
6. **ਸ੍ਰੀ ਸਤਿਗੁਰੂ ਬਿਲਾਸ,** ਪੰਨੇ 5-6
7. **ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ,** ਪੰਨ 43.
8. ਉਹੀ, ਪੰਨਾ 31
9. ਉਹੀ, ਪੰਨੇ 56-510. ਉਹੀ, ਪੰਨਾ 44.
11. ਉਹੀ, ਪੰਨਾ 133.
12. ਉਹੀ, ਪੰਨਾ 61.
13. ਤਾਰਾ ਸਿੰਘ ਅਨਜਾਣ (ਸੰਪ.), ਰਾਮ ਵਿਯੋਗੀਆਂ ਦੇ ਬਾਰਾਂਮਾਹ, ਪੰਨਾ 180
14. 'ਕੂਕਾ ਲਹਿਰ ਦੀ ਬੀਰ ਕਾਵਿ ਪਰੰਪਰਾ', ਖੋਜ ਪੱਤ੍ਰਿਕਾ (ਬੀਰ ਕਾਵਿ ਵਿਸ਼ੇਸ਼ ਅੰਕ), ਪੰਨਾ 199.
15. **ਰਾਮ ਵਿਯੋਗੀਆਂ ਦੇ ਬਾਰਾਂਮਾਹ,** ਪੰਨਾ 30.
16. ਉਹੀ, ਪੰਨਾ 59.
17. ਉਹੀ, ਪੰਨਾ 54-55.
18. **ਉਨ੍ਹੀਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ,** ਪੰਨਾ 543.
19. ਕਾਹਲਾ ਸਿੰਘ, 'ਉਸਤਤਨਾਮਾ', **ਉਨ੍ਹੀਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ** (ਸੰਪ.) ਹਰਿਭਜਨ ਸਿੰਘ, ਪੰਜਾਬ 545.
20. ਰਾਮ ਵਿਯੋਗੀਆਂ ਦੇ ਬਾਰਾਂਮਾਹ, ਪੰਨਾ 61.
21. ਉਹੀ, ਪੰਨਾ 66.
22. ਉਹੀ, ਪੰਨਾ 76.
23. ਉਹੀ, ਪੰਨਾ 69.
24. ਉਹੀ, ਪੰਨਾ 86.
25. ਇਹ ਖੋਜ-ਪੱਤਰ, **ਅੰਤਰਰਾਸ਼ਟਰੀ ਸੈਮੀਨਾਰ ਨਾਮਧਾਰੀ ਲਹਿਰ: ਇਤਿਹਾਸ, ਸਾਹਿਤ ਅਤੇ ਯੋਗਦਾਨ,** ਜੋ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਲੋਂ 8-9 ਮਈ 2001 ਨੂੰ ਭੈਣੀ ਸਾਹਿਬ ਵਿਖੇ ਕਰਵਾਇਆ ਗਿਆ, ਵਿਚ ਪੜ੍ਹਿਆ ਗਿਆ।

26. ਵਰਿਆਮ, ਬਸੰਤ ਵਿਸ਼ੇਸ਼ ਅੰਕ, ਪੰਨਾ 50.
27. ਪ੍ਰੀਤਮ ਸਿੰਘ ਕਵੀ, ਸਿਮਰਨ, ਪੰਨਾ 12.
28. ਅਜੀਤ ਸਿੰਘ ਚੀਮਾ, ਬ੍ਰਿਹਾ, ਪੰਨਾ 29.
29. ਸੁਰਿੰਦਰ ਕੌਰ ਖਰਲ, ਬਖ਼ਸ਼ਿਸ਼, ਪੰਨਾ 32.
30. ਚਰਨ ਭੇਂਟ, ਪੰਨੇ 13-14.
31. ਸਚੀ ਤੇਰੀ ਸਿਫ਼ਤਿ, ਪੰਨੇ 63-64.
32. ਕਿਰਪਾਲ ਸਿੰਘ ਕਸੇਲ, ਜੈਸਾ ਸਤਿਗੁਰੂ ਸੁਣੀਂਦਾ, ਪੰਨਾ 12.
33. ਸਤਿਜੁਗ, ਬਸੰਤ ਅੰਕ 1993, ਪੰਨਾ 118.
34. ਰੋਜ਼ਾਨਾ ਮਿਹਨਤ, ਜਲੰਧਰ, 24 ਜਨਵਰੀ 1996, ਪੰਨਾ 4.

ਨਾਮਧਾਰੀ ਲਹਿਰ ਦੀ ਕਵਿਤਾ: ਧਾਰਮਿਕ ਸਰੋਕਾਰ

ਧਰਮ ਅਤੇ ਸਾਹਿਤ ਦੋ ਵੱਖਰੇ-ਵੱਖਰੇ ਅਨੁਸ਼ਾਸਨ ਹਨ। ਇਹ ਦੋਵੇਂ ਅਨੁਸ਼ਾਸਨ ਮਨੁੱਖੀ ਸਮਾਜ ਲਈ ਕਲਿਆਣਕਾਰੀ ਭੂਮਿਕਾ ਨਿਭਾਉਂਦੇ ਹਨ। ਵੱਖਰੇ-ਵੱਖਰੇ ਹੁੰਦੇ ਹੋਏ ਵੀ ਇਹ ਦੋਵੇਂ ਕਈ ਸਥਿਤੀਆਂ ਵਿਚ ਅੰਤਰ-ਸੰਬੰਧਿਤ ਹੋ ਜਾਂਦੇ ਹਨ, ਜਿਸ ਦੀ ਮਿਸਾਲ ਆਦਿਕਾਲ ਤੋਂ ਹੁਣ ਤਕ ਰਚੇ ਗਏ ਧਾਰਮਿਕ ਗ੍ਰੰਥਾਂ ਤੋਂ ਮਿਲ ਜਾਂਦੀ ਹੈ। ਇਹ ਧਾਰਮਿਕ ਗ੍ਰੰਥ ਜਿੱਥੇ ਇਕ ਪਾਸੇ ਧਰਮ ਦਾ ਅੰਗ ਹਨ, ਉਥੇ ਦੂਜੇ ਪਾਸੇ ਇਨ੍ਹਾਂ ਧਾਰਮਿਕ ਗ੍ਰੰਥਾਂ ਨੂੰ ਸਾਹਿਤਿਕ ਕਿਰਤਾਂ ਵਜੋਂ ਵੀ ਸਵੀਕ੍ਰਿਤੀ ਮਿਲੀ ਹੋਈ ਹੈ। ਇਹ ਗ੍ਰੰਥ ਆਮ ਤੌਰ 'ਤੇ ਕਾਵਿ-ਰੂਪ ਵਿਚ ਰਚੇ ਹੋਏ ਹਨ। ਅਜਿਹੀ ਰਚਨਾ ਧਰਮ ਦਾ ਅੰਗ ਪਹਿਲਾਂ ਹੁੰਦੀ ਹੈ ਤੇ ਸਾਹਿਤ/ਕਾਵਿ ਦਾ ਅੰਗ ਮਗਰੋਂ। ਧਰਮ ਅਤੇ ਕਾਵਿ ਦੇ ਅਜਿਹੇ ਸੰਬੰਧ ਨੂੰ ਸਮਝਣ ਲਈ ਹਰਿਭਜਨ ਸਿੰਘ ਦਾ ਨਿਮਨਅੰਕਿਤ ਵਿਚਾਰ ਅਧਿਐਨਯੋਗ ਹੈ:

ਧਰਮ ਦੇ ਬਹੁਤ ਵੱਡੇ ਪਸਾਰੇ ਨੂੰ ਕਾਵਿ ਮਾਧਿਅਮ ਦੀ ਮੁਥਾਜੀ ਨਹੀਂ, ਪਰ ਧਾਰਮਿਕ ਕਾਵਿ ਦੇ ਸੀਮਿਤ ਪਸਾਰੇ ਵਿਚ ਸਮੁੱਚੀ ਧਾਰਮਿਕਤਾ ਸਮਾ ਜਾਂਦੀ ਹੈ।1

ਇਸ ਤੋਂ ਸਪੱਸ਼ਟ ਹੈ ਕਿ ਧਾਰਮਿਕ-ਕਾਵਿ ਕਾਵਿ ਦੀ ਇਕ ਵੰਨਗੀ ਹੈ। ਧਾਰਮਿਕ ਕਵਿਤਾ ਆਪਣੇ ਕਲੇਵਰ ਵਿਚ ਸੰਬੰਧਿਤ ਧਰਮ ਦੀ ਸਮੁੱਚੀ ਧਾਰਮਿਕਤਾ ਨੂੰ ਸਮੇਟ ਲੈਂਦੀ ਹੈ, ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿੱਖ ਧਰਮ ਦੀ ਸਮੁੱਚੀ ਧਾਰਮਿਕਤਾ ਨੂੰ ਕਾਵਿ-ਰੂਪ ਵਿਚ ਅਭਿਵਿਅਕਤੀ ਮਿਲੀ ਹੈ।

ਇਸ ਅਧਿਆਇ ਦਾ ਵਿਸ਼ੈ ਨਾਮਧਾਰੀ ਲਹਿਰ ਦੀ ਕਵਿਤਾ ਦੇ ਧਾਰਮਿਕ ਪਰਿਪੇਖ ਬਾਰੇ ਵਿਚਾਰ-ਚਰਚਾ ਕਰਨਾ ਹੈ। ਨਾਮਧਾਰੀ ਲਹਿਰ ਦੀ ਕਵਿਤਾ ਦਾ ਧਾਰਮਿਕ ਦ੍ਰਿਸ਼ਟੀ ਤੋਂ ਅਧਿਐਨ-ਵਿਸ਼ਲੇਸ਼ਣ ਕਰਨ ਲਈ ਅਸੀਂ ਇਸ ਨੂੰ ਦੋ ਉਪ-ਸਿਰਲੇਖਾਂ ਅਧੀਨ ਰੱਖਿਆ ਹੈ ਜੋ ਨਿਮਨਅੰਕਿਤ ਹਨ:

(ੳ) ਧਾਰਮਿਕ ਸ਼ਰਧਾ/ਭਗਤੀ ਭਾਵਨਾ ਦੀ ਅਭਿਵਿਅਕਤੀ ਵਾਲੀ ਕਵਿਤਾ

(ਅ) ਧਰਮ ਪ੍ਰਚਾਰ ਵਾਲੀ ਕਵਿਤਾ

ਨਾਮਧਾਰੀ ਜਾਂ ਕੂਕਾ ਲਹਿਰ ਮੂਲ ਰੂਪ ਵਿਚ ਧਾਰਮਿਕ ਲਹਿਰ ਹੈ। ਇਸ ਲਹਿਰ ਦਾ ਉਦਭਵ ਸਿੱਖ ਗੁਰੂ ਸਾਹਿਬਾਨ ਦੇ ਧਾਰਮਿਕ ਚਿੰਤਨ ਨੂੰ ਆਧਾਰ ਬਣਾ ਕੇ ਹੀ ਹੋਇਆ ਸੀ। ਜਦੋਂ ਸਿੱਖ-ਧਰਮ ਦੇ ਅਨੁਯਾਈ ਆਪਣੇ ਗੁਰੂਆਂ ਦੁਆਰਾ ਦਰਸਾਈ ਗਈ ਜੀਵਨ-ਜਾਚ ਨੂੰ ਭੁੱਲ ਗਏ ਸਨ ਅਤੇ ਆਪਣੇ ਧਰਮ ਦੇ ਸਿੱਧਾਂਤਾਂ ਅਤੇ ਨਿਯਮਾਂ ਦੀ ਪਾਲਣਾ ਕਰਨ ਵੱਲੋਂ ਬੇਮੁਖ ਹੋ ਗਏ ਸਨ, ਤਾਂ ਇਸ ਸਥਿਤੀ ਨੂੰ ਦੇਖਦੇ ਹੋਏ ਹੀ ਗੁਰੂ ਰਾਮ ਸਿੰਘ ਨੇ ਨਾਮਧਾਰੀ ਲਹਿਰ ਦੀ ਸਥਾਪਨਾ ਕੀਤੀ। ਇਸ ਲਹਿਰ ਦੀ ਸਥਾਪਨਾ ਦਾ ਮੁਖ ਮਕਸਦ ਸਿੱਖ-ਸਿਧਾਂਤਾਂ ਤੇ ਜੀਵਨ-ਵਿਹਾਰ ਦੀ ਪੁਨਰ-ਸਥਾਪਨਾ ਕਰਨਾ ਸੀ। ਇਸ ਤਰ੍ਹਾਂ ਨਾਮਧਾਰੀ ਲਹਿਰ ਆਰੰਭ ਤੋਂ ਹੀ ਸਿੱਖ-ਧਰਮ ਦੇ ਸਿੱਧਾਂਤਕ ਸੰਕਲਪਾਂ ਅਤੇ ਜੀਵਨ-ਪ੍ਰਤਿਮਾਨਾਂ ਦੀ ਪੁਨਰ-ਸਥਾਪਤੀ ਲਈ ਯਤਨਸ਼ੀਲ ਰਹੀ ਹੈ।

ਨਾਮਧਾਰੀ ਲਹਿਰ ਦੀ ਕਵਿਤਾ ਦਾ ਇਸ ਲਹਿਰ ਦੀ ਧਰਮ - ਦ੍ਰਿਸ਼ਟੀ ਦੇ ਪੱਖ ਤੋ ਅਧਿਐਨ ਕਰਦਿਆਂ ਇਹ ਤੱਥ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਇਹ ਕਵਿਤਾ ਨਾਮਧਾਰੀ ਲਹਿਰ ਦੇ ਧਾਰਮਿਕ ਸੰਕਲਪਾਂ ਅਤੇ ਪ੍ਰਤਿਮਾਨਾਂ ਦਾ ਕਾਵਿ-ਰੂਪਾਂਤਰਣ ਹੈ। ਇਹ ਸੰਕਲਪ ਅਤੇ ਪ੍ਰਤਿਮਾਨ ਨਾਮਧਾਰੀ ਲਹਿਰ ਦਾ ਅਨਿੱਖੜ ਅੰਗ ਹਨ। ਇਨ੍ਹਾਂ ਵਿਚ ਈਸ਼ਵਰ ਦੀ ਸਰਬ-ਵਿਆਪਕਤਾ, ਗੁਰੂ ਦਾ ਮਹੱਤਵ, ਗੁਰ ਦਾ ਹੁਕਮ, ਨਾਮ-ਸਿਮਰਨ, ਮਨੁੱਖ ਦੀ ਮੁਕਤੀ, ਸਵਰਗ-ਨਰਕ ਦਾ ਸੰਕਲਪ, ਸੋਧ ਮਰਿਯਾਦਾ, ਸੰਗਤ ਅਤੇ ਪੰਗਤ ਦੀ ਪ੍ਰਥਾ, ਧਾਰਮਿਕ ਅੰਧ-ਵਿਸ਼ਵਾਸਾਂ ਦਾ ਖੰਡਨ, ਕਿਰਤ ਕਰਨੀ, ਵੰਡ ਛਕਣਾ, ਗਊ ਗਰੀਬ ਦੀ ਰੱਖਿਆ, ਪੰਜ ਕਕਾਰਾਂ ਨੂੰ ਧਾਰਨ ਕਰਨਾ ਆਦਿ ਸ਼ਾਮਿਲ ਹਨ। ਇਹ ਸਾਰੇ ਸੰਕਲਪ ਸਿੱਖ-ਧਰਮ ਦੇ ਸੰਕਲਪਾਂ ਤੇ ਪ੍ਰਤਿਮਾਨਾਂ ਦੀ ਪੁਨਰ-ਸਥਾਪਨਾ ਹੀ ਹਨ।

ਨਾਮਧਾਰੀ ਲਹਿਰ ਵਾਸਤੇ 'ਨਾਮਧਾਰੀ' ਪਦ ਦੀ ਵਰਤੋਂ ਵੀ ਇਸ ਦੀ ਧਰਮ-ਭਾਵਨਾ ਦੇ ਫ਼ਲਸਰੂਪ ਹੀ ਕੀਤੀ ਜਾਣ ਲੱਗੀ ਸੀ। ਨਾਮਧਾਰੀ ਸ਼ਬਦ ਦੋ ਸ਼ਬਦਾਂ ਨਾਮ+ਧਾਰੀ ਦੇ ਸੁਮੇਲ ਤੋਂ ਬਣਿਆ ਹੈ ਅਤੇ ਇਸ ਦਾ ਅਰਥ ਨਾਮ ਨੂੰ ਧਾਰਨ ਕਰਨ ਜਾਂ ਗ੍ਰਹਿਣ ਕਰਨ ਤੋਂ ਲਿਆ ਜਾਂਦਾ ਹੈ। ਨਾਮਧਾਰੀ ਲਹਿਰ ਨੂੰ ਕੂਕਾ ਲਹਿਰ ਵੀ ਕਿਹਾ ਜਾਂਦਾ ਹੈ, ਜਿਸ ਦੇ ਪਿੱਛੇ ਵੀ ਧਾਰਮਿਕਤਾ ਹੀ ਕਾਰਜਸ਼ੀਲ ਹੈ। ਇਸ ਲਹਿਰ ਦੇ ਪੈਰੋਕਾਰ ਨਾਮ-ਸਿਮਰਨ ਕਰਦਿਆਂ ਆਪਣੇ ਇਸ਼ਟ ਨਾਲ ਇਕਮਿਕਤਾ ਅਨੁਭਵ ਕਰਦੇ ਹੋਏ ਵੈਰਾਗ ਦੀ ਅਵਸਥਾ ਵਿਚ ਪਹੁੰਚ ਕੇ ਉੱਚੀ-ਉੱਚੀ ਕੂਕਾਂ ਮਾਰਨ ਲੱਗਦੇ ਸਨ, ਜਿਸ ਕਰਕੇ ਇਨ੍ਹਾਂ ਨੂੰ ਕੂਕੇ ਕਿਹਾ ਜਾਣ ਲੱਗਾ। ਇਸ ਲਹਿਰ ਦੇ ਸੰਸਥਾਪਕ ਗੁਰੂ ਰਾਮ ਸਿੰਘ ਨੇ ਪ੍ਰਭੂ ਦੇ ਨਾਮ ਨੂੰ ਸਰਬਉੱਚ ਦੱਸਿਆ ਹੈ ਅਤੇ ਆਪਣੇ ਅਨੁਯਾਈਆਂ ਨੂੰ ਨਾਮ-ਸਿਮਰਨ ਕਰਦੇ ਹੋਏ ਆਤਮ-ਵਿਸ਼ਲੇਸ਼ਣ ਵੱਲ ਰੁਚਿਤ ਹੋਣ ਦਾ ਉਪਦੇਸ਼ ਦਿੱਤਾ ਹੈ। ਏਸੇ ਕਰਕੇ ਨਾਮਧਾਰੀ ਪੈਰੋਕਾਰਾਂ ਦਾ ਬਹੁਤਾ ਧਿਆਨ ਨਾਮ-ਸਿਮਰਨ ਜਾਂ ਪ੍ਰਭੂ ਭਗਤੀ ਵੱਲ ਰਹਿੰਦਾ ਹੈ।

ਨਾਮਧਾਰੀ ਲਹਿਰ ਦੀ ਕਵਿਤਾ ਦੇ ਅਧਿਐਨ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਇਸ ਲਹਿਰ ਦੀ ਸਮੁੱਚੀ ਕਵਿਤਾ ਧਰਮ-ਭਾਵਨਾ ਤੋਂ ਪ੍ਰੇਰਿਤ ਹੈ। ਇਸ ਕਵਿਤਾ ਦਾ ਮੁੱਖ ਪ੍ਰੇਰਕ ਇਸ ਦੇ ਰਚਨਹਾਰਿਆਂ ਦੀ ਧਾਰਮਿਕ ਸ਼ਰਧਾ ਹੈ, ਜਿਸ ਅਧੀਨ ਇਹ ਕਵੀ ਗੁਰੂ ਰਾਮ ਸਿੰਘ ਅਤੇ ਉਨ੍ਹਾਂ ਤੋਂ ਮਗਰਲੇ ਨਾਮਧਾਰੀ ਗੁਰੂਆਂ ਪ੍ਰਤਿ ਆਪਣੇ ਪ੍ਰੇਮ, ਵਿਸ਼ਵਾਸ, ਸੰਯੋਗ ਅਤੇ ਵਿਯੋਗ ਦੇ ਭਾਵ ਅਭਿਵਿਅਕਤ ਕਰਦੇ ਹਨ। ਨਾਮਧਾਰੀ ਲਹਿਰ ਮੂਲ ਰੂਪ ਵਿਚ ਧਾਰਮਿਕ ਲਹਿਰ ਸੀ ਅਤੇ ਵਰਤਮਾਨ ਸਮੇ ਵਿਚ ਵੀ ਇਹ ਇਸੇ ਰੂਪ ਵਿਚ ਕਾਇਮ ਹੈ। ਇਸ ਲਹਿਰ ਦੇ ਉਦਭਵ ਦਾ ਮੁੱਖ ਮਕਸਦ ਸਿੱਖ-ਸਮਾਜ ਨੂੰ ਉਸ ਦੇ ਧਾਰਮਿਕ, ਨੈਤਿਕ, ਸਮਾਜਕ ਅਤੇ ਰਾਜਨੀਤਿਕ ਪਤਨ ਦੀ ਸਥਿਤੀ ਵਿਚੋਂ ਉਭਾਰਨਾ ਸੀ। ਇਸ ਅਨੁਸਾਰ ਇਸ ਲਹਿਰ ਦੀ ਕਵਿਤਾ ਸਮਾਜਕ, ਰਾਸ਼ਟਰਵਾਦੀ ਅਤੇ ਇਤਿਹਾਸਕ ਆਦਿ ਪਰਿਪੇਖ ਨਾਲ ਵੀ ਜੁੜੀ ਹੋਈ ਹੈ, ਪਰ ਇਸ ਦਾ ਪ੍ਰਮੁੱਖ ਸਰੋਕਾਰ ਧਰਮ ਤੇ ਧਾਰਮਿਕਤਾ ਹੀ ਹੈ। ਇਹ ਕਵਿਤਾ ਮੁਖ ਤੌਰ 'ਤੇ ਨਾਮਧਾਰੀ ਲਹਿਰ ਦੇ ਮੂਲ ਧਾਰਮਿਕ ਸੰਕਲਪਾਂ ਅਤੇ ਪ੍ਰਤਿਮਾਨਾਂ ਨੂੰ ਅਭਿਵਿਅਕਤ ਕਰਦੀ ਹੈ।

ਧਰਮ ਅਤੇ ਸਾਹਿਤ ਦਾ ਅੰਤਰ-ਸੰਬੰਧ ਪੁਰਾਤਨ ਕਾਲ ਤੋਂ ਹੀ ਚਲਿਆ ਆ ਰਿਹਾ ਹੈ। ਹਰ ਧਰਮ ਸਾਹਿਤ ਨੂੰ ਆਪਣਾ ਅਭਿਵਿਅਕਤੀ ਮਾਧਿਅਮ ਬਣਾਉਂਦਾ ਰਿਹਾ ਹੈ। ਟੀ.ਐਸ.ਈਲੀਅਟ ਨੇ ਧਰਮ ਦੀ ਅਭਿਵਿਅਕਤੀ ਲਈ ਰਚੇ ਗਏ ਸਾਹਿਤ/ਕਾਵਿ ਨੂੰ ਤਿੰਨ ਵਰਗਾਂ ਵਿਚ ਵੰਡਿਆ ਹੈ:

1. ਧਾਰਮਿਕ ਸਾਹਿਤ/ਕਾਵਿ
2. ਸ਼ਰਧਾਮੂਲਕ/ਭਗਤੀ ਕਾਵਿ
3. ਪ੍ਰਚਾਰ ਸਾਹਿਤ/ਕਾਵਿ [2]

ਨਾਮਧਾਰੀ ਲਹਿਰ ਦੀ ਕਵਿਤਾ ਦਾ ਅਧਿਐਨ ਕਰਦਿਆਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਸਾਰੀ ਦੀ ਸਾਰੀ ਕਵਿਤਾ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਧਾਰਮਿਕ ਭਾਵਾਂ/ਵਿਚਾਰਾਂ ਦੀ ਅਭਿਵਿਅਕਤੀ ਨਾਲ ਸੰਬੰਧਿਤ ਹੈ। ਪਰ ਇਸ ਨੂੰ ਅਸੀਂ ਏਲੀਅਟ ਦੁਆਰਾ ਨਿਰਧਾਰਿਤ ਪਹਿਲੇ ਵਰਗ 'ਧਾਰਮਿਕ ਸਾਹਿਤ' ਦੇ ਅੰਤਰਗਤ ਨਹੀਂ ਰੱਖ ਸਕਦੇ।

(ੳ) ਧਾਰਮਿਕ ਸ਼ਰਧਾ/ਭਗਤੀ ਭਾਵਨਾ ਦੀ ਅਭਿਵਿਅਕਤੀ ਵਾਲੀ ਕਵਿਤਾ

ਇਹ ਸਮੁੱਚੀ ਕਵਿਤਾ ਨਾਮਧਾਰੀ ਪੈਰੋਕਾਰਾਂ ਦੁਆਰਾ ਰਚੀ ਗਈ ਹੈ ਅਤੇ ਉਨ੍ਹਾਂ ਦੀ ਆਪਣੇ ਗੁਰੂਆਂ ਪ੍ਰਤਿ ਸ਼ਰਧਾ ਤੇ ਭਗਤੀ-ਭਾਵਨਾ ਦੀ ਅਭਿਵਿਅਕਤੀ ਕਰਦੀ ਹੈ। ਇਸ ਕਾਵਿ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਇਹ ਧਾਰਮਿਕ ਕਾਵਿ ਦੀ ਦੂਜੀ ਵੰਨਗੀ ਨਾਲ ਸੰਬੰਧਿਤ ਹੈ, ਅਰਥਾਤ ਇਸ ਨੂੰ ਸ਼ਰਧਾਮੂਲਕ ਜਾਂ ਭਗਤੀ-ਭਾਵਨਾਮੂਲਕ ਕਾਵਿ ਦੇ ਵਰਗ ਦੇ ਅੰਤਰਗਤ ਰੱਖਿਆ ਜਾ ਸਕਦਾ ਹੈ। ਨਾਮਧਾਰੀ ਕਵੀਆਂ ਦੀ ਕਵਿਤਾ ਉਨ੍ਹਾਂ ਦੀ ਸਿੱਖ ਧਰਮ, ਸਿੱਖ ਗੁਰੂ ਸਾਹਿਬਾਨ, ਨਾਮਧਾਰੀ ਗੁਰੂਆਂ ਅਤੇ ਉਨ੍ਹਾਂ ਦੁਆਰਾ ਨਿਰਧਾਰਿਤ ਰਹਿਤ-ਮਰਿਯਾਦਾ ਪ੍ਰਤਿ ਸ਼ਰਧਾਮੂਲਕ ਭਾਵਨਾਵਾਂ ਅਤੇ ਧਾਰਮਿਕ ਵਿਚਾਰਾਂ ਦੀ ਪੇਸ਼ਕਾਰੀ ਹੈ।

ਇਸ ਲਹਿਰ ਦੀ ਭਗਤੀ ਭਾਵਨਾ ਦੀ ਅਭਿਵਿਅਕਤੀ ਨਾਲ ਸੰਬੰਧਿਤ ਕਵਿਤਾ ਵਿਚ ਅਸੀਂ ਸੱਤ ਨਾਮਧਾਰੀ ਬਾਰਾਂਮਾਹਿਆਂ: ਬਾਰਾਂਮਾਹ ਬਾਬਾ ਚੰਦਾ ਸਿੰਘ, ਬਾਰਾਂਮਾਹ ਸੰਤ ਨਿਹਾਲ ਸਿੰਘ, ਬਾਰਾਂਮਾਹ ਸੰਤ ਕਾਲਾ ਸਿੰਘ, ਬਾਰਾਂਮਾਹ ਸੂਬਾ ਮੀਹਾਂ ਸਿੰਘ, ਬਾਰਾਂਮਾਹ ਸੰਤ ਇਕਬਾਲ ਸਿੰਘ ਮਨਚੰਦਾ, ਬਾਰਾਂਮਾਹ ਚਤਰ ਸਿੰਘ ਬੀਰ ਅਤੇ ਬਾਰਾਂਮਾਹ ਤੇਜਾ ਸਿੰਘ ਸੋਖਲ ਨੂੰ ਸ਼ਾਮਿਲ ਕਰ ਸਕਦੇ ਹਾਂ। ਇਨ੍ਹਾ ਤੋਂ ਇਲਾਵਾ ਸੰਤ ਹਰਨਾਮ ਸਿੰਘ ਦੀ ਰਚਨਾ ਸੰਤ ਖ਼ਾਲਸਾ, ਧਿਆਨ ਸਿੰਘ ਕਾਦਰਾਬਾਦੀ ਦੀ ਰਚਨਾ ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ, ਕਾਹਲਾ ਸਿੰਘ ਦੀ ਉਸਤਤਨਾਮਾ, ਸੁਰਿੰਦਰ ਕੌਰ ਖਰਲ ਦੀਆਂ ਬਖ਼ਸ਼ਿਸ਼ ਅਤੇ ਤੂੰ ਹੀ ਤੂੰ, ਅਜੀਤ ਸਿੰਘ ਚੀਮਾ ਦੀਆਂ ਬ੍ਰਿਹਾ, ਰੁਬਾਈਆਂ ਦੀ ਪਟਾਰੀ ਅਤੇ ਸੁਖਵੰਤ ਸਿੰਘ ਕੰਗ ਦੀਆਂ ਕੁਝ ਰਚਨਾਵਾਂ ਨੂੰ ਵੀ ਧਾਰਮਿਕ ਸ਼ਰਧਾ/ਭਗਤੀ ਭਾਵਨਾ ਦੀ ਅਭਿਵਿਅਕਤੀ ਵਾਲੇ ਕਾਵਿ ਵਜੋਂ ਅਧਿਐਨ ਦਾ ਵਿਸ਼ੈ ਬਣਾਇਆ ਜਾ ਸਕਦਾ ਹੈ। ਅਸਲ ਵਿਚ ਗੁਰੂ ਰਾਮ ਸਿੰਘ ਦੀ ਜਲਾਵਤਨੀ ਤੋਂ ਪਿੱਛੋਂ ਉਨ੍ਹਾਂ ਦੇ ਵਿਯੋਗ ਵਿਚ ਜਿੰਨੀ ਵੀ ਕਾਵਿ-ਰਚਨਾ ਕੀਤੀ ਗਈ ਹੈ, ਉਹ ਸਾਰੀ ਧਾਰਮਿਕ ਸ਼ਰਧਾ/ਭਗਤੀ ਕਾਵਿ ਦੀਆਂ ਵਿਸ਼ੇਸ਼ਤਾਵਾਂ ਦੀ ਧਾਰਨੀ ਹੈ। ਇਸ ਪ੍ਰਕਾਰ ਦੀ ਨਾਮਧਾਰੀ ਕਵਿਤਾ ਨੂੰ ਧਾਰਮਿਕ ਵਿਯੋਗ ਜਾਂ ਬਿਰਹਾ ਕਾਵਿ ਵੀ ਕਿਹਾ ਜਾ ਸਕਦਾ ਹੈ, ਕਿਉਂਕਿ ਇਨ੍ਹਾਂ ਕਵੀਆਂ ਨੇ ਗੁਰੂ ਦੇ ਵਿਛੋੜੇ ਤੋਂ ਪੈਦਾ ਹੋਈ ਮਨੋਸਥਿਤੀ ਨੂੰ ਬੜੀ ਭਾਵੁਕਤਾ ਸਹਿਤ ਪੇਸ਼ ਕੀਤਾ ਹੈ। ਜਦੋਂ ਗੁਰੂ ਰਾਮ ਸਿੰਘ ਨੂੰ ਅੰਗਰੇਜ਼ ਹਕੂਮਤ ਨੇ ਜਲਾਵਤਨ ਕਰਕੇ ਬਰ੍ਹਮਾ ਭੇਜ ਦਿੱਤਾ ਤਾਂ ਸਮੂਹ ਨਾਮਧਾਰੀ ਸੰਗਤ ਦਾ ਆਪਣੇ ਗੁਰੂ ਤੋਂ ਵਿਛੋੜਾ ਪੈ ਗਿਆ। ਨਾਮਧਾਰੀ ਲਹਿਰ ਦੇ ਸ਼ਰਧਾਵਾਨ ਕਵੀਆਂ ਨੇ ਇਸ ਧਾਰਮਿਕ ਵਿਯੋਗ ਦੀ ਆਤਮਿਕ ਪੀੜਾ ਨੂੰ ਬੜੀ ਵੈਰਾਗਮਈ ਕਾਵਿ-ਅਭਿਵਿਅਕਤੀ ਪ੍ਰਦਾਨ ਕੀਤੀ ਹੈ। ਇਸ ਦੀ ਮਿਸਾਲ ਵਜੋਂ ਨਿਮਨਅੰਕਿਤ ਪੰਗਤੀਆਂ

ਅਧਿਐਨਯੋਗ ਹਨ:

ਫੱਗਣ ਫੇਰ ਕਦੀ ਆਈਂ ਮੁਖ ਆਪਣਾ ਦਿਖਾਈਂ,
ਰਤਾ ਚੈਨ ਨਹੀਂ ਆਵੇ ਤੇਰੀ ਸੰਗਤ ਕੁਰਲਾਂਵਦੀ।
ਬੁਰਾ ਗੁਰਾਂ ਦਾ ਵਿਛੋੜਾ, ਜੈਸੇ ਜਿਗਰ ਵਿਚ ਫੋੜਾ,
ਦਿਨ ਰਾਤ ਇਹੋ ਝੋਰਾ, ਕੋਈ ਗੱਲ ਨਹੀਂ ਭਾਂਵਦੀ।
ਹੋਈ ਹਾਲ ਤੋਂ ਬੇਹਾਲ, ਖੁੱਲ੍ਹੇ ਗਲ ਵਿਚ ਵਾਲ,
ਫਿਰ ਥੱਕੀ ਢੂੰਡ ਭਾਲ, ਨੈਣੀਂ ਨੀਂਦ ਨਹੀਂ ਆਂਵਦੀ।[3]

ਉਪਰੋਕਤ ਕਾਵਿ-ਸਤਰਾਂ ਗੁਰੂ ਦੇ ਵਿਛੋੜੇ ਤੋਂ ਪੈਦਾ ਹੋਈ ਮਾਨਸਿਕ ਪੀੜਾ ਦੀ ਸਥਿਤੀ ਨੂੰ ਬੜੇ ਭਾਵੁਕ ਸੁਰ ਵਿਚ ਪੇਸ਼ ਕਰਦੀਆਂ ਹਨ। ਇਸ ਵਿਛੋੜੇ ਨਾਲ ਸੰਬੰਧਿਤ ਮਨੋਭਾਵਾਂ ਨੂੰ ਨਾਮਧਾਰੀ ਕਵੀਆਂ ਨੇ ਵਿਭਿੰਨ ਕਾਵਿ-ਜੁਗਤਾਂ ਸਿਰਜ ਕੇ ਰੂਪਮਾਨ ਕੀਤਾ ਹੈ। ਇਹ ਕਵਿਤਾ ਦੁਨਿਆਵੀ ਇਸ਼ਕ ਦੇ ਚਿੰਨ੍ਹਾਂ ਵਿਚ ਗੁਰੂ-ਸਿੱਖ ਤੇ ਗੁਰੂ - ਸੰਗਤ ਦੇ ਪ੍ਰੇਮ-ਸੰਬੰਧਾਂ ਦਾ ਪ੍ਰਗਟਾਵਾ ਕਰਦੀ ਹੈ। ਕਾਵਿ-ਵਕਤਾ 'ਮੈਂ' ਜੀਵ-ਆਤਮਾ ਨੂੰ ਪਤਨੀ ਜਾਂ ਪ੍ਰੇਮਿਕਾ ਦੇ ਪ੍ਰਤੀਕ ਰੂਪ ਵਿਚ ਪ੍ਰਸਤੁਤ ਕਰਦੀ ਹੈ। ਇਹ ਕਵੀ ਆਪਣੇ ਗੁਰੂ ਨੂੰ ਨਾਇਕ/ਪਤੀ ਜਾਂ ਪ੍ਰੇਮੀ ਦੀ ਭੂਮਿਕਾ ਵਿਚ ਰੱਖਦੇ ਹਨ, ਜਿਵੇਂ ਕਿ ਨਿਮਨਅੰਕਿਤ ਕਾਵਿ-ਸਤਰਾਂ ਦੇ ਅਧਿਐਨ ਤੋਂ ਦ੍ਰਿਸ਼ਟੀਗੋਚਰ ਹੁੰਦਾ ਹੈ:

ਫੱਗਣ ਫੈਲਿਆ ਦੁਖ ਸਰੀਰ ਸਾਰੇ
ਲੂੰ ਲੂੰ 'ਚੋਂ ਆਵੇ ਆਵਾਜ਼ ਪੀਆਂ।
ਤੇਰੇ ਬਾਝ ਨਾ ਬੈਠਕਾਂ ਸੋਹਦੀਆਂ ਨੇ
ਭੱਠ ਪਏ ਨੇ ਰਾਜ ਸਮਾਜ ਪੀਆਂ।
ਲਾਹੇ ਹਾਰ ਸ਼ਿੰਗਾਰ ਸਭ ਦਾਸੀਆਂ ਨੇ
ਖੱਦਰ ਚੋਸੀਆ ਦਾ ਹੋਇਆ ਸਾਜ ਪੀਆ।
ਖੁੱਲ੍ਹੇ ਕੇਸ ਤੇ ਹਾਲ ਬੇਹਾਲ ਹੋਈਆਂ
ਸਾਡਾ ਲੈ ਗਿਆ ਨਾਲ ਸੁਹਾਗ ਪੀਆ।[4]

ਨਾਮਧਾਰੀ ਲਹਿਰ ਦੀ ਕਵਿਤਾ ਵਿਚ ਗੁਰੂ-ਵਿਯੋਗ ਦੀ ਸਥਿਤੀ ਨੂੰ ਵਿਭਿੰਨ ਕਾਵਿ-ਜੁਗਤਾਂ ਰਾਹੀਂ ਪੇਸ਼ ਕੀਤਾ ਗਿਆ ਹੈ। ਅੰਗਰੇਜ਼ ਸਰਕਾਰ ਦੁਆਰਾ ਗੁਰੂ ਰਾਮ ਸਿੰਘ ਨੂੰ ਜਲਾਵਤਨ ਕਰਨ ਤੋਂ ਬਾਅਦ ਗੁਰੂ ਨਾਲ ਪ੍ਰੇਮ-ਭਗਤੀ ਦੇ ਭਾਵਨਾਤਮਕ ਸੰਬੰਧ ਵਿਚ ਜੁੜੀ ਹੋਈ ਨਾਮਧਾਰੀ ਸੰਗਤ ਦੇ ਦਿਲਾਂ 'ਤੇ ਗਹਿਰੀ ਸੱਟ ਵੱਜੀ। ਗੁਰੂ ਪ੍ਰੀਤਮ ਦੇ ਵਿਯੋਗ ਨੂੰ ਅਨੁਭਵ ਕਰਦਿਆਂ ਕਵੀਆਂ ਨੇ ਜੋ ਕਵਿਤਾ ਰਚੀ ਉਸ ਵਿਚ ਬਿਰਹਾ/ਵਿਯੋਗ ਦੇ ਅਨੁਭਵ ਦੀ ਪੇਸ਼ਕਾਰੀ ਆਪਣੀ ਚਰਮ-ਸੀਮਾ'ਤੇ ਪਹੁੰਚੀ ਹੋਈ ਹੈ। ਇਸ ਦੇ ਫ਼ਲਸਰੂਪ ਬਹੁਤ ਸਾਰੀ ਨਾਮਧਾਰੀ ਕਵਿਤਾ ਵਿਚ ਇਕ ਬਿਰਹਾਮਈ ਹੂਕ ਸ਼ਾਮਿਲ ਹੈ ਜੋ ਇਸ਼ਕ ਮਜ਼ਾਜ਼ੀ ਦੀ ਥਾਂ ਇਸ਼ਕ ਹਕੀਕੀ ਤੱਕ ਪਹੁੰਚਦੀ ਹੈ। ਨਾਮਧਾਰੀ ਕਵਿਤਾ ਵਿਚ ਬਿਰਹਾ ਦਾ ਵਰਣਨ ਬੜੀ ਟੁੰਬਵੀਂ ਲੈਅ ਵਿਚ ਹੋਇਆ ਹੈ। ਮਿਸਾਲ ਵਜੋਂ ਸੂਬਾ ਮੀਹਾਂ ਸਿੰਘ ਨੇ ਆਪਣੀ ਕਾਵਿ ਰਚਨਾ ਬਾਰਾਂਮਾਹ ਵਿਚ ਗੁਰੂ-ਵਿਯੋਗ ਦੀ ਸਥਿਤੀ ਨੂੰ ਪ੍ਰਕਿਰਤੀ ਦੇ ਸੰਦਰਭ ਵਿਚ ਰੱਖ ਕੇ ਇਸ ਤਰ੍ਹਾਂ ਰੂਪਮਾਨ ਕੀਤਾ ਹੈ:

ਜੇਠ ਜੋਰ ਜਾਂ ਧੁੱਪ ਨੇ ਆਣ ਪਾਇਆ,
ਲੋਆਂ ਵਗਦੀਆਂ ਪਤਾ ਨਾ ਮੂਲ ਲੱਗੇ।

ਧੁੱਪ ਅੱਗ ਉਛਾਲਦੀ ਜ਼ੋਰ ਲਾ ਕੇ,
ਮੈਨੂੰ ਬਿਰਹੋਂ ਵਿਛੋੜੇ ਦੇ ਫੂਲ ਲੱਗੇ।
ਕੰਢੇ ਦਰੜਦੀ ਫਿਰਾਂ ਮੈਂ ਵਿਚ ਝਾੜਾ,
ਦਿਸਣ ਸਥਿਲ ਨਾ ਕੋਈ ਸੂਲ ਲੱਗੇ।
ਹਿਰਦਾ ਸੁੱਕ ਕੇ ਵਾਂਗ ਮਨੂਰ ਹੋਇਆ,
ਪੱਥਰ ਚਿੱਤ ਤੇ ਦੇਹੀ ਅਸਥੂਲ ਲੱਗੇ।[5]

ਗੁਰੂ ਦੇ ਵਿਯੋਗ ਦੀ ਪੀੜਾ ਨੂੰ ਆਤਮਿਕ ਤੇ ਭਾਵਨਾਤਮਕ ਪੱਧਰ 'ਤੇ ਹੰਢਾ ਰਹੀ ਨਾਇਕਾ/ਸੰਗਤ ਲਈ ਗੁਰੂ ਦੇ ਵਿਛੋੜੇ ਤੋਂ ਵੱਡਾ ਦੁੱਖ ਹੋਰ ਕੋਈ ਨਹੀਂ ਜਾਪਦਾ। ਇਸ ਦੇ ਮੁਕਾਬਲੇ ਵਿਚ ਹੋਰ ਦੁਨਿਆਵੀ ਅਤੇ ਸਰੀਰਕ ਦੁੱਖ ਉਸਨੂੰ ਨਿਗੂਣੇ ਪ੍ਰਤੀਤ ਹੁੰਦੇ ਹਨ। ਗੁਰੂ ਵਿਛੋੜੇ ਦੇ ਫ਼ਲਸਰੂਪ ਨਾਇਕਾ/ਸੰਗਤ ਨੂੰ ਆਪਣੀ ਹੋਂਦ ਦਾ ਅਹਿਸਾਸ ਤਕ ਨਹੀਂ ਰਹਿੰਦਾ, ਕਿਉਂਕਿ ਉਸ ਦੀ ਹੋਂਦ ਤਾਂ ਹੀ ਕਾਇਮ ਹੈ ਜੇਕਰ ਉਸਦਾ ਗੁਰੂ-ਪ੍ਰੀਤਮ ਨਾਲ ਮਿਲਾਪ ਕਾਇਮ ਹੈ। ਗੁਰੂ-ਪ੍ਰੀਤਮ ਤੋਂ ਵਿਯੋਗ ਦੀ ਸਥਿਤੀ ਵਿਚ ਪੋਹ ਦੀ ਅਤਿਅੰਤ ਸਰਦੀ ਵਿਚ ਵੀ ਨਾਇਕਾ ਨੂੰ ਆਪਣੇ ਸੀਨੇ ਵਿਚ ਹਿਜਰ ਦੇ ਭਾਂਬੜ ਮੱਚਦੇ ਮਹਿਸੂਸ ਹੁੰਦੇ ਹਨ। ਇਥੇ ਕਵੀ ਨੇ ਪ੍ਰਕਿਰਤੀ-ਚਿਤਰਨ ਰਾਹੀਂ ਕਾਵਿ-ਵਕਤਾ ਦੀ ਮਨੋਸਥਿਤੀ ਨੂੰ ਪੇਸ਼ ਕਰਨ ਲਈ ਵਿਰੋਧਾਭਾਸ ਦੀ ਜੁਗਤ ਸਿਰਜੀ ਹੈ ਜਿਵੇ ਕਿ ਨਿਮਨਅੰਕਿਤ ਕਾਵਿ-ਸਤਰਾਂ ਦੇ ਅਧਿਐਨ ਤੋਂ ਸਪਸ਼ਟ ਹੁੰਦਾ ਹੈ:

ਰੁੱਤ ਸੀਤ ਦੀ ਆਈ ਹੈ ਪੋਹ ਸੰਦੀ,
ਹੱਥਾਂ ਪੈਰਾਂ ਨੂੰ ਠਾਰਦੀ ਫਿਰੇ ਤੱਤੀ।
ਸੀਨੇ ਠੰਡ ਨਾ ਪਾਂਵਦੀ ਬਾਝ ਪੀਆ,
ਕਿਹੜੀ ਗਲ ਤੇ ਫਿਰੇਂ ਤੂੰ ਮਾਣ ਮੱਤੀ।
ਠੰਡੀ ਕਹਿਣ ਪਰ ਸੀਨੇ ਨੂੰ ਅੱਗੇ ਲੱਗੇ,
ਏਸ ਠੰਡੜੀ ਨੇ ਮੈਨੂੰ ਮਾਰ ਘੱਤੀ।
ਤਾਹੀਓ ਠੰਡੜੀ ਪੋਹ ਦੀ ਰਾਤ ਆਖਾਂ,
ਰੀ ਔਣ ਜੇ ਚੀਨੀ ਅਵਤਾਰ ਪਤੀ।[6]

ਉਪਰੋਕਤ ਕਾਵਿ-ਸਤਰਾਂ ਦਾ ਵਕਤਾ ਗੁਰੂ-ਵਿਯੋਗ ਦੀ ਸਥਿਤੀ ਵਿਚ ਭਾਵਨਾਤਮਕ ਤੌਰ 'ਤੇ ਸਦਮੇ ਦੀ ਹਾਲਤ ਵਿਚ ਹੈ। ਇਸ ਸਥਿਤੀ ਵਿਚ ਉਸ ਉੱਤੇ ਮੌਸਮੀ ਪਰਿਵਰਤਨ ਦਾ ਕੋਈ ਅਸਰ ਨਹੀਂ ਹੁੰਦਾ। ਕਾਵਿ-ਵਕਤਾ ਇਸ ਅਵਸਥਾ ਵਿਚ ਉਸ ਬੀਤ ਚੁੱਕੇ ਸਮੇਂ ਬਾਰੇ ਸੋਚਦੀ ਹੈ, ਜਦ ਉਸ ਨੂੰ ਗੁਰੂ ਨਾਲ ਪੂਰਨ ਮਿਲਾਪ ਦਾ ਸੁਭਾਗ ਪ੍ਰਾਪਤ ਸੀ। ਗੁਰੂ-ਨਾਇਕ ਮਿਲਾਪ ਦੀ ਇਸ ਅਵਸਥਾ ਨੂੰ ਨਾਮਧਾਰੀ ਕਵੀਆਂ ਨੇ ਪਿਛਲਝਾਤ ਦੀ ਜੁਗਤ ਨਾਲ ਰੂਪਮਾਨ ਕੀਤਾ ਹੈ, ਜਿਵੇਂ ਕਿ ਸੂਧਾ ਮੀਹਾਂ ਸਿੰਘ ਆਪਣੇ ਬਾਰਾਂਮਾਹ ਵਿਚ ਲਿਖਦਾ ਹੈ:

ਆਇਆ ਮੱਘਰ ਚਿਤ ਉਦਾਸ ਹੋਇਆ,
ਪੀਆਂ ਪਲੰਘ ਤੇ ਨਜ਼ਰ ਨਾ ਆਵਦੇ ਸੀ।
ਰਾਮਸਰ ਦੇ ਵਿਚ ਦੀਵਾਨ ਲਾ ਕੇ,
ਜੇਹੜੇ ਸੰਗਤਾਂ ਵਿਚ ਸੁਹਾਵਦੇ ਸੀ।
ਮੁਖੋਂ ਬਚਨ ਕਰਦੇ ਜਾਣੋਂ ਫੁੱਲ ਕਿਰਦੇ,

ਅਜੇ ਫੁੱਲ ਵੀ ਵੇਖ ਸ਼ਰਮਾਵਦੇ ਸੀ।[7]

ਨਾਮਧਰੀ ਕਵਿਤਾ ਦੇ ਅਧਿਐਨ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਇਹ ਕਵਿਤਾ ਗੁਰੂ ਰਾਮ ਸਿੰਘ ਦੇ ਵਿਯੋਗ/ਵਿਛੋੜੇ ਦੀ ਸਥਿਤੀ ਨੂੰ ਭਾਵਨਾਤਮਕ ਸੁਰ ਵਿਚ ਰੂਪਮਾਨ ਕਰਨ ਦੇ ਨਾਲ-ਨਾਲ ਗੁਰੂ ਪ੍ਰਤਿ ਅਟੁੱਟ ਸ਼ਰਧਾ ਦਾ ਪ੍ਰਗਟਾਵਾ ਵੀ ਕਰਦੀ ਹੈ। ਨਾਮਧਾਰੀ ਕਵਿਤਾ ਵਿਚ ਗੁਰੂ ਰਾਮ ਸਿੰਘ ਨੂੰ ਪੂਰਾ ਗੁਰੂ/ਸਤਿਗੁਰੂ ਅਤੇ ਅਵਤਾਰ ਮੰਨਿਆ ਗਿਆ ਹੈ, ਜਿਸ ਨੇ ਖ਼ਾਲਸੇ ਦੀ ਪੁਨਰ-ਸਿਰਜਣਾ ਕੀਤੀ ਹੈ, ਜਿਵੇਂ ਕਿ ਨਿਮਨਅੰਕਿਤ ਪੰਗਤੀਆਂ ਤੋਂ ਪਤਾ ਲੱਗਦਾ ਹੈ:

ਪ੍ਰਗਟਿਆ ਸਤਿਗੁਰੂ ਰਾਮ ਸਿੰਘ
ਪਰਿਪੂਰਨ ਅਵਤਾਰ।
ਸੰਤ ਖ਼ਾਲਸਾ ਸਾਜਿਆ
ਆਪਣੀ ਕਿਰਪਾ ਧਾਰ।[8]

ਨਾਮਧਾਰੀ ਲਹਿਰ ਦੇ ਕਵੀਆਂ ਦੁਆਰਾ ਰਚਿਤ 'ਭਗਤੀ ਕਾਵਿ' ਜਾਂ ਸ਼ਰਧਾਮੂਲਕ ਕਾਵਿ ਵਿਚ ਗੁਰੂ ਰਾਮ ਸਿੰਘ ਪ੍ਰਤਿ ਅਨਿੰਨ ਸ਼ਰਧਾ ਤੇ ਅਟੁੱਟ ਵਿਸ਼ਵਾਸ ਵੀ ਪ੍ਰਗਟ ਹੋਇਆ ਹੈ ਅਤੇ ਵਿਛੋੜੇ ਦੀ ਅਤਿਅੰਤ ਦੁਖਦਾਇਕ ਭਾਵਨਾ ਵੀ ਅਭਿਵਿਅਕਤ ਹੋਈ ਹੈ। ਇਸ ਦੇ ਨਾਲ ਹੀ ਮਗਰਲੇ ਨਾਮਧਾਰੀ ਗੁਰੂਆਂ ਹਰੀ ਸਿੰਘ ਅਤੇ ਗੁਰੂ ਪ੍ਰਤਾਪ ਸਿੰਘ ਦੇ ਜੋਤੀ-ਜੋਤ ਸਮਾਉਣ ਦੀਆਂ ਘਟਨਾਵਾਂ ਦੇ ਫ਼ਲਸਰੂਪ ਨਾਮਧਾਰੀ ਸੰਗਤ ਨੂੰ ਜੋ ਸੋਗਮਈ ਅਨੁਭਵ ਹੋਇਆ, ਉਸ ਨੂੰ ਬੜੇ ਕਰੁਣਾਮਈ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਇਸ ਕਵਿਤਾ ਦੇ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਗੁਰੂ ਰਾਮ ਸਿੰਘ ਦੇ ਵਿਛੋੜੇ ਕਾਰਨ ਮਾਨਸਿਕ ਤੌਰ 'ਤੇ ਪੂਰੀ ਤਰ੍ਹਾਂ ਟੁੱਟ ਚੁੱਕੀ ਨੂੰ ਮਗਰਲੇ ਗੁਰੂ ਸਾਹਿਬਾਨ ਆਤਮਕ ਬਲ ਪ੍ਰਦਾਨ ਕਰਦੇ ਹਨ। ਪਰ ਜਦੋਂ ਸੰਗਤ ਨੂੰ ਸਹਾਰਾ ਦੇਣ ਵਾਲੇ ਇਹ ਮਗਰਲੇ ਗੁਰੂ ਖ਼ੁਦ ਸੰਸਾਰ ਤੋਂ ਵਿਦਾ ਹੁੰਦੇ ਹਨ ਤਾਂ ਉਨ੍ਹਾਂ ਦਾ ਸਦੀਵੀ ਵਿਛੋੜਾ ਵੀ ਸੰਗਤ ਲਈ ਅਸਹਿ ਸਦਮਾ ਬਣ ਜਾਂਦਾ ਹੈ। ਨਾਮਧਾਰੀ ਗੁਰੂ ਪ੍ਰਤਾਪ ਸਿੰਘ ਦੇ ਜੋਤੀ-ਜੋਤ ਸਮਾਉਣ ਦੀ ਘਟਨਾ ਤੋਂ ਉਪਜੇ ਸ਼ੋਕ ਨੂੰ ਕਵੀ ਅਜੀਤ ਸਿੰਘ ਚੀਮਾ ਇਸ ਪ੍ਰਕਾਰ ਕਾਵਿਬੱਧ ਕਰਦਾ ਹੈ:

ਦੀਨ ਦੁਖੀ ਗਰੀਬ ਨਿਥਾਵਿਆਂ ਤੇ
ਗਲੇ ਆਜਿਜ਼ ਯਤੀਮਾਂ ਨੂੰ ਲਾਣ ਵਾਲੇ।
ਨਦਰੀ ਨਦਰ ਨਾਲ ਨਦਰ ਨਿਹਾਲ ਕਰਕੇ
ਦੈਂਤੋਂ ਦੇਵਤੇ ਸਾਨੂੰ ਬਨਾਣ ਵਾਲੇ।
ਮਿੱਠੀ ਜਿਹੀ ਮੁਸਕਾਣ ਦੇ ਨਾਲ ਮਾਹੀਆਂ
ਸਾਡੇ ਦਿਲਾਂ ਦੀ ਕਲੀ ਖਿੜਾਨ ਵਾਲੇ।
ਏਸ ਮਿੱਟੀ ਦੀ ਮੁੱਠ 'ਚ ਲੁਕ ਗਏ ਓ
ਸਿਰ ਤੇ ਸਿੱਧੀ ਦਸਤਾਰ ਸਜਾਣ ਵਾਲੇ।
ਢੇਰੀ ਢਾਹ ਕੇ ਚਿਖਾ ਦੇ ਕੋਲ ਬੈਠਾ
ਮੇਰੀਆਂ ਅੱਖੀਆਂ 'ਚੋਂ ਹੰਝੂ ਕਿਰਨ ਲੱਗੇ।
ਹੱਥ ਜੋੜ ਕੇ ਉਨ੍ਹਾਂ ਨੂੰ ਅਰਜ਼ ਕੀਤੀ
ਸਾਨੂੰ ਪੰਧ ਵਿਛੋੜੈ ਦਾ ਪਾ ਗਏ ਓ।
ਪਿਛਲੇ ਫੱਟਾਂ ਤੇ ਨਹੀਂ ਅੰਗੂਰ ਆਇਆ

ਹੋਰ ਚਿਣਗ ਚੁਆਤੀਆਂ ਲਾ ਗਏ ਓ।
ਚੌਦਾਂ ਵਰਸ਼ ਨਹੀਂ ਜਿਨ੍ਹਾਂ ਨੇ ਮੁੱਕ ਜਾਣਾ
ਸੁੰਞੀ 'ਯੁੱਧਿਆ' ਭੈਣੀ ਬਣਾ ਗਏ ਓ।
ਸਿਰ ਤੇ ਦਰਦ ਫ਼ਿਰਾਕ ਤੇ ਹਿਜ਼ਰ ਵਾਲੀ
ਰਾਤ ਕਹਿਰ ਵਿਛੋੜੇ ਦੀ ਪਾ ਗਏ ਓ।[9]

ਉਪਰ ਵਰਣਿਤ ਕਾਵਿ-ਸਤਰਾਂ ਵਿਚ ਕਵੀ ਨੇ 'ਅੱਖੀ ਡਿੱਠਾ' ਦੀ ਕਾਵਿ-ਜੁਗਤ ਦਾ ਨਵੇਂ ਸੰਦਰਭ ਵਿਚ ਪ੍ਰਯੋਗ ਕੀਤਾ ਹੈ। ਉਸ ਨੇ ਇਸ ਜੁਗਤ ਦਾ ਪ੍ਰਯੋਗ ਭਾਵ ਨੂੰ ਵਧੇਰੇ ਤੀਬਰ ਅਤੇ ਵੇਗਵਾਨ ਬਣਾਉਣ ਲਈ ਕੀਤਾ ਹੈ। ਗੁਰੂ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਕਵੀ ਆਪਣੀ ਕਲਪਨਾ ਦੇ ਸਹਾਰੇ ਗੁਰੂ ਨਾਲ ਅਨੁਭਵ ਦੀ ਪੱਧਰ 'ਤੇ ਇਕ ਅਦਿੱਖ ਰਿਸ਼ਤਾ ਸਥਾਪਤ ਕਰ ਲੈਂਦਾ ਹੈ। ਗੁਰੂ ਦਾ ਪਵਿੱਤਰ ਸਰੀਰ ਤਾਂ ਅਗਨੀ ਭੇਟ ਹੋ ਜਾਣ ਉਪਰੰਤ ਰਾਖ ਬਣ ਜਾਂਦਾ ਹੈ, ਪਰ 'ਕਾਵਿ-ਵਕਤਾ', ਆਪਣੀ ਕਲਪਨਾ-ਸ਼ਕਤੀ ਦੇ ਸਹਾਰੇ ਆਪਣੇ ਗੁਰੂ ਦਾ ਦੀਦਾਰ ਕਰਦਾਂ ਹੈ:

ਢੇਰੀ ਢਾਹ ਕੇ ਚਿਖਾ ਦੇ ਕੋਲ ਬੈਠਾ
ਮੇਰੀਆਂ ਅੱਖੀਆਂ 'ਚੋਂ ਹੰਝੂ ਕਿਰਨ ਲੱਗੇ।
ਗੁਰੂ ਪ੍ਰਤਾਪ ਵੱਡੇ ਪ੍ਰਤਾਪ ਵਾਲੇ,
ਮੇਰੀਆਂ ਅੱਖੀਆਂ ਸਾਹਮਣੇ ਫਿਰਨ ਲੱਗੇ।[10]

'ਕਾਵਿ-ਵਕਤਾ' ਨੂੰ ਅਨੁਭਵ ਹੁੰਦਾ ਹੈ ਕਿ ਗੁਰੂ ਰਾਮ ਸਿੰਘ ਅਜੇ ਜਲਾਵਤਨੀ ਤੋਂ ਪਰਤੇ ਨਹੀਂ ਅਤੇ ਇਸੇ ਦੌਰਾਨ ਗੁਰੂਨ ਪ੍ਰਤਾਪ ਸਿੰਘ ਦੇ ਵਿਛੋੜੇ ਨੇ ਸੰਗਤ ਦੀ ਵਿਯੋਗਮਈ ਸਥਿਤੀ ਨੂੰ ਹੋਰ ਵੀ ਤੀਬਰ ਅਤੇ ਕਰੁਣਾਮਈ ਬਣਾ ਦਿੱਤਾ ਹੈ। ਇਸ ਕਰਕੇ 'ਕਾਵਿ-ਵਕਤਾ' ਆਪਣੇ ਗੁਰੂ ਪ੍ਰਤਿ ਗਿਲੇ-ਸ਼ਿਕਵੇ ਵੀ ਪ੍ਰਗਟਾਉਂਦਾ ਹੈ। ਉਸ ਨੂੰ ਇਹ ਵੀ ਮਹਿਸੂਸ ਹੁੰਦਾ ਹੈ ਕਿ ਰਾਮਚੰਦਰ ਤਾਂ ਚੌਦਾਂ ਸਾਲ ਦਾ ਬਨਵਾਸ ਕੱਟ ਕੇ ਅਯੁੱਧਿਆ ਵਾਪਸ ਆ ਗਏ ਸਨ, ਪਰ ਗੁਰੂ ਪ੍ਰਤਾਪ ਸਿੰਘ ਕਦੇ ਨਾ ਖ਼ਤਮ ਹੋਣ ਵਾਲੇ ਬਨਵਾਸ ਤੇ ਚਲੇ ਗਏ ਹਨ ਅਤੇ ਭੈਣੀ ਸਾਹਿਬ ਰੂਪੀ ਅਯੁੱਧਿਆ ਨੂੰ ਸੁੰਞਾ ਕਰ ਗਏ ਹਨ।

ਨਾਮਧਾਰੀ ਕਵੀਆਂ ਦੁਆਰਾ ਰਚਿਤ 'ਸ਼ਰਧਾਮੂਲਕ ਕਾਵਿ' ਵਿਚ ਗੁਰੂ ਨੂੰ ਸਰਬ-ਵਿਆਪਕ, ਕਿਰਪਾਲੂ ਤੇ ਸੰਸਾਰ ਦੇ ਪਾਲਣਹਾਰ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਸ ਤਰ੍ਹਾਂ ਦੀ ਕਵਿਤਾ ਵਿਚ ਕਾਵਿ-ਨਾਇਕ ਅਤੇ ਕਾਵਿ-ਵਕਤਾ ਦੋਵੇਂ ਸਮਾਨ ਪੱਧਰ 'ਤੇ ਨਹੀ ਵਿਚਰਦੇ। ਕਾਵਿ-ਨਾਇਕ ਨੂੰ ਸਤਿਗੁਰੂ ਤੇ ਪ੍ਰਤਿਪਾਲਕ ਦੇ ਤੌਰ 'ਤੇ ਸਰਬਸ੍ਰੇਸ਼ਠ ਰੂਪ ਵਿਚ ਪੇਸ਼ ਕੀਤਾ ਗਿਆ ਹੈ, ਜਦਕਿ ਕਾਵਿ-ਵਕਤਾ ਦੀ ਹੋਂਦ ਕਾਵਿ-ਨਾਇਕ ਦੇ ਇਕ ਅੰਸ਼ ਵਜੋਂ ਸਥਾਪਤ ਹੁੰਦੀ ਹੈ। ਮਿਸਾਲ ਵਜੋਂ ਨਿਮਨਅੰਕਿਤ ਕਾਵਿ-ਸਤਰਾਂ ਅਧਿਐਨਯੋਗ ਹਨ:

ਮੈਂ ਸਮਝਾਂ ਮੈਂ ਹੀ ਹਾਂ ਤੇਰਾ,
ਇਹ ਪਰ ਮੇਰੀ ਭੁੱਲ ਏ।
ਵਣ-ਤ੍ਰਿਣ ਜੀਵ-ਜੰਤ, ਨਦ-ਪਰਬਤ,
ਇਹ ਵੀ ਤੇਰਾ ਕੁੱਲ ਏ।
ਚਾਹਣ ਜਿੰਨਾ ਹਰ ਇਕ ਨੂੰ ਦੇਵੇ,
ਅਮੁੱਕ ਤੇਰਾ ਭੰਡਾਰਾ।

ਪੌਣ ਵਾਂਗ ਚਾਹੀਏ ਸੋ ਪਾਈਏ,
ਕੋਈ ਨਾ ਤੇਰੇ ਤੁੱਲ ਏ।[11]

ਇਸ ਕਵਿਤਾ ਵਿਚ ਪਰਮਾਤਮਾ ਨੂੰ ਕੇਂਦਰੀ ਸਥਾਨ ਪ੍ਰਾਪਤ ਹੈ। ਗੁਰਬਾਣੀ ਵਿਚ ਪਰਮਾਤਮਾ ਦਾ ਜੋ ਸਰੂਪ ਪੇਸ਼ ਹੋਇਆ ਹੈ, ਨਾਮਧਾਰੀ ਲਹਿਰ ਦੀ ਕਵਿਤਾ ਵੀ ਉਸੇ ਦਾ ਹੀ ਅਨੁਸਰਣ ਕਰਦੀ ਹੈ। ਨਾਮਧਾਰੀ ਕਵੀਆਂ ਨੇ ਪਰਮਾਤਮਾ ਪ੍ਰਤਿ ਸ਼ਰਧਾ-ਵਿਸ਼ਵਾਸ ਪ੍ਰਗਟ ਕਰਦਿਆਂ ਉਸ ਨੂੰ ਨਿਰ-ਆਕਾਰ, ਸਰਬ-ਵਿਆਪਕ, ਸ਼ਿਰੋਮਣੀ ਅਤੇ ਸਰਬ-ਸੰਪੂਰਨ ਰੂਪ ਵਿਚ ਪੇਸ਼ ਕੀਤਾ ਹੈ, ਜਿਵੇਂ ਕਿ ਧਿਆਨ ਸਿੰਘ ਕਾਦਰਾਬਾਦੀ ਲਿਖਦੇ ਹਨ:

ਕਾਰਨ ਕਰਨ ਪ੍ਰਭੂ ਤਾਰਨ ਤਰਨ ਪ੍ਰਭੂ
ਦੁਖ ਕੇ ਹਰਨ ਪ੍ਰਭੂ ਕੌਣ ਲਖੈ ਗਤਿ ਕੋ॥
ਸੁੰਦਰ ਸੁਜਾਨ ਹਰੀ ਰੂਪ ਭਗਵਾਨ ਪ੍ਰਭੂ
ਜਾਣੀ ਜਾਣ ਸਭ ਲਖੇ ਦੀਨ ਕਹਾ ਮਤਿ ਕੋ॥
ਬਾਣ ਕਲਿਆਣ ਵਾ ਨਿਤਾਣੇ ਤਾਣ ਜਾਣ ਸਦ
ਭਗਤਿ ਕਾਮਨ ਬਾਨ ਹਰੇ ਪਤਿ ਰਤਿ ਕੋ॥
ਅਹੋ ਬਲਿਹਾਰੀ ਕੋਟ ਬੰਦਨਾ ਹਮਾਰੀ ਹਰੀ
ਰਾਇ ਦੁਖਪਰੀ ਧਿਆਨ ਸਿੰਘ ਗੁਰੂ ਸਤ ਕੋ॥[12]

ਨਾਮਧਾਰੀ ਕਵਿਤਾ ਦਾ ਕੇਂਦਰ-ਬਿੰਦੂ ਵੀ ਪਰਮਾਤਮਾ ਹੈ। ਪਰ ਇਸ ਕਵਿਤਾ ਵਿਚ ਉਹ ਨਿਰਾਕਾਰ ਪਰਮਾਤਮਾ ਨਾਲ ਮਨੁੱਖ ਦਾ ਮੇਲ ਕਰਾਉਣ ਵਾਲੇ ਦੇਹਧਾਰੀ ਗੁਰੂ ਨੂੰ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਨਾਮਧਾਰੀ ਕਵਿਤਾ ਵਿਚ ਗੁਰੂ ਨੂੰ ਆਪਣੀ ਮਿਹਰ ਸਦਕਾ ਜਿਗਿਆਸੂ ਨੂੰ ਨਾਮ ਦੀ ਦਾਤ ਬਖਸ਼ਣ ਵਾਲਾ ਮੰਨਿਆ ਗਿਆ ਹੈ ਅਤੇ ਗੁਰੂ ਦੀ ਕਿਰਪਾ ਨਾਲ ਹੀ ਜਿਗਿਆਸੂ ਦਾ ਪਰਮਾਤਮਾ ਨਾਲ ਮਿਲਾਪ ਹੁੰਦਾ ਦਰਸਾਇਆ ਗਿਆ ਹੈ। ਗੁਰੂ ਦੇ ਮਹੱਤਵ ਨੂੰ ਬਿਆਨ ਕਰਨ ਵਾਲੀਆਂ ਨਿਮਨਅੰਕਿਤ ਕਾਵਿ-ਸਤਰਾਂ ਅਧਿਐਨਯੋਗ ਹਨ:

ਬਾਰ-ਬਾਰ ਉਪਦੇਸ਼ ਉਚਾਰਾ॥
ਗੁਰ ਬਿਨ ਕੋਇ ਨਾ ਉਤਰਸਿ ਪਾਰਾ॥
ਗੁਰ ਮਾਰਗ ਭੂਲੇ ਕੋ ਪਾਵੈ॥
ਗੁਰ ਮਿਲਿਐ ਸ਼ਾਂਤੀ ਮਨ ਆਵੇ॥
ਪੂਰਾ ਗੁਰ ਮਿਲੇ ਦੁਖ ਕਾਟੇ॥
ਜਮ ਜੰਦਾਰ ਕੇ ਕਾਗਰ ਫਾਟੇ॥
ਇਤਿਆਦਿਕ ਉਪਦੇਸ਼ ਜਣਾਯੋ॥
ਗੁਰੂ ਬੇਦ ਸਾਰੇ ਇਕ ਗਾਯੋ॥
ਗੁਰ ਪਰਮੇਸਰ ਆਣ ਮਿਲਾਵੈ॥
ਦੂਰ ਕਹੇ ਸੋ ਨੇਰਹੁ ਪਾਵੈ॥
... ਵਿਦਵਾਨ ਮਨ ਮਹਿ ਵਿਚਾਰੇ॥
ਮਿਲੀਏ ਕਿਵ ਪੂਰੇ ਗੁਰ ਪਿਆਰੇ॥
ਬਾਣੀ ਮਨ ਕੀ ਨੇਮ ਜਣਾਵੈ॥
ਪਰੇਮ ਗੁਰ ਬਿਨ ਖੇਮ ਨਾ ਪਾਵੈ॥

ਸੋ ਕਿਵ ਪਾਵੋ ਗੁਰ ਪਿਆਰਾ॥
ਜਿਸ ਤੇ ਹੋਵੈ ਪਾਰ ਉਤਾਰਾ॥
ਬਖਸ਼ੇ ਹਰਿ ਉਹ ਸ਼ਾਂਤੀ ਮੇਰੇ॥
ਸਤਿਗੁਰ ਮਿਲੇ ਜੋ ਭਾਗ ਵਡੇਰੇ॥ [13]

ਇਨ੍ਹਾਂ ਕਾਵਿ-ਪੰਗਤੀਆਂ ਦੇ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਜਿਗਿਆਸੂ ਨੂੰ ਅਧਿਆਤਮਕ ਮਾਰਗ 'ਤੇ ਚੱਲਣ ਲਈ ਅਤੇ ਆਪਣੇ ਇਸ਼ਟ ਅਰਥਾਤ ਪਰਮਾਤਮਾ ਤਕ ਪਹੁੰਚਣ ਲਈ ਪੂਰੇ ਗੁਰੂ ਦੀ ਸ਼ਰਨ ਵਿਚ ਜਾਣਾ ਪੈਂਦਾ ਹੈ। ਇਸ ਕਵਿਤਾ ਵਿਚ ਦੇਹਧਾਰੀ ਗੁਰੂ ਦਾ ਸੰਕਲਪ ਪੇਸ ਕੀਤਾ ਗਿਆ ਹੈ। ਸਿੱਖ - ਧਰਮ ਵਿਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਕ ਦੇਹਧਾਰੀ ਗੁਰੂ ਦੀ ਪਰੰਪਰਾ ਕਾਇਮ ਰਹੀ, ਪਰੰਤੂ ਗੁਰੂ ਗੋਬਿੰਦ ਸਿੰਘ ਜੀ ਤੋਂ ਪਿੱਛੋਂ ਦੇਹਧਾਰੀ ਗੁਰੂ ਦਾ ਸਥਾਨ 'ਸ਼ਬਦ ਗੁਰੂ' ਨੇ ਲੈ ਲਿਆ ਹੈ। ਸਿੱਖ-ਧਰਮ ਵਿਚ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਦ ਕਿਸੇ ਵੀ ਦੇਹਧਾਰੀ ਗੁਰੂ ਨੂੰ ਮੰਨਣ ਦੀ ਮਨਾਹੀ ਹੈ। ਪਰ ਨਾਮਧਾਰੀ ਲਹਿਰ ਵਿਚ ਦੇਹਧਾਰੀ ਗੁਰੂ ਦੇ ਸੰਕਲਪ ਦਾ ਪੁਨਰ-ਸਿਰਜਨ ਕੀਤਾ ਗਿਆ, ਜਿਸ ਦੇ ਫ਼ਲਸਰੂਪ ਨਾਮਧਾਰੀ ਪੈਰੋਕਾਰ, ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਗੁਰੂ ਬਾਲਕ ਸਿੰਘ, ਗੁਰੂ ਰਾਮ ਸਿੰਘ, ਗੁਰੂ ਹਰੀ ਸਿੰਘ, ਗੁਰੂ ਪ੍ਰਤਾਪ ਸਿੰਘ ਅਤੇ ਵਰਤਮਾਨ ਗੁਰੂ ਜਗਜੀਤ ਸਿੰਘ ਨੂੰ ਆਪਣਾ ਗੁਰੂ ਮੰਨਦੇ ਹਨ।

ਨਾਮਧਾਰੀ ਕਵਿਤਾ ਗੁਰੂ ਦੇ ਮਹੱਤਵ ਨੂੰ ਉਜਾਗਰ ਕਰਨ ਲਈ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵਰਤੀ ਗਈ ਪਿਛੋਕੜ-ਚਿਤਰਨ ਵਾਲੀ ਜੁਗਤ ਅਪਨਾਉਂਦੀ ਹੈ। ਭਾਈ ਗੁਰਦਾਸ ਨੇ ਆਪਣੀ ਪਹਿਲੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਦੇ ਇਸ ਜਗਤ ਵਿਚ ਆਗਮਨ ਦੇ ਪਿਛੋਕੜ ਨੂੰ ਚਿਤਰਦੇ ਹੋਏ ਲਿਖਿਆ ਹੈ:

ਸੁਣੀ ਪੁਕਾਰ ਦਾਤਾਰ ਪ੍ਰਭੁ
ਗੁਰ ਨਾਨਕ ਜਗ ਮਹਿ ਪਠਾਯਾ॥
ਚਰਨ ਧੋਇ ਰਹਿਰਾਸ ਕਰ
ਚਰਨਾਮ੍ਰਿਤ ਸਿਖਾਂ ਪੀਲਾਯਾ॥ ...
ਕਲਜੁਗ ਬਾਬੇ ਤਾਰਿਆ
ਸਤਿਨਾਮ ਪੜ੍ਹਿ ਮੰਤ੍ਰ ਸੁਣਾਯਾ॥
ਕਲਿ ਤਾਰਣ ਗੁਰ ਨਾਨਕ ਆਇਆ॥ [14]

ਇਨ੍ਹਾ ਤੁਕਾਂ ਵਿਚ ਭਾਈ ਗੁਰਦਾਸ ਨੇ ਸਤਿਗੁਰੂ ਨਾਨਕ ਦੇਵ ਜੀ ਦੇ ਧਰਤੀ ਉੱਤੇ ਆਗਮਨ ਲਈ ਜਿਸ ਪ੍ਰਕਾਰ ਦਾ ਪਿਛੋਕੜ ਤਿਆਰ ਕੀਤਾ ਹੈ, ਉਸੇ ਪ੍ਰਕਾਰ ਦਾ ਪਿਛੋਕੜ ਨਾਮਧਾਰੀ ਕਵੀ ਕਾਹਲਾ ਸਿੰਘ ਨੇ ਨਾਮਧਾਰ ਸਤਿਗੁਰੂ ਰਾਮ ਸਿੰਘ ਦੇ ਧਰਤੀ ਉੱਤੇ ਆਗਮਨ ਸੰਬੰਧੀ ਵੀ ਉਸਾਰਿਆ ਹੈ। ਉਹ ਲਿਖਦਾ ਹੈ:

ਹਨੇਰ ਤੇ ਗੁਬਾਰ ਸੀਗਾ, ਸੰਸਾਰ ਅੰਦਕਾਰ ਸੀਗਾ,
ਪੱਥਰਾਂ ਦੀ ਪੂਜ ਤਾਈਂ ਦੂਰ ਹੈ ਭਜਾਉਂਦਾ।
ਮੜੀ ਤੇ ਮਸਾਣੀ ਸ਼ਰਾਬ ਮਾਸ ਖਾਣ ਆਮ ਹੋਈ,
ਪਖੰਡ ਕੀਤੇ ਬਾਹਮਣਾਂ ਨਾ ਕੋਈ ਸੀ ਹਟਾਉਂਦਾ।
ਗੁਰਦੁਆਰੇ ਦਾ ਪੁਜਾਰੀ ਸਭੇ ਭਏ ਦੁਰਚਾਰੀ ਸਨ,
ਸ੍ਰੀ ਗ੍ਰੰਥ ਬਾਣੀ ਹਸਣ ਪਾਠ ਨਾ ਕਰਾਉਂਦਾ।

ਗੁਰਮਤਿ ਉਡੀ ਸੰਸਾਰ ਵਿਚੋਂ ਕਾਹਲਾ ਸਿੰਘਾਂ,
ਕਿਰਪਾ ਨਿਧਾਨ ਗੁਰੂ ਰਾਮ ਸਿੰਘ ਆਉਂਦਾ ਹੈ।[15]

ਇਨ੍ਹਾਂ ਪੰਗਤੀਆਂ ਵਿਚ ਕਵੀ ਨਾਮਧਾਰੀ ਸਤਿਗੁਰੂ ਰਾਮ ਸਿੰਘ ਦੀ ਸ਼ਕਤੀ ਅਤੇ ਸਮੱਰਥਾ ਨੂੰ ਅਗਰਭੂਮਿਤ ਕਰਨ ਲਈ ਸਮਕਾਲੀ ਸਮਾਜ ਦੀ ਨਿੱਘਰੀ ਹੋਈ ਸਥਿਤੀ ਨੂੰ ਪਿੱਠਭੂਮੀ ਵਜੋਂ ਚਿਤਰਦਾ ਹੈ। ਉਹ ਉਸ ਵੇਲੇ ਦੇ ਸਮਾਜ ਵਿਚ ਵਹਿਮਾਂ-ਭਰਮਾਂ ਅਤੇ ਧਾਰਮਿਕ ਕਰਮ-ਕਾਡਾਂ ਦਾ ਜ਼ੋਰਦਾਰ ਫੈਲਾਉ ਹੋ ਚੁੱਕਾ ਦਰਸਾਉਂਦਾ ਹੈ। ਜਿਸਦੇ ਅਸਰ ਹੇਠ ਸਿੱਖ ਸਮਾਜ ਵੀ ਗੁਰੂ ਸਾਹਿਬਾਨ ਦੁਆਰਾ ਦੱਸੀ ਹੋਈ ਰਹਿਤ ਮਰਯਾਦਾ ਨੂੰ ਭੁੱਲਦਾ ਜਾ ਰਿਹਾ ਹੈ ਕਵੀ ਇਸ ਤਰ੍ਹਾਂ ਦੀ ਪਿੱਠਭੂਮੀ ਉਸਾਰ ਕੇ ਧਰਤੀ ਉੱਤੇ ਨਾਮਧਾਰੀ ਗੁਰੂ ਰਾਮ ਸਿੰਘ ਦੇ ਆਗਮਨ ਦੀ ਲੋੜ 'ਤੇ ਮਹੱਤਵ ਨੂੰ ਉਜਾਗਰ ਕਰਦਾ ਹੈ। ਨਾਮਧਾਰੀ ਕਵੀ ਹਰ ਯੁੱਗ ਵਿਚ ਧਰਮ ਦੀ ਰੱਖਿਆ ਲਈ ਕਿਸੇ ਗੁਰੂ ਦੇ ਅਵਤਾਰ ਧਾਰਨ ਵਾਲੀ ਮਿਥਕ ਧਾਰਨਾ ਨੂੰ ਵੀ ਦੁਹਰਾਉਂਦਾ ਹੈ ਅਤੇ ਪੂਰੇ ਗੁਰੂ ਤੋਂ ਬਿਨਾਂ ਧਰਮ ਦੀ ਹੋਂਦ ਖ਼ਤਰੇ ਵਿਚ ਪਈ ਦਰਸਾਉਂਦਾ ਹੈ। ਮਿਸਾਲ ਵਜੋਂ ਬਾਬਾ ਚੰਦਾ ਸਿੰਘ ਦੇ ਬਾਰਾਂਮਾਹ ਦੀਆਂ ਇਹ ਪੰਗਤੀਆਂ ਧਿਆਨਗੋਚਰੇ ਕੀਤੀਆਂ ਜਾ ਸਕਦੀਆਂ ਹਨ:

ਗੁਰ ਧਰਮ ਰਖਣ ਦੇ ਵਾਸਤੇ
ਜੁਗ ਜੁਗ ਲਏ ਅਵਤਾਰ।
ਚੁਗਲ ਨਿੰਦਕ ਚੁਣ ਮਾਰਨੇ
ਕਰਨੇ ਅਸੁਰ ਸੰਘਾਰ।

ਅੱਸੁ ਅਸੀਂ ਪਛਾਣਿਆ
ਗੁਰ ਪੂਰਨ ਅਵਤਾਰ।
ਗੁਰ ਧਰਮ ਚਲਾਇਆ ਜਗਤ ਵਿਚ
ਹੋਵਨ ਜੈ ਜੈ ਕਾਰ।[16]

ਉਪਰੋਕਤ ਪੰਗਤੀਆਂ ਗੁਰੂ ਨੂੰ ਪੂਰਨ ਅਵਤਾਰ ਅਤੇ ਜਨ-ਨਾਇਕ ਦੇ ਰੂਪ ਵਿਚ ਚਿਤਰਦੀਆਂ ਹਨ। ਇਸ ਦੇ ਅਨੁਰੂਪ ਹੀ ਨਾਮਧਾਰੀ ਕਵਿਤਾ ਵਿਚ ਰਾਮ ਸਿੰਘ ਦੀ ਸ੍ਰੀ ਰਾਮਚੰਦਰ ਜੀ ਨਾਲ ਸਮਾਨਤਾ ਵੀ ਦਰਸਾਈ ਗਈ ਹੈ। ਜਦੋਂ ਗੁਰੂ ਰਾਮ ਸਿੰਘ ਆਪਣੇ ਪੈਰੋਕਾਰਾਂ ਨੂੰ ਨਾਲ ਲੈ ਕੇ ਚਲਦੇ ਹਨ ਤਾਂ ਉਹ ਪੈਰੋਕਾਰ ਕਵੀ ਨੂੰ ਰਾਮਚੰਦਰ ਦੀ ਬਾਨਰ ਸੈਨਾ ਪ੍ਰਤੀਤ ਹੁੰਦੇ ਹਨ। ਇਸ ਕਵਿਤਾ ਵਿਚ ਰਾਮ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਸਰੂਪ ਵੀ ਮੰਨਿਆ ਗਿਆ ਹੈ, ਜਿਵੇਂ ਕਿ ਕਵੀ ਚੰਦਾ ਸਿੰਘ ਦੁਆਰਾ ਰਚਿਤ ਬਾਰਾਂਮਾਹ ਦੇ ਨਿਮਨਅੰਕਿਤ ਬੰਦ ਦੇ ਅਧਿਐਨ ਤੋਂ ਪਤਾ ਲਗਦਾ ਹੈ:

ਸਤਿਗੁਰ ਬਚਨ ਬਿਲਾਸ ਸੁਨਾਣ
ਸਿੰਘ ਹੋ ਮਸਤਾਨੇ ਜਾਣ
ਉਠ ਉਠ ਚਰਨੀ ਸੀਸ ਨਿਵਾਣ
ਗੋਬਿੰਦ ਸਿੰਘ ਜਾਣ ਕੇ।
ਸਤਿਗੁਰ ਹੈ ਪੂਰਨ ਅਵਤਾਰ
ਇਸ ਨੇ ਕਰਨੇ ਚੋਜ ਅਪਾਰ
ਆਇਆ ਰੂਪ ਬਾਰ੍ਹਵਾਂ ਧਾਰ

ਮਾਨੋ ਤਾਰਨ ਨੂੰ ਸੰਸਾਰ
ਸੰਗਤ ਕੀਤੀ ਭਵਜਲੋਂ ਪਾਰ
ਚਾੜ੍ਹ ਬੇੜੇ ਨਾਮ ਦੇ।[17]

ਉਪਰੋਕਤ ਸਤਰਾਂ ਵਿਚ ਕਵੀ ਨੇ ਗੁਰੂ ਰਾਮ ਸਿੰਘ ਪ੍ਰਤਿ ਅਥਾਹ ਸ਼ਰਧਾ-ਭਾਵਨਾ ਅਭਿਵਿਅਕਤ ਕਰਦਿਆਂ ਉਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਦੁਆਰਾ ਜਗਾਈ ਹੋਈ ਜੋਤ ਦਾ ਬਾਰ੍ਹਵਾਂ ਸਰੂਪ ਮੰਨਿਆ ਹੈ।

ਧਾਰਮਿਕ ਸ਼ਰਧਾ/ਭਗਤੀ ਭਾਵਨਾ ਦਾ ਇਕ ਮਹੱਤਵਪੂਰਨ ਸਿਧਾਂਤ 'ਨਾਮ ਸਿਮਰਨ' ਹੈ। ਨਾਮ ਸਿਮਰਨ ਦਾ ਸੰਬੰਧ ਸਿੱਧੇ ਤੌਰ 'ਤੇ ਭਗਤੀ-ਭਾਵਨਾ ਨਾਲ ਹੈ। ਗੁਰਬਾਣੀ ਵਿਚ ਨਾਮਅਥਵਾ ਗੁਰੂ ਮੰਤ੍ਰ ਨੂੰ ਆਤਮਿਕ ਸ਼ਕਤੀ ਦਾ ਸਰੋਤ ਮੰਨਿਆ ਗਿਆ ਹੈ। ਨਾਮ ਦੀ ਸ਼ਕਤੀ ਦੁਆਰਾ ਵਿਸ਼ੇ-ਵਿਕਾਰਾਂ ਵਿਚ ਵਿਲੀਨ ਮਨੁੱਖ ਵਿਚ ਆਤਮਿਕ ਬਲ ਭਰਿਆ ਜਾ ਸਕਦਾ ਹੈ ਕਿਉਂਕਿ ਇਸੇ ਸ਼ਕਤੀ ਨਾਲ ਸਤਿਗੁਰੂ ਮਨੁੱਖਾਂ ਨੂੰ ਦੇਵਤੇ ਬਣਾਉਂਦਾ ਹੈ। ਨਾਮਧਾਰੀ ਲਹਿਰ ਦੀ ਕਵਿਤਾ ਗੁਰਬਾਣੀ ਵਿਚ ਅਭਿਵਿਅਕਤ 'ਨਾਮ ਦੇ ਸਿਧਾਂਤ' ਦਾ ਵੀ ਗੁਰਬਾਣੀ ਦੇ ਹੋਰ ਧਾਰਮਿਕ ਸੰਕਲਪਾਂ ਵਾਂਗ ਹੀ ਅਨੁਸਰਣ ਕਰਦੀ ਹੈ। ਇਹ ਕਵਿਤਾ ਨਾਮਧਾਰੀ ਲਹਿਰ ਦੀ ਧਾਰਮਿਕ ਮਰਿਯਾਦਾ ਵਿਚ ਨਾਮ ਦੇ ਮਹੱਤਵ ਨੂੰ ਦਰਸਾਉਂਦੀ ਹੋਈ ਮਨੁੱਖ ਨੂੰ ਆਪਣੀ ਰਸਨਾ ਦੁਆਰਾ ਅੱਠੇ ਪਹਿਰ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਲਈ ਪ੍ਰੇਰਦੀ ਹੈ। ਜਿਵੇਂ ਅਸੀਂ ਪਹਿਲਾਂ ਵੀ ਚਰਚਾ ਕਰ ਚੁੱਕੇ ਹਾਂ, ਨਾਮਧਾਰੀ ਲਹਿਰ ਦਾ ਨਾਮ 'ਨਾਮਧਾਰੀ' ਜਾਂ 'ਕੂਕਾ ਲਹਿਰ' ਇਸ ਕਰਕੇ ਹੀ ਪਿਆ, ਕਿਉਂਕਿ ਇਸ ਲਹਿਰ ਦੇ ਪੈਰੋਕਾਰ ਨਾਮ-ਸਿਮਰਨ ਅਤੇ ਗੁਰੂ ਦੇ ਸ਼ਬਦ ਉਪਰ ਪੂਰੀ ਟੇਕ ਰੱਖਦੇ ਹਨ। ਸੰਤ ਹਰਨਾਮ ਸਿੰਘ ਬਗਲੀ ਨੇ ਆਪਣੀ ਰਚਨਾ ਸੰਤ ਖ਼ਾਲਸਾ ਦੇ 'ਸਤਿਗੁਰਾਂ ਦਾ ਪਹਿਲਾ ਉਪਦੇਸ਼' ਸਿਰਲੇਖ ਵਾਲੇ ਭਾਂਗ ਵਿਚ ਗੁਰੂ ਦੇ ਸ਼ਬਦਾਂ ਰਾਹੀਂ ਨਾਮ-ਸਿਮਰਨ ਦੇ ਮਹੱਤਵ ਨੂੰ ਇਸ ਤਰ੍ਹਾਂ ਦਰਸਾਇਆ ਹੈ:

ਮਾਨਸ ਜਨਮ ਦੁਰਲਭ ਹੈ ਵਿਚ ਦੁਨੀਆ ਏਹ ਨਾ ਜਨਮ ਮਿਲਦਾ ਵਾਰ-ਵਾਰ ਲੋਕੋ।
ਮਾਨਸ ਜਨਮ ਸਰੂਪ ਏਹ ਰੱਬ ਦਾ ਹੈ ਜੂਨਾਂ ਸਾਰੀਆਂ ਵਿਚ ਸਰਦਾਰ ਲੋਕੋ।
ਏਸ ਜੂਨ ਅੰਦਰ ਭਗਤੀ ਭਜਨ ਕਰਕੇ ਬਣਦੇ ਰਾਜੇ ਰਾਣੇ ਤਾਜਦਾਰ ਲੋਕੋ।
ਸੁੱਚ ਸੋਧ ਰੱਖੋ ਕਰੋ ਭਜਨ ਬਾਣੀ ਮਾਨਸ ਜਨਮ ਲਾਹਾ ਖਟੋ ਭਾਰ ਲੋਕੋ।

ਸ੍ਵਾਸ ਸ੍ਵਾਸ ਪ੍ਰਮਾਤਮਾ ਜਪੋ ਵੀਰੋ ਮਾਨਸ ਜਨਮ ਦਾ ਏਹੀ ਉਪਕਾਰ ਲੋਕੋ।
ਰਸਤਾ ਇਹ ਪ੍ਰਮਾਤਮਾ ਮਿਲਣ ਦਾ ਹੈ ਫੜੋ ਰਾਹ ਸਿਧਾ ਭੁਲਣਹਾਰ ਲੋਕੋ।

ਆਉ ਆਉ ਇਧਰ ਰਸਤੇ ਪਉ ਸਿਧੇ ਕਰੋ ਭਜਨ ਜਾ ਮਿਲੋ ਕਰਤਾਰ ਲੋਕੋ।
ਐਵੇਂ ਨਾ ਗਵਾਵੋ ਮਾਨਸ ਜਨਮ ਹੀਰਾ ਕਰੋ ਯਾਦ ਸਾਈਂ ਸਿਰਜਨਹਾਰ ਲੋਕੋ।[18]

ਇਨ੍ਹਾਂ ਸਤਰਾਂ ਵਿਚ ਕਵੀ ਨੇ ਨਾਮ-ਸਿਮਰਨ ਦੇ ਮਹੱਤਵ ਨੂੰ ਉਜਾਗਰ ਕਰਨ ਲਈ ਦੁਹਰਾਉ ਅਤੇ ਵਿਸਤਾਰ ਦੀਆਂ ਜੁਗਤਾਂ ਦਾ ਪ੍ਰਯੋਗ ਕੀਤਾ ਹੈ ਅਤੇ ਮਨੁੱਖੀ ਜੂਨ ਨੂੰ ਸਭ ਤੋਂ ਉੱਤਮ ਜੂਨ ਦੱਸਦੇ ਹੋਏ ਇਸ ਨੂੰ ਸਫ਼ਲ ਕਰਨ ਲਈ ਨਾਮ-ਸਿਮਰਨ ਕਰਨ ਉੱਤੇ ਵਾਰ-ਵਾਰ ਜ਼ੋਰ ਦਿੱਤਾ ਹੈ। ਕਵੀ ਨੇ ਨਾਮ ਸਿਮਰਨ ਨਾਲ ਸੰਸਾਰਕ ਦੁੱਖਾਂ ਦਾ ਨਾਸ਼ ਹੁੰਦਾ ਅਤੇ ਆਤਮਿਕ ਆਨੰਦ ਦੀ ਪ੍ਰਾਪਤੀ ਹੁੰਦੀ ਦੱਸੀ ਹੈ। ਇਨ੍ਹਾ ਵਿਚਾਰਾਂ ਦੀ ਪੇਸ਼ਕਾਰੀ

'ਗੁਰ-ਉਪਦੇਸ਼' ਦੀ ਜੁਗਤ ਰਾਹੀਂ ਕੀਤੀ ਗਈ ਹੈ। ਇਸ ਕਾਵਿ-ਜੁਗਤ ਦੀ ਵਰਤੋਂ ਕਰਨ ਦੇ ਫ਼ਲਸਰੂਪ ਸੰਤ ਖ਼ਾਲਸਾ ਨੂੰ ਨਾਮਧਾਰੀ ਸਮਾਜ ਵਿਚ ਬੜੀ ਪ੍ਰਸਿੱਧੀ ਹਾਸਿਲ ਹੋਈ ਸੀ। ਨਾਮਧਾਰੀ ਲਹਿਰ ਵਿਚ ਨਾਮ-ਸਿਮਰਨ ਦੇ ਮਹੱਤਵ ਬਾਰੇ ਚਰਚਾ ਕਰਦੇ ਹੋਏ ਜਸਬੀਰ ਸਿੰਘ ਸਾਬਰ ਨੇ ਆਪਣੇ ਖੋਜ-ਪੱਤਰ "ਨਾਮਧਾਰੀ ਲਹਿਰ ਦਾ ਧਾਰਮਿਕ ਤੇ ਦਾਰਸ਼ਨਿਕ ਮਹੱਤਵ: ਨਾਮ ਸਿਮਰਨ ਦੇ ਸੰਦਰਭ ਵਿਚ" ਵਿਚ ਲਿਖਿਆ ਹੈ:

'ਨਾਮ ਸਿਮਰਨ' ਨਾਮਧਾਰੀ ਸੰਪਰਦਾਇ ਦਾ ਜੀਵਨ-ਆਧਾਰ ਹੈ। ਇਸ ਸੰਪਰਦਾਇ ਦਾ ਨਾਮ 'ਨਾਮਧਾਰੀ' ਵੀ ਇਸੇ ਧਾਰਨਾ ਦੀ ਪੁਸ਼ਟੀ ਕਰਦਾ ਹੈ। ਇਸ ਸੰਪਰਦਾਇ ਨੇ 'ਨਾਮ ਸਿਮਰਨ' ਦੇ ਇਸ ਸਿਧਾਂਤ ਨੂੰ ਉਸ ਸਮੇਂ ਬੜੀ ਦਲੇਰੀ ਨਾਲ ਸੁਰਜੀਤ ਕੀਤਾ ਜਦੋਂ ਸਿੱਖਾਂ ਦਾ ਆਚਰਨ ਵਿਭਚਾਰ ਦਾ ਸਰੂਪ ਧਾਰ ਚੁੱਕਾ ਸੀ। ......ਨਾਮਧਰੀਆਂ ਨੇ ਸਿੱਖੀ ਸਿਧਾਂਤ ਨਾਮ ਜਪਣ ਤੇ ਕਿਰਤ ਕਰਨ ਨੂੰ ਅਮਲੀ ਰੂਪ ਦਿੱਤਾ। ਨਾਮ ਸਿਮਰਨ ਦੇ ਮਾਧਿਅਮ ਨਾਲ ਉਨ੍ਹਾਂ ਨੇ ਇਹ ਗੱਲ ਲੋਕ-ਮਾਨਸ ਦੀ ਚੇਤਨਾ ਵਿਚ ਦ੍ਰਿੜ ਕਰਾ ਦਿੱਤੀ ਕਿ ਪ੍ਰਭੂ ਚਰਨਾਂ ਨਾਲ ਲਿਵ ਜੋੜ ਲੈਣ ਵਾਲਾ ਮਾਨਵ ਹੀ ਆਪਣਾ ਲੋਕ ਸੁਖੀ ਤੇ ਪਰਲੋਕ ਸੁਹੇਲਾ ਬਣਾ ਸਕਦਾ ਹੈ ਅਤੇ ਸਰਬਤ ਦੇ ਭਲੇ ਦੀ ਕਾਮਨਾ ਕਰਦਿਆਂ ਮਾਨਵ-ਸਮਾਜ ਦਾ ਗ੍ਰਾਫ਼ ਵਿਕਾਸ ਕਾਰਜ ਦੀਆਂ ਬੁਲੰਦੀਆਂ ਤੇ ਪਹੁੰਚਾ ਸਕਦਾ ਹੈ।[19]

ਇਸ ਤੋ ਸਪਸ਼ਟ ਹੈ ਕਿ 'ਨਾਮ ਸਿਮਰਨ' ਨਾਮਧਾਰੀ ਲਹਿਰ ਦਾ ਪ੍ਰਮੁੱਖ ਸੰਕਲਪ ਹੈ। ਇਸ ਨੂੰ ਨਾਮਧਾਰੀ ਲਹਿਰ ਦਾ ਆਧਾਰ ਸੰਕਲਪ ਮੰਨਿਆ ਜਾ ਸਕਦਾ ਹੈ। ਗੁਰੂ ਆਪਣੀ ਰਹਿਮਤ ਸਦਕਾ ਜਿਗਿਆਸੂ ਨੂੰ ਨਾਮ-ਸਿਮਰਨ ਦੀ ਦਾਤ ਦਿੰਦਾ ਹੈ ਅਤੇ ਨਾਮ-ਸਿਮਰਨ ਦੀ ਪ੍ਰਕਿਰਿਆ ਦੌਰਾਨ ਜਿਗਿਆਸੂ ਆਪਣੇ ਮੂਲ ਨੂੰ ਪਛਾਣਨ ਲਈ ਆਤਮ-ਵਿਸ਼ਲੇਸ਼ਣ ਵੱਲ ਰੁਚਿਤ ਹੁੰਦਾ ਹੈ। ਨਾਮਧਾਰੀ ਕਵਿਤਾ ਵਿਚ ਸਤਿਗੁਰੂ ਦੁਆਰਾ ਦੱਸੇ ਸ਼ਬਦ ਅਰਥਾਤ ਨਾਮ ਦੇ ਸੰਕਲਪ ਨੂੰ ਕਲਿਆਣਕਾਰੀ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਉਦਾਹਰਣ ਦੇ ਤੌਰ 'ਤੇ ਬਾਬਾ ਚੰਦਾ ਸਿੰਘ ਆਪਣੇ ਬਾਰਾਂਮਾਹ ਵਿਚ ਗੁਰੂ ਦੁਆਰਾ ਦੱਸੇ ਗੁਰਮੰਤ੍ਰ/ਨਾਮ ਦੇ ਪ੍ਰਕਾਰਜ ਬਾਰੇ ਸ਼ਰਧਾਮੂਲਕ ਦ੍ਰਿਸ਼ਟੀ ਤੋਂ ਲਿਖਦਾ ਹੈ:

ਸਤਿਗੁਰ ਮੇਰਾ ਦੀਨ ਦਇਆਲ,
ਲੱਧਾ ਰਾਮਦਾਸ ਪੁਰੇ ਵਿਚ ਭਾਲ,
ਦੇ ਕੇ ਸ਼ਬਦ ਤੇ ਕਰੇ ਨਿਹਾਲ,
ਕੱਟੇ ਜਨਮ ਮਰਨ ਦੇ ਜਾਲ,
ਮੈਂ ਸਤਿਗੁਰ ਤਾਰੀਆ।[20]

ਉਪਰੋਕਤ ਸਤਰਾਂ ਸਪਸ਼ਟ ਕਰਦੀਆਂ ਹਨ ਕਿ ਸਤਿਗੁਰੂ ਦੀ ਸ਼ਰਨ ਵਿਚ ਜਾਣ ਤੋਂ ਬਾਦ ਜਿਗਿਆਸੂ ਨੂੰ ਨਾਮ ਦੀ ਪ੍ਰਾਪਤੀ ਹੁੰਦੀ ਹੈ ਜੋ ਜਿਗਿਆਸੂ ਲਈ ਕਲਿਆਣਕਾਰੀ ਸਿੱਧ ਹੁੰਦੀ ਹੈ, ਕਿਉਂਕਿ ਗੁਰਮੰਤ੍ਰ ਦਾ ਆਸਰਾ ਲੈ ਕੇ ਹੀ ਉਹ ਜਨਮ-ਮਰਨ ਦੇ ਗੇੜ ਤੋਂ ਮੁਕਤੀ ਪ੍ਰਾਪਤ ਕਰਦਾ ਹੈ।

ਨਾਮਧਾਰੀ ਲਹਿਰ ਦੀ ਕਵਿਤਾ ਦੇ ਅਧਿਐਨ ਤੋਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਨਾਮਧਾਰੀਆਂ ਲਈ 'ਨਾਮ ਸਿਮਰਨ' ਦੀ ਇਕ ਨਿਸ਼ਚਿਤ ਵਿਧੀ ਹੈ। ਇਹ ਵਿਧੀ ਹੈ: ਪਰਮਾਤਮਾ ਦੇ ਚਰਨਾਂ ਵਿਚ ਆਪਣਾ ਪੂਰਾ ਧਿਆਨ ਲਾਉਣ ਤੋਂ ਬਾਦ ਰਸਨਾ ਹਿਲਾ ਕੇ ਅਰਥਾਤ ਉਚਾਰਨ-ਅੰਗਾਂ ਦੀ ਸਹਾਇਤਾ ਨਾਲ ਬੜੇ ਸਹਿਜ ਤੀਰਕੇ ਨਾਲ ਗੁਰਮੰਤ੍ਰ ਦਾ

ਉਚਾਰਨ ਕਰਨਾ। ਇਸ ਤਰ੍ਹਾਂ ਕਰਨ ਨਾਲ ਜਿਗਿਆਸੂ ਆਪਣੇ ਆਪ ਨੂੰ ਨਾਮ ਨਾਲ ਇਕਸੁਰ ਕਰ ਲੈਂਦਾ ਹੈ। ਨਾਮਧਾਰੀ ਕਵਿਤਾ ਅਨੁਸਾਰ 'ਨਾਮ ਸਿਮਰਨ' ਦੀ ਇਸ ਵਿਧੀ ਨੂੰ ਸਭ ਤੋਂ ਪਹਿਲਾਂ ਨਾਮਧਾਰੀ ਸਤਿਗੁਰੂ ਰਾਮ ਸਿੰਘ ਨੇ ਆਪ ਅਪਣਾਇਆ ਸੀ ਜਿਵੇਂ ਕਿ ਗਿਆਨੀ ਗਿਆਨ ਸਿੰਘ ਦੁਆਰਾ ਰਚਿਤ ਇਸ ਦੋਹਰੇ ਤੋਂ ਪਤਾ ਲਗਦਾ ਹੈ:

ਏਸ ਹੀ ਭਜਨ ਮਾਂਹਿ ਰਾਮ ਸਿੰਘ ਸ, ਉਛਾਹਿ,
ਲਾਈ ਲਿਵ ਅਧਕਾਹਿ ਰਸਨਾ ਹਲਾਇ ਕੈ।[21]

ਗਿਆਨੀ ਗਿਆਨ ਸਿੰਘ ਨੇ ਆਪਣੇ ਗਿਆਰ੍ਹਵੇਂ ਕਬਿੱਤ ਵਿਚ ਵੀ ਨਾਮਧਾਰੀ ਲਹਿਰ ਦੇ ਇਸ ਆਧਾਰ-ਸੰਕਲਪ ਦੀ ਵਿਆਖਿਆ ਕੀਤੀ ਹੈ। ਇਸ ਕਬਿੱਤ ਅਨੁਸਾਰ ਸਤਿਗੁਰੂ ਰਾਮ ਸਿੰਘ ਨੇ ਲਗਾਤਾਰ ਵੀਹ ਸਾਲ ਪਰਮਾਤਮਾ ਦੀ ਭਗਤੀ ਅਰਥਾਤ ਨਾਮ-ਸਿਮਰਨ ਕੀਤਾ, ਜਿਸ ਦੇ ਫਲਸਰੂਪ ਉਨ੍ਹਾਂ ਨੂੰ ਬਚਨ-ਸਿੱਧੀ ਪ੍ਰਾਪਤ ਹੋਈ। ਸਤਿਗੁਰੂ ਰਾਮ ਸਿੰਘ ਦੀ ਇਸ ਵਿਉਹਾਰਕ ਪ੍ਰਕਾਰਜ-ਵਿਧੀ ਬਾਰੇ ਕਵੀ ਲਿਖਦਾ ਹੈ:

ਬੀਸਰ ਬਰਸ ਜਬਿ ਸਰਸ ਬਿਤਾਏ ਐਸ
ਬੰਦਗੀ ਜ਼ੁਹਜ ਜਾਪ ਕੀਨੋ ਮਨ ਲਾਇ ਕੈ।
ਦਾਸੀ ਜੋਊ ਨਾਮ ਕੀ ਪ੍ਰਕਾਸ਼ੀ ਰਿਧਿ ਸਿਧਿ ਸੋਊ,
ਭਾਸੀ ਬਾਣੀ ਮੈਂ ਤਸੀਰ ਭਜਨ ਪ੍ਰਭਾਇ ਕੈ।
ਭਈ ਤੋਂ ਆਕਾਸ਼ ਬਾਨੀ ਖਾਸ ਯੋਂ ਮਹਾਨੀ ਤਾਂਹਿ,
ਦੇਹੁ ਨਾਮ ਜੀਵਨ ਕੋ ਸੀਖ ਭੋਗ ਦਾਇ ਕੈ।
ਪੰਥ ਗੁਰ ਦਸਮ ਕੀ ਰਸਮ ਬਢਾਵੋ ਜਗਿ,
ਖਸਮ ਕਾ ਖਾਲਸਾ ਹੈ ਖਾਸ ਯੇ ਲਖਾਇ ਕੈ।[22]

ਇਨ੍ਹਾਂ ਸਤਰਾਂ ਵਿਚ ਕਵੀ ਗੁਰੂ ਰਾਮ ਸਿੰਘ ਨੂੰ ਨਾਮ-ਸਿਮਰਨ ਦੁਆਰਾ ਆਤਮਿਕ ਸ਼ਕਤੀ ਹਾਸਿਲ ਕਰਦਿਆਂ ਦਰਸਾਉਂਦਾ ਹੈ, ਜੋ ਇਥੇ ਇਕ ਵਿਸ਼ੇਸ਼ ਜੁਗਤ ਵਜੋਂ ਪੇਸ਼ ਹੋਈ ਹੈ। ਕਵੀ ਗੁਰੂ ਰਾਮ ਸਿੰਘ ਪ੍ਰਤਿ ਅਥਾਹ ਸ਼ਰਧਾ ਦਾ ਪ੍ਰਗਟਾਵਾ ਕਰਦਿਆਂ ਦਰਸਾਉਂਦਾ ਹੈ ਕਿ ਗੁਰੂ ਰਾਮ ਸਿੰਘ ਨੇ ਆਪ ਨਾਮ ਸਿਮਰਨ ਕਰਦੇ ਹੋਏ ਸਤਿਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਥਾਪਤ ਮਰਿਯਾਦਾ ਅਤੇ ਸਿੱਖੀ ਸਿਧਾਂਤਾਂ ਦਾ ਪ੍ਰਚਾਰ ਕੀਤਾ ਅਤੇ ਆਪਣੇ ਪੈਰੋਕਾਰਾਂ ਨੂੰ ਵੀ ਵਿਧੀਪੂਰਵਕ ਨਾਮ ਸਿਮਰਨ ਕਰਨ ਦਾ ਉਪਦੇਸ਼ ਦਿੱਤਾ।

ਇਸ ਵਿਚਾਰ ਚਰਚਾ ਦੇ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਨਾਮਧਾਰੀ ਲਹਿਰ ਦੇ ਕਵੀਆਂ ਦੁਆਰਾ ਰਚਿਤ ਵਧੇਰੇ ਕਵਿਤਾ ਨਾਮਧਾਰੀ ਗੁਰੂਆਂ ਪ੍ਰਤਿ ਧਾਰਮਿਕ ਸ਼ਰਧਾ ਅਤੇ ਭਗਤੀ ਭਾਂਵਨਾ ਨਾਲ ਭਰਪੂਰ ਕਵਿਤਾ ਹੈ। ਇਸ ਵਿਚ ਗੁਰੂ ਅਤੇ ਸਿੱਖ ਦਾ ਜੋ ਸੰਬੰਧ ਪੇਸ਼ ਹੋਇਆ ਹੈ, ਉਹ ਨਿਰਸਵਾਰਥ ਪ੍ਰੇਮ ਦਾ ਸੰਬੰਧ ਹੈ। ਸਿੱਖ ਗੁਰੂ ਨਾਲ ਸੰਜੋਗ ਦੀ ਅਵਸਥਾ ਵਿਚ ਖੇੜੇ ਵਿਚ ਅਤੇ ਗੁਰੂ ਤੋਂ ਵਿਯੋਗ ਦੀ ਅਵਸਥਾ ਵਿਚ ਬਿਰਹਾ-ਕੁਠੀ ਆਤਮਾ ਵਜੋਂ ਪ੍ਰਸਤੁਤ ਹੋਇਆ ਹੈ। ਬਿਰਹਾ ਅਵਸਥਾ ਦੀ ਨਾਮਧਾਰੀ ਕਵਿਤਾ ਵਿਚ ਅਤਿੰਅਤ ਭਾਵੁਕਤਾ/ਉਪਭਾਵੁਕਤਾ ਭਰਪੂਰ ਅਭਿਵਿਅਕਤੀ ਹੋਈ ਹੈ।

(ਅ) ਧਰਮ ਪ੍ਰਚਾਰ ਕਾਵਿ

ਧਾਰਮਿਕ ਕਵਿਤਾ ਦੀ ਇਕ ਵੰਨਗੀ ਧਰਮ ਪ੍ਰਚਾਰ ਕਾਵਿ ਦੀ ਹੈ। ਨਾਮਧਾਰੀ ਲਹਿਰ ਦੀ ਬਹੁਤ ਸਾਰੀ ਕਵਿਤਾ ਵਿਚ ਅਜਿਹੇ ਪ੍ਰਚਾਰ-ਕਾਵਿ ਦੇ ਪ੍ਰਕਿਰਤੀਗਤ ਲੱਛਣ ਮੌਜੂਦ ਹਨ। ਇਸ ਲਹਿਰ ਦੀ ਨਾਮਧਾਰੀ ਕਵਿਤਾ ਦੇ ਉਦਭਵ ਦਾ ਇਕ ਮੁਖ ਪ੍ਰੇਰਕ ਇਸ ਲਹਿਰ ਦੀ

ਵਿਚਾਰਧਾਰਾ ਦਾ ਪ੍ਰਚਾਰ ਅਤੇ ਪ੍ਰਸਾਰ ਕਰਨਾ ਹੈ। ਅਜਿਹੇ ਪ੍ਰਚਾਰ-ਕਾਵਿ ਬਾਰੇ ਬਲਜੀਤ ਕੌਰ ਦਾ ਨਿਮਨਅੰਕਿਤ ਵਿਚਾਰ ਉਲੇਖਨੀਯ ਹੈ ਜੋ ਕਿ ਪ੍ਰਚਾਰ-ਕਾਵਿ ਦੀ ਪ੍ਰਕਿਰਤੀ ਨੂੰ ਸਪਸ਼ਟ ਕਰਦਾ ਹੈ:

ਪ੍ਰਚਾਰ ਸਾਹਿਤ ਵਿਚ ਧਰਮ ਦੇ ਵਿਚਾਰਧਾਰਕ ਪੱਖ ਦਾ ਪ੍ਰਚਾਰ ਕਰਨ ਦਾ ਮਨੋਰਥ ਪ੍ਰਮੁੱਖ ਰਹਿੰਦਾ ਹੈ। ਅਜਿਹੇ ਸਾਹਿਤ ਦੀ ਰਚਨਾ ਵਿਚ ਆਮ ਤੌਰ ਤੇ ਧਰਮ ਦਾ ਸੰਸਥਾਗਤ ਰੂਪ ਸਕ੍ਰਿਅ ਹੁੰਦਾ ਹੈ।[23]

ਸਪਸ਼ਟ ਹੈ ਕਿ ਪ੍ਰਚਾਰ-ਕਾਵਿ ਸੰਬੰਧਿਤ ਧਰਮ ਜਾਂ ਧਾਰਮਿਕ ਲਹਿਰ ਦੇ ਵਿਚਾਰਧਾਰਕ ਪੱਖ ਦੇ ਪ੍ਰਚਾਰ ਦੀ ਮਨੋਰਥ ਸਿਧੀ ਲਈ ਲਿਖਿਆ ਜਾਣ ਵਾਲਾ ਕਾਵਿ ਹੈ। ਨਾਮਧਾਰੀ ਲਹਿਰ ਦੀ ਕਵਿਤਾ ਦੇ ਅਧਿਐਨ ਤੋਂ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਇਸ ਵਿਚੋਂ ਵਧੇਰੇ ਸਿੱਧੇ ਤੌਰ 'ਤੇ ਨਾਮਧਾਰੀ ਲਹਿਰ ਦਾ ਪ੍ਰਚਾਰ ਅਤੇ ਪ੍ਰਸਾਰ ਕਰਨ ਦੇ ਮਕਸਦ ਨਾਲ ਜੁੜੀ ਹੋਈ ਹੈ। ਅਜਿਹੀ ਕਵਿਤਾ ਦਾ ਇਕੋ ਇਕ ਮਨੋਰਥ ਸਮਾਜ ਵਿਚ ਨਾਮਧਾਰੀ ਲਹਿਰ ਦੇ ਸਿਧਾਂਤਾਂ ਅਤੇ ਸੰਕਲਪਾਂ ਦਾ ਕਾਵਿ ਦੇ ਮਾਧਿਅਮ ਰਾਹੀਂ ਪ੍ਰਚਾਰ ਕਰਨਾ ਹੈ। ਪ੍ਰਚਾਰ-ਕਾਵਿ ਦੇ ਪ੍ਰਵਰਗ ਦੇ ਅੰਤਰਗਤ ਨਾਮਧਾਰੀ ਲਹਿਰ ਦੀਆਂ ਨਿਮਅੰਕਿਤ ਕਾਵਿ-ਰਚਨਾਵਾਂ ਉਲੇਖ ਕਰਨਯੋਗ ਹਨ: ਕਾਹਲਾ ਸਿੰਘ ਰਚਿਤ **ਸ਼ਹੀਦ ਬਿਲਾਸ**, **ਪੈਂਤੀ ਅੱਖਰੀ**, ਕਾਲਾ ਸਿੰਘ ਦੀ **ਪੰਥ ਪ੍ਰਕਾਸ਼ ਨਾਮਧਾਰੀ ਸਿੰਘਾ ਦਾ**, ਇੰਦਰ ਸਿੰਘ ਚੱਕਰਵਰਤੀ ਦੀ **ਮਾਲਵੇਂਦ੍ਰ**, ਬਿਸ਼ਨ ਸਿੰਘ ਦੀ **ਅਣਖੀ ਮਸਤਾਨੇ**, ਧਿਆਨ ਸਿੰਘ ਕਾਦਰਾਬਾਦੀ ਦੀ **ਸ੍ਰੀ ਸਤਿਗੁਰੂ ਬਿਲਾਸ**, ਹਰਨਾਮ ਸਿੰਘ ਦੀ **ਸੰਤ ਖ਼ਾਲਸਾ**, ਮਾਸਟਰ ਨਿਹਾਲ ਸਿੰਘ ਦੀ **ਸੀਤਲਤਾ ਦਾ ਸਰੋਤ**, ਗਿਆਨੀ ਗਿਆਨ ਸਿੰਘ ਦੁਆਰਾ ਰਚਿਤ **ਅਠਾਈ ਕਬਿੱਤ**, ਗੁਰਦੇਵ ਸਿੰਘ ਰਾਏ ਦੀ **ਅਦੁੱਤੀ ਰਹਿਬਰ**, ਕਿਰਪਾਲ ਸਿੰਘ ਕਸੇਲ ਦੀ **ਜੈਸਾ ਸਤਿਗੁਰੂ ਸੁਣੀਂਦਾ** ਅਤੇ ਮਾਸਟਰ ਅਮਰੀਕ ਸਿੰਘ ਦੀ **ਸਚੀ ਤੇਰੀ ਸਿਫ਼ਤਿ** ਆਦਿ। ਇਨ੍ਹਾਂ ਕਾਵਿ-ਰਚਨਾਵਾਂ ਵਿਚ ਨਾਮਧਾਰੀ ਲਹਿਰ ਦੇ ਜਿਨ੍ਹਾਂ ਵਿਚਾਰਧਾਰਕ ਸੰਕਲਪਾਂ ਦਾ ਪ੍ਰਚਾਰ ਹੋਇਆ ਹੈ, ਉਹ ਹਨ: ਨਾਮ ਸਿਮਰਨ, ਸ਼ੋਧ ਮਰਿਯਾਦਾ, ਸਵੱਛ ਬਸਤਰ ਧਾਰਨ ਕਰਨੇ, ਪੰਜ ਕਕਾਰਾਂ ਨੂੰ ਧਾਰਨ ਕਰਨਾ ਆਦਿ। ਇਸ ਦੇ ਨਾਲ-ਨਾਲ ਨਾਮਧਾਰੀ ਗੁਰੂਆਂ ਦੁਆਰਾ ਕੀਤੇ ਗਏ ਧਾਰਮਿਕ, ਸਮਾਜਕ ਅਤੇ ਰਾਜਨੀਤਿਕ ਸੁਧਾਰਾਂ ਦਾ ਵੀ ਪ੍ਰਚਾਰ ਕੀਤਾ ਗਿਆ ਹੈ। ਇਸ ਦੇ ਨਾਲ ਹੀ ਨਾਮਧਾਰੀ ਲਹਿਰ ਦੀ ਰਾਸ਼ਟਰਵਾਦੀ ਨੀਤੀ ਦਾ ਪ੍ਰਚਾਰ ਅਤੇ ਪ੍ਰਸਾਰ ਕਰਨ ਲਈ ਰਾਮ ਸਿੰਘ ਦੁਆਰਾ ਅੰਗਰੇਜ਼ ਸਰਕਾਰ ਪ੍ਰਤਿ ਨਾ-ਮਿਲਵਰਤਣ ਦੀ ਨੀਤੀ ਅਪਨਾਉਣ ਅਤੇ ਉਸ ਦੇ ਸ਼ਾਸਨ-ਪ੍ਰਬੰਧ, ਅਦਾਲਤਾਂ, ਸਕੂਲਾਂ, ਡਾਕਖ਼ਾਨਿਆਂ, ਰੇਲਾਂ, ਸੜਕਾਂ, ਨਹਿਰਾਂ ਅਤੇ ਵਿਦੇਸ਼ੀ ਵਸਤਾਂ ਦਾ ਤਿਆਗ ਕਰਨ ਦਾ ਵੀ ਨਾਮਧਾਰੀ ਕਵਿਤਾ ਵਿਚ ਸਪਸ਼ਟ ਰੂਪ ਵਿਚ ਪ੍ਰਚਾਰ ਹੋਇਆ ਹੈ। ਗੁਰੂ ਰਾਮ ਸਿੰਘ ਦੁਆਰਾ ਚਲਾਏ ਗਏ ਸਵਦੇਸ਼ੀ ਅੰਦੋਲਨ ਅਤੇ ਸ਼ਾਂਤਮਈ ਸਤਿਆਗ੍ਰਹਿ ਦਾ ਉਲੇਖ ਵੀ ਇਸ ਕਵਿਤਾ ਵਿਚ ਕੀਤਾ ਗਿਆ ਹੈ। ਨਾਮਧਾਰੀ ਗੁਰੂ ਵੱਲੋਂ ਆਪਣੀ ਰਾਸ਼ਟਰੀਅਤਾ ਦੀ ਨੀਤੀ ਅਧੀਨ ਵਿਦੇਸ਼ਾਂ ਜਿਵੇਂ ਕਿ ਰੂਸ ਅਤੇ ਨੇਪਾਲ ਨਾਲ ਵੀ ਸੰਬੰਧ ਕਾਇਮ ਕਰਕੇ ਅੰਗਰੇਜ਼ ਸਰਕਾਰ ਦੇ ਵਿਰੁੱਧ ਆਪਣੇ ਅੰਦੋਲਨ ਵਿਚ ਉਨ੍ਹਾਂ ਦਾ ਸਮਰਥਨ ਹਾਸਿਲ ਕਰਨ ਦੇ ਯਤਨਾਂ ਦਾ ਵੀ ਨਾਮਧਾਰੀ ਕਵਿਤਾ ਵਿਚ ਪ੍ਰਚਾਰਾਤਮਕ ਵਰਣਨ ਹੋਇਆ ਹੈ। ਇਨ੍ਹਾ ਸਾਰੇ ਸੰਕਲਪਾਂ, ਵਿਚਾਰਾਂ, ਸੂਤਰਾਂ ਅਤੇ ਅਮਲਾਂ ਦਾ ਨਾਮਧਾਰੀ ਕਵਿਤਾ ਵਿਚ ਕਾਵਿਮਈ ਪ੍ਰਚਾਰ ਅਤੇ ਪ੍ਰਸਾਰ ਹੋਇਆ ਹੈ ਤਾਂ ਕਿ ਜਨ-ਸਾਧਾਰਨ ਵਿਚ ਇਸ ਲਹਿਰ ਦੀਆਂ ਵਿਸ਼ੇਸ਼ਤਾਵਾਂ ਉਘੜਵੇਂ ਰੂਪ ਵਿਚ ਸਾਹਮਣੇ ਆ

ਸਕਣ ਅਤੇ ਲੋਕ-ਸਕਤੀ, ਇਸ ਪ੍ਰਤਿ ਆਕ੍ਰਸ਼ਿਤ ਹੋ ਜਾਵੇ। ਨਿਮਨਅੰਕਿਤ ਕਾਵਿ-ਸਤਰਾਂ ਵਿਚ ਕਿਰਪਾਲ ਸਿੰਘ ਕਸੇਲ ਨਾਮਧਾਰੀ ਲਹਿਰ ਦੁਆਰਾ ਨਾਮ-ਸਿਮਰਨ ਨੂੰ ਮਹੱਤਵ ਦੇਣ ਵਾਲੇ ਪੱਖ ਦਾ ਪ੍ਰਚਾਰ ਕਰਦਾ ਹੋਇਆ ਇਸ ਦੀ ਵਿਚਾਰਧਾਰਕ ਮਹਾਨਤਾ ਦਾ ਗੁਣਗਾਨ ਕਰਦਾ ਹੈ:

ਅਰਾਈਆ ਭੈਣੀ ਬਣ ਗਿਆ
ਮਹਾਂ ਪਵਿੱਤਰ ਧਾਮ।
ਸ਼ਾਂਤੀ ਤੇ ਕ੍ਰਾਂਤੀ ਜਿਥੇ
ਬੈਠੀਆਂ ਇਕੋ ਥਾਂ।
ਉਸ ਨਗਰੀ ਦੀ ਮਹਿਮਾ ਅਜ
ਫੈਲੀ ਵਿਚ ਜਹਾਨ।
ਜਾਣੇ ਕੁੱਲ ਲੁਕਾਈ ਇਹ
ਮਹਾਂ ਪਵਿੱਤਰ ਸਥਾਨ।
ਇਹ ਪ੍ਰਤਾਪ ਹੈ ਗੁਰੂ ਦਾ
ਨਾਮ ਜੀਦਾ ਜਗਜੀਤ
ਮਨ ਜਿੱਤ ਜਗ ਜਿਤਿਆ
ਪਤਿਤੋਂ ਕਰੇ ਪੁੰਨੀਤ।
ਅਜ ਇਸ ਨਗਰੀ ਤੇ
ਹੈ ਆਈ ਬਸੰਤ ਬਹਾਰ।
ਮਹਿਕ ਇਸ ਗੁਲਾਬ ਦੀ
ਫੈਲੀ ਦੇਸੋਂ ਬਾਹਰ।
ਕਈ ਥਾਈਂ ਫੁਲਵਾੜੀਆਂ
ਸਤਿਗੁਰ ਲਾਈਆਂ ਆਣ।
ਚੰਦਨ ਮਹਿਕਾਂ ਵੰਡੀਆਂ
ਨਾਮ ਦੀ ਸ਼ਕਤੀ ਮਹਾਨ।
ਪਰਸ ਚਰਨ ਗੁਰਦੇਵ ਦੇ
ਹੋਵਣ ਸਿਖ ਨਿਹਾਲ।[24]

ਉਪਰੋਕਤ ਕਾਵਿ ਸਤਰਾਂ ਦੇ ਅਧਿਐਨ ਤੋਂ ਸਪੱਸ਼ਟ ਹੈ ਕਿ ਇਹ ਨਾਮਧਾਰੀ ਲਹਿਰ ਦੇ ਦੋ ਵਿਚਾਰਧਾਰਕ ਪਹਿਲੂਆਂ-ਸ਼ਾਂਤੀ ਅਤੇ ਕ੍ਰਾਂਤੀ ਨੂੰ ਉਭਾਰਨ ਨੂੰ ਮਕਸਦ ਬਣਾਉਂਦੀਆਂ ਹਨ। ਇਹ ਕਵਿਤਾ ਨਾਮਧਾਰੀ ਲਹਿਰ ਦੇ ਧਾਰਮਿਕ ਅਤੇ ਰਾਜਨੀਤਿਕ ਦੋਹਾਂ ਸਰੂਪਾਂ ਦਾ ਪ੍ਰਚਾਰ ਕਰਦੀ ਹੈ। ਇਸ ਦੇ ਨਾਲ ਹੀ ਇਹ ਨਾਮਧਾਰੀ ਗੁਰੂਆਂ ਨੂੰ ਸਰਬ-ਵਿਆਪਕ ਅਤੇ ਸਰਬਪੱਖੀ ਗੁਣਾਂ ਦਾ ਮਾਲਕ ਦਰਸਾਉਂਦੀ ਹੈ। ਨਾਮਧਾਰੀ ਗੁਰੂਆਂ ਨੇ ਦਸ ਗੁਰੂ ਸਾਹਿਬਾਨ ਵਾਂਗ ਹੀ ਧਾਰਮਿਕ ਅੰਧ-ਵਿਸ਼ਵਾਸਾਂ, ਫੋਕੇ ਕਰਮ-ਕਾਂਡਾਂ ਅਤੇ ਵਹਿਮਾਂ-ਭਰਮਾਂ ਦੀ ਸਖ਼ਤ ਸ਼ਬਦਾਂ ਵਿਚ ਆਲੋਚਨਾ ਤੇ ਨਿੰਦਾ ਕੀਤੀ ਹੈ ਜਿਸ ਦੇ ਫਲਸਰੂਪ ਨਾਮਧਾਰੀ ਪੈਰੋਕਾਰਾਂ ਦੀ ਮਾਨਸਿਕਤਾ ਵਿਚੋਂ ਅੰਧ-ਵਿਸ਼ਵਾਸ ਪੂਰੀ ਤਰ੍ਹਾਂ ਖਾਰਜ ਹੋ ਗਏ। ਉਨ੍ਹਾਂ ਨੂੰ ਇਨ੍ਹਾਂ ਅੰਧ-ਵਿਸ਼ਵਾਸਾਂ ਤੋਂ ਮੁਕਤ ਕਰਕੇ ਮਾਨਸਿਕ ਸ਼ਕਤੀ ਪ੍ਰਦਾਨ ਕਰਨ ਲਈ ਨਾਮਧਾਰੀ ਗੁਰੂ ਰਾਮ ਸਿੰਘ ਨੇ ਗੁਰਬਾਣੀ ਨੂੰ ਆਧਾਰ ਬਣਾਇਆ। ਇਸ ਗੱਲ ਦੀ ਪੁਸ਼ਟੀ

ਹੇਠ ਲਿਖੀਆਂ ਕਾਵਿ-ਸਤਰਾਂ ਦੇ ਅਧਿਐਨ ਤੋਂ ਹੋ ਜਾਂਦੀ ਹੈ:
ਕਰਦੇ ਪਹਿਰ ਰਾਤੀ ਇਸ਼ਨਾਨ,
ਪੜ੍ਹਦੇ ਬਾਣੀ ਲਾਏ ਧਿਆਨ,
ਢਾਹੁਣ ਮੜ੍ਹੀਆਂ ਗੋਰ ਮਕਾਨ,
ਸਤਿਗੁਰ ਬਹਿੰਦੇ ਲਾਇ ਦੀਵਾਨ,
ਰਾਗੀ ਵਾਰ ਆਸਾ ਦੀ ਲਾਣ,
ਸਿੰਘ ਹੋ ਮਸਤਾਨੇ ਜਾਣ,
ਉਹ ਭਬਕਾਂ ਮਾਰਦੇ।[25]

ਉਪਰੋਕਤ ਕਾਵਿ-ਸਤਰਾਂ ਵਿਚ ਕਵੀ ਨੇ ਨਾਮਧਾਰੀਆਂ ਦੇ ਨਿੱਤਨੇਮ ਦਾ ਵਰਣਨ ਕੀਤਾ ਹੈ, ਜਿਸ ਵਿਚ ਉਨ੍ਹਾਂ ਦੇ ਦਿਨ ਚੜ੍ਹਨ ਤੋਂ ਸਵਾ ਪਹਿਰ ਪਹਿਲਾਂ ਉੱਠ ਕੇ ਇਸ਼ਨਾਨ ਕਰਨਾ, ਆਪਣੇ ਗੁਰੂ ਦੀ ਹਜ਼ੂਰੀ ਵਿਚ ਗੁਰਬਾਣੀ ਦਾ ਪਾਠ ਕਰਨਾ ਅਤੇ ਸਤਿਗੁਰੂ ਦੀ ਟੇਕ ਤੇ ਆਸਰਾ ਲੈ ਕੇ ਆਪਣੇ ਮੂਲ ਨਾਲ ਇਕਮਿਕਤਾ ਦਾ ਅਨੁਭਵ ਕਰਨਾ ਸ਼ਾਮਿਲ ਹੈ। ਗੁਰਬਾਣੀ ਦੀ ਮਹਾਨਤਾ ਦਾ ਪ੍ਰਚਾਰ ਕਰਦਿਆਂ ਉਸ ਦਾ ਆਸਰਾ ਲੈਣ ਤੋਂ ਬਾਦ ਨਾਮਧਾਰੀ ਸ਼ਰਧਾਲੂਆਂ ਲਈ ਮੜ੍ਹੀ ਮਸਾਣਾਂ ਦੀ ਪੂਜਾ ਅਤੇ ਹੋਰ ਫੋਕੇ ਅੰਧ-ਵਿਸ਼ਵਾਸਾਂ ਨੂੰ ਫਜ਼ੂਲ ਦੱਸਿਆ ਗਿਆ ਹੈ। ਇਸੇ ਸੰਦਰਭ ਵਿਚ ਕਾਲਾ ਸਿੰਘ ਰਚਿਤ ਬਾਰਾਂਮਾਹ ਵਿਚੋਂ ਨਿਮਨਅੰਕਿਤ ਕਾਵਿ-ਸਤਰਾਂ ਅਧਿਐਨਯੋਗ ਹਨ:

ਵੈਸਾਖ ਵਿਸਰਿਆ ਨਾਮ ਜਿਨ੍ਹਾਂ ਨੂੰ
ਰਾਹ ਅਵਲੜੇ ਜਾਂਦੇ ਨੇ।
ਦੇਵੀ ਦੇਵਤੇ ਪੂਜਣ ਵਾਲੇ ਦਰ-ਦਰ
ਚੋਟਾਂ ਖਾਂਦੇ ਨੇ।
ਮੜ੍ਹੀ ਮਸਾਣੀ ਗੁੱਗਾ ਭੈਰੋਂ
ਪੂਜ ਨਰਕ ਨੂੰ ਜਾਂਦੇ ਨੇ।
ਗੁਰੂ ਰਾਮ ਸਿੰਘ ਨਾਮ ਜਪਾ ਕੇ
ਨਰਕ ਵਿਚੋਂ ਕਢ ਲਿਆਂਦੇ ਨੇ।[26]

ਇਸ ਕਾਵਿ-ਬੰਦ ਵਿਚ ਨਾਮਧਾਰੀ ਗੁਰੂ ਰਾਮ ਸਿੰਘ ਦੇ ਜਸ-ਗਾਇਨ ਦਾ ਵੱਡਾ ਆਧਾਰ ਉਨ੍ਹਾਂ ਦੁਆਰਾ ਨਾਮ ਜਪਾਉਣ ਦੇ ਕਾਰਜ ਨੂੰ ਬਣਾਇਆ ਗਿਆ ਹੈ। ਕਵੀ ਦੇ ਨਾਮ ਦੇ ਮਹੱਤਵ ਨੂੰ ਉਜਾਗਰ ਕਰਦਿਆਂ ਇਹ ਵੀ ਸਪੱਸ਼ਟ ਕੀਤਾ ਹੈ ਕਿ ਜੋ ਵਿਅਕਤੀ ਪਰਮਾਤਮਾ ਦੇ ਨਾਮ ਨੂੰ ਵਿਸਾਰ ਦਿੰਦਾ ਹੈ, ਉਹ ਕੁਰਾਹੇ ਪੈ ਕੇ ਕਈ ਪ੍ਰਕਾਰ ਦੇ ਫੋਕੇ ਵਹਿਮਾਂ-ਭਰਮਾਂ ਦੇ ਚੱਕਰ ਵਿਚ ਫਸ ਜਾਂਦਾ ਹੈ ਅਤੇ ਆਪਣਾ ਕੀਮਤੀ ਸਮਾਂ ਕਰਮ-ਕਾਂਡਾਂ ਵਿਚ ਵਿਅਰਥ ਗੁਆਉਂਦਾ ਹੈ। ਪਰਮਾਤਮਾ ਦਾ ਨਾਮ ਵਿਸਾਰ ਕੇ ਕੁਰਾਹੇ ਪੈਣ ਨੂੰ ਕਵੀ ਨੇ 'ਨਰਕ' ਨੂੰ ਜਾਣ ਦੀ ਅਭਿਵਿਅਕਤੀ ਦੁਆਰਾ ਚਿਹਨਿਤ ਕੀਤਾ ਹੈ। ਕਵੀ ਅਨੁਸਾਰ ਗੁਰੂ ਦੁਆਰਾ ਨਾਮ ਜਪਾਉਣ ਦੇ ਫ਼ਲਸਰੂਪ ਸਮਾਜ ਵਿਚੋਂ ਸਾਰੀਆਂ ਬੁਰਾਈਆਂ ਖ਼ਤਮ ਹੋਣ ਲੱਗੀਆਂ ਅਤੇ ਸਮਾਜ ਦਾ ਸੁਧਾਰ ਹੋਣ ਲੱਗਾ। ਗਿਆਨੀ ਗਿਆਨ ਸਿੰਘ ਨੇ ਵੀ ਨਾਮਧਾਰੀ ਗੁਰੂ ਰਾਮ ਸਿੰਘ ਦੁਆਰਾ ਕੀਤੇ ਗਏ ਧਾਰਮਿਕ ਅਤੇ ਸਦਾਚਾਰਕ ਸੁਧਾਰਾਂ ਦਾ ਵਰਣਨ ਕਰਦੇ ਹੋਏ ਸਤਿਗੁਰੂ ਦਾ ਜਸ-ਗਾਇਨ ਕੀਤਾ ਹੈ। ਮਿਸਾਲ ਵਜੋਂ ਉਸ ਦੀਆਂ ਨਿਮਨਅੰਕਿਤ ਕਾਵਿ-ਪੰਗਤੀਆਂ ਦਾ ਅਧਿਐਨ ਕੀਤਾ ਜਾ ਸਕਦਾ ਹੈ:

ਪਾਇ ਇਹੁ ਹੁਕਮ ਪ੍ਰਮੇਸ ਕਾ ਬਿਬੇਸ ਫਿਰ
ਰਾਮ ਮ੍ਰਿਗੇਸ ਉਪਦੇਸ਼ ਦੇਨ ਲਾਗਿਓ।
ਹੁਕੇ ਛੁਡਵਾਏ ਰਖਵਾਏ ਕੇਸ ਮੋਨਿਓਂ ਕੇ
ਸੁਧਾ ਛਕ ਥਾਇ ਸਿਖ ਭਾਗ ਜਿਨੈ ਜਾਗਿਓ।
ਫੈਲਿਓ ਜਸ ਭਾਂਰੀ ਸਿਖ ਥੀਏ ਤਾਹਿ ਕੇ ਅਪਾਰੀ
ਸਿੰਘ ਪੰਥ ਬਿਰਧਾਇਓ ਨਾਮ ਰਸ ਪਾਗਿਓ।
ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਜਾਰੀ
ਠੱਗੀ ਤਜਿ ਥੀਏ ਸੰਤ ਸਤਿਜੁਗ ਆ ਗਿਓ।[27]

ਭਾਵੇਂ ਇਹ ਕਾਵਿ-ਸਤਰਾਂ ਕਥਨਮੂਲਕ ਵਿਧੀ ਵਿਚ ਰਚੀਆਂ ਹੋਈਆਂ ਹਨ ਪਰ ਇਨ੍ਹਾਂ ਦੇ ਅਧਿਐਨ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਰਾਮ ਸਿੰਘ ਨੇ ਸਿੱਖੀ ਮਰਿਜਾਦਾ ਦੀ ਪੁਨਰ-ਸੁਰਜੀਤੀ ਹਿਤ ਸਿੱਖ-ਸਿਧਾਂਤਾਂ ਦਾ ਪ੍ਰਚਾਰ ਕਰਨਾ ਸ਼ੁਰੂ ਕੀਤਾ ਸੀ ਜਿਸਦੇ ਫਲਸਰੂਪ ਜਿਹੜੇ ਸਿੱਖ ਸਿਧਾਂਤਾਂ ਤੋਂ ਮੁਨਕਰ ਹੋ ਚੁੱਕੇ ਸਨ ਜਾਂ ਹੋ ਰਹੇ ਸਨ, ਉਹ ਵੀ ਦੁਬਾਰਾ ਸਿੱਖ ਧਰਮ ਵਿਚ ਪ੍ਰਵੇਸ਼ ਕਰ ਗਏ। ਉਨ੍ਹਾ ਦਾ ਇਹ ਪੁਨਰ-ਪ੍ਰਵੇਸ਼ ਨਾਮਧਾਰੀ ਲਹਿਰ ਦੇ ਅੰਤਰਗਤ ਹੋਇਆ ਅਤੇ ਇਸ ਨਾਲ ਸਿੱਖ ਪੰਥ ਵਿਚ ਗਿਣਨਾਤਮਕ ਵਾਧਾ ਹੋਇਆ।

ਨਾਮਧਾਰੀ ਕਵਿਤਾ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਇਹ ਕਵਿਤਾ ਗੁਰੂ ਦੇ ਉਪਦੇਸ਼ ਨਾਲ ਸਮਾਜ ਵਿਚੋਂ ਘਾਤਕ ਬੁਰਾਈਆਂ ਦੇ ਖ਼ਤਮ ਹੋਣ ਨੂੰ ਵੀ ਪ੍ਰਚਾਰ ਦਾ ਵਿਸ਼ੈ ਬਣਾਉਂਦੀ ਹੈ। ਇਸ ਕਵਿਤਾ ਵਿਚ ਨਾਮਧਾਰੀ ਗੁਰੂ ਅਤੇ ਉਨ੍ਹਾਂ ਦੇ ਪੈਰੋਕਾਰਾਂ ਦੀ ਉੱਚੀ-ਸੁੱਚੀ ਜੀਵਨ-ਜਾਚ ਦਾ ਵੀ ਪ੍ਰਸੰਸਾਤਮਕ ਵਰਣਨ ਕੀਤਾ ਗਿਆ ਹੈ ਅਤੇ ਇਸ ਤਰ੍ਹਾਂ ਉਨ੍ਹਾਂ ਦੇ ਪਹਿਰਾਵੇ, ਖਾਣ-ਪੀਣ, ਆਚਾਰ-ਵਿਹਾਰ ਆਦਿ ਦੀ ਸ਼ੁੱਧਤਾ, ਸਵੱਛਤਾ ਅਤੇ ਵਿਚਾਰਾਂ ਦੀ ਸਾਦਗੀ ਤੇ ਉੱਚਤਾ ਨੂੰ ਧਰਮ ਦੀ ਦ੍ਰਿਸ਼ਟੀ ਤੋਂ ਪ੍ਰਚਾਰਿਆ ਹੈ। ਇਸ ਦੀ ਇਕ ਉਦਾਹਰਣ ਵਜੋਂ ਗਿਆਨੀ ਗਿਆਨ ਸਿੰਘ ਦੁਆਰਾ ਰਚਿਤ ਕਬਿੱਤ ਦਾ ਅਧਿਐਨ ਕੀਤਾ ਜਾ ਸਕਦਾ ਹੈ, ਜੋ ਨਿਮਨਅੰਕਿਤ ਹੈ:

ਹਮਨ ਕਰੈਂਹੇ ਭੋਗ ਗ੍ਰੰਥ ਜੀ ਕੇ ਪੈਹੇਂ ਬਹੁ
ਸੰਗਤੋਂ ਕੇ ਕੱਠ ਥੈਹੇ ਰੈਹੈ ਰਚਨਾ ਲਗੀ
ਇਸ਼ਨਾਨ ਕਰਿ ਹੈਂ ਸਕੇਸ ਵੇਸ ਰਾਤ ਹੀ ਤੇ,
ਵਾਹਿਗਰੂ ਨਾਮ ਮਾਂਹਿ ਰਾਖੈ ਰਚਨਾ ਪਗੀ।
ਰਾਖ ਹੈਂ ਪੁਸ਼ਾਕ ਪਾਕ ਸ਼ੁਕਲ ਉਰਣ ਮਾਲ,
ਕੱਛ ਕੜਾ ਕ੍ਰਦ ਮਰਦ ਨਾਰਿ ਸਭ ਜੇਤਗੀ।[28]

ਉਪਰੋਕਤ ਕਬਿੱਤ ਨਾਮਧਾਰੀ ਲਹਿਰ ਦੇ ਪੈਰੋਕਾਰਾਂ ਦੀ ਸਮੁੱਚੀ ਜੀਵਨ-ਜਾਚ ਦਾ ਕਾਵਿਕ ਵਰਣਨ ਹੈ। ਇਸ ਵਿਚ ਸੰਗਤ ਦਾ ਸੰਕਲਪ ਤਾਂ ਆਪਮੁਹਾਰੇ ਹੀ ਅਭਿਵਿਅਕਤ ਹੋ ਜਾਂਦਾ ਹੈ, ਇਸ ਦੇ ਨਾਲ ਹੀ ਨਾਮਧਾਰੀ ਸਿੱਖਾਂ ਦਾ ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ਵਾਸ ਅਤੇ ਉਨ੍ਹਾਂ ਦੀ ਪਾਠ ਕਰਨ ਦੀ ਪ੍ਰਵਿਰਤੀ ਨੂੰ ਵੀ ਪ੍ਰਚਾਰਿਆ ਗਿਆ ਹੈ। ਇਹ ਕਵਿਤਾ ਨਾਮਧਾਰੀਆਂ ਦੁਆਰਾ ਮਨ ਦੇ ਨਾਲ ਨਾਲ ਸਰੀਰ ਨੂੰ ਸ਼ੁੱਧ ਰੱਖਣ, ਸਰੀਰਕ ਸ਼ੁੱਧਤਾ ਲਈ ਪਹਿਰ ਦੇ ਤੜਕੇ ਕੇਸੀ ਇਸ਼ਨਾਨ ਕਰਨ, ਸਾਫ਼ ਚਿੱਟੇ ਵਸਤਰ ਧਾਰਨ ਕਰਨ, ਉਨ੍ਹਾਂ ਵਸਤਰਾਂ ਦੇ ਨਾਲ ਇਕ ਸੌ ਅੱਠ ਮਣਕਿਆਂ ਦੀ ਚਿੱਟੀ ਉੱਨ ਦੀ ਮਾਲਾ ਧਾਰਨ ਕਰਨ ਅਤੇ

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਦੱਸੇ ਗਏ ਪੰਜ ਕਕਾਰਾਂ ਨੂੰ ਧਾਰਨ ਕਰਨ ਦਾ ਪ੍ਰਚਾਰਮੂਲਕ ਵਿਧੀ ਵਿਚ ਵਰਣਨ ਵੀ ਕਰਦੀ ਹੈ।

ਨਾਮਧਾਰੀ ਕਵੀਆਂ ਨੇ ਆਪਣੀ ਕਵਿਤਾ ਵਿਚ ਗੁਰੂ ਰਾਮ ਸਿਘ ਦੁਆਰਾ ਅੰਮ੍ਰਿਤ ਛਕਾਉਣ ਸਮੇਂ ਇਸਤਰੀਆਂ ਨੂੰ ਪੁਰਸ਼ਾਂ ਦੇ ਬਰਾਬਰ ਅੰਮ੍ਰਿਤ ਛਕਾਉਣ ਦੇ ਵਿਲੱਖਣ ਅਮਲ ਵੱਲ ਵੀ ਸ਼ੰਕੇਤ ਕੀਤਾ ਹੈ। ਸੰਤ ਖ਼ਾਲਸੇ ਦੀ ਸਿਰਜਣਾ ਤੋਂ ਬਾਦ ਨਾਮਧਾਰੀ ਸਮਾਜ ਦੀ ਰੂਪ-ਰੇਖਾ ਨੂੰ ਕਵੀ ਕਾਹਲਾ ਸਿੰਘ ਨੇ ਹੇਠ ਲਿਖੀਆਂ ਕਾਵਿ-ਸਤਰਾਂ ਵਿਚ ਪੇਸ਼ ਕੀਤਾ ਹੈ:

ਸੰਤ ਖਾਲਸਾ ਬਣਾਇਆ ਤੇ ਮਿਟਾਇਆ ਨ੍ਹੇਰ ਗੁਰੂ ਜੀ ਨੇ,
ਸੰਤ ਖਾਲਸਾ ਹੈ ਸਿੰਘਾਂ ਨਾਮਧਾਰੀਆਂ।
ਢੋਕਾਂ ਦੇ ਸ਼ਬਦ, ਅਖੰਡ ਪਾਠ ਸ਼ੁਰੂ ਕੀਤੇ,
ਅੰਮ੍ਰਿਤ ਛਕਾਇਆ ਖੰਡੇ ਧਾਰ ਨਰ ਨਾਰੀਆਂ।
ਗਿਰੀ ਹੋਈ ਸਿਖੀ ਨਵੇਂ ਸਿਰੇ ਫੇਰ ਕੈਮ ਕੀਤੀ,
ਮੰਨਿਆ ਸੀ ਦੁਖ ਦੇਖ ਭੰਡੀਆਂ ਪੁਜਾਰੀਆਂ।
ਕਲੂ ਕਾਲ ਵਿਚ ਸਤਿਜੁਗ ਲਾਇਆ ਕਾਹਲਾ ਸਿੰਘਾ,
ਗੁਰੂ ਰਹਿਤ ਨੂੰ ਦਸ ਕੁਰਹਿਤਾਂ ਸੁਧਾਰੀਆਂ।[29]

ਜਿਵੇਂ ਕਿ ਇਸ ਬੰਦ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਸਿੱਖ-ਸਮਾਜ ਵਿਚ ਆ ਰਹੇ ਧਾਰਮਿਕ ਅਤੇ ਸਦਾਚਾਰਕ ਪਤਨ ਨੂੰ ਦੇਖਦਿਆਂ ਹੀ ਨਾਮਧਾਰੀ ਗੁਰੂ ਨੇ ਸੰਤ ਖ਼ਾਲਸੇ ਦੀ ਸਿਰਜਨਾ ਕੀਤੀ ਅਤੇ ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਦੁਆਰਾ ਸਥਾਪਤ ਮਰਿਯਾਦਾ ਨੂੰ ਮੁੜ ਬਹਾਲ ਕੀਤਾ। ਉਨ੍ਹਾਂ ਨੇ ਗੁਰੂ ਸਾਹਿਬਾਨ ਦੁਆਰਾ ਦਰਸਾਏ ਗਏ ਜੀਵਨ-ਮਾਰਗ ਦਾ ਪ੍ਰਚਾਰ ਕਰਕੇ ਸਮਾਜ ਵਿਚ ਪੈਦਾ ਹੋਈਆਂ ਕੁਰੀਤੀਆਂ ਤੇ ਕੁਰਹਿਤਾਂ ਤੋਂ ਸਮਾਜ ਨੂੰ ਮੁਕਤ ਕੀਤਾ। ਨਾਮਧਾਰੀ ਕਵੀਆਂ ਨੇ ਇਸ ਲਹਿਰ ਦੇ ਬਾਨੀ ਗੁਰੂ ਰਾਮ ਸਿੰਘ ਦੀ ਸਿੱਖ ਸਮਾਜ ਨੂੰ ਇਸ ਮਹੱਤਪੂਰਨ ਦੇਣ ਦਾ ਪ੍ਰਚਾਰ ਵਿਸ਼ੇਸ਼ ਤੌਰ ਤੇ ਅਤੇ ਜ਼ੋਰਦਾਰ ਢੰਗ ਨਾਲ ਕੀਤਾ ਹੈ।

ਨਾਮਧਾਰੀ ਕਵਿਤਾ ਵਿਚ ਨਾਮਧਾਰੀ ਗੁਰੂਆਂ ਦੁਆਰਾ ਸੰਗਤ ਤੇ ਪੰਗਤ ਦੇ ਸੰਕਲਪ ਦੀ ਪੁਨਰ-ਸੁਰਜੀਤੀ ਸੰਬੰਧੀ ਵੀ ਚਰਚਾ ਕੀਤੀ ਗਈ ਮਿਲਦੀ ਹੈ। ਸਿਖ-ਇਤਿਹਾਸ ਅਤੇ ਨਾਮਧਾਰੀ ਲਹਿਰ ਦੇ ਇਤਿਹਾਸ, ਦੋਹਾਂ ਦੇ ਅਧਿਐਨ ਤੋਂ 'ਸੰਗਤ ਅਤੇ ਪੰਗਤ' ਦਾ ਮਹੱਤਵ ਉਜਾਗਰ ਹੁੰਦਾ ਹੈ। ਇਹ ਸੰਕਲਪ ਸਿੱਖ ਗੁਰੂ ਸਾਹਿਬਾਨ ਦੇ ਸਮੇਂ ਸਿਖ-ਸਮਾਜ ਵਿਚ ਆਪਣੀ ਵਿਸ਼ੇਸ਼ ਥਾਂ ਬਣਾ ਚੁੱਕਾ ਸੀ। ਇਹ ਮੂਲ ਰੂਪ ਵਿਚ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦੇ ਵਿਚਾਰਧਾਰਕ ਆਧਾਰ ਉੱਤੇ ਉਸਰਿਆ ਹੋਇਆ ਸੰਕਲਪ ਹੈ। ਨਾਮਧਾਰੀ ਕਵਿਤਾ ਅਨੁਸਾਰ ਗੁਰੂ ਰਾਮ ਸਿੰਘ ਨੇ ਨਾਮਧਾਰੀ ਲਹਿਰ ਦੀ ਸਥਾਪਨਾ ਸਮੇਂ ਇਸ ਵਿਚਾਰਧਾਰਕ ਆਧਾਰ ਨੂੰ ਇਸ ਲਹਿਰ ਦਾ ਅਨਿੱਖੜ ਅੰਗ ਬਣਾਇਆ। ਉਨ੍ਹਾਂ ਨੇ ਸਭ ਤੋਂ ਪਹਿਲਾਂ ਆਪ ਕਿਰਤ ਕਰਨ ਅਤੇ ਨਾਮ ਜਪਣ ਦੀ ਮਿਸਾਲ ਕਾਇਮ ਕੀਤੀ ਅਤੇ ਦਸਾਂ ਨਹੁੰਆਂ ਦੀ ਕਿਰਤ ਕਮਾਈ ਨਾਲ ਲੰਗਰ-ਪ੍ਰਥਾ ਚਾਲੂ ਕੀਤੀ। ਗਿਆਨੀ ਗਿਆਨ ਸਿੰਘ ਨੇ ਉਨ੍ਹਾਂ ਦੁਆਰਾ ਕੀਤੇ ਗਏ ਇਸ ਸ਼ਲਾਘਾਯੋਗ ਯਤਨ ਬਾਰੇ ਇਸ ਤਰ੍ਹਾਂ ਲਿਖਿਆ ਹੈ:

• ਕਰਤੋਂ ਦੁਕਾਨ ਲੋਹੇ ਕੱਪੜੇ ਕੀ ਰਾਮ ਸਿੰਘ,

ਤਾਂ ਤੇ ਨਫ਼ਾ ਪਾਇ ਜੋਊ ਆਪ ਪੈਨ੍ਹੇ ਖਾਇ ਹੈ।
ਸੰਗਤ ਅਪਾਰ ਆਵੈ ਦਰ ਪੈ ਰਹਾਵੈ ਭੀਰ,
ਪੂਜਾ ਜੋ ਚੜ੍ਹਾਵੈ ਸੋ ਤੋ ਲੰਗਰ ਮੈਂ ਪਾਇ ਹੈ।
ਲੈਹੇ ਜੋਊ ਨਾਮ ਆਇ ਸੋਊ ਤੋ ਮਸਤ ਥਾਇ,
ਦਸਤਾਰ ਡਾਰ ਦਾਇ ਗਲ ਚਢ ਜਾਇ ਹੈ।[30]
ਆਪਣੀ ਦੁਕਾਨ ਦੀ ਕਮਾਈ
ਛਕਾਈ ਪੰਥ ਤਾਈਂ
ਫੇਰ ਸੁਰਜੀਤ ਕੀਤਾ
ਦੇਸ਼ ਉਪਕਾਰ ਨੂੰ।[31]

ਉਪਰੋਕਤ ਕਾਵਿ-ਸਤਰਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਰਾਮ ਸਿੰਘ ਨਾਮਧਾਰੀ ਸਮਾਜ ਦੇ ਗੁਰੂ ਹੋਣ ਕਰਕੇ ਸਰਵ ਉੱਤਮ ਰੁਤਬਾ ਰੱਖਦੇ ਸਨ, ਪਰ ਉਨ੍ਹਾਂ ਨੇ ਹੱਥੀ ਕਿਰਤ ਕਰਨੀ ਨਹੀਂ ਸੀ ਛੱਡੀ। ਉਹ ਆਪਣੇ ਪਰਿਵਾਰ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਆਪਣੀ ਦਸਾਂ ਨਹੁੰਆਂ ਦੀ ਕਿਰਤ ਨਾਲ ਹੀ ਕਰਦੇ ਸਨ ਅਤੇ ਜੋ ਚੜ੍ਹਾਵਾਂ ਚੜਦਾ ਸੀ, ਉਸ ਨੂੰ ਉਹ ਸੰਗਤ ਦਾ ਹੱਕ ਸਮਝ ਕੇ ਲੰਗਰ ਵਿਚ ਪਾ ਦਿੰਦੇ ਸਨ। ਇਸਦੇ ਫ਼ਲਸਰੂਪ ਨਾਮਧਾਰੀ ਸਮਾਜ ਵਿਚ 'ਸੰਗਤ ਅਤੇ ਪੰਗਤ' ਦਾ ਸੰਕਲਪ ਅਮਲੀ ਰੂਪ ਵਿਚ ਸ਼ਕਤੀਸ਼ਾਲੀ ਬਣਿਆ। 'ਸੰਗਤ ਅਤੇ ਪੰਗਤ' ਦੇ ਸੰਕਲਪ ਨੂੰ ਕਾਮਯਾਬ ਕਰਨ ਲਈ ਨਾਮਧਾਰੀ ਗੁਰੂ ਨੇ ਆਪਣੇ ਪੈਰੋਕਾਰਾਂ ਨੂੰ ਵੱਖ-ਵੱਖ ਥਾਵਾਂ 'ਤੇ ਇਸ ਪ੍ਰਥਾ ਦਾ ਪ੍ਰਚਾਰ ਕਰਨ ਲਈ ਅਤੇ ਇਸ ਨੂੰ ਅਮਲੀ ਰੂਪ ਵਿਚ ਲਾਗੂ ਕਰਨ ਲਈ ਵੀ ਭੇਜਿਆ। ਬਾਬਾ ਚੰਦਾ ਸਿੰਘ ਨਾਮਧਾਰੀ ਸਤਿਗੁਰੂ ਦੁਆਰਾ ਸਥਾਪਤ ਲੰਗਰ-ਪ੍ਰਥਾ ਬਾਰੇ ਪ੍ਰਚਾਰਮਈ ਸੁਰ ਵਿਚ ਇਸ ਤਰ੍ਹਾ ਲਿਖਦਾ ਹੈ:

ਇਕ ਬਿਹੰਗਮ ਸਿੰਘ ਬਣਾਏ,
ਸਾਰਿਆਂ ਨਗਰਾਂ ਵਿਚ ਬਿਠਾਏ,
ਸ਼ਬਦ ਬਾਣੀਆਂ ਕੰਠ ਕਰਾਏ,
ਸਤਿਗੁਰੂ ਘਰ ਘਰ ਲੰਗਰ ਲਾਏ
ਭੁੱਖਾ ਨੰਗਾ ਕੋਈ ਨਾ ਜਾਏ,
ਦੇਖ ਬਿਚਾਰ ਕੇ।[32]

ਚੰਦਾ ਸਿੰਘ ਵਾਂਗ ਹੀ ਧਿਆਨ ਸਿੰਘ ਕਾਦਰਾਬਾਦੀ ਨੇ ਵੀ ਆਪਣੀ ਕਾਵਿ-ਰਚਨਾ ਵਿਚ 'ਸੰਗਤ ਅਤੇ ਪੰਗਤ' ਪ੍ਰਥਾ ਦੇ ਵਿਭਿੰਨ ਪਾਸਾਰਾਂ ਨੂੰ ਪ੍ਰਚਾਰ ਦੀ ਸੁਰ ਵਿਚ ਬਿਆਨ ਕੀਤਾ ਹੈ। ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ ਦੇ ਛੇਵੇਂ ਅਧਿਆਇ ਵਿਚ ਉਸ ਨੇ ਲਿਖਿਆ ਹੈ:

ਕਰੀ ਯੌਂ ਤਿਆਰੀ ਗੁਰੂ ਮੋਹਨ ਮੁਰਾਰੀ ਰਚੇ
ਧਾਮ ਹਿਤ ਧਾਰੀ ਕਰ ਸੁੰਦਰ ਬਿਓਤ ਹੈ॥
ਕਰੀ ਦੇਗ ਜਾਰੀ ਪਾਸ ਕੂਪ ਸੀਤ ਬਾਰੀ ਛਕੇ
ਅਚੇ ਨਰ ਨਾਰੀ ਭੂਖ ਪਿਆਸ ਸਾਰੀ ਖੋਤ ਹੈ॥
ਸਬਦ ਅਪਾਰੀ ਪਰਲੋਕ ਭੀ ਸਵਾਰੀ ਛੂਟੇ
ਕਾਨ ਜਮ ਸਾਰੀ ਨਾਮਧਾਰੀ ਪੰਥ ਪੋਤ ਹੈ॥

ਦੇਵਨ ਅਚਾਰੀ ਤਹਾਂ ਗਤੁ ਦਿਹਾਰੀ ਸੋਧ
ਸੁਰਤੀ ਵਿਚਾਰੀ ਬਾਣੀ ਗੁਰੂ ਕੀ ਮਨੋਤ ਹੈ॥
...ਕਲੂ ਕੋ ਬੁਹਾਰੀ ਆਦਿ ਯੁਗ ਲੜੀ ਸਾਰੀ ਮੋਤੀ
ਨਾਮ ਮੂਲ ਭਾਰੀ ਸਿਖ ਸੰਗਤ ਪਰੋਤ ਹੈ॥
ਦਾਸ ਬਲਿਹਾਰੀ ਮੋਖ ਭੋਗ ਕੇ ਭੰਡਾਰੀ ਭੈਣੀ
ਸਾਹਿਬ ਮਝਾਰੀ ਨਾਮਧਾਰੀ ਸਚੀ ਜੋਤਿ ਹੈ॥
ਲੰਗਰ ਕੇ ਮੰਦਰ ਬਣੇ ਹੈਂ ਸਭ ਸੁੰਦਰ ਸੁ
ਅੰਦਰ ਹੀ ਖੂਹ ਸਿੰਘ ਨਾਇ ਬਾਣੀ ਰਟੇ ਹੈਂ॥ [33]

ਉਪਰੋਕਤ ਕਾਵਿ-ਸਤਰਾਂ ਸਪਸ਼ਟ ਕਰਦੀਆਂ ਹਨ ਕਿ ਖ਼ਾਲਸੇ ਦੀ ਪੁਨਰ-ਸਿਰਜਣਾ ਕਰਨ ਤੋਂ ਬਾਦ ਨਾਮਧਾਰੀ ਗੁਰੂ ਰਾਮ ਸਿੰਘ ਨੇ ਸਦਾਬਰਤ ਲੰਗਰ ਦੀ ਪ੍ਰਥਾ ਚਾਲੂ ਕਰਨ ਲਈ ਆਪਣੇ ਇਕ ਪੈਰੋਕਾਰ ਰਾਇ ਸਿੰਘ ਨੂੰ ਹਜ਼ੂਰ ਸਾਹਿਬ ਜਾ ਕੇ ਉਥੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਚਲਾਈ ਗਈ ਲੰਗਰ ਮਰਿਯਾਦਾ ਸੰਬੰਧੀ ਜਾਣਕਾਰੀ ਹਾਸਿਲ ਕੀਤੀ ਸੀ।

ਇਸੇ ਰਹਿਤ ਮਰਿਯਾਦਾ ਅਨੁਸਾਰ ਹੀ ਨਾਮਧਾਰੀ ਗੁਰੂ ਨੇ ਆਪਣੇ ਪੈਰੋਕਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ੁੱਧ ਪਾਠ ਕਰਨ ਦਾ ਹੁਕਮ ਵੀ ਦਿੱਤਾ। ਨਾਮਧਾਰੀ ਕਵਿਤਾ ਵਿਚ ਸਤਿਗੁਰੂ ਦੇ ਹੁਕਮ/ਉਪਦੇਸ਼ ਨੂੰ ਬਹੁਤ ਮਹੱਤਤਾ ਦਿੱਤੀ ਗਈ ਹੈ। ਨਾਮਧਾਰੀ ਸਿੱਖਾਂ ਦਾ ਸਮੁੱਚਾ ਜੀਵਨ ਗੁਰੂ ਦੇ ਹੁਕਮ ਅਨੁਸਾਰ ਹੀ ਚਲਦਾ ਹੈ, ਜਿਵੇਂ ਕਿ ਧਿਆਨ ਸਿੰਘ ਕਾਦਰਾਬਾਦੀ ਦੀਆਂ ਨਿਮਨਲਿਖਿਤ ਕਾਵਿ-ਸਤਰਾਂ ਤੋਂ ਸਪਸ਼ਟ ਹੈ:

ਗੋਬਿੰਦ ਸਿੰਘ ਗੁਰ ਰੀਤ ਸੰਭਾਲੋ॥
ਲੋਕ ਦੁਹਨ ਕੋ ਜੋ ਰਖਵਾਲੋ॥
ਦਾਨ ਕਿਯਾ ਸਤਿਗੁਰ ਸੁਖ ਦਾਨ॥
ਮਾਸ ਸ਼ਰਾਬ ਵਿਕਰਮ ਦੁਹੇਲਾ॥
ਤਰਕ ਕਰਹੁ ਤੁਰਕੀਨ ਕਾ ਮੇਲਾ॥ [34]

ਨਾਮਧਾਰੀ ਕਵਿਤਾ ਵਿਚ ਗੁਰੂ ਵਲੋਂ ਆਪਣੇ ਸਿੱਖਾਂ ਨੂੰ ਤਨ-ਮਨ ਅਤੇ ਆਚਰਣ ਨੂੰ ਸ਼ੁੱਧ ਰੱਖਣ ਦੇ ਹੁਕਮ ਸੰਬੰਧੀ ਵੀ ਜ਼ਿਕਰ ਆਉਂਦਾ ਹੈ। ਨਾਮਧਾਰੀ ਕਵਿਤਾ ਵਿਸ਼ੇਸ਼ ਤੌਰ 'ਤੇ ਇਸ ਗੱਲ ਦਾ ਪ੍ਰਚਾਰ ਕਰਦੀ ਹੈ ਕਿ ਮਨੁੱਖ ਸਾਫ਼ ਅਤੇ ਸ਼ੁੱਧ ਜੀਵਨ ਤਾਂ ਹੀ ਬਤੀਤ ਕਰ ਸਕਦਾ ਹੈ, ਜੇਕਰ ਉਹ ਆਪਣੇ ਗੁਰੂ ਦੇ ਹੁਕਮ/ਉਪਦੇਸ਼ ਦੀ ਪਾਲਣਾ ਪੂਰੀ ਦ੍ਰਿੜ੍ਹਤਾ ਨਾਲ ਕਰੇ। ਸਤਿਗੁਰੂ ਦੇ ਹੁਕਮ ਦੀ ਪਾਲਣਾ ਨਾਲ ਮਨੁੱਖ ਦਾ ਲੌਕਿਕ ਜੀਵਨ ਤਾਂ ਸਫ਼ਲ ਹੁੰਦਾ ਹੀ ਹੈ, ਉਹ ਜਨਮ-ਮਰਨ ਦੇ ਚੱਕਰ ਤੋਂ ਵੀ ਮੁਕਤ ਹੋ ਜਾਂਦਾ ਹੈ। ਨਿਮਨਅੰਕਿਤ ਕਾਵਿ-ਸਤਰਾਂ ਵਿਚ ਬਾਬਾ ਚੰਦਾ ਸਿੰਘ ਨੇ ਗੁਰੂ-ਉਪਦੇਸ਼ ਦੇ ਮਹੱਤਵ ਨੂੰ ਇਸ ਪ੍ਰਕਾਰ ਉਜਾਗਰ ਕੀਤਾ ਹੈ:-

ਉਹਨਾਂ ਸਿੰਘਾਂ ਤੋਂ ਕੁਰਬਾਨ,
ਜਿਹੜੇ ਗੁਰਾਂ ਦੇ ਬਚਨ ਕਮਾਨ,
ਕਰਦੇ ਸਣ ਕੇਸੀ ਇਸ਼ਨਾਨਾ,
ਹਿਰਦੇ ਗੁਰਾਂ ਦਾ ਧਰਨ ਧਿਆਨ,

ਉਹ ਆਪ ਤਰੇ ਕੁਲ ਤਾਰਦੇ।
ਜਿਨ੍ਹਾਂ ਗੁਰ ਦੇ ਬਚਨ ਕਮਾਏ,
ਉਹ ਤੇ ਫੇਰ ਜੂਨ ਨਹੀਂ ਆਏ,
ਵੱਸੇ ਜਾਇ ਸ਼ਹੀਦੀ ਪਾਏ,
ਸਤਿਗੁਰ ਬਾਹੋਂ ਪਕੜ ਲੰਘਾਏ,
ਭਵਜਲ ਪਾਰ ਤੇ।[35]

ਨਾਮਧਾਰੀ ਕਵਿਤਾ 'ਹੁਕਮ' ਦੇ ਸਿੱਧਾਂਤ ਨੂੰ ਇਸ ਦੀਆਂ ਵਿਭਿੰਨ ਪ੍ਰਾਪਤੀਆਂ ਸਹਿਤ ਪੇਸ਼ ਕਰਦੀ ਹੈ। ਇਸ ਕਵਿਤਾ ਵਿਚ ਮਨੁੱਖ ਦੀ ਮੁਕਤੀ ਦੇ ਸੰਕਲਪ ਦਾ ਪ੍ਰਚਾਰ ਵੀ 'ਹੁਕਮ' ਦੇ ਸੰਦਰਭ ਵਿਚ ਰੱਖ ਕੇ ਹੀ ਕੀਤਾ ਗਿਆ ਹੈ।

ਨਾਮਧਾਰੀ ਲਹਿਰ ਦੀ ਕਵਿਤਾ ਦੀ ਪ੍ਰਚਾਰਮੂਲਕ ਪ੍ਰਕਿਰਤੀ, 'ਗਊ ਰੱਖਿਆ' ਦਾ ਪ੍ਰਚਾਰ ਕਰਨ ਵਾਲੀ ਕਵਿਤਾ ਵਿਚ ਸਭ ਤੋਂ ਵੱਧ ਉਘੜਦੀ ਹੈ। ਨਾਮਧਾਰੀ ਲਹਿਰ ਦੇ ਇਤਿਹਾਸ ਦੇ ਅਧਿਐਨ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਨਾਮਧਾਰੀ ਸਿੱਖ 'ਗਊ ਰੱਖਿਆ' ਨੂੰ ਆਪਣੇ ਧਰਮ ਦਾ ਅਟੁੱਟ ਅੰਗ ਮੰਨਦੇ ਸਨ। ਇਸ ਦੇ ਫ਼ਲਸਰੂਪ ਨਾਮਧਾਰੀ ਕਵਿਤਾ ਵਿਚ 'ਗਊ ਰੱਖਿਆ' ਦਾ ਪ੍ਰਚਾਰ ਇਕ ਵਿਸ਼ੇਸ਼ ਵਿਚਾਰਧਾਰਕ ਆਧਾਰ ਨੂੰ ਲੈ ਕੇ ਕੀਤਾ ਗਿਆ ਹੈ। ਨਾਮਧਾਰੀ ਲਹਿਰ ਦੇ ਇਤਿਹਾਸ ਵਿਚ ਵਾਪਰੀਆਂ ਸਾਰੀਆਂ ਸ਼ਹੀਦੀ ਘਟਨਾਵਾਂ ਗਊ-ਰੱਖਿਆ ਦੇ ਸੰਕਲਪ ਨੂੰ ਅਮਲੀ ਰੂਪ ਦੇਣ ਦਾ ਸਿੱਟਾ ਹਨ। 'ਗਊ ਰੱਖਿਆ' ਦੇ ਇਸ ਵਿਚਾਰਧਾਰਕ ਸੰਕਲਪ ਨੂੰ ਨਾਮਧਾਰੀ ਕਵਿਤਾ ਵਿਚ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਚਾਰਿਆ ਗਿਆ ਹੈ। ਬਾਬਾ ਚੰਦਾ ਸਿੰਘ ਆਪਣੇ ਬਾਰਾਂਮਾਹ ਵਿਚ ਨਾਮਧਾਰੀ ਗੁਰੂ ਰਾਮ ਸਿੰਘ ਦੇ 'ਗਓ ਰੱਖਿਆ' ਸੰਬੰਧੀ ਹੁਕਮ ਨੂੰ ਇਸ ਤਰ੍ਹਾਂ ਲਿਖਦਾ ਹੈ:

ਸਤਿਗੁਰ ਹੋਰ ਹੁਕਮ ਚੜ੍ਹਾਏ,
ਸਾਰੀ ਸੰਗਤ ਤਾਈਂ ਸੁਣਾਏ,
ਇਹ ਮਲੇਸ਼ ਨੰਦਨੋਂ ਆਏ,
ਏਨ੍ਹਾ ਬੁਚੜ ਖਾਨੇ ਲਾਏ,
ਸਾਨੂੰ ਦੁਖ ਗਊਆਂ ਦਾ ਖਾਏ,
ਸਿੰਘੋ ਸੀਸ ਦੇਵਣੋ ਆਏ,
ਨਾਏ ਕਰਤਾਰ ਦੇ।
ਚੰਦਾ ਸਿੰਘ ਇਹ ਗੁਰਾਂ ਦੀ ਰੀਤ.
ਕਮਰਾਂ ਕੱਸ ਕੇ ਖਲੇ ਸ਼ਹੀਦ,
ਜਿਨ੍ਹਾਂ ਗੁਰ ਬਚਨੀ ਪਰਤੀਤ,
ਦੇਣੇ ਕੀਏ ਧਰਮ ਤੋਂ ਸੀਸ,
ਉਹ ਹੋਏ ਤਿਆਰ ਨੇ।
ਉਨ੍ਹਾਂ ਸ਼ਾਸਤਰ ਜਾ ਚਲਾਏ,
ਮਾਰੇ ਬੁੱਚੜ ਖਾਕ ਰੁਲਾਏ,
ਕਟੇ ਗਊਆਂ ਦੇ ਗਲੋਂ ਫਾਹੇ,
ਦੇਉਤਿਆਂ ਜੈ ਜੈ ਕਾਰ ਬੁਲਾਏ,
ਧਰਮ ਵੀਚਾਰ ਕੇ।[36]

ਜਿਵੇਂ ਕਿ ਇਸ ਕਾਵਿ-ਬੰਦ ਦੇ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਸਤਿਗੁਰੂ ਦਾ ਹੁਕਮ ਮੰਨ ਕੇ ਨਾਮਧਾਰੀ ਸਿੰਘ ਗਊ-ਰੱਖਿਆ ਲਈ ਸਰਗਰਮ ਹੋ ਉੱਠੇ ਅਤੇ ਉਨ੍ਹਾਂ ਨੇ ਵੱਖ-ਵੱਖ ਬੁੱਚੜਖਾਨਿਆਂ ਵਿਚ ਬੁੱਚੜਾਂ ਦਾ ਘਾਤ ਕਰਕੇ ਗਊਆਂ ਨੂੰ ਉਨ੍ਹਾਂ ਦੀ ਕੈਦ ਵਿਚੋਂ ਆਜ਼ਾਦ ਕਰਵਾਇਆ। ਕਵੀ ਦੀ ਕਲਪਨਾ ਹੈ ਕਿ ਬੁੱਚੜਘਾਤ ਦੇ ਨਜ਼ਾਰੇ ਨੂੰ ਦੇਖ ਕੇ ਸਵਰਗ-ਲੋਕ ਵਿਚ ਦੇਵਤਿਆਂ ਨੇ ਵੀ ਨਾਮਧਾਰੀ ਸ਼ਹੀਦਾਂ ਦੀ ਬਹਾਦਰੀ ਦੀ ਜੈ-ਜੈ ਕਾਰ ਕੀਤੀ। ਕਿਹਾ ਜਾ ਸਕਦਾ ਹੈ ਇਥੇ ਕਵੀ ਦਾ ਮੁੱਖ ਮਨੋਰਥ ਨਾਮਧਾਰੀ ਸਤਿਗੁਰੂ, ਉਨ੍ਹਾ ਦੀਆਂ ਨੀਤੀਆਂ ਅਤੇ ਨਾਮਧਾਰੀ ਸ਼ਹੀਦਾਂ ਦੀ ਵਡਿਆਈ ਕਰਦੇ ਹੋਏ, ਇਨ੍ਹਾ ਦਾ ਪ੍ਰਚਾਰ ਕਰਨਾ ਹੈ।

ਇਸ ਕਵਿਤਾ ਦੇ ਅਧਿਐਨ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਨਾਮਧਾਰੀ ਲਹਿਰ ਦੇ ਵਿਚਾਰਧਾਰਕ ਤੇ ਵਿਹਾਰਕ ਪਾਸਾਰਾਂ ਵਿਚੋਂ ਇਕ ਮੁੱਖ ਪਾਸਾਰ ਅੰਗਰੇਜ਼ ਸਰਕਾਰ ਦੇ ਭਾਰਤ ਉੱਤੇ ਕਬਜ਼ੇ ਦਾ ਵਿਰੋਧ ਅਤੇ ਸਰਕਾਰ ਦੀਆਂ ਨੀਤੀਆਂ ਦਾ ਪੂਰਨ ਬਾਈਕਾਟ ਕਰਨਾ ਹੈ। ਨਾਮਧਾਰੀ ਲਹਿਰ ਦੇ ਪੈਰੋਕਾਰਾਂ ਵਿਚ ਦੇਸ਼-ਭਗਤੀ ਦੀ ਭਾਵਨਾ ਏਨੀ ਪ੍ਰਬਲ ਸੀ ਕਿ ਉਹ ਕਿਸੇ ਵੀ ਵਿਦੇਸ਼ੀ ਤਾਕਤ ਦੀ ਗ਼ੁਲਾਮੀ ਬਰਦਾਸ਼ਤ ਨਹੀਂ ਸਨ ਕਰਦੇ। ਨਾਮਧਾਰੀ ਗੁਰੂ ਨੇ ਆਪਣੇ ਸ਼ਰਧਾਲੂਆਂ ਵਿਚ ਸਵੈ-ਵਿਸ਼ਵਾਸ ਭਰਨ ਲਈ ਉਨ੍ਹਾਂ ਨੂੰ ਗੁਰਬਾਣੀ ਅਤੇ ਨਾਮ-ਸਿਮਰਨ ਨਾਲ ਜੋੜਿਆ ਅਤੇ ਇਸ ਤਰ੍ਹਾਂ ਸਿੱਖ ਰਹਿਤ-ਮਰਿਯਾਦਾ ਨੂੰ ਪੁਨਰ-ਸੁਰਜੀਤ ਕਰਨ ਦੇ ਨਾਲ ਨਾਲ ਉਨ੍ਹਾਂ ਦੇ ਮਨਾਂ ਅੰਦਰ ਉਹ ਖ਼ਾਲਸਾ ਰਾਜ ਨੂੰ ਮੁੜਕੇ ਸਥਾਪਤ ਕਰਨ ਦੀ ਇੱਛਾ ਜਾਗ੍ਰਿਤ ਕੀਤੀ। ਇਸ ਸੰਦਰਭ ਵਿਚ ਨਿਮਨਅੰਕਿਤ ਕਾਵਿ-ਸਤਰਾਂ ਅਧਿਐਨਯੋਗ ਹਨ, ਜਿਨ੍ਹਾਂ ਵਿਚ ਕਵੀ ਕਾਹਲਾ ਸਿੰਘ ਨੇ ਨਾਮਧਾਰੀ ਸਤਿਗੁਰੂ ਦੀ ਇਸ ਦੋਹਰੀ ਨੀਤੀ ਦੀ ਪੇਸ਼ਕਾਰੀ ਪ੍ਰਚਾਰਮਈ ਸੁਰ ਵਿਚ ਕੀਤੀ ਹੈ:

ਭਜਨ ਕੰਨ ਮੈਂ ਸੁਣਾਨ, ਫੇਰ ਰਹਿਤ ਰਖਾਨ ਗੁਰ,
ਸਿੰਘ ਅੰਮ੍ਰਿਤ ਛਕਾਣ, ਕੂਕਾ ਸਿੰਘ ਸੋ ਸਦਾਉਂਦਾ।
ਗਊਆਂ ਸਹਾਈ ਪੰਥ, ਦੇਸ ਦੀ ਭਲਾਈ ਪੰਥ,
ਕਢੋ ਦੇਸ ਤੇ ਫਰੰਗੀ, ਰਾਜ ਆਪਣਾ ਕਰਾਉਂਦਾ।
ਖੋਲੋ ਅੰਧਕਾਰ ਨੈਨ, ਸਿੰਘ ਘਲੇ ਰੂਸ ਲੈਨ,
ਸਿੰਘ ਰਾਜ ਤਾਜ ਲੈਨ ਇਹ ਸਬਕ ਸਿਖਾਉਂਦਾ।[37]

ਨਾਮਧਾਰੀ ਗੁਰੂ ਆਪਣੀ ਇਸ ਨੀਤੀ ਅਨੁਸਾਰ ਭਗਤੀ ਤੇ ਸ਼ਕਤੀ ਦਾ ਸੁਮੇਲ ਕਰਕੇ ਦੇਸ਼ ਨੂੰ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਆਜ਼ਾਦ ਕਰਾਉਣਾ ਚਾਹੁੰਦੇ ਸਨ। ਇਸ ਲਈ ਉਹ ਆਮ ਜਨਤਾ ਨੂੰ ਵਿਦੇਸ਼ੀ ਗ਼ੁਲਾਮੀ ਵਿਰੁੱਧ ਜਾਗ੍ਰਿਤ ਕਰਕੇ ਇਕਮੁੱਠ ਕਰਨ ਲਈ ਯਤਨਸ਼ੀਲ ਹੋਏ। ਉਨ੍ਹਾਂ ਨੇ ਆਪਣੀਆਂ, ਰਾਜਨੀਤਿਕ ਅਤੇ ਧਾਰਮਿਕ ਨੀਤੀਆਂ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਅੰਗਰੇਜ਼ੀ ਸ਼ਾਸਨ-ਪ੍ਰਬੰਧ ਦੇ ਸਮਾਨਾਂਤਰ ਇਕ ਸੂਬਾ-ਪ੍ਰਬੰਧ ਸਥਾਪਤ ਕੀਤਾ। ਉਨ੍ਹਾਂ ਦੁਆਰਾ ਸਥਾਪਤ ਇਸ ਸੂਬਾ-ਪ੍ਰਬੰਧ ਬਾਰੇ ਉਨ੍ਹਾਂ ਦੇ ਸਮਕਾਲੀ ਸਿੱਖ-ਇਤਿਹਸਕਾਰ ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ:

ਦੇਸਨ ਮੈਂ ਧੁੰਮ ਮਾਚੀ ਸਾਚੀ ਇਸ ਤਾਂਹਿ ਤਬਿ,
ਆਵੈਂ ਲੋਗ ਸਿੱਖ ਬਾਵੈਂ ਅਜ਼ਮਾਵੈ ਤੈਸ ਹੀ।
ਮਾਲਵੇ ਦੁਆਬੇ ਮਾਝੇ ਪੋਠੋਹਾਰ ਤੇ ਅਪਾਰ,

ਥੀਏ ਸਿਖ ਬੇਸ਼ੁਮਾਰ ਤੀਨ ਲਾਖ ਐਸ ਹੀ।
ਸੂਬੇ ਕੀਨੇ ਬਾਈ ਤਿਨ ਅਕਬਰ ਸ਼ਾਹਿ ਨਿਆਈ।[38]

ਇਨ੍ਹਾਂ ਪੰਗਤੀਆਂ ਤੋਂ ਸਪਸ਼ਟ ਹੈ ਕਿ ਗੁਰੂ ਰਾਮ ਸਿੰਘ ਨੇ ਅਕਬਰ ਬਾਦਸ਼ਾਹ ਵਰਗਾ ਸ਼ਾਸਨ-ਪ੍ਰਬੰਧ ਕਾਇਮ ਕਰਨ ਲਈ ਬਾਈ ਸੂਬੇ ਸਥਾਪਤ ਕੀਤੇ। ਨਾਮਧਾਰੀ ਸਤਿਗੁਰੂ ਰਾਮ ਸਿੰਘ ਦੁਆਰਾ ਆਜ਼ਾਦੀ ਪ੍ਰਤਿ ਚੇਤਨਾ ਪੈਦਾ ਕਰਨ ਅਤੇ ਸੂਬਾ-ਪ੍ਰਬੰਧ ਕਾਇਮ ਕਰਨ ਬਾਰੇ ਕਿਰਪਾਲ ਸਿੰਘ ਕਸੇਲ ਨੇ ਵੀ ਲਿਖਿਆ ਹੈ:

ਸਤਿਗੁਰ ਰਾਹ ਵਿਖਾਲਿਆ,
ਜਗੀ ਆਜ਼ਾਦੀ ਜੋਤ।
ਇਹੋ ਭੈਣੀ ਬਣ ਗਿਆ,
ਸੁਤੰਤਰਤਾ ਦਾ ਸ੍ਰੋਤ।
ਸਤਿਗੁਰ ਸੂਬੇ ਥਾਪ ਕੇ,
ਵੰਡਿਆ ਨਾਮ ਸੰਦੇਸ਼।
ਸੁੱਤੀ ਜਨਤਾ ਜਾਗ ਪਈ,
ਸੁਤੰਤਰ ਕਰਨਾ ਦੇਸ।[39]

ਉਪਰੋਕਤ ਹਵਾਲਿਆਂ ਤੋਂ ਸਪਸ਼ਟ ਹੈ ਕਿ ਨਾਮਧਾਰੀ ਸਤਿਗੁਰੂ ਨੇ ਬਾਈ ਸੂਬੇ ਥਾਪ ਕੇ ਅੰਗਰੇਜ਼ੀ ਸ਼ਾਸਨ-ਪ੍ਰਬੰਧ ਦੇ ਸਮਾਨਾਂਤਰ ਆਪਣਾ ਇਕ ਸੁਤੰਤਰ ਸ਼ਾਸਨ-ਪ੍ਰਬੰਧ ਕਾਇਮ ਕੀਤਾ। ਉਨ੍ਹਾਂ ਦੁਆਰਾ ਥਾਪੇ ਗਏ ਸੂਬਿਆਂ ਨੇ ਉਨ੍ਹਾਂ ਦੇ ਵਿਚਾਰਾਂ ਅਤੇ ਉਪਦੇਸ਼ਾਂ ਨੂੰ ਆਮ ਜਨਤਾ ਵਿਚ ਪ੍ਰਸਾਰਿਆ ਅਤੇ ਲੋਕਾਂ ਵਿਚ ਦੇਸ਼-ਭਗਤੀ ਦੇ ਜਜ਼ਬੇ ਦਾ ਸੰਚਾਰ ਕੀਤਾ। ਨਾਮਧਾਰੀ ਕਵਿਤਾ ਨੇ ਅੰਗਰੇਜ਼ ਸਰਕਾਰ ਪ੍ਰਤਿ ਨਾ-ਮਿਲਵਰਤਨ ਦੀ ਨੀਤੀ ਅਤੇ ਸਵਦੇਸ਼ੀ ਦੇ ਪ੍ਰਚਾਰ ਵਿਚ ਆਪਣਾ ਹਿੱਸਾ ਪਾਇਆ ਹੈ। ਅੰਗਰੇਜ਼ ਹਕੂਮਤ ਪ੍ਰਤਿ ਨਾ-ਮਿਲਵਰਤਨ ਦੀ ਨੀਤੀ ਅਧੀਨ ਨਾਮਧਾਰੀ ਗੁਰੂ ਨੇ ਆਪਣੇ ਸੂਬਿਆਂ ਦੀ ਸਹਾਇਤਾ ਨਾਲ ਅੰਗਰੇਜ਼ੀ ਸਕੂਲਾਂ, ਡਾਕਖ਼ਾਨਿਆਂ, ਸੜਕਾਂ, ਨਹਿਰਾਂ, ਨੌਕਰੀਆਂ, ਵਿਦੇਸ਼ੀ ਵਸਤਰਾਂ ਅਤੇ ਵਸਤੂਆਂ ਦਾ ਬਾਈਕਾਟ ਕੀਤਾ ਸੀ। ਉਨ੍ਹਾਂ ਦੀ ਇਸ ਨੀਤੀ ਦੀ ਨਾਮਧਾਰੀ ਕਵਿਤਾ ਵਿਚ ਵਿਭਿੰਨ ਜੁਗਤਾਂ ਰਾਹੀਂ ਪੇਸ਼ਕਾਰੀ ਹੋਈ ਹੈ। ਮਿਸਾਲ ਵਜੋਂ ਗੁਰਦੇਵ ਸਿੰਘ ਰਾਏ ਲਿਖਦਾ ਹੈ:

ਨਾਮਧਾਰੀ ਸਿਖ ਜਗਤ ਨੂੰ ਨੀਤੀ ਸਮਝਾਈ।
ਨਾ – ਮਿਲਵਰਤਨ ਲਹਿਰ ਦੀ ਉਸ ਲੀਹ ਦਰਸਾਈ।
ਮਿਸ਼ਨ ਸਕੂਲੀ ਵਿਦਿਆ ਦੀ ਕਰੀ ਮਨਾਹੀ।
ਜਾਂਦਾ ਸੀ ਪਰਚਾਰਿਆ ਉਥੇ ਧਰਮ ਈਸਾਈ।
ਜਿਸ ਨੇ ਸਭਿਆਚਾਰ ਨੂੰ ਡਾਢੀ ਢਾਹ ਲਾਈ।
ਵਿਚ ਫਰੰਗੀ ਅਦਾਲਤਾਂ ਨਾ ਜਾਵੋ ਭਾਈ।
ਨਾ ਹੀ ਪਰਖੀ ਜਾਂਵਦੀ ਉਥੇ ਸਚਿਆਈ।
ਬਣੀਆਂ ਕੂਕਾਂ ਅਦਾਲਤਾਂ ਪੰਚਾਇਤ ਨਿਆਈਂ।
ਡਾਕ ਤਾਰ ਸਰਕਾਰ ਦਾ ਸਭ ਪਖ ਖਪਾਈ।
ਕੂਕਾ ਡਾਕ ਪ੍ਰਬੰਧ ਦੀ ਕੀਤੀ ਪਕਿਆਈ।[40]

ਇਹ ਪੰਗਤੀਆਂ ਬੜੀ ਸਪੱਸ਼ਟ ਅਤੇ ਸਰਲ ਪੇਸ਼ਕਾਰੀ ਵਿਧੀ ਵਿਚ ਨਾ-

ਮਿਲਵਰਤਨ ਦਾ ਸੰਦੇਸ਼ ਦਿੰਦੀਆਂ ਹਨ ਤਾਂ ਕਿ ਇਹ ਜਨ-ਸਾਧਾਰਨ ਲਈ, ਸਮਝਣਯੋਗ ਵੀ ਬਣੇ ਤੇ ਗ੍ਰਹਿਣਯੋਗ ਵੀ।

ਨਾਮਧਾਰੀ ਕਵਿਤਾ ਦਾ ਧਰਮ ਦੀ ਦ੍ਰਿਸ਼ਟੀ ਤੋਂ ਅਧਿਐਨ ਕਰਦਿਆਂ ਇਹ ਤੱਥ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਨਾਮਧਾਰੀ ਲਹਿਰ ਦੀ ਵਧੇਰੇ ਕਵਿਤਾ ਸਦਾਚਾਰਕ ਉਪਦੇਸ਼ ਦੀ ਸੁਰ ਵਾਲੀ ਹੈ। ਇਸ ਕਵਿਤਾ ਦੀ ਅਜਿਹੀ ਉਪਦੇਸ਼ਾਤਮਕ ਸੁਰ ਦਾ ਧਾਰਮਿਕ ਦ੍ਰਿਸ਼ਟੀ ਤੋਂ ਵਿਸ਼ੇਸ਼ ਮਹੱਤਵ ਹੈ। ਇਸ ਨੂੰ ਇਸ ਕਵਿਤਾ ਦੇ ਸੁਧਾਰਵਾਦੀ ਮਨੋਰਥ ਦੇ ਅਨਿੱਖੜੀਆਂ ਅੰਗ ਵਜੋਂ ਦੇਖਿਆ ਜਾਣਾ ਉਚਿਤ ਹੋਵੇਗਾ। ਵਿਸ਼ੇਸ਼ ਕਰਕੇ ਨਾਮਧਾਰੀ ਲਹਿਰ ਦੀ ਪਹਿਲੇ ਪੜਾਅ ਦੀ ਕਵਿਤਾ ਵਿਚ ਧਾਰਮਿਕ ਤੇ ਸਦਾਚਾਰਕ ਸੁਧਾਰਾਂ ਪ੍ਰਤਿ ਕਵੀਆਂ ਦੀ ਸੁਚੇਤਤਾ ਭਾਰੂ ਹੈ। ਇਸ ਦੌਰ ਦੀਆਂ ਵਧੇਰੇ ਕਾਵਿ-ਰਚਨਾਵਾਂ ਵਿਚ ਕਵੀਆਂ ਨੇ ਨਾਮਧਾਰੀ ਲਹਿਰ ਦੇ ਧਾਰਮਿਕ-ਸਦਾਚਾਰਕ ਸੰਕਲਪਾਂ ਅਤੇ ਸਿਧਾਂਤਾਂ ਦੀ ਹੀ ਵਿਆਖਿਆ ਕੀਤੀ ਹੈ। ਕੁਝ ਕਾਵਿ-ਰਚਨਾਵਾਂ ਵਿਚ ਸਦਾਚਾਰਕ ਉਪਦੇਸ਼ ਕਾਵਿ-ਵਕਤਾ ਉੱਤੇ ਵੀ ਭਾਰੂ ਹੋ ਜਾਂਦਾ ਹੈ। ਅਸਲ ਵਿਚ ਨਾਮਧਾਰੀ ਲਹਿਰ ਦੀ ਵਧੇਰੇ ਕਵਿਤਾ ਵਿਚ ਵਿਚਾਰਧਾਰਾ ਨੂੰ ਪ੍ਰਾਥਮਿਕ ਅਤੇ ਕਾਵਿ ਵਕਤਾ ਨੂੰ ਦੂਜੈਲਾ ਸਥਾਨ ਪ੍ਰਾਪਤ ਹੈ। ਇਸ ਦੀ ਇਕ ਮਿਸਾਲ ਵਜੋਂ ਹੇਠ ਲਿਖੀਆਂ ਕਾਵਿ-ਸਤਰਾਂ ਦਾ ਅਧਿਐਨ ਕਰਨਾ ਬਣਦਾ ਹੈ:

ਵੈਸਾਖ ਵਿਸਰਿਆ ਨਾਮ ਜਿਨ੍ਹਾਂ ਨੂੰ ਰਾਹ ਅਵਲੜੇ ਜਾਂਦੇ ਨੇ,
ਦੇਵੀ ਦੇਵਤੇ ਪੂਜਣ ਵਾਲੇ ਦਰ ਦਰ ਚੋਟਾਂ ਖਾਂਦੇ ਨੇ।
ਮੜ੍ਹੀ ਮਸਾਣੀ ਗੁੱਗਾ ਭੈਰੋਂ ਪੂਜ ਨਰਕ ਨੂੰ ਜਾਂਦੇ ਨੇ,
ਗੁਰੂ ਰਾਮ ਸਿੰਘ ਨਾਮ ਜਪਾ ਕੇ ਨਰਕ ਵਿਚੋਂ ਕਢ ਲਿਆਂਦੇ ਨੇ।[41]

ਉਪਰੋਕਤ ਕਾਵਿ-ਸਤਰਾਂ ਸਿੱਧੀ ਕਥਨਮੂਲਕ ਵਿਧੀ ਵਿਚ ਉਪਦੇਸ਼ ਦੇਣ ਵਾਲੀ ਪ੍ਰਕਿਰਤੀ ਦੀਆਂ ਧਾਰਣੀ ਹਨ। ਇਹ ਨਾਮ-ਸਿਮਰਨ ਉੱਤੇ ਜ਼ੋਰ ਦੇਣ ਦੇ ਨਾਲ-ਨਾਲ ਧਰਮ ਦੇ ਨਾ 'ਤੇ ਫੈਲੇ ਅੰਧ-ਵਿਸ਼ਵਾਸਾਂ ਅਤੇ ਕਰਮ-ਕਾਂਡਾਂ ਦੀ ਵੀ ਨਿਖੇਧੀ ਕਰਦੀਆਂ ਹਨ। ਇਥੇ ਕਵੀ ਦਾ ਮੁਖ ਮਕਸਦ ਗੁਰੂ ਰਾਮ ਸਿੰਘ ਦੀ ਵਡਿਆਈ ਕਰਨਾ ਹੈ, ਜਿਸ ਨੇ ਇਨ੍ਹਾਂ ਕਰਮ-ਕਾਂਡਾਂ ਤੇ ਅੰਧ-ਵਿਸ਼ਵਾਸਾਂ ਨੂੰ ਦੂਰ ਕਰਕੇ ਨਾਮ ਜਪਣ ਦਾ ਉਪਦੇਸ਼ ਦਿੱਤਾ ਹੈ।

ਅਸੀਂ ਨਾਮਧਾਰੀ ਲਹਿਰ ਦੀ ਕਵਿਤਾ ਨੂੰ ਧਾਰਮਿਕ ਕਵਿਤਾ ਦੇ ਦੋ ਪ੍ਰਵਰਗਾਂ: ਸ਼ਰਧਾ/ਭਗਤੀ ਭਾਵਨਾਮੂਲਕ ਕਾਵਿ ਅਤੇ ਧਰਮ-ਪ੍ਰਚਾਰਮੂਲਕ ਕਾਵਿ ਦੇ ਅੰਤਰਗਤ ਵਿਚਾਰਿਆ ਹੈ। ਇਨ੍ਹਾਂ ਪ੍ਰਵਰਗਾਂ ਨਾਲ ਸੰਬੰਧਿਤ ਕਵਿਤਾ ਦੇ ਪ੍ਰਕਿਰਤੀਗਤ ਲੱਛਣ ਭਾਵੇਂ ਵੱਖਰੇ-ਵੱਖਰੇ ਹਨ, ਪਰ ਇਹ ਸਾਰੀ ਕਵਿਤਾ ਮੂਲ ਰੂਪ ਵਿਚ ਧਰਮ ਨਾਲ ਹੀ ਸੰਬੰਧਿਤ ਹੈ। ਇਸੇ ਕਰਕੇ ਇਨ੍ਹਾਂ ਦੋਹਾਂ ਪ੍ਰਵਰਗਾਂ ਦੀ ਨਾਮਧਾਰੀ ਕਵਿਤਾ ਵਿਚਕਾਰ ਕੋਈ ਨਿੱਖੜਵੀਂ ਸੀਮਾ-ਰੇਖਾ ਖਿੱਚੀ ਨਹੀਂ ਜਾ ਸਕਦੀ। ਨਾਮਧਾਰੀ ਲਹਿਰ ਦੀ ਸਮੁੱਚੀ ਕਵਿਤਾ ਨੂੰ ਹੀ ਅਸੀਂ ਧਾਰਮਿਕ ਕਵਿਤਾ ਕਹਿ ਸਕਦੇ ਹਾਂ। ਇਸ ਕਵਿਤਾ ਵਿਚ ਉਪਰ ਵਰਣਿਤ ਦੋਹਾਂ ਪ੍ਰਵਰਗਾਂ ਦੀ ਕਵਿਤਾ ਦੇ ਤੱਤ ਅੰਤਰ-ਸੰਬੰਧਿਤ ਹਨ। ਉਦਾਹਰਣ ਦੇ ਤੌਰ 'ਤੇ ਧਿਆਨ ਸਿੰਘ ਕਾਦਰਾਬਾਦੀ ਦੀ ਰਚਨਾ ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ ਵਿਚ 'ਧਾਰਮਿਕ ਸ਼ਰਧਾ' ਵਾਲੇ ਕਾਵਿ ਦੇ ਪ੍ਰਕਿਰਤੀਗਤ ਲੱਛਣ ਵੀ ਮੌਜੂਦ ਹਨ ਅਤੇ ਇਸ ਰਚਨਾ ਨੂੰ ਧਰਮ-ਪ੍ਰਚਾਰ/ਪ੍ਰਚਾਰ-ਕਾਵਿ ਦੀ ਵੰਨਗੀ ਵਿਚ ਵੀ ਰੱਖਿਆ ਜਾ ਸਕਦਾ ਹੈ।

ਹਵਾਲੇ ਤੇ ਟਿੱਪਣੀਆਂ

1. ਹਰਿਭਜਨ ਸਿੰਘ (ਸੰਪ.), ਧਰਮ ਅਤੇ ਧਾਰਮਿਕ ਕਾਵਿ, ਪੰਨਾ 9,
2. Religion and Literature, Selected Essays, pp. 388–90.
3. ਤਾਰਾ ਸਿੰਘ ਅਨਜਾਣ (ਸੰਪ.), ਰਾਮ ਵਿਯੋਗੀਆਂ ਦੇ ਬਾਰਾਂਮਾਹ, ਪੰਨੇ 54–55.
4. ਉਹੀ, ਪੰਨੇ 66–67.
5. ਉਹੀ, ਪੰਨੇ 62
6. ਉਹੀ, ਪੰਨੇ 65
7. ਉਹੀ, ਪੰਨੇ 46
8. ਉਹੀ, ਪੰਨੇ 46
9. ਬ੍ਰਿਹਾ, ਪੰਨਾ 10–11
10. ਉਹੀ, ਪੰਨੇ 10
11. ਪ੍ਰੀਤਮ ਸਿੰਘ ਕਵੀ, ਸਿਮਰਨ, ਪੰਨਾ 231
12. ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ, ਪੰਨਾ 64.
13. ਉਹੀ, ਪੰਨੇ 31
14. ਜਸਵਿੰਦਰ ਸਿੰਘ (ਸੰਪ.), ਪੰਜਾਬੀ ਕਾਵਿ ਸੰਗ੍ਰਹਿ, ਪੰਨਾ 53
15. 'ਉਸਤਤਨਾਮਾ', ਉਨ੍ਹਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ, ਪੰਨਾ 546.
16. ਰਾਮ ਵਿਯੋਗੀਆਂ ਦੇ ਬਾਰਾਂਮਾਹ, ਪੰਨੇ 30–32.
17. ਉਹੀ, ਪੰਨੇ 38
18. ਵਰਿਆਮ ਬਸੰਤ ਵਿਸ਼ੇਸ਼ ਅੰਕ, 1992, ਪੰਨਾ 50.
19. ਅੰਤਰਰਾਸ਼ਟਰੀ ਸੈਮੀਨਾਰ, ਨਾਮਧਾਰੀ ਲਹਿਰ : ਇਤਿਹਾਸ, ਸਾਹਿਤ ਅਤੇ ਯੋਗਦਾਨ, 8–9 ਮਈ 2001, ਸੈਮੀਨਾਰ ਜਿਲਦ, ਪੰਨਾ 11.
20. ਰਾਮ ਵਿਯੋਗੀਆਂ ਦੇ ਬਾਰਾਂਮਾਹ, ਪੰਨਾ 20.
21. ਨਾਮਧਾਰੀ ਸਿਖ ਸੰਖੇਪ ਵਿਵਰਨ, ਪੰਨਾ 50.
22. ਉਹੀ, ਪੰਨੇ 54
23. ਗੁਰਬਾਣੀ ਧਰਮ ਅਤੇ ਸਾਹਿਤ, ਪੰਨਾ 19.
24. ਜੈਸਾ ਸਤਿਗੁਰ ਸੁਣੀਂਦਾ, ਪੰਨਾ 51.
25. ਰਾਮ ਵਿਯੋਗੀਆਂ ਦੇ ਬਾਰਾਂਮਾਹ, ਪੰਨੇ 32–33
26. ਉਹੀ, ਪੰਨੇ 56
27. ਨਾਮਧਾਰੀ ਸਿਖ ਸੰਖੇਪ ਵਿਵਰਨ, ਪੰਨਾ 56.
28. ਉਹੀ, ਪੰਨੇ 62.
29. 'ਉਸਤਤਨਾਮਾ', ਉਨ੍ਹੀਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ, ਪੰਨਾ 545.

30. ਨਾਮਧਾਰੀ ਸਿਖ ਸੰਖੇਪ ਵਿਵਰਨ, ਪੰਨਾ 58.
31. ਕਾਹਲਾ ਸਿੰਘ, 'ਉਸਤਤਨਾਮਾ', ਉਨ੍ਹੀਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ ਪੰਨਾ 546.
32. ਰਾਮ ਵਿਯੋਗੀਆਂ ਦੇ ਬਾਰਾਂਮਾਹ ਪੰਨੇ 28-29.
33. ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ, ਪੰਨਾ 54.
34. ਉਹੀ, ਪੰਨੇ 33
35. ਰਾਮ ਵਿਯੋਗੀਆਂ ਦੇ ਬਾਰਾਂਮਾਹ ਪੰਨੇ 34-35
36. ਉਹੀ, ਪੰਨੇ 33
37. ਉਨ੍ਹੀਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ, ਪੰਨਾ 544.
38. ਨਾਮਧਾਰੀ ਸਿਖ ਸੰਖੇਪ ਵਿਵਰਨ, ਪੰਨਾ 60
39. ਜੈਸਾ ਸਤਿਗੁਰ ਸੁਣੀਂਦਾ, ਪੰਨੇ 19-20
40. ਅਦੁੱਤੀ ਰਹਿਬਰ (ਵੀਰ ਗਾਥਾ ਕੂਕਾ ਲਹਿਰ), ਪੰਨਾ 48.
41. ਰਾਮ ਵਿਯੋਗੀਆਂ ਦੇ ਬਾਰਾਂਮਾਹ, ਪੰਨਾ 56.

ਨਾਮਧਾਰੀ ਲਹਿਰ ਦੀ ਕਵਿਤਾ: ਸਮਾਜਕ ਸਰੋਕਾਰ

ਸਾਹਿਤ ਤੇ ਸਮਾਜ ਦਾ ਅਨਿੱਖੜ ਸੰਬੰਧ ਹੈ। ਸਾਹਿਤਕਾਰ ਸਮਾਜ ਦਾ ਅੰਗ ਹੁੰਦਾ ਹੈ। ਉਹ ਸਮਾਜ ਵਿਚ ਰਹਿ ਕੇ ਸਾਹਿਤ ਦੀ ਸਿਰਜਣਾ ਕਰਦਾ ਹੈ। ਉਸ ਦੀ ਸਿਰਜਣਾ ਦਾ ਮਾਧਿਅਮ ਭਾਸ਼ਾ ਹੈ ਜੋ ਕਿ ਇਕ ਸਮਾਜਕ ਸਿਰਜਣਾ ਹੈ। ਸਾਹਿਤ ਦਾ ਪਾਠਕ ਵੀ ਇਕ ਸਮਾਜਕ ਜੀਵ ਹੈ। ਇਸ ਤਰ੍ਹਾਂ ਸਾਹਿਤ ਕਈ ਪੱਖਾਂ ਤੋਂ ਸਮਾਜ ਨਾਲ ਜੁੜਿਆ ਰਹਿੰਦਾ ਹੈ। ਹਰਿਭਜਨ ਸਿੰਘ ਨੇ ਆਪਣੇ ਆਲੋਚਨਾਤਮਕ ਨਿਬੰਧ 'ਸਾਹਿਤ ਅਤੇ ਸਮਾਜ' ਵਿਚ ਸਾਹਿਤ ਨੂੰ ਇਕ ਸਮਾਜਕ ਸੰਸਥਾ ਮੰਨਦਿਆਂ ਹੋਰ ਕਲਾਵਾਂ ਤੋਂ ਵੱਖਰਾ ਦੱਸਿਆ ਹੈ। ਉਸ ਨੇ ਲਿਖਿਆ ਹੈ:

ਸਾਹਿਤ ਆਪ ਇਕ ਸਮਾਜਕ ਸੰਸਥਾ ਹੈ ਅਤੇ ਇਸ ਦਾ ਮਾਧਿਅਮ 'ਬੋਲੀ' ਵੀ ਸਮਾਜ ਦਾ ਸਿਰਜਿਆ ਹੋਇਆ ਹੈ। ਏਸ ਪੱਖੋਂ ਸਾਹਿਤ ਬਾਕੀ ਸਾਰੀਆਂ ਕਲਾਵਾਂ ਤੋਂ ਵੱਖਰਾ ਹੈ।[1]

ਸਾਹਿਤ ਦਾ ਸਮਾਜ ਨਾਲ ਦੁਵੱਲਾ ਰਿਸ਼ਤਾ ਹੈ, ਅਰਥਾਤ ਸਾਹਿਤ ਤੇ ਸਮਾਜ ਦੋਵੇਂ ਅੰਤਰ-ਸੰਬੰਧਿਤ ਹਨ। ਇਹ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ ਤੇ ਇਕ ਦੂਜੇ ਤੋਂ ਪ੍ਰਭਾਵਿਤ ਹੁੰਦੇ ਹਨ। ਏਥੇ ਇਹ ਗੱਲ ਵੀ ਧਿਆਨ ਦੇਣਯੋਗ ਹੈ ਕਿ ਸਾਹਿਤ ਤੇ ਸਮਾਜ ਦੇ ਆਪਸੀ ਸੰਬੰਧਾਂ ਨੂੰ ਸੀਮਿਤ ਅਰਥਾਂ ਵਿਚ ਨਹੀਂ ਲੈਣਾ ਚਾਹੀਦਾ। ਸਾਹਿਤ ਦਾ ਘੇਰਾ ਬਹੁਤ ਵਿਸ਼ਾਲ ਹੈ। ਇਹ ਸਮਾਜ ਵਿਚ ਪੈਦਾ ਹੋ ਕੇ ਵੀ ਉਸ ਤੋਂ ਪਾਰ ਜਾਣ ਦੀ ਸਮਰੱਥਾ ਰੱਖਦਾ ਹੈ। ਸਾਹਿਤ ਆਪਣੇ ਆਪ ਵਿਚ ਵੀ ਇਕ ਸਮਾਜਕ ਸੰਸਥਾ ਹੈ, ਜਿਵੇਂ ਕਿ ਹਰਿਭਜਨ ਸਿੰਘ ਨੇ ਲਿਖਿਆ ਹੈ:

ਸਾਹਿਤ ਸੰਸਥਾ ਭਾਵੇਂ ਸਮਾਜਕ-ਸੰਸਥਾ ਉਪਰ ਆਧਾਰਿਤ ਨਾ ਵੀ ਹੋਵੇ, ਤਾਂ ਵੀ ਉਹ ਆਪ ਇਕ ਪ੍ਰਕਾਰ ਦੀ ਸਮਾਜਕ ਸੰਸਥਾ ਹੈ।[2]

ਨਾਮਧਾਰੀ ਲਹਿਰ ਦੀ ਕਵਿਤਾ ਦਾ ਅਧਿਐਨ ਤੇ ਵਿਸ਼ਲੇਸ਼ਣ ਕਰਦਿਆਂ ਇਹ ਸਪਸ਼ਟ ਹੁੰਦਾ ਹੈ ਕਿ ਨਾਮਧਾਰੀ ਗੁਰੂਆਂ, ਖ਼ਾਸ ਕਰਕੇ ਗੁਰੂ ਰਾਮ ਸਿੰਘ ਦੁਆਰਾ ਕੀਤੇ ਗਏ ਸਮਾਜਕ ਸੁਧਾਰ ਇਸ ਕਵਿਤਾ ਦਾ ਮੁੱਖ ਵਿਸ਼ੇ ਬਣੇ ਹਨ। ਗੁਰੂ ਰਾਮ ਸਿੰਘ ਨੇ ਜਿਸ ਆਦਰਸ਼ ਸਮਾਜ ਦੀ ਸਥਾਪਨਾ ਕਰਨ ਵਾਸਤੇ ਵਿਹਾਰਕ ਉੱਦਮ ਕੀਤੇ ਸਨ, ਉਸ ਸਮਾਜਕ ਆਦਰਸ਼ ਦਾ ਮੁਹਾਂਦਰਾ ਇਸ ਕਵਿਤਾ ਵਿਚ ਉਲੀਕਿਆ ਗਿਆ ਹੈ। ਗੁਰੂ ਰਾਮ ਸਿੰਘ ਦੁਆਰਾ ਕੀਤੇ ਗਏ ਸਮਾਜਕ ਪਰਿਵਰਤਨ ਦੇ ਯਤਨਾਂ ਅਤੇ ਸਥਾਪਤ ਕੀਤੇ ਗਏ ਸਮਾਜਕ-ਮੁੱਲਾਂ ਦਾ ਵਰਣਨ ਵੀ ਇਸ ਕਵਿਤਾ ਵਿਚ ਮਿਲਦਾ ਹੈ। ਇਹ ਕਵਿਤਾ ਅਜਿਹੇ ਸਮਾਜਕ ਪਰਿਵਰਤਨਾਂ ਲਈ ਉਪਦੇਸ਼ ਤੇ ਪ੍ਰੇਰਣਾ ਦੇਣ ਦਾ ਅਤੇ ਨਿਸ਼ਚਿਤ ਸਮਾਜਕ ਮੁੱਲ ਦ੍ਰਿੜਾਉਣ ਦਾ ਮਕਸਦ ਸਾਹਮਣੇ ਰੱਖਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸਿੱਖ-ਧਰਮ ਦੀ ਨੀਂਹ ਰਖਣ ਨਾਲ ਸਿੱਖ-

ਸਮਾਜ ਦੀ ਸਥਾਪਨਾ ਹੋਈ। ਉਨ੍ਹਾਂ ਦੁਆਰਾ ਸਥਾਪਤ ਇਹ ਸਮਾਜ ਅਗਲੇ ਦੌਰਾਂ ਵਿਚ ਨਿਰੰਤਰ ਵਿਕਾਸ ਕਰਦਾ ਰਿਹਾ, ਜਿਸ ਦੇ ਫ਼ਲਸਰੂਪ ਸਿੱਖ-ਰਾਜ ਦੀ ਸਥਾਪਨਾ ਹੋਈ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਦ ਦੇ ਉੱਥਲ-ਪੁੱਥਲ ਭਰੇ ਸਮੇਂ ਵਿਚ ਸਿੱਖ-ਸਮਾਜ ਵਿਚ ਬਹੁਤ ਸਾਰੀਆਂ ਕੁਰੀਤੀਆਂ ਤੇ ਕਮਜ਼ੋਰੀਆਂ ਘਰ ਕਰ ਗਈਆਂ। ਸਿੱਖ ਗੁਰੂ-ਸਾਹਿਬਾਨ ਨੇ ਇਕ ਵਿਲੱਖਣ ਸਮਾਜ ਦੀ ਸਿਰਜਣਾ ਕੀਤੀ ਸੀ, ਜਿਸ ਵਿਚ ਉੱਚੀ-ਸੁੱਚੀ ਜੀਵਨ-ਜਾਚ ਅਤੇ ਉੱਚੀਆਂ ਸਮਾਜਕ ਕਦਰਾਂ-ਕੀਮਤਾਂ ਨੂੰ ਪ੍ਰਮੁਖਤਾ ਹਾਸਲ ਸੀ। ਸਰਬੱਤ ਦੇ ਭਲੇ ਦੇ ਆਦਰਸ਼ ਤੋਂ ਪ੍ਰੇਰਿਤ ਇਹ ਸਮਾਜ, ਸਮਾਜਕ ਤੇ ਆਚਰਣਕ ਬੁਰਾਈਆਂ ਤੋਂ ਕੋਹਾਂ ਦੂਰ ਸੀ ਪਰ ਸਮੇਂ ਦੀ ਤਬਦੀਲੀ ਨਾਲ ਇਸ ਵਿਚੋਂ ਇਹ ਵਿਲੱਖਣ ਗੁਣ ਲੋਪ ਹੁੰਦੇ ਗਏ। ਨਾਮਧਾਰੀ ਲਹਿਰ ਦਾ ਇਕ ਮੁਖ ਉਦੇਸ਼ ਸਿੱਖ ਸਮਾਜ ਦੇ ਇਸ ਲੋਪ ਹੋ ਰਹੇ ਗੌਰਵ ਦੀ ਪੁਨਰ-ਸਥਾਪਨਾ ਕਰਨਾ ਸੀ।

ਨਾਮਧਾਰੀ ਲਹਿਰ ਦੀ ਕਵਿਤਾ ਦੇ ਅਧਿਐਨ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਗੁਰੂ ਰਾਮ ਸਿੰਘ ਨੇ ਜਿੱਥੇ ਸਿੱਖ-ਸਮਾਜ ਨੂੰ ਧਾਰਮਿਕ ਅਗਵਾਈ ਦਿੱਤੀ ਉਥੇ ਉਹ ਆਪਣੇ ਸਮੇਂ ਦੇ ਮਹਾਨ ਸਮਾਜ-ਸੁਧਾਰਕ ਵੀ ਸਨ। ਉਨ੍ਹਾਂ ਨੇ ਆਪਣੇ ਸਮੇਂ ਦੇ ਸਮਾਜ ਵਿਚ ਆਏ ਨਕਾਰਾਤਮਕ ਰੁਝਾਣਾਂ ਤੋਂ ਇਸ ਨੂੰ ਮੁਕਤ ਕਰਨ ਦੇ ਮਕਸਦ ਨਾਲ ਸਮਾਜ ਵਿਚ ਫੈਲੀਆਂ ਹੋਈਆਂ ਬੁਰਾਈਆਂ ਦਾ ਖੰਡਨ ਕੀਤਾ ਅਤੇ ਚੰਗੇ ਸਮਾਜਕ ਤੇ ਭਾਈਚਾਰਕ ਜੀਵਨ-ਮੁੱਲਾਂ ਦੀ ਪੁਨਰ-ਸਥਾਪਨਾ ਕੀਤੀ। ਇਕ ਉੱਚੇ-ਸੁੱਚੇ ਤੇ ਸਭਿਅਕ ਸਮਾਜ ਦੀ ਸਿਰਜਣਾ ਕਰਨ ਲਈ ਉਨ੍ਹਾਂ ਨੇ ਲੋਕਾਂ ਵਿਚ ਆਪਸੀ ਭਾਈਚਾਰਕ ਸਾਂਝ ਤੇ ਮਿਲਵਰਤਨ ਦੀ ਭਾਵਨਾ ਅਤੇ ਇਕ ਦੂਸਰੇ ਦੇ ਦੁੱਖ ਵਿਚ ਸ਼ਰੀਕ ਹੋਣ ਦਾ ਜਜ਼ਬਾ ਪੈਦਾ ਕਰਨ ਦਾ ਯਤਨ ਕੀਤਾ। ਇਸ ਦੇ ਲਈ ਉਨ੍ਹਾਂ ਨੇ ਲੋਕਾਂ ਨੂੰ ਆਪਣੀਆਂ ਬੁਨਿਆਦੀ ਜ਼ਰੂਰਤਾਂ ਈਮਾਨਦਾਰੀ ਦੀ ਕਿਰਤ ਕਮਾਈ ਨਾਲ ਪੂਰੀਆਂ ਕਰਨ ਦਾ ਉਪਦੇਸ਼ ਦਿੱਤਾ। ਇਸ ਦੇ ਨਾਲ ਹੀ ਉਨ੍ਹਾਂ ਲੋਕਾਂ ਨੂੰ ਅੰਧ-ਵਿਸ਼ਵਾਸ, ਫੋਕੇ ਕਰਮ-ਕਾਂਡ, ਜਾਤਪਾਤ ਅਤੇ ਹੋਰ ਸਮਾਜਕ ਬੁਰਾਈਆਂ ਤੋਂ ਮੁਕਤ ਕਰਨ ਲਈ ਵੀ ਉਪਰਾਲੇ ਕੀਤੇ। ਮਿਸਾਲ ਵਜੋਂ ਇਸਤਰੀ-ਜਾਤੀ ਜੋ ਸਮਾਜ ਦੀ ਅੱਧੀ ਵਸੋਂ ਹੈ, ਨੂੰ ਸਦੀਆਂ ਤੋਂ ਸਮਾਜ ਦੀ ਮਰਦ-ਪ੍ਰਧਾਨ ਵਿਵਸਥਾ ਦੇ ਕਾਰਨ ਗ਼ੁਲਾਮੀ ਦਾ ਜੀਵਨ ਜੀ ਰਹੀ ਅਤੇ ਜਨਮ ਲੈਣ ਤੋਂ ਲੈ ਕੇ ਮਰਨ ਤਕ ਅਤਿਆਚਾਰ ਸਹਿ ਰਹੀ ਦੇਖ ਕੇ ਉਨ੍ਹਾ ਨੇ ਉਸ ਦੇ ਉਧਾਰ ਤੇ ਵਿਕਾਸ ਲਈ ਯਤਨ ਆਰੰਭੇ। ਜੀਵਨ ਦੇ ਹਰ ਪੜਾਅ 'ਤੇ ਸਰੀਰਕ, ਮਾਨਸਿਕ ਤੇ ਬੌਧਿਕ ਸ਼ੋਸ਼ਣ ਦੀ ਸ਼ਿਕਾਰ ਹੋ ਰਹੀ ਇਸਤਰੀ-ਜਾਤੀ ਦੀ ਸਮਾਜਕ ਸਥਿਤੀ ਨੂੰ ਸੁਧਾਰਨ ਲਈ ਨਾਮਧਾਰੀ ਗੁਰੂ ਨੇ ਕੁਝ ਆਧਾਰ-ਸੰਕਲਪ ਤਿਆਰ ਕੀਤੇ ਅਤੇ ਇਨ੍ਹਾਂ ਸੰਕਲਪਾਂ ਦਾ ਪ੍ਰਚਾਰ ਆਪਣੇ ਪੈਰੋਕਾਰਾਂ ਵਿਚ ਕੀਤਾ। ਇਹ ਆਧਾਰ-ਸੰਕਲਪ ਸਨ:

1. ਕੁੜੀਆਂ ਨੂੰ ਜੰਮਦਿਆਂ ਮਾਰਿਆ ਨਾ ਜਾਵੇ
2. ਕੁੜੀਆਂ ਨੂੰ ਸਿੱਖਿਆ ਦਿੱਤੀ ਜਾਵੇ
3. ਕੁੜੀਆਂ ਵੇਚੀਆਂ ਨਾ ਜਾਣ
4. ਕੁੜੀਆਂ ਦਾ ਵੱਟਾ ਨਾ ਕੀਤਾ ਜਾਵੇ
5. ਵਿਧਵਾਵਾਂ ਦਾ ਪੁਨਰ-ਵਿਆਹ ਕੀਤੇ ਜਾਣ
6. ਔਰਤ ਨੂੰ ਘਰ ਵਿਚ ਮਰਦ ਦੇ ਬਰਾਬਰ ਅਧਿਕਾਰ ਦਿੱਤੇ ਜਾਣ।

ਇਸਤਰੀ-ਜਾਤੀ ਦੀ ਸਮਾਜਕ ਸਥਿਤੀ ਵਿਚ ਸੁਧਾਰ ਲਿਆਉਣ ਲਈ ਗੁਰੂ

ਰਾਮ ਸਿੰਘ ਨੇ ਇਹ ਜੋ ਆਧਾਰ-ਸੰਕਲਪ ਤਿਆਰ ਕੀਤੇ ਸਨ, ਉਨ੍ਹਾਂ ਉਪਰ ਖ਼ੁਦ ਅਮਲ ਕਰਦਿਆਂ ਉਨ੍ਹਾਂ ਨੇ ਪਿੰਡ ਸਿਆਹੜ ਵਿਚ ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ। ਨਾਮਧਾਰੀ ਲਹਿਰ ਦੇ ਕਈ ਕਵੀਆਂ ਨੇ ਪਹਿਲੀ ਜੂਨ 1963 ਈ. ਵਿਚ ਇਸਤਰੀਆਂ ਨੂੰ ਅੰਮ੍ਰਿਤ ਛਕਾਉਣ ਦੀ ਇਸ ਇਤਿਹਾਸਕ ਘਟਨਾ ਦੀ ਅਭਿਵਿਅਕਤੀ ਆਪਣੀਆਂ ਕਵਿਤਾਵਾਂ ਵਿਚ ਕੀਤੀ ਹੈ। ਇਸ ਸੰਦਰਭ ਵਿਚ ਨਿਮਨਅੰਕਿਤ ਕਾਵਿ-ਸਤਰਾਂ ਅਧਿਐਨਯੋਗ ਹਨ:

ਇਕ ਦਿਨ ਪਿੰਡ ਸਿਆੜ ਵਿਚ ਆ ਡੇਰਾ ਲਾਇਆ।
ਅੰਮ੍ਰਿਤ ਦੇ ਇਤਿਹਾਸ ਵਿਚ ਨਵ-ਪੰਧ ਦਰਸਾਇਆ।
ਪਹਿਲੀ ਵਾਰ ਇਤਿਹਾਸ ਵਿਚ ਇਉਂ ਗਿਆ ਛਕਾਇਆ।
ਪਾਵਨ ਅੰਮ੍ਰਿਤ ਬੀਬੀਆਂ ਨੂੰ ਪਾਨ ਕਰਾਇਆ।
ਉਹਨਾਂ ਵਿਚ ਕਕਾਰਾਂ ਦਾ ਪ੍ਰਵੇਸ਼ ਕਰਾਇਆ।
ਸੁਚੱਮ ਸਾਦਾ ਜ਼ਿੰਦਗੀ ਸੰਕਲਪ ਦ੍ਰਿੜਾਇਆ।[3]

ਗੁਰੂ ਜੀ ਵਲੋਂ ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਅੰਮ੍ਰਿਤ ਦੀ ਦਾਤ ਬਖ਼ਸ਼ੇ ਜਾਣ ਦਾ ਜ਼ਿਕਰ ਕਵੀ ਕਾਹਲਾ ਸਿੰਘ ਨੇ ਆਪਣੀ ਰਚਨਾ ਉਸਤਤਨਾਮਾ ਵਿਚ ਵੀ ਕੀਤਾ ਹੈ। ਉਹ ਲਿਖਦਾ ਹੈ:

ਢੋਲਕਾਂ ਦੇ ਸ਼ਬਦ ਅਖੰਡ ਪਾਠ ਸ਼ੁਰੂ ਕੀਤੇ
ਅੰਮ੍ਰਿਤ ਛਕਾਇਆ ਖੰਡੇ ਧਾਰ ਨਰ ਨਾਰੀਆਂ।[4]

ਉਪਰੋਕਤ ਕਾਵਿ-ਸਤਰਾਂ ਦੇ ਅਧਿਐਨ ਤੋਂ ਸਪਸ਼ਟ ਹੈ ਕਿ ਗੁਰੂ ਰਾਮ ਸਿੰਘ ਨੇ ਇਸਤਰੀਆਂ ਦੀ ਅੰਦਰਲੀ ਸ਼ਕਤੀ ਨੂੰ ਜਗਾਉਣ ਲਈ ਉਨ੍ਹਾਂ ਨੂੰ ਮਰਦਾਂ ਦੇ ਬਰਾਬਰ ਅੰਮ੍ਰਿਤ ਛਕਾ ਕੇ ਪੰਜ ਕਕਾਰਾਂ ਦੀਆਂ ਧਾਰਨੀ ਬਣਾਇਆ। ਇਸਤਰੀ-ਜਾਤੀ ਸਦੀਆਂ ਤੋਂ ਮਰਦ-ਪ੍ਰਧਾਨ ਸਮਾਜਕ ਪ੍ਰਬੰਧ ਵਿਚ ਗ਼ੁਲਾਮ ਰਹਿਣ ਕਰਕੇ ਜ਼ਿਹਨੀ ਤੌਰ 'ਤੇ ਪੱਛੜ ਚੁੱਕੀ ਸੀ। ਉਹ ਕਈ ਤਰ੍ਹਾਂ ਦੇ ਫੋਕੇ ਕਰਮ-ਕਾਂਡਾਂ ਅਤੇ ਅੰਧ-ਵਿਸ਼ਵਾਸਾਂ ਵਿਚ ਫਸੀ ਹੋਈ ਸੀ ਅਤੇ ਸਾਦੀ ਰਹਿਣੀ-ਬਹਿਣੀ ਤੋਂ ਉਲਟ ਦਿਖਾਵੇ ਅਤੇ ਹਾਰ-ਸ਼ਿੰਗਾਰ ਨਾਲ ਆਪਣੇ ਜੀਵਨ ਦੇ ਸੱਖਣੇਪਨ ਨੂੰ ਭਰਨ ਵੱਲ ਰੁਚਿਤ ਹੋ ਰਹੀ ਸੀ। ਇਸ ਤਰ੍ਹਾਂ ਉਹ ਇਕ ਦਿਖਾਵੇ ਦੀ ਵਸਤੂ ਬਣ ਕੇ ਰਹਿ ਗਈ ਸੀ। ਇਸਤਰੀਆਂ ਨੂੰ ਉਨ੍ਹਾਂ ਦੀ ਵੱਖਰੀ ਪਛਾਣਯੋਗ ਹੋਂਦ ਦਾ ਅਹਿਸਾਸ ਕਰਾਉਣ ਲਈ ਗੁਰੂ ਜੀ ਨੇ ਉਪਦੇਸ਼ ਦਿੱਤਾ ਕਿ ਇਸਤਰੀਆਂ ਨੂੰ ਉਨ੍ਹਾਂ ਦਾ ਸਹੀ ਥਾਂ ਤਾਂ ਹੀ ਮਿਲ ਸਕੇਗਾ ਜੇਕਰ ਉਹ ਉੱਚੀ ਸੋਚ ਅਤੇ ਸਾਦੀ ਜੀਵਨ-ਜਾਚ ਦੀਆਂ ਧਾਰਨੀ ਹੋਣਗੀਆਂ। ਨਾਮਧਾਰੀ ਕਵੀ ਕਾਲਾ ਸਿੰਘ 'ਸਤਿਗੁਰੂ ਦੇ ਹੁਕਮ' ਦੀ ਜੁਗਤ ਰਾਹੀਂ ਉਨ੍ਹਾਂ ਦੇ ਇਸਤਰੀ-ਜਾਤੀ ਦੇ ਸੁਧਾਰ ਨਾਲ ਸੰਬੰਧਿਤ ਵਿਚਾਰਾਂ ਦੀ ਕਾਵਿ-ਅਭਿਵਿਅਕਤੀ ਕਰਦਾ ਹੋਇਆ ਲਿਖਦਾ ਹੈ:

ਪੂਰੇ ਸਤਿਗੁਰੂ ਪੰਥ ਨੂੰ ਹੁਕਮ ਦਿੰਦੇ
ਬੁੱਢੀ ਬਾਲੀ ਨੂੰ ਕਹਿਣ ਪੁਕਾਰ ਬੀਬੀ।
ਨਾਮ, ਦਾਨ, ਇਸ਼ਨਾਨ ਸਣ ਕੇਸ ਕਰਨਾ,
ਖੋਲ੍ਹ ਗੁੱਤ ਜੂੜਾ ਸਿਰ ਧਾਰ ਬੀਬੀ।
ਡੋਰੀ ਧੰਮ੍ਹਣੀ, ਸੁੱਟ ਪਰਾਂਦੀਆਂ ਨੂੰ,
ਰੱਖੀਂ ਪਾਸ ਤੂੰ ਪੰਜ ਕਕਾਰ ਬੀਬੀ।

ਨੱਥ ਚੌਂਕ ਤੇ ਵਾਲੀਆਂ ਡੰਡੀਆਂ ਨੂੰ,
ਤੀਲੀ ਲੌਂਗ ਨੂੰ ਦੇਵੀਂ ਉਤਾਰ ਬੀਬੀ।[5]

ਉਪਰੋਕਤ ਵਿਵੇਚਨ ਤੋਂ ਸਪਸ਼ਟ ਹੈ ਕਿ ਨਾਮਧਾਰੀ ਗੁਰੂ ਇਸਤਰੀ-ਜਾਤੀ ਵਿਚ ਆਤਮਿਕ ਸ਼ਕਤੀ ਪੈਦਾ ਕਰਕੇ ਉਸ ਵਿਚ ਆਤਮ-ਵਿਸ਼ਵਾਸ ਭਰਨਾ ਚਾਹੁੰਦੇ ਸਨ। ਇਸ ਦੇ ਲਈ ਉਸਨੂੰ ਬਨਾਵਟੀ ਸਾਜ਼-ਸ਼ਿੰਗਾਰ ਵਾਲੀ ਜੀਵਨ-ਸ਼ੈਲੀ ਦਾ ਤਿਆਗ ਕਰਕੇ ਅਤੇ ਫੋਕੇ ਵਹਿਮਾਂ-ਭਰਮਾਂ ਅਤੇ ਕਰਮ-ਕਾਂਡਾਂ ਦੇ ਚੁੰਗਲ ਵਿਚੋਂ ਨਿਕਲ ਕੇ ਸੁੱਚ ਸੰਜਮ, ਸਾਦਾ ਰਹਿਣੀ ਬਹਿਣੀ ਤੇ ਉੱਚੀ ਸੋਚਣੀ ਵਾਲੀ ਬਣਨ ਦਾ ਉਪਦੇਸ਼ ਦਿੰਦੇ ਹਨ। ਗੁਰੂ ਦੇ ਇਸ ਉਪਦੇਸ਼ ਅਤੇ ਹੁਕਮ ਨੂੰ ਮੰਨਦਿਆਂ ਨਾਮਧਾਰੀ ਸਮਾਜ ਦੀਆਂ ਇਸਤਰੀਆਂ ਨੇ ਸਾਦਾ, ਸ਼ੁੱਧ ਤੇ ਸੁੱਚਾ ਜੀਵਨ ਜੀਊਣਾ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਨੇ ਹਰ ਪ੍ਰਕਾਰ ਦੀਆਂ ਹਾਰ-ਸ਼ਿੰਗਾਰ ਦੀਆਂ ਵਸਤੂਆਂ ਦਾ ਤਿਆਗ ਕੀਤਾ ਅਤੇ ਆਪਣੀ ਸਰੀਰਕ ਸੁੰਦਰਤਾ ਨਾਲੋਂ ਮਨ ਦੀ ਸੁੰਦਰਤਾ ਵੱਲ ਵਧੇਰੇ ਧਿਆਨ ਦੇਣਾ ਸ਼ੁਰੂ ਕੀਤਾ। ਨਾਮਧਾਰੀ ਕਵੀਆਂ ਦੀ ਕਵਿਤਾ ਵਿਚ ਇਸ ਸੁਧਾਰਕ ਅਮਲ ਦਾ ਵਰਣਨ ਵੀ ਕੀਤਾ ਗਿਆ ਹੈ।

ਨਾਮਧਾਰੀ ਕਵਿਤਾ ਦੇ ਅਧਿਐਨ ਤੋਂ ਇਹ ਤੱਥ ਵੀ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਗੁਰੂ ਰਾਮ ਸਿੰਘ ਨੇ ਇਸਤਰੀਆਂ ਨੂੰ ਅੰਮ੍ਰਿਤ ਛਕਾਉਣ ਦੇ ਨਾਲ-ਨਾਲ ਉਨ੍ਹਾਂ ਦੀ ਸਮਾਜਕ ਸਥਿਤੀ ਨੂੰ ਸੁਧਾਰਨ ਲਈ ਵੀ ਕਈ ਕਦਮ ਚੁੱਕੇ। ਉਨ੍ਹਾ ਨੇ ਲੜਕੀਆਂ ਦੇ ਵਿਆਹ ਬਿਨਾਂ ਦਾਜ-ਦਹੇਜ ਦੇ ਕਰਨ ਦੀ ਅਤੇ ਅੰਤਰ-ਜਾਤੀ ਵਿਆਹ ਕਰਨ ਦੀ ਪਰੰਪਰਾ ਵੀ ਕਾਇਮ ਕੀਤੀ। ਉਨ੍ਹਾਂ ਨੇ ਆਪਣੇ ਸਮਕਾਲੀ ਸਮਾਜ ਵਿਚ ਪ੍ਰਚਲਿਤ ਵਿਆਹ ਪ੍ਰਥਾ ਵਿਚ ਬਹੁਤ ਸਾਰੀਆਂ ਬੁਰਾਈਆਂ ਦੇਖੀਆਂ ਅਤੇ ਇਨ੍ਹਾਂ ਨੂੰ ਦੂਰ ਕਰਨ ਲਈ ਉਪਰਾਲੇ ਕੀਤੇ। ਇਨ੍ਹਾਂ ਬੁਰਾਈਆਂ ਵਿਚੋਂ ਦਾਜ ਦੀ ਪ੍ਰਥਾ ਉਨ੍ਹਾਂ ਦੇ ਸਮਕਾਲੀ ਸਮਾਜ ਵਿਚ ਇਕ ਲਾਹਨਤ ਦਾ ਰੂਪ ਧਾਰਨ ਕਰ ਚੁੱਕੀ ਸੀ, ਜਿਸ ਦੇ ਫ਼ਲਸਰੂਪ ਕਈ ਗ਼ਰੀਬ ਪਰਿਵਾਰ ਆਪਣੀਆਂ ਲੜਕੀਆਂ ਨੂੰ ਜੰਮਦਿਆਂ ਹੀ ਮਾਰ ਦਿੰਦੇ ਸਨ। ਵਿਆਹੀਆਂ ਲੜਕੀਆਂ ਨਾਲ ਉਨ੍ਹਾਂ ਦੇ ਸਹੁਰੇਘਰ ਵਿਚ ਆਮ ਤੌਰ ਤੇ ਅਤਿਆਚਾਰੀ ਸਲੂਕ ਕੀਤਾ ਜਾਂਦਾ ਸੀ। ਪਰ ਧੀਆਂ ਦੇ ਮਾਪੇ ਬੋਲ ਨਹੀਂ ਸਕਦੇ ਸਨ ਕਿਉਂਕਿ ਧੀਆਂ ਵਾਲਿਆਂ ਦਾ ਸਿਰ ਪੁੱਤਰਾਂ ਵਾਲਿਆਂ ਅੱਗੇ ਹਮੇਸ਼ਾ ਝੁਕਿਆ ਰਹਿੰਦਾ ਸੀ। ਇਨ੍ਹਾਂ ਕਾਰਨਾ ਕਰਕੇ ਆਰਥਿਕ ਤੌਰ ਤੇ ਖ਼ੁਸ਼ਹਾਲ ਪਰਿਵਾਰ ਵੀ ਆਪਣੀਆਂ ਧੀਆਂ ਨੂੰ ਜੰਮਦਿਆਂ ਹੀ ਮਾਰ ਦੇਣ ਵਿਚ ਬਿਹਤਰੀ ਸਮਝਦੇ ਸਨ। ਪਰ ਦੂਜੇ ਪਾਸੇ, ਕੁੜੀਆਂ ਨੂੰ ਜੰਮਦਿਆਂ ਹੀ ਮਾਰ ਦੇਣ ਦੀ ਬੁਰਾਈ ਦੇ ਫ਼ਲਸਰੂਪ ਕੁੜੀਆਂ ਨੂੰ ਵੇਚਣ ਅਤੇ ਵੱਟਾ ਕਰਨ ਵਰਗੀਆਂ ਹੋਰ ਕਈ ਬੁਰਾਈਆਂ ਵੀ ਪ੍ਰਚਲਿਤ ਹੋ ਗਈਆਂ ਸਨ। ਇਸ ਪ੍ਰਕਾਰ ਉਸ ਸਮੇਂ ਦੇ ਸਮਾਜ ਵਿਚ ਔਰਤ ਦੀ ਆਪਣੀ ਕੋਈ ਸੁਤੰਤਰ ਮਨੁੱਖੀ ਹੋਂਦ ਨਹੀਂ ਸੀ ਰਹਿ ਗਈ। ਉਹ ਇਕ ਵਸਤੂ ਬਣ ਕੇ ਰਹਿ ਗਈ ਸੀ ਜਿਸ ਨੂੰ ਵੇਚਿਆ ਤੇ ਖਰੀਦਿਆ ਜਾ ਸਕਦਾ ਸੀ। ਇਸਤਰੀ-ਜਾਤੀ ਦੀ ਸਥਿਤੀ ਨਾਲ ਸੰਬੰਧਿਤ ਇਨ੍ਹਾਂ ਸਮਾਜਕ-ਬੁਰਾਈਆਂ ਦਾ ਗੁਰੂ ਰਾਮ ਸਿੰਘ ਜੀ ਨੇ ਸਖ਼ਤ ਸ਼ਬਦਾਂ ਵਿਚ ਵਿਰੋਧ ਕੀਤਾ ਅਤੇ ਆਪਣੇ ਪੈਰੋਕਾਰਾਂ ਨੂੰ ਇਸਤਰੀ-ਜਾਤੀ ਦੇ ਸੁਧਾਰ ਲਈ ਵਿਹਾਰਕ ਕਦਮ ਚੁੱਕਣ ਵੱਲ ਤੋਰਿਆ। ਉਨ੍ਹਾ ਨੇ ਆਪਣੀ ਜਲਾਵਤਨੀ ਦੌਰਾਨ ਨਾਮਧਾਰੀ ਸੰਗਤ ਨੂੰ ਜਿਹੜੇ ਹੁਕਮਨਾਮੇ ਲਿਖ ਕੇ ਭੇਜੇ, ਉਨ੍ਹਾਂ ਵਿਚ ਵੀ ਇਨ੍ਹਾਂ ਸਮਾਜਕ ਬੁਰਾਈਆਂ ਨੂੰ ਖ਼ਤਮ ਕਰਨ ਉੱਤੇ ਜ਼ੋਰ ਦਿੱਤਾ, ਜਿਵੇਂ ਕਿ ਉਹ 'ਰਹਿਤਨਾਮੇ' ਵਿਚ ਲਿਖਦੇ ਹਨ:

ਹੋਰ ਜੀ ਕਿਸੇ ਨੇ ਧੀ ਭੈਣ ਦਾ ਪੈਸਾ ਨਹੀਂ ਲੈਣਾ,
ਬਟਾ ਨਹੀਂ ਕਰਨਾ।[6]

ਉਪਰੋਕਤ ਟਿੱਪਣੀ ਵਿਚ ਨਾਮਧਾਰੀ ਗੁਰੂ ਨੇ ਕੁੜੀਆਂ ਨੂੰ ਵੇਚਣ ਅਤੇ ਵੱਟਾ ਕਰਨ ਦੀ ਪ੍ਰਥਾ ਦੀ ਨਿਖੇਧੀ ਕਰਦਿਆਂ ਇਸ ਦੇ ਤਿਆਗ ਉੱਤੇ ਜ਼ੋਰ ਦਿੱਤਾ ਹੈ। ਇਸੇ ਤਰ੍ਹਾਂ ਉਹ ਅੱਗੇ ਲਿਖਦੇ ਹਨ:

- ਜੋ ਕੁੜੀ ਮਾਰੇ ਕੇ ਤਾ ਬੇਚੇ ਕੇ ਤਾ ਬਟਾ ਕਰੇ ਅਰ ਜੇਕਰ ਅਛੀ ਤਰਾ ਮਲੂਮੀ ਹੋਏ ਜਾਏ ਤਾ ਉਸ ਦੇ ਨਾਲ ਨਹੀਂ ਬਰਤਣਾ, ਨਾ ਉਸ ਨੂੰ ਸੰਗਤ ਮੈ ਬੜਨ ਦੇਣਾ।[7]
- ਇਕ ਹੋਰੁ ਬੀ ਬਾਤ ਸਭਨਾ ਨੂ ਸੁਣਾ ਦੇਣੀ ਜੋ ਨਾ ਕੋਈ ਕੁੜੀ ਮਾਰੇ ਨਾ ਬੇਚੇ, ਨਾ ਬਟਾ ਕਰੇ। ਜੋ ਏਹੁ ਬਾਤ ਨਾ ਮੰਨੇ ਤਾ ਉਸਨੂੰ ਸੰਗਤ ਮੈ ਨਾ ਬੜਨ ਦੇਣਾ।[8]

ਏਸੇ ਤਰ੍ਹਾਂ ਹੀ ਗੁਰੂ ਰਾਮ ਸਿੰਘ ਨੇ 'ਹੁਕਮਨਾਮਾ 20' ਵਿਚ ਵੀ ਕਿਹਾ ਹੈ: ਹੋਰ ਲਟਕੀ ਨਾ ਕਿਸੇ ਮਾਰਨੀ ਨਾ ਕਿਸੇ ਵਟਾ ਕਰਨਾ, ਨਾ ਲਟਕੀ ਦੇ ਦੰਮ ਲੈਣੇ। ਜਿਹੜਾ ਲਟਕੀ ਮਾਰੇ, ਬੇਚੇ, ਵਟਾ ਕਰੇ, ਉਸ ਦੇ ਹਥ ਦਾ, ਘਰ ਦਾ ਅੰਨ ਪਾਣੀ ਨਹੀਂ ਵਰਤਨਾ। ਉਸਨੂੰ ਸੰਗਤ ਵਿਚ ਨਹੀਂ ਬੜਨ ਦੇਣਾ।[9]

ਉਪਰ ਉਧਰਿਤ ਕਥਨਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਰਾਮ ਸਿੰਘ ਨੇ ਕੁੜੀਆਂ ਨੂੰ ਮਾਰਨ, ਕੁੜੀਆਂ ਨੂੰ ਵੇਚਣ ਅਤੇ ਵੱਟਾ ਕਰਨ ਵਰਗੀਆਂ ਸਮਾਜਕ ਬੁਰਾਈਆਂ ਨੂੰ ਖ਼ਤਮ ਕਰਨ ਲਈ ਵਿਸ਼ੇਸ਼ ਉਪਰਾਲੇ ਕਰਨ ਉੱਤੇ ਜ਼ੋਰ ਦਿੱਤਾ ਹੈ। ਉਨ੍ਹਾਂ ਨੇ ਸਵਾ ਰੁਪਈਏ ਵਿਚ ਆਨੰਦ-ਕਾਰਜ ਕਰਨ ਦੀ ਪ੍ਰਥਾ ਵੀ ਪ੍ਰਚਲਿਤ ਕੀਤੀ ਜੋ ਨਾਮਧਾਰੀ ਸਮਾਜ ਵਿਚ ਅੱਜ ਵੀ ਕਾਇਮ ਹੈ। ਇਸ ਤਰ੍ਹਾਂ ਦੇ ਆਨੰਦ-ਕਾਰਜ ਦੀ ਪ੍ਰਥਾ ਸ਼ੁਰੂ ਹੋਣ ਨਾਲ ਇਕ ਸਮਾਜਕ ਕ੍ਰਾਂਤੀ ਦਾ ਮੁੱਢ ਬੱਝਾ। ਪਰੰਪਰਾਵਾਦੀ ਲੋਕਾਂ ਨੇ ਇਸ ਪ੍ਰਥਾ ਦਾ ਵਿਰੋਧ ਕੀਤਾ ਅਤੇ ਨਾਮਧਾਰੀ ਗੁਰੂ ਜੀ ਦੇ ਵਿਰੁਧ ਥਾਣੇ ਵਿਚ ਰਿਪੋਰਟ ਵੀ ਕਰ ਦਿੱਤੀ। ਗੁਰੂ ਜੀ ਨੇ ਹਰ ਤਰ੍ਹਾਂ ਦੇ ਵਿਰੋਧ ਦਾ ਟਾਕਰਾ ਕਰਦਿਆਂ ਆਪਣੇ ਸਮਾਜ-ਸੁਧਾਰ ਦੇ ਕਾਰਜ ਨੂੰ ਨਿਰੰਤਰ ਜਾਰੀ ਰੱਖਿਆ। ਉਨ੍ਹਾਂ ਨੇ ਵਿਧਵਾਵਾਂ ਦੇ ਪੁਨਰ-ਵਿਆਹ ਕਰਨ ਅਤੇ ਬਾਲ-ਵਿਆਹ ਦਾ ਖ਼ਾਤਮਾ ਕਰਨ ਦਾ ਵੀ ਜ਼ੋਰਦਾਰ ਸਮਰਥਨ ਕੀਤਾ। ਇਸ ਦਾ ਪ੍ਰਮਾਣ ਨਿਮਨਅੰਕਿਤ ਕਾਵਿ-ਸਤਰਾਂ ਤੋਂ ਮਿਲ ਜਾਂਦਾ ਹੈ:

ਕਰਨੇ ਲਈ ਸੁਧਾਰ ਖ਼ਾਸ ਕੀਤਾ ਪਰਚਾਰ।
ਬਾਲ ਵਿਆਹ ਨੂੰ ਭੰਡਿਆ ਪਾਈ ਤ੍ਰਿਸਕਾਰ।
ਲੜਕੀਆਂ ਤਾਈ ਸਮਾਜ ਵਿਚ ਦਿਤਾ ਸਤਿਕਾਰ।
ਜੰਮਦੀਆਂ ਨੂੰ ਜੋ ਮਾਰਦੇ ਵੱਡੇ ਗੁਨਹਗਾਰ।
ਵਿਧਵਾਵਾਂ ਦੀ ਜ਼ਿੰਦਗੀ ਨਾਮਧਾਰੀ ਹੋਏ ਖੁਆਰ।
ਨਾ ਹੀ ਜਾਵਣ ਸਮਝੀਆਂ ਧਰਤੀ ਤੇ ਭਾਰ।
ਕੁੜੀਆਂ ਦਾ ਮੁੱਲ ਵੱਟਣਾ ਕੂੜਾ ਕਿਰਦਾਰ।
ਗਰਕ ਕੀਤਾ ਹੈ ਦਾਜ ਨੇ ਇਹ ਸਭਿਆਚਾਰ।
ਹੱਕ ਪਰਾਇਆ ਧਰਮ ਨੂੰ ਨਾਹੀ ਸਵੀਕਾਰ।
ਸੁੱਚਮ ਸੱਚ ਤੇ ਸੋਧ ਦਾ ਹੋਏ ਸ੍ਰਿਸ਼ਟਾਚਾਰ।
ਲੈਣਾ ਨਹੀਂ ਵਿਆਜ ਹੈ ਵਿਚ ਕਰਜ਼ ਵਿਹਾਰ।
ਰਖਿਆ ਗਊ ਗਰੀਬ ਦੀ ਹੈ ਉਤਮ ਕਾਰ।[10]

ਇਨ੍ਹਾਂ ਪੰਗਤੀਆਂ ਦੇ ਅਧਿਐਨ ਤੋਂ ਸਪਸ਼ਟ ਹੈ ਕਿ ਨਾਮਧਾਰੀ ਗੁਰੂ ਨੇ ਸਮਾਜ ਨੂੰ ਸੁਧਾਰਨ ਲਈ ਸਭ ਤੋਂ ਪਹਿਲਾਂ ਇਸਤਰੀ-ਜਾਤੀ ਉਪਰ ਹੋ ਰਹੇ ਅਨਿਆਂ ਵਿਰੁੱਧ ਆਵਾਜ਼ ਉਠਾਈ। ਉਨ੍ਹਾਂ ਨੇ ਬਾਲ-ਵਿਆਹ ਦਾ ਸਖ਼ਤ ਸ਼ਬਦਾਂ ਵਿਚ ਵਿਰੋਧ ਕੀਤਾ ਅਤੇ ਇਹ ਸੰਦੇਸ਼ ਦਿੱਤਾ ਕਿ ਇਸਤਰੀ ਨੂੰ ਵੀ ਮਰਦ ਦੇ ਬਰਾਬਰ ਬਣਦੇ ਹੱਕ ਦਿੱਤੇ ਜਾਣੇ ਚਾਹੀਦੇ ਹਨ। ਗੁਰੂ ਜੀ ਨੇ ਕੁੜੀਆਂ ਨੂੰ ਜੰਮਦਿਆਂ ਮਾਰਨ ਵਾਲਿਆਂ ਨੂੰ ਅਪਰਾਧੀ ਕਰਾਰ ਦਿੱਤਾ ਹੈ। ਏਸੇ ਤਰ੍ਹਾਂ ਉਨ੍ਹਾਂ ਨੇ ਵਿਧਵਾ ਔਰਤਾਂ ਦੇ ਪੁਨਰ-ਵਿਆਹ ਕਰਨ ਦਾ ਉਪਦੇਸ਼ ਵੀ ਦਿੱਤਾ ਹੈ, ਕਿਉਂਕਿ ਉਨ੍ਹਾਂ ਨੂੰ ਵੀ ਜੀਊਣ ਦਾ ਪੂਰਾ ਅਧਿਕਾਰ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਕੁੜੀਆਂ ਨੂੰ ਵੇਚਣ ਅਤੇ ਦਾਜ ਦੇਣ ਤੇ ਲੈਣ ਨੂੰ ਵੀ ਵੱਡੀਆਂ ਸਮਾਜਕ ਬੁਰਾਈਆਂ ਮੰਨਦੇ ਹੋਏ ਇਨ੍ਹਾਂ ਨੂੰ ਖ਼ਤਮ ਕਰਨ ਦਾ ਉਪਦੇਸ਼ ਦਿੱਤਾ ਹੈ। ਇਸ ਸੰਦਰਭ ਵਿਚ ਕਿਰਪਾਲ ਸਿੰਘ ਕਸੇਲ ਦੁਆਰਾ ਰਚਿਤ ਨਿਮਨਅੰਕਿਤ ਕਾਵਿ-ਸਤਰਾਂ ਅਧਿਐਨਯੋਗ ਹਨ:

ਝੂਠ ਕਦੇ ਨਹੀਂ ਬੋਲਣਾ
ਨਾਰੀ ਦਾ ਸਨਮਾਨ।
ਧੀਆਂ ਮਾਰਨਾ ਪਾਪ ਹੈ,
ਕੀਤਾ ਇੰਜ ਫਰਮਾਨ।
ਅੰਮ੍ਰਿਤ ਛਕਣ ਹੁਣ ਬੀਬੀਆਂ,
ਰੱਖਣ ਘਰਾਂ 'ਚ ਸੋਧ।
ਅਨੰਦ ਮਰਿਯਾਦਾ ਥਾਪ ਕੇ,
ਦਸਿਆ ਗੁਰ ਨਵ-ਬੋਧ।
ਹੋਣ ਸਮੂਹਕ ਸ਼ਾਦੀਆਂ,
ਵਿਚ ਗੁਰੂ ਦੀਵਾਨ।
ਵਾਫ਼ਰ ਖਰਚਾ ਕਰਨ ਨਾ,
ਹੋਏ ਸਮਾਜ ਕਲਿਆਨ।[11]

ਇਨ੍ਹਾਂ ਕਾਵਿ-ਪੰਗਤੀਆਂ ਦੇ ਅਧਿਐਨ ਤੋਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਨਾਮਧਾਰੀ ਗੁਰੂ ਨੇ ਇਸਤਰੀ-ਜਾਤੀ ਉਪਰ ਹੋ ਰਹੇ ਅਤਿਆਚਾਰਾਂ ਅਤੇ ਬੁਰਾਈਆਂ ਨੂੰ ਖ਼ਤਮ ਕਰਕੇ ਉਨ੍ਹਾਂ ਨੂੰ ਬਰਾਬਰੀ ਦਾ ਦਰਜਾ ਦੇਣ ਅਤੇ ਉਸ ਦਾ ਪੂਰਾ ਮਾਣ ਸਤਿਕਾਰ ਕਰਨ ਦਾ ਉਪਦੇਸ਼ ਦਿੱਤਾ ਹੈ। ਵਿਆਹ-ਪ੍ਰਥਾ ਵਿਚ ਸੁਧਾਰ ਕਰਨ ਲਈ ਉਨ੍ਹਾਂ ਨੇ ਸਮੂਹਿਕ ਆਨੰਦ ਕਾਰਜ ਦੀ ਪ੍ਰਥਾ ਵੀ ਚਾਲੂ ਕੀਤੀ, ਜਿਸ ਦੇ ਫ਼ਲਸਰੂਪ ਵਿਆਹ ਸ਼ਾਦੀਆਂ ਉੱਤੇ ਜੋ ਫ਼ਜ਼ੂਲ ਖਰਚ ਹੁੰਦਾ ਸੀ, ਉਸ ਤੋਂ ਲੋਕਾਂ ਦਾ ਛੁਟਕਾਰਾ ਹੋਇਆ। ਨਾਮਧਾਰੀ ਗੁਰੂ ਦੁਆਰਾ ਆਨੰਦ ਵਿਆਹ ਦੀ ਮਰਿਯਾਦਾ ਸਥਾਪਤ ਕਰਨ ਦੀ ਇਤਿਹਾਸਕ ਘਟਨਾ ਬਾਰੇ ਕਵੀ ਗੁਰਦੇਵ ਸਿੰਘ ਰਾਏ ਲਿਖਦਾ ਹੈ:

ਜ਼ਿਲਾ ਫੀਰੋਜ਼ਪੁਰ ਅੰਦਰੇ ਖੋਟੇ ਨਾਉਂ ਦਾ ਗ੍ਰਾਮ।
ਇਕ ਵਿਲੱਖਣ ਰੀਤ ਵਿਚ ਉਸ ਦਾ ਉੱਘਾ ਨਾਮ।
ਭੇਜੇ ਬਾਬਾ ਰਾਮ ਸਿੰਘ ਦੂਰ ਨੇੜੇ ਪੈਗ਼ਾਮ।
ਪੁੱਜੋ ਖੋਟੇ ਪਿੰਡ ਵਿਚ ਸੰਗਤ ਕੁੱਲ ਤਮਾਮ।
ਆਨੰਦ ਕਾਰਜ ਦੀ ਰਸਮ ਹੋਊ ਘਟ ਖਰਚ ਬਿਨ ਦਾਮ।

ਭੋਗ ਆਸਾ ਦੀ ਵਾਰ ਦਾ ਪ੍ਰਾਤਾ ਕਾਲ ਪਿਆ।
ਪਿੱਛੋਂ ਗਿਆ ਆਰੰਭਿਆ, ਆਨੰਦ ਕਾਰਜ ਦਾ ਵਿਆਹ।
ਲਾਵਾਂ ਗੁਰੂ ਗ੍ਰੰਥ ਨਾਲ ਸਿਰਜਿਆ ਰਾਹ।
ਖਰਚਾ ਦਾਜ ਦਹੇਜ ਸਭ ਦਿੱਤਾ ਬੰਦ ਕਰਾ।
ਸਵਾ ਰੁਪਿਆ ਅਰਦਾਸ ਨਾਲ ਪੂਰਨ ਕਾਜ ਹੋਇਆ।
ਸੰਗਤਾਂ ਨਾਲ ਜੈਕਾਰਿਆਂ ਦਿੱਤਾ ਅਰਸ਼ ਗੁੰਜਾ।
ਆਨੰਦ ਕਾਰਜ ਨਵ ਰੀਤ ਦਾ ਦਿੱਤਾ ਪੰਥ ਦਰਸਾ।
ਰੂੜ੍ਹੀਵਾਦ ਵਿਰੋਧ ਦੀ ਕੀਤੀ ਨਾ ਪਰਵਾਹ।[12]

ਉਪਰੋਕਤ ਕਾਵਿ-ਸਤਰਾਂ ਵਿਚ ਕਵੀ ਨੇ ਗੁਰੂ ਰਾਮ ਸਿੰਘ ਦੁਆਰਾ ਸ਼ੁਰੂ ਕੀਤੇ ਗਏ ਆਨੰਦ-ਵਿਆਹ ਦੀ ਰਸਮ ਨੂੰ ਵਿਭਿੰਨ ਸੰਦਰਭਾਂ ਵਿਚ ਪੇਸ਼ ਕੀਤਾ ਹੈ। ਕਵੀ ਨੇ ਨਾਮਧਾਰੀ ਗੁਰੂ ਵਲੋਂ ਆਨੰਦ-ਮਰਿਯਾਦਾ ਦਾ ਉਪਦੇਸ਼ ਦਿੱਤੇ ਜਾਣ ਤੋਂ ਲੈ ਕੇ ਇਸ ਉਪਰ ਵਿਹਾਰਕ ਅਮਲ ਕਰਨ ਤਕ ਦੀਆਂ ਇਤਿਹਾਸਕ ਘਟਨਾਵਾਂ ਨੂੰ ਸਮਾਜਕ ਸੰਦਰਭ ਵਿਚ ਰੱਖ ਕੇ ਪੇਸ਼ ਕੀਤਾ ਹੈ।

ਨਾਮਧਾਰੀ ਲਹਿਰ ਦੀ ਕਵਿਤਾ ਦਾ ਅਧਿਐਨ ਕਰਦਿਆਂ ਇਹ ਤੱਥ ਵੀ ਉੱਘੜ ਕੇ ਸਾਹਮਣੇ ਆਉਂਦਾ ਹੈ ਕਿ ਨਾਮਧਾਰੀ ਸਤਿਗੁਰੂ ਨੇ ਅੰਤਰ-ਜਾਤੀ ਵਿਆਹ ਦੀ ਆਨੰਦ-ਮਰਿਯਾਦਾ ਆਰੰਭ ਕਰਕੇ ਸਮਾਜ ਵਿਚੋਂ ਜਾਤਾਂ ਦੇ ਭੇਦ-ਭਾਵ ਨੂੰ ਵੀ ਖ਼ਤਮ ਕਰ ਦਿੱਤਾ। ਇਸ ਦੇ ਫ਼ਲਸਰੂਪ ਨਾਮਧਾਰੀ-ਸਮਾਜ ਵਿਚੋਂ ਉੱਤਮ ਜਾਤ ਅਤੇ ਨੀਵੀਂ ਜਾਤ ਦਾ ਸੰਕਲਪ ਹੀ ਖ਼ਤਮ ਹੋ ਗਿਆ। ਨਾਮਧਾਰੀ ਸਮਾਜ ਵਿਚ ਅੱਜ ਵੀ ਅੰਤਰ-ਜਾਤੀ ਸਮੂਹਿਕ ਆਨੰਦ-ਕਾਰਜ ਬਿਨਾਂ ਦਾਜ-ਦਹੇਜ ਦੇ ਲੈਣ-ਦੇਣ ਤੋਂ ਹੁੰਦੇ ਹਨ।

ਨਾਮਧਾਰੀ ਗੁਰੂ ਰਾਮ ਸਿੰਘ ਨੇ ਬਾਲ-ਵਿਆਹ ਦਾ ਵੀ ਕਰੜੇ ਸ਼ਬਦਾਂ ਵਿਚ ਵਿਰੋਧ ਕੀਤਾ ਹੈ। ਉਨ੍ਹਾਂ ਦੇ ਸਮੇਂ ਦੇ ਸਮਾਜ ਵਿਚ ਬਾਲ-ਵਿਆਹ ਦੀ ਸਮਾਜਕ ਬੁਰਾਈ ਆਪਣੀ ਚਰਮ-ਸੀਮਾਂ 'ਤੇ ਪਹੁੰਚ ਚੁੱਕੀ ਸੀ। ਗੁਰੂ ਜੀ ਨੇ ਆਪਣੇ ਪੈਰੋਕਾਰਾਂ ਨੂੰ ਹੁਕਮ ਦਿੱਤਾ ਕਿ ਬੱਚਿਆਂ ਦਾ ਛੋਟੀ ਉਮਰ ਵਿਚ ਵਿਆਹ ਨਾ ਕੀਤਾ ਜਾਵੇ। ਇਸ ਸੰਬੰਧੀ ਉਹ ਆਪਣੇ 'ਹੁਕਮਨਾਮੇ 23' ਵਿਚ ਇਸ ਤਰ੍ਹਾਂ ਲਿਖਦੇ ਹਨ:

ਗੁਰੁ ਜੀ ਦਾ ਬੀ ਏਹੋ ਹੁਕਮ ਹੈ
ਜੋ ਅਠਾਰਾਂ ਬਰਸਾ ਦੀ ਲੜਕੀ,
ਬੀਸ ਬਰਸ ਦਾ ਲੜਕਾ ਹੋਵੇ
ਤਾ ਬਿਆਹੁ ਕਰਨਾ, ਉਰੇ ਨਹੀਂ ਕਰਨਾ।[13]

ਨਾਮਧਾਰੀ ਗੁਰੂ ਦੁਆਰਾ ਬਾਲ-ਵਿਆਹ ਦਾ ਸਖ਼ਤ ਵਿਰੋਧ ਕਰਨ ਦੇ ਸੰਦਰਭ ਵਿਚ ਨਿਮਨਅੰਕਿਤ ਕਾਵਿ-ਸਤਰਾਂ ਵੀ ਅਧਿਐਨਯੋਗ ਹਨ:

ਕਰਨੇ ਲਈ ਸੁਧਾਰ ਖਾਸ ਕੀਤਾ ਪਰਚਾਰ
ਬਾਲ-ਵਿਆਹ ਨੂੰ ਭੰਡਿਆ ਪਾਈ ਤ੍ਰਿਸਕਾਰ।[14]

ਨਾਮਧਾਰੀ ਕਵਿਤਾ ਵਿਚ ਨਾਮਧਾਰੀ ਗੁਰੁ ਰਾਮ ਸਿੰਘ ਦੁਆਰਾ ਕੀਤੇ ਗਏ ਸਮਾਜਕ ਸੁਧਾਰਾਂ ਨੂੰ ਕਾਵਿਬੱਧ ਕੀਤਾ ਗਿਆ ਹੈ, ਜਿਵੇਂ ਕਿ ਉਪਰੋਕਤ ਸਤਰਾਂ ਵਿਚ ਕਵੀ ਬਾਲ-ਵਿਆਹ ਬਾਰੇ ਟਿੱਪਣੀ ਪੇਸ਼ ਕਰਦਾ ਹੈ।

ਨਾਮਧਾਰੀ ਕਵਿਤਾ ਇਸਤਰੀ-ਸਿੱਖਿਆ ਦੇ ਸੰਕਲਪ ਨੂੰ ਵੀ ਸਪਸ਼ਟ ਕਰਦੀ

ਹੈ। ਗੁਰੂ ਰਾਮ ਸਿੰਘ ਨੇ ਆਪਣੇ ਪੈਰੋਕਾਰਾਂ ਨੂੰ ਇਹ ਉਪਦੇਸ਼ ਦਿੱਤਾ ਸੀ ਕਿ ਜੇਕਰ ਇਸਤਰੀ ਪੜ੍ਹੀ - ਲਿਖੀ ਹੋਵੇਗੀ ਤਾਂ ਹੀ ਉਸਦਾ ਸਰਬਪੱਖੀ ਵਿਕਾਸ ਹੋਵੇਗਾ ਅਤੇ ਉਹ ਆਪਣੇ ਉਪਰ ਹੋ ਰਹੇ ਅਨਿਆਂ ਦੇ ਵਿਰੁੱਧ ਆਵਾਜ਼ ਉਠਾਏਗੀ। ਪੜ੍ਹੀ-ਲਿਖੀ ਇਸਤਰੀ ਆਪਣੇ ਪਰਿਵਾਰ ਦੀ ਬਿਹਤਰੀ ਬਾਰੇ ਸੋਚੇਗੀ ਤੇ ਕਾਰਜਸ਼ੀਲ ਹੋਵੇਗੀ ਅਤੇ ਇਸ ਤਰ੍ਹਾਂ ਸਮੁੱਚੇ ਸਮਾਜ ਦਾ ਕਲਿਆਣ ਹੋਵੇਗਾ। ਗੁਰੂ ਜੀ ਦੇ ਹੁਕਮਨਾਮਿਆਂ ਵਿਚ ਇਸਤਰੀ-ਵਿੱਦਿਆ ਸੰਬੰਧੀ ਉਨ੍ਹਾਂ ਦੇ ਹੁਕਮ ਦਾ ਸਪਸ਼ਟ ਪ੍ਰਮਾਣ ਮਿਲਦਾ ਹੈ, ਜਿਵੇਂ ਕਿ ਉਹ ਲਿਖਦੇ ਹਨ:

ਹੋਰ ਲਟਕੇ ਲਟਕੀਆਂ ਨੂੰ
ਅਖਰ ਪੜਾਇ ਦੇਣੇ।[15]

ਉਪਰ ਅੰਕਿਤ ਟੂਕ ਤੋਂ ਸਪਸ਼ਟ ਹੈ ਕਿ ਗੁਰੂ ਰਾਮ ਸਿੰਘ ਜੀ ਨੇ ਲੜਕਿਆਂ ਦੀ ਸਿੱਖਿਆ ਦੇ ਨਾਲ-ਨਾਲ ਲੜਕੀਆਂ ਦੀ ਸਿੱਖਿਆ ਵੱਲ ਵੀ ਬਰਾਬਰ ਧਿਆਨ ਦੇਣ ਦੀ ਮੰਗ ਕੀਤੀ ਹੈ।

ਨਾਮਧਾਰੀ ਲਹਿਰ ਦੀ ਕਵਿਤਾ ਦੇ ਸਮਾਜ-ਸੁਧਾਰ ਵਾਲੇ ਪਰਿਪੇਖ ਦਾ ਅਧਿਐਨ ਕਰਦਿਆਂ ਅਸੀਂ ਦੇਖਦੇ ਹਾਂ ਕਿ ਇਹ ਕਵਿਤਾ ਇਸਤਰੀ-ਜਾਤੀ ਦੀ ਸਮਾਜਕ ਸਥਿਤੀ ਦੇ ਸੁਧਾਰ ਦੀ ਲੋੜ ਅਤੇ ਇਸਦੇ ਲਈ ਕੀਤੇ ਜਾਣ ਵਾਲੇ ਉਪਰਾਲਿਆਂ ਨੂੰ ਵਿਭਿੰਨ ਕਾਵਿ-ਜੁਗਤਾਂ ਰਾਹੀਂ ਪੇਸ਼ ਕਰਦੀ ਹੈ। ਇਹ ਕਵਿਤਾ ਗੁਰੂ ਰਾਮ ਸਿੰਘ ਦੁਆਰਾ ਕੀਤੇ ਗਏ ਇਸਤਰੀ-ਜਾਤੀ ਦੇ ਸੁਧਾਰਾਂ ਦੀ ਮਹੱਤਤਾ ਨੂੰ ਵਿਭਿੰਨ ਕਾਵਿਕ ਜੁਗਤਾਂ ਸਿਰਜ ਕੇ ਉਜਾਗਰ ਕਰਦੀ ਹੈ। ਇਸ ਦੀ ਇਕ ਉਦਾਹਰਣ ਨਿਮਨਅੰਕਿਤ ਕਾਵਿ-ਪੰਗਤੀਆਂ ਹਨ ਜੋ ਕਵੀ ਚੰਦਾ ਸਿੰਘ ਦੇ ਬਾਰਾਂਮਾਹ ਵਿਚ ਅੰਕਿਤ ਹਨ। ਇਨ੍ਹਾਂ ਪੰਗਤੀਆਂ ਵਿਚ ਕਵੀ ਨੇ ਪ੍ਰਕਿਰਤੀ ਨੂੰ ਪਿੱਠਭੂਮੀ ਵਿਚ ਰੱਖ ਕੇ ਨਾਮਧਾਰੀ ਗੁਰੂ ਦੁਆਰਾ ਇਸਤਰੀਆਂ ਨੂੰ ਅੰਮ੍ਰਿਤ ਛਕਾਉਣ ਦੇ ਹੁਕਮ ਦਾ ਜ਼ਿਕਰ ਕੀਤਾ ਹੈ। ਉਹ ਲਿਖਦਾ ਹੈ:

ਹਾੜ ਮਹੀਨਾ ਬੀਤਿਆ
ਰੁੱਤ ਸਾਵਣ ਦੀ ਆਈ।
ਗੁਰ ਹੁਕਮ ਚੜ੍ਹਾਇਆ ਖਾਲਸੇ
ਕਛ ਪਹਿਨੋ ਬੀਬੀ ਮਾਈ।[16]

ਨਾਮਧਾਰੀ ਲਹਿਰ ਦੀ ਕਵਿਤਾ ਵਿਚ ਨਾਮਧਾਰੀ ਗੁਰੂਆਂ ਵਲੋਂ ਬਿਰਧ ਅਤੇ ਬੀਮਾਰ ਮਨੁੱਖਾਂ ਦੀ ਸੇਵਾ -ਸੰਭਾਲ ਲਈ ਕੀਤੇ ਗਏ ਯਤਨਾਂ ਦਾ ਵੀ ਵਰਣਨ ਹੋਇਆ ਹੈ। ਨਾਮਧਾਰੀ ਗੁਰੂਆਂ ਦੇ ਉਪਦੇਸ਼ ਅਨੁਸਾਰ ਬਜ਼ੁਰਗ ਅਤੇ ਬੀਮਾਰ ਵੀ ਸਮਾਜ ਦਾ ਅਟੁੱਟ ਅੰਗ ਹਨ। ਪਰ ਕਈ ਕਾਰਨਾਂ ਕਰਕੇ ਇਨ੍ਹਾਂ ਦੀ ਉਚਿਤ ਦੇਖਭਾਲ ਨਹੀਂ ਹੁੰਦੀ; ਜਿਸ ਕਾਰਨ ਇਨ੍ਹਾਂ ਨੂੰ ਸਰੀਰਕ ਅਤੇ ਮਾਨਸਿਕ ਪੀੜਾ ਵਿਚੋਂ ਗੁਜ਼ਰਨਾ ਪੈਂਦਾ ਹੈ। ਇਨ੍ਹਾਂ ਦੀ ਸਮਾਜਕ ਹਾਲਤ ਨੂੰ ਸੁਧਾਰਨ ਲਈ ਹੀ ਗੁਰੂ ਜੀ ਨੇ ਭੈਣੀ ਸਾਹਿਬ ਵਿਚ ਬਿਰਧ-ਆਸ਼ਰਮ ਖੋਲ੍ਹਿਆ ਸੀ। ਅੱਜ ਵੀ ਇਸ ਆਸ਼ਰਮ ਵਿਚ ਬਜ਼ੁਰਗਾਂ ਤੇ ਲੋੜਵੰਦਾਂ ਦੀ ਸੇਵਾ-ਸੰਭਾਲ ਨਿਸ਼ਕਾਮ ਭਾਵ ਨਾਲ ਕੀਤੀ ਜਾਂਦੀ ਹੈ ਅਤੇ ਬਜ਼ੁਰਗਾਂ ਤੇ ਬੀਮਾਰਾਂ ਦੀ ਸਿਹਤ ਦਾ ਖ਼ਾਸ ਧਿਆਨ ਰੱਖਿਆ ਜਾਂਦਾ ਹੈ। ਉਨ੍ਹਾਂ ਦੀਆਂ ਬੀਮਾਰੀਆਂ ਦੇ ਇਲਾਜ ਲਈ ਮੁਫ਼ਤ ਡਾਕਟਰੀ ਸੇਵਾ ਵੀ ਮੁਹੱਈਆ ਕਰਵਾਈ ਜਾਂਦੀ ਹੈ ਅਤੇ ਉਨ੍ਹਾਂ ਦੇ ਖਾਣ-ਪੀਣ ਵੱਲ ਵੀ ਉਚੇਚਾ ਧਿਆਨ ਦਿੱਤਾ ਜਾਂਦਾ ਹੈ। ਇਸ ਸੰਦਰਭ ਵਿਚ ਕਿਰਪਾਲ ਸਿੰਘ ਕਸੇਲ ਦੀਆਂ ਨਿਮਨਅੰਕਿਤ

ਕਾਵਿ-ਸਤਰਾਂ ਦਾ ਅਧਿਐਨ ਸਾਰਥਕ ਹੋਵੇਗਾ:

ਨਾਮ ਔਸ਼ਧੀ ਬਖ਼ਸ਼ਦੇ
ਸਤਿਗੁਰ ਵੈਦ ਮਹਾਨ।
ਫਿਰ ਵੀ ਰੋਗੀ ਜੀਆਂ ਵਲ
ਦਿੰਦੇ ਬਹੁਤ ਧਿਆਨ।
ਔਸ਼ਧਾਲੇ ਚਲ ਰਹੇ
ਤੇ ਕੁਦਰਤੀ ਇਲਾਜ।
ਸਤਿਗੁਰ ਸਦਾ ਸੰਭਾਲਦੇ
ਜੋ ਲਾਚਾਰ ਮੁਥਾਜ।
ਬਿਰਧਾ ਦੀ ਸੇਵਾ ਲਈ
ਰਹਿੰਦੇ ਸਦਾ ਤਿਆਰ।
ਲੋੜਾਂ ਕਰਕੇ ਪੂਰੀਆਂ
ਉਪਚਾਰ ਤੇ ਸਤਿਕਾਰ।[17]

ਇਸ ਤੋਂ ਸਪਸ਼ਟ ਹੈ ਕਿ ਨਾਮਧਾਰੀ ਸਮਾਜ ਵਿਚ ਲੋੜਵੰਦ ਬਜ਼ੁਰਗਾਂ ਅਤੇ ਰੋਗੀਆਂ ਦੀ ਸੇਵਾ-ਸੰਭਾਲ ਲਈ ਖ਼ਾਸ ਪ੍ਰਬੰਧ ਕੀਤਾ ਜਾਂਦਾ ਹੈ। ਜਿਨ੍ਹਾਂ ਬਜ਼ੁਰਗਾਂ ਅਤੇ ਰੋਗੀਆਂ ਨੂੰ ਉਨ੍ਹਾਂ ਦੇ ਪਰਿਵਾਰਕ ਮੈਂਬਰ ਵਾਧੂ ਸਮਝ ਕੇ ਤਿਆਗ ਦਿੰਦੇ ਹਨ ਜਾਂ ਸਹੀ ਦੇਖਭਾਲ ਨਹੀਂ ਕਰਦੇ, ਉਨ੍ਹਾਂ ਦੀ ਦੇਖਭਾਲ ਦੀ ਪੂਰੀ ਜ਼ਿੰਮੇਵਾਰੀ ਨਾਮਧਾਰੀ ਬਿਰਧ-ਆਸ਼ਰਮ ਆਪਣੇ ਉਪਰ ਲੈ ਲੈਂਦਾ ਹੈ। ਇਸ ਦੇ ਫ਼ਲਸਰੂਪ ਬਿਰਧਾਂ ਅਤੇ ਰੋਗੀਆਂ ਨੂੰ ਉਨ੍ਹਾਂ ਦਾ ਖੋਹਿਆ ਹੋਇਆ ਆਦਰ-ਸਨਮਾਨ ਵਾਪਸ ਮਿਲਦਾ ਹੈ ਅਤੇ ਸਮਾਜ ਵਿਚ ਬਿਰਧਾਂ ਅਤੇ ਰੋਗੀਆਂ ਦੀ ਸੇਵਾ-ਸੰਭਾਲ ਲਈ ਨਵੀਂ ਚੇਤਨਾ ਦਾ ਸੰਚਾਰ ਵੀ ਹੁੰਦਾ ਹੈ। ਨਾਮਧਾਰੀ ਕਵਿਤਾ ਦੇ ਅਧਿਐਨ ਤੋਂ ਇਹ ਵੀ ਜਾਣਕਾਰੀ ਮਿਲਦੀ ਹੈ ਕਿ ਗੁਰੂ ਰਾਮ ਸਿੰਘ ਨੇ ਇਸਤਰੀ-ਜਾਤੀ, ਬਿਰਧਾਂ ਅਤੇ ਰੋਗੀਆਂ ਦੀ ਸਮਾਜਕ ਹਾਲਤ ਸੁਧਾਰਨ ਲਈ ਵਿਹਾਰਕ ਯਤਨ ਵੀ ਕੀਤੇ ਹਨ ਅਤੇ ਸਮਾਜ ਵਿਚ ਫੈਲੀਆਂ ਹੋਈਆਂ ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ, ਕਰਮਕਾਡਾਂ, ਚੋਰੀ, ਠੱਗੀ, ਸੂਦਖੋਰੀ, ਨਸ਼ਾ-ਸੇਵਨ ਅਤੇ ਚਰਿਤਰਹੀਣਤਾ ਵਰਗੀਆਂ ਬੁਰਾਈਆਂ ਦਾ ਵੀ ਸਖ਼ਤ ਵਿਰੋਧ ਕੀਤਾ। ਉਨ੍ਹਾਂ ਨੇ ਆਪਣੇ ਪੈਰੋਕਾਰਾਂ ਨੂੰ ਮਾਸ, ਸ਼ਰਾਬ ਅਤੇ ਹੋਰ ਨਸ਼ੇ ਵਾਲੀਆਂ ਵਸਤੂਆਂ ਦਾ ਸੇਵਨ ਕਰਨ ਦੀ ਸਖ਼ਤ ਮਨਾਹੀ ਕੀਤੀ ਹੈ। ਉਨ੍ਹਾਂ ਦੇ ਸਮਕਾਲੀ ਸਮਾਜ ਵਿਚ ਲੋਕ ਨਸ਼ਿਆਂ ਦੇ ਸ਼ਿਕਾਰ ਹੋ ਕੇ ਆਪਣੀਆ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਬੇਮੁਖ ਹੋ ਗਏ ਸਨ, ਜਿਸ ਕਾਰਨ ਸਮਾਜ ਦਾ ਤਾਣਾ-ਬਾਣਾ ਵਿਗੜ ਰਿਹਾ ਸੀ। ਨਾਮਧਾਰੀ ਸਤਿਗੁਰੂ ਨੇ ਨਸ਼ਿਆਂ ਦੀ ਲਾਹਨਤ ਪ੍ਰਤਿ ਆਮ ਜਨਤਾ ਨੂੰ ਚੇਤੰਨ ਕੀਤਾ ਅਤੇ ਇਸ ਤੋਂ ਛੁਟਕਾਰਾ ਪਾਉਣ ਦਾ ਉਪਦੇਸ਼ ਦਿੱਤਾ। ਇਸ ਪ੍ਰਸੰਗ ਵਿਚ ਨਿਮਨਅੰਕਿਤ ਕਾਵਿ-ਸਤਰਾਂ ਅਧਿਐਨਯੋਗ ਹਨ:

- ਕੱਤਕ ਕਰਮ ਧਰਮ ਗੁਰ ਲਾਏ
  ਭੁੱਲੇ ਜਾਂਦੇ ਮਾਰਗ ਪਾਏ,
  ਸਤਿਗੁਰ ਸੱਚ ਸੁੱਚ ਦ੍ਰਿੜਾਏ
  ਮਾਸ ਸ਼ਰਾਬ ਤੇ ਨੀਲ ਹਟਾਏ।18
- ਛੱਡ ਮਾਸ ਤੇ ਕਬਾਬ

ਨਹੀਂ ਪੀਵਣੀ ਸ਼ਰਾਬ।
ਕਿਉ ਹੋਇਆ ਗੁਰਕਾਬ
ਕਿਧਰ ਗਿਆ ਹੈ ਧਿਆਨ ਜੀ।
.... ਕੇਹੀ ਨੀਤ ਮਨੋ ਧਾਰੀ
ਕਿਉ ਹੋਇਆ ਬੇਈਮਾਨ ਜੀ।[19]

ਉਪਰ ਅੰਕਿਤ ਕਾਵਿ-ਸਤਰਾਂ ਦੇ ਅਧਿਐਨ ਤੋਂ ਸਪਸ਼ਟ ਹੈ ਕਿ ਨਾਮਧਾਰੀ ਗੁਰੂ ਨੇ ਆਪਣੇ ਸਮਕਾਲੀ ਸਮਾਜ ਦਾ ਸੁਧਾਰ ਕਰਨ ਲਈ ਮਾਸ ਅਤੇ ਸ਼ਰਾਬ ਵਰਗੇ ਨਸ਼ਿਆਂ ਨੂੰ ਤਿਆਗਣ ਉੱਤੇ ਜ਼ੋਰ ਦਿੱਤਾ ਹੈ। ਇਸ ਸੰਬੰਧੀ ਗਿਆਨੀ ਗਿਆਨ ਸਿੰਘ ਨੇ **ਪੰਥ ਪ੍ਰਕਾਸ਼** ਵਿਚ ਵੀ ਜ਼ਿਕਰ ਕੀਤਾ ਹੈ। ਉਨ੍ਹਾਂ ਅਨੁਸਾਰ ਸਿੱਖ-ਰਾਜ ਦੇ ਪਤਨ ਦਾ ਅਸਲ ਕਾਰਨ ਹੀ ਇਹ ਸੀ ਕਿ ਸਿੱਖ-ਸਮਾਜ ਆਪਣੇ ਗੁਰੂਆਂ ਵਲੋਂ ਦੱਸੀ ਗਈ ਸਮਾਜਕ ਮਰਿਯਾਦਾ ਨੂੰ ਭੁੱਲ ਕੇ ਨਸ਼ਿਆਂ ਦਾ ਸ਼ਿਕਾਰ ਹੋ ਗਿਆ ਸੀ। ਨਾਮਧਾਰੀ ਗੁਰੂ ਨੇ ਸਿੱਖ-ਰਾਜ ਦੇ ਪਤਨ ਤੋਂ ਬਾਦ ਸਿੱਖ-ਸਮਾਜ ਦੀ ਪੁਨਰ -ਸਿਰਜਨਾ ਕਰਨ ਦਾ ਉਪਰਾਲਾ ਕੀਤਾ। ਜਿਸ ਵਿਚ ਉਹ ਸਫ਼ਲ ਰਹੇ। ਉਨ੍ਹਾਂ ਦੇ ਇਸ ਉਪਰਾਲੇ ਬਾਰੇ ਗਿਆਨੀ ਗਿਆਨ ਸਿੰਘ ਕਬਿਤ ਨੰਬਰ ਬਾਰਾਂ ਵਿਚ ਲਿਖਦੇ ਹਨ:

ਪਾਇ ਏਹ ਹੁਕਮ ਪ੍ਰਮੇਸ ਕਾ ਬਿਸੇਸ ਫਿਰ
ਰਾਮ ਮਿਰਗੇਸ ਉਪਦੇਸ ਦੈਨ ਲਾਗਿਓ
ਹੁੱਕੇ ਛੁਡਵਾਏ ਰਖਵਾਏ ਕੇਸ ਮੋਨਯੋਂ ਕੇ
ਸੁਧਾ ਛਕਿ ਥਾਏ ਸਿੱਖ ਭਾਗ ਜਿਨੈ ਜਾਗਿਓ।
ਫੈਲਯੋ ਜਸ ਭਾਰੀ ਸਿੱਖ ਥੀਏ ਤਾਂਹਿ ਕੇ ਅਪਾਰੀ
ਸਿੰਘ ਪੰਥ ਬਿਰਧਾਇਓ ਨਾਮ ਰਸ ਪਾਗਿਓ।
ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਜਾਰੀ
ਠੱਗੀ ਤਜਿ ਥੀਏ ਸੰਤ ਸਤਿਜੁਗ ਆ ਗਿਉ।[20]

ਉਪਰੋਕਤ ਪੰਗਤੀਆਂ ਤੋਂ ਸਪਸ਼ਟ ਹੈ ਕਿ ਨਾਮਧਾਰੀ ਗੁਰੂ ਰਾਮ ਸਿੰਘ ਨੇ ਸਿੱਖ-ਸਮਾਜ ਦੀ ਪੁਨਰ-ਸਥਾਪਨਾ ਦਾ ਉਦੇਸ਼ ਸਿੱਧ ਕਰਨ ਲਈ ਸਮਾਜ ਵਿਚ ਫੈਲੀਆਂ ਹੋਈਆਂ ਬੁਰਾਈਆਂ ਦਾ ਵਿਰੋਧ ਕਰਦਿਆਂ ਉਨ੍ਹਾਂ ਨੂੰ ਖ਼ਤਮ ਕਰਨ ਦਾ ਉਪਦੇਸ਼ ਦਿੱਤਾ। ਅਸਲ ਵਿਚ ਨਾਮਧਾਰੀ ਗੁਰੂ ਉਸ ਆਦਰਸ਼-ਸਮਾਜ ਦੀ ਸਥਾਪਨਾ ਕਰਨ ਦੇ ਮਕਸਦ ਤੋਂ ਪ੍ਰੇਰਿਤ ਸਨ ਜੋ ਹਰ ਤਰ੍ਹਾਂ ਦੀਆਂ ਬੁਰਾਈਆਂ ਤੋਂ ਰਹਿਤ ਹੋਵੇ। ਉਹ ਇਸ ਸਮਾਜ ਵਿਚ ਆਪਸੀ ਮਿਲਵਰਤਣ ਦੀ ਭਾਵਨਾ, ਭਾਈਚਾਰਕ ਸਾਂਝ, ਇਸਤਰੀ-ਮਰਦ ਦਾ ਬਰਾਬਰ ਸਤਿਕਾਰ, ਹੱਥੀਂ ਕਿਰਤ ਕਰਨ, ਲੋੜਵੰਦਾਂ ਦੀ ਸਹਾਇਤਾ ਕਰਨ, ਇਕ ਪਰਮਾਤਮਾ ਵਿਚ ਵਿਸ਼ਵਾਸ ਰੱਖਣ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅਤੇ ਝੂਠ ਵਰਗੀਆਂ ਅਲਾਮਤਾਂ ਤੋਂ ਦੂਰ ਰਹਿਣ ਵਾਲਾ ਜੀਵਨ-ਵਿਹਾਰ ਅਪਨਾਇਆ ਹੋਇਆ ਦੇਖਣਾ ਚਾਹੁੰਦੇ ਸਨ। ਇਸ ਤਰ੍ਹਾਂ ਦੇ ਆਦਰਸ਼ -ਸਮਾਜ ਦਾ ਨਕਸ਼ਾ ਹੋਰ ਵੀ ਨਾਮਧਾਰੀ ਕਵੀਆਂ ਦੀ ਕਵਿਤਾ ਵਿਚ ਉਲੀਕਿਆ ਹੋਇਆ ਮਿਲਦਾ ਹੈ। ਨਾਮਧਾਰੀ ਗੁਰੂ ਨੇ ਸਮਾਜਕ ਬੁਰਾਈਆਂ ਦਾ ਜਿਸ ਤਰ੍ਹਾਂ ਵਿਰੋਧ ਕੀਤਾ ਅਤੇ ਇਨ੍ਹਾਂ ਬੁਰਾਈਆਂ ਨੂੰ ਦੂਰ ਕਰਨ ਲਈ ਜੋ ਉਪਰਾਲੇ ਕੀਤੇ, ਉਨ੍ਹਾਂ ਦੀ ਅਭਿਵਿਅਕਤੀ ਨਾਮਧਾਰੀ ਕਵਿਤਾ ਵਿਚ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਹੋਈ ਹੈ। ਨਾਮਧਾਰੀ ਕਵਿਤਾ ਅਨੁਸਾਰ ਜਿਹੜਾ ਵਿਅਕਤੀ ਵੀ ਗੁਰੂ ਦੇ ਸੰਪਰਕ ਵਿਚ ਆਉਂਦਾ ਹੈ, ਉਹ ਉਸ

ਨੂੰ ਮਾਸ, ਸ਼ਰਾਬ ਅਤੇ ਹੋਰ ਅਨੈਤਿਕ ਆਚਰਣ ਤਿਆਗਣ ਦਾ ਹੁਕਮ ਦਿੰਦੇ। ਇਸ ਤਰ੍ਹਾਂ ਦੇ ਯਤਨਾਂ ਦੇ ਫ਼ਲਸਰੂਪ ਅਤੇ ਨਾਮਧਾਰੀ ਪੈਰੋਕਾਰਾਂ ਦੇ ਵਿਹਾਰਕ ਅਮਲ ਸਦਕਾ ਗੁਰੂ ਜੀ ਦੁਆਰਾ ਜਿਸ ਆਦਰਸ਼ ਸਮਾਜ ਦੀ ਕਲਪਨਾ ਕੀਤੀ ਗਈ ਅਤੇ ਜਿਸਦੀ ਸਥਾਪਨਾ ਲਈ ਉਪਰਾਲੇ ਕੀਤੇ ਗਏ, ਉਸ ਆਦਰਸ਼-ਸਮਾਜ ਨੂੰ ਕਵੀ ਗਿਆਨੀ ਗਿਆਨ ਸਿੰਘ ਨੇ 'ਸੰਤ ਸਤਿਜੁਗ' ਦਾ ਨਾਂ ਦਿੱਤਾ ਹੈ। ਇਸ ਸਤਿਜੁਗ ਵਿਚ ਨਾਮਧਾਰੀ ਪੈਰੋਕਾਰ ਸੁੱਚ, ਸੋਧ ਅਤੇ ਆਚਰਣਕ ਸ਼ੁੱਧਤਾ ਭਰਿਆ ਜੀਵਨ ਬਤੀਤ ਕਰਦੇ ਹਨ ਅਤੇ ਉਨ੍ਹਾਂ ਦਾ ਜੀਵਨ-ਵਿਹਾਰ ਸਮਾਜ ਵਿਚ ਆਦਰਸ਼ ਮਿਸਾਲ ਬਣਦਾ ਹੈ। ਨਾਮਧਾਰੀ ਪੈਰੋਕਾਰਾਂ ਦੇ ਇਸ ਤਰ੍ਹਾਂ ਦੇ ਜੀਵਨ-ਵਿਹਾਰ ਨੂੰ ਚਿਤਰਦਿਆਂ ਸੰਤ ਨਿਹਾਲ ਸਿੰਘ ਆਪਣੇ ਬਾਰਾਂਮਾਹ ਵਿਚ ਲਿਖਦਾ ਹੈ:

ਜੇਠ ਜੁਗਤ ਪਛਾਣੀ ਹੱਥੀ ਆਪ ਪੀਣ ਪਾਣੀ,
ਕੀਤੇ ਬਾਝ ਇਸ਼ਨਾਨ ਪਰਸ਼ਾਦ ਨਹੀਂ ਛਕਦੇ।
ਸਿੰਘ ਬੋਲਦੇ ਨੇ ਸੱਚ, ਇਹੋ ਸਤਿਗੁਰਾਂ ਦੀ ਮਤ,
ਛੋਡ ਚੁਗਲੀ ਬਖ਼ੀਲੀ, ਖੌਫ ਮਨ ਵਿਚ ਰੱਖਦੇ।
ਇਕ ਹੋਰ ਗਲ ਡਿੱਠੀ, ਬੋਲੀ ਬੋਲਦੇ ਨੇ ਮਿੱਠੀ,
ਤੁਰੇ ਜਾਣ ਸਿੱਧੇ ਰਾਹੇ, ਗਹਿਰੀ ਨਜ਼ਰ ਨਹੀਂ ਤੱਕਦੇ।[21]

ਅਜਿਹੀਆਂ ਕਵਿਤਾਵਾਂ ਦੇ ਅਧਿਐਨ ਤੋਂ ਸਪਸ਼ਟ ਹੈ ਕਿ ਨਾਮਧਾਰੀ ਲਹਿਰ ਦੇ ਪੈਰੋਕਾਰਾਂ ਦਾ ਸਮਾਜਕ ਵਿਹਾਰ ਆਦਰਸ਼ਕ ਹੈ। ਗੁਰੂ ਦੇ ਉਪਦੇਸ਼ ਸਦਕਾ ਉਹ ਤਨ ਅਤੇ ਮਨ ਦੀ ਸ਼ੁੱਧਤਾ ਲਈ ਯਤਨਸ਼ੀਲ ਤਾਂ ਹੁੰਦੇ ਹੀ ਹਨ, ਇਸ ਦੇ ਨਾਲ ਹੀ ਬੋਲੀ ਦੀ ਸ਼ੁੱਧਤਾ/ ਮਿਠਾਸ ਵਰਗੇ ਗੁਣ ਵੀ ਉਨ੍ਹਾ ਦੇ ਆਚਰਣ ਦਾ ਹਿੱਸਾ ਬਣਦੇ ਹਨ। ਨਾਮਧਾਰੀ ਕਵਿਤਾ ਵਿਚ ਆਚਰਣਕ ਸ਼ੁੱਧਤਾ ਉਪਰ ਬਹੁਤ ਬਲ ਦਿੱਤਾ ਗਿਆ ਹੈ ਅਤੇ ਅਨੈਤਿਕਤਾ/ ਆਚਰਣਹੀਣਤਾ ਨੂੰ ਸਭ ਤੋਂ ਵੱਡਾ ਔਗੁਣ ਮੰਨਿਆ ਗਿਆ ਹੈ ਜੋ ਕਿਸੇ ਵੀ ਕੌਮ ਜਾਂ ਸਮਾਜ ਦੇ ਪਤਨ ਦਾ ਕਰਨ ਬਣ ਸਕਦਾ ਹੈ। ਨਾਮਧਾਰੀ ਕਵੀਆਂ ਦੀਆਂ ਬਹੁਤ ਸਾਰੀਆਂ ਕਾਵਿ ਰਚਨਾਵਾਂ ਵਿਚ ਕਾਵਿ-ਵਕਤਾ ਵਲੋਂ ਸਮਾਜ-ਸੁਧਾਰ ਦੀ ਦ੍ਰਿਸ਼ਟੀ ਤੋਂ ਨੈਤਿਕ ਸਿੱਖਿਆ ਵੀ ਦਿੱਤੀ ਗਈ ਹੈ; ਜਿਵੇਂ ਕਿ ਨਿਮਨਅੰਕਿਤ ਕਾਵਿ-ਸਤਰਾਂ ਵਿਚ ਕਵੀ ਕਾਲਾ ਸਿੰਘ 'ਹੁਕਮ' ਦੀ ਜੁਗਤ ਰਾਹੀਂ ਨੈਤਿਕ ਸਿੱਖਿਆ ਦੇ ਰਿਹਾ ਹੈ:

ਕੰਨ ਵਿਚ ਭਜਨ ਸੁਣੌਂਦੇ ਸਤਿਗੁਰ
ਝੂਠ ਨਾ ਬੋਲਣ ਅੱਛਾ ਜੀ।
ਚੋਰੀ ਯਾਰੀ ਠੱਗੀ ਛੱਡਣੀ,
ਨਿੰਦਾ ਕੰਮ ਉਚੱਕਾ ਜੀ।[22]

ਨਾਮਧਾਰੀ ਗੁਰੂ ਦੀ ਫੋਕੇ ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ ਅਤੇ ਕਰਮ-ਕਾਂਡਾਂ ਦਾ ਵਿਰੋਧ ਕਰਨ ਦੀ ਨੀਤੀ ਨੂੰ ਨਾਮਧਾਰੀ ਕਵਿਤਾ ਵਿਚ ਉਘੜਵੇਂ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਗੁਰੂ ਰਾਮ ਸਿੰਘ ਨੇ ਸਿਹਤਮੰਦ ਸਮਾਜ ਦੀ ਸਿਰਜਣਾ ਲਈ ਲੋਕਾਂ ਨੂੰ ਫੋਕੇ ਵਹਿਮਾਂ-ਭਰਮਾਂ, ਕਰਮ-ਕਾਂਡਾਂ ਅਤੇ ਅੰਧ-ਵਿਸ਼ਵਾਸਾਂ ਤੋਂ ਮੁਕਤ ਕਰਨ ਅਤੇ ਉਨ੍ਹਾਂ ਨੂੰ ਤਰਕਸੰਗਤ ਢੰਗ ਨਾਲ ਸੋਚਣ-ਸਮਝਣ ਦੇ ਕਾਬਿਲ ਬਣਾਉਣ ਦੇ ਯਤਨ ਕੀਤੇ। ਜੋ ਲੋਕ ਸਵੈ-ਹਿਤ ਦੀ ਖ਼ਾਤਰ ਭੋਲੇ-ਭਾਲੇ ਲੋਕਾਂ ਨੂੰ ਵਹਿਮਾਂ-ਭਰਮਾਂ ਦੇ ਚੱਕਰ ਵਿਚ ਫਸਾ ਕੇ ਉਨ੍ਹਾਂ ਨੂੰ ਗੁੰਮਰਾਹ ਕਰਦੇ ਹਨ ਅਤੇ ਸਾਰੀ ਉਮਰ ਇਸੇ ਚੱਕਰ ਵਿਚ ਫਸਾਈ ਰੱਖਦੇ ਹਨ, ਉਨ੍ਹਾ

ਦੇ ਖਿਲਾਫ਼ ਵੀ ਗੁਰੂ ਜੀ ਨੇ ਲੋਕਾਂ ਨੂੰ ਜਾਗਰੂਕ ਕੀਤਾ। ਉਨ੍ਹਾਂ ਨੇ ਆਮ ਲੋਕਾਂ ਨੂੰ ਇਕ ਪਰਮਾਤਮਾ ਅਤੇ ਗੁਰਬਾਣੀ ਉਪਰ ਵਿਸ਼ਵਾਸ ਕਰਨ ਦਾ ਸੰਦੇਸ਼ ਦਿੱਤਾ ਅਤੇ ਫੋਕੇ ਵਹਿਮਾਂ-ਭਰਮਾਂ ਅਤੇ ਕਰਮ-ਕਾਂਡਾਂ ਤੋਂ ਦੂਰ ਰਹਿਣ ਦਾ ਹੁਕਮ ਦਿੱਤਾ। ਇਸ ਹੁਕਮ ਨੂੰ ਨਾਮਧਾਰੀ ਕਵਿਤਾ ਵਿਚ ਇਸ ਤਰ੍ਹਾਂ ਬਿਆਨ ਕੀਤਾ ਗਿਆ ਹੈ:

ਵੈਸਾਖ ਵਿਸਰਿਆ ਨਾਮ ਜਿਨ੍ਹਾਂ ਨੂੰ
ਰਾਹ ਅਵਲੜੇ ਜਾਂਦੇ ਨੇ।
ਦੇਵੀ ਦੇਵਤੇ ਪੂਜਣ ਵਾਲੇ
ਦਰ ਦਰ ਚੋਟਾਂ ਖਾਂਦੇ ਨੇ।
ਮੜੀ ਮਸਾਣੀਂ ਗੁੱਗਾ ਭੈਰੋਂ
ਪੂਜ ਨਰਕ ਨੂੰ ਜਾਂਦੇ ਨੇ।[23]

ਏਸੇ ਤਰ੍ਹਾਂ ਹੀ ਨਿਮਨਅੰਕਿਤ ਕਾਵਿ-ਸਤਰਾਂ ਵੀ ਨਾਮਧਾਰੀ ਪੈਰੋਕਾਰਾਂ ਦੇ ਨਿਤਨੇਮੀ ਹੋਣ, ਗੁਰਬਾਣੀ ਉੱਤੇ ਟੇਕ ਰੱਖਣ ਅਤੇ ਅੰਧ-ਵਿਸ਼ਵਾਸਾਂ ਤੋਂ ਮੁਕਤ ਹੋਣ ਵਾਲੀ ਜੀਵਨ-ਜਾਚ ਦਾ ਵਰਣਨ ਕਰਦੀਆਂ ਹਨ:

ਕਰਦੇ ਪਹਿਰ ਰਾਤੀਂ ਇਸਨਾਨ
ਪੜ੍ਹਦੇ ਬਾਣੀ ਲਾਇ ਧਿਆਨ।
ਢਾਹੁਣ ਮੜ੍ਹੀਆਂ ਗੋਰ ਮਕਾਨ
ਸਤਿਗੁਰ ਬਹਿੰਦੇ ਲਾਇ ਦੀਵਾਨ।[24]

ਨਾਮਧਾਰੀ ਕਵਿਤਾ ਦੇ ਸਮਾਜਕ ਪਰਿਪੇਖ ਨੂੰ ਉਜਾਗਰ ਕਰਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਸਤਿਗੁਰੂ ਰਾਮ ਸਿੰਘ ਨੇ ਸਮਾਜ ਸੁਧਾਰ ਦੇ ਜੋ ਉਪਰਾਲੇ ਕੀਤੇ, ਉਨ੍ਹਾਂ ਦੀ ਅਭਿਵਿਅਕਤੀ ਇਸ ਕਵਿਤਾ ਵਿਚ ਹੋਈ ਹੈ। ਇਸ ਦੇ ਨਾਲ ਹੀ ਜਿਸ ਆਦਰਸ਼-ਸਮਾਜ ਦੀ ਉਹ ਸਥਾਪਨਾ ਕਰਨਾ ਚਾਹੁੰਦੇ ਸਨ, ਉਸ ਆਦਰਸ਼ ਸਮਾਜ ਦੇ ਸੰਕਲਪ ਦੀ ਪੇਸ਼ਕਾਰੀ ਵੀ ਇਸ ਕਵਿਤਾ ਵਿਚ ਕੀਤੀ ਹੋਈ ਮਿਲਦੀ ਹੈ। ਇਸ ਦੇ ਇਕ ਉਦਾਹਰਣ ਵਜੋਂ ਅਸੀਂ ਕਿਰਪਾਲ ਸਿੰਘ ਕਸੇਲ ਦੀਆਂ ਨਿਮਨਅੰਕਿਤ ਕਾਵਿ-ਸਤਰਾਂ ਦਾ ਅਧਿਐਨ ਕਰ ਸਕਦੇ ਹਾਂ:

ਸਿਧਾ ਸਾਦਾ ਜੀਵਣਾ
ਸਤਿਗੁਰ ਤਾਈਂ ਪਸੰਦ।
ਨੇਕ ਅਮਲ ਅਰੋਗ ਤਨ
ਉਦਮ ਕਿਰਤ ਅਨੰਦ।

ਖਰਚੀਲੇ ਰਸਮ ਰਿਵਾਜ ਪਰ
ਸਤਿਗੁਰ ਨੂੰ ਨਾ ਭਾਉਣ।
ਅਨੰਦ ਵਿਆਹ ਦੀ ਰੀਤ ਹੈ
ਗੁਰੂ ਘਰ ਵਿਚ ਪ੍ਰਧਾਨ।
ਸਮੂਹਕ ਹੋਵਣ ਸ਼ਾਦੀਆਂ

ਸਭੋ ਜੋੜੇ ਸੋਭਦੇ

ਆਦਰਸ਼ ਇਹ ਸਮਾਜ।
...ਨਰ ਨਾਰੀ ਗੁਣਵੰਤ ਹੋਣ
ਰਹੇ ਨਾ ਕੋਈ ਕਾਣ।
.... ਸੁਚ ਕਰਨੀ, ਉਚ ਰਹਿਣੀ
ਅਤਿਥੀ ਦਾ ਸਤਿਕਾਰ।
ਸੇਵਾ ਤੇ ਉਪਕਾਰ ਲਈ
ਰਹਿਣ ਸਦਾ ਤਿਆਰ।
ਘਰ ਇਕਾਈ ਸਮਾਜ ਦੀ
ਸਮਾਜ ਹੈ ਘਰ ਸਮੂਹ।
ਇੰਝ ਗ੍ਰਿਹਸਤੀ ਜੀਵਨ ਹੈ
ਆਦਰਸ਼ ਸਮਾਜ ਦੀ ਰੂਹ।[25]

ਉਪਰੋਕਤ ਕਾਵਿ-ਸਤਰਾਂ ਨਾਮਧਾਰੀ ਗੁਰੂ ਦੁਆਰਾ ਸੰਕਲਪਿਤ ਆਦਰਸ਼-ਸਮਾਜ ਦਾ ਪੂਰਾ ਚਿਤਰ ਉਲੀਕ ਦਿੰਦੀਆਂ ਹਨ। ਇਸ ਆਦਰਸ਼-ਸਮਾਜ ਵਿਚ ਗ੍ਰਿਹਿਸਥ ਜੀਵਨ ਨੂੰ ਪ੍ਰਮੁਖਤਾ ਦਿੱਤੀ ਗਈ ਹੈ ਕਿਉਂਕਿ ਘਰ ਤੋਂ ਹੀ ਸਮਾਜ ਦੀ ਸਿਰਜਣਾ ਹੁੰਦੀ ਹੈ। ਜਿਸ ਸਮਾਜ ਦੇ ਮਨੁੱਖ ਆਪਣੀਆਂ ਪਰਿਵਾਰਕ ਅਤੇ ਸਮਾਜਕ ਜ਼ਿੰਮੇਵਾਰੀਆਂ ਨੂੰ ਈਮਾਨਦਾਰੀ ਨਾਲ ਨਿਭਾਉਣ ਪ੍ਰਤਿ ਵਰਚਨਬੱਧ ਹੋਣਗੇ, ਉਹ ਹਰ ਤਰ੍ਹਾਂ ਦੇ ਵਹਿਮਾਂ-ਭਰਮਾਂ, ਕਰਮ-ਕਾਂਡਾਂ ਅਤੇ ਅੰਧ-ਵਿਸ਼ਵਾਸਾਂ ਤੋਂ ਮੁਕਤ ਹੋਣਗੇ। ਇਸ ਵਿਚ ਹਰ ਇਨਸਾਨ ਨੂੰ, ਭਾਵੇਂ ਉਹ ਮਰਦ ਹੋਵੇ ਜਾਂ ਔਰਤ, ਬਰਾਬਰੀ ਦਾ ਦਰਜਾ ਪ੍ਰਾਪਤ ਹੋਵੇਗਾ। ਸਮਾਜਕ ਸਮਾਨਤਾ ਦੇ ਇਸ ਆਦਰਸ਼ ਦੀ ਪੇਸ਼ਕਾਰੀ ਕਰਨ ਦੇ ਨਾਲ ਨਾਲ ਨਾਮਧਾਰੀ ਕਵਿਤਾ ਸਮਾਜ ਵਿਚ ਫੈਲੀ ਹੋਈ ਅਸਮਾਨਤਾ ਦਾ ਚਿੱਤਰ ਵੀ ਪੇਸ਼ ਕਰਦੀ ਹੈ। ਪਰੰਤੂ ਨਾਮਧਾਰੀ ਕਵੀਆਂ ਨੇ ਸਮਾਜਕ ਅਸਮਾਨਤਾ ਨੂੰ ਪਰਮਾਤਮਾ ਦੀ ਕਰਨੀ ਆਖ ਕੇ ਬਿਆਨ ਕੀਤਾ ਹੈ। ਕਵੀ ਪ੍ਰੀਤਮ ਸਿੰਘ ਇਸ ਸੰਬੰਧੀ ਲਿਖਦਾ ਹੈ:

ਤੂੰ ਦਾਤਾ ਬੇਅੰਤ ਹੈਂ, ਵੰਡੀ ਜਾਵੇਂ ਚੁਕ ਚੁਕ
ਛੱਤਾਂ ਪਾੜ ਕਈਆਂ ਨੂੰ ਦੇਵੇ, ਦਏ ਕਿਸੇ ਨੂੰ ਬੁਕ ਬੁਕ
ਕਿਸੇ ਨੂੰ ਪਾ ਵਖਾਲੇ ਬਖ਼ਸ਼ੇ, ਕਿਸੇ ਨੂੰ ਅੰਦਰ ਵੜ ਕੇ
ਇਕਨਾ ਨੂੰ ਹੰਝੂ ਹੀ ਦੇਨੈਂ ਦੇਖਾਂ ਰੋਂਦੇ ਲੁਕ ਲੁਕ।26

ਉਪਰੋਕਤ ਕਾਵਿ-ਸਤਰਾਂ ਦੇ ਅਧਿਐਨ ਤੋਂ ਸਪਸ਼ਟ ਹੈ ਕਿ ਨਾਮਧਾਰੀ ਕਵਿਤਾ ਵਿਚ ਸਮਾਜਕ ਵਰਗਵੰਡ ਅਤੇ ਵਿਤਕਰੇ ਬਾਰੇ ਚੇਤਨਾ ਤਾਂ ਹੈ, ਪਰੰਤੂ ਇਸ ਚੇਤਨਾ ਨੂੰ ਨਾਮਧਾਰੀ ਕਵੀ ਪਰਮਾਤਮਾ ਦੀ ਲੀਲ੍ਹਾ ਦੇ ਤੌਰ 'ਤੇ ਪੇਸ਼ ਕਰਦੇ ਹਨ। ਉਹ ਇਸਦਾ ਵਿਸ਼ਲੇਸ਼ਣ ਸਮਾਜ-ਵਿਗਿਆਨਕ ਤਰਕ ਦੇ ਆਧਾਰ 'ਤੇ ਕਰਨ ਦੀ ਬਜਾਏ ਇਸਨੂੰ ਅਧਿਆਤਮਕ ਦ੍ਰਿਸ਼ਟੀ ਤੋਂ ਵਿਆਖਿਆਉਂਦੇ ਹਨ।

ਹਵਾਲੇ ਤੇ ਟਿੱਪਣੀਆਂ

1. ਸਾਹਿਤ ਸ਼ਾਸਤਰ, ਪੰਨਾ 124.
2. ਉਹੀ, ਪੰਨਾ 125.
3. ਗੁਰਦੇਵ ਸਿੰਘ ਰਾਏ, ਅਦੁੱਤੀ ਰਹਿਬਰ, ਪੰਨਾ 44.
4. ਹਰਿਭਜਨ ਸਿੰਘ (ਸੰਪ.) ਉਨ੍ਹੀਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ, ਪੰਨਾ 545.
5. ਪੰਥ ਪ੍ਰਕਾਸ਼, ਪੰਨਾ 16.
6. ਜਸਵਿੰਦਰ ਸਿੰਘ (ਸੰਪ.), ਸ੍ਰੀ ਸਤਿਗੁਰੂ ਰਾਮ ਸਿੰਘ ਦੇ ਹੁਕਮਨਾਮੇ, ਪੰਨਾ 103.
7. ਉਹੀ, ਪੰਨਾ 133-134.
8. ਉਹੀ, ਪੰਨਾ 420.
9. ਉਹੀ, ਪੰਨਾ 255.
10. ਗੁਰਦੇਵ ਸਿੰਘ ਰਾਏ, ਅਦੁੱਤੀ ਰਹਿਬਰ, ਪੰਨਾ 43.
11. ਜੈਸਾ ਸਤਿਗੁਰ ਸੁਣੀਂਦਾ, ਪੰਨੇ 28-29.
12. ਅਦੁੱਤੀ ਰਹਿਬਰ, ਪੰਨਾ 43-44.
13. ਜਸਵਿੰਦਰ ਸਿੰਘ (ਸੰਪ.), ਸ੍ਰੀ ਸਤਿਗੁਰੂ ਰਾਮ ਸਿੰਘ ਦੇ ਹੁਕਮਨਾਮੇ, ਪੰਨਾ 276.
14. ਗੁਰਦੇਵ ਸਿੰਘ ਰਾਏ, ਅਦੁੱਤੀ ਰਹਿਬਰ, ਪੰਨਾ 43.
15. ਹੁਕਮਨਾਮੇ, ਪੰਨਾ 255.
16. ਤਾਰਾ ਸਿੰਘ ਅਨਜਾਣ (ਸੰਪ.), ਰਾਮ ਵਿਯੋਗੀਆਂ ਦੇ ਬਾਰਾਂਮਾਹ, ਪੰਨਾ 26
17. ਜੈਸਾ ਸਤਿਗੁਰ ਸੁਣੀਂਦਾ, ਪੰਨੇ 11.
18. ਰਾਮ ਵਿਯੋਗੀਆਂ ਦੇ ਬਾਰਾਂਮਾਹ, ਪੰਨਾ 32.
19. ਉਹੀ, ਪੰਨਾ 51.
20. ਨਾਮਧਾਰੀ ਸਿੱਖ ਸੰਖੇਪ ਵਿਵਰਨ, ਪੰਨਾ 56
21. ਰਾਮ ਵਿਯੋਗੀਆਂ ਦੇ ਬਾਰਾਂਮਾਹ, ਪੰਨਾ 50.
22. ਉਹੀ, ਪੰਨਾ 57.
23. ਉਹੀ, ਪੰਨਾ 56.
24. ਉਹੀ, ਪੰਨਾ 532.
25. ਜੈਸਾ ਸਤਿਗੁਰ ਸੁਣੀਂਦਾ, ਪੰਨੇ 102-103.
26. ਸਿਮਰਨ, ਪੰਨਾ 13.

ਨਾਮਧਾਰੀ ਲਹਿਰ ਦੀ ਕਵਿਤਾ: ਸਭਿਆਚਾਰਕ ਸਰੋਕਾਰ

ਨਾਮਧਾਰੀ ਲਹਿਰ ਦੀ ਕਵਿਤਾ ਦੇ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਨਾਮਧਾਰੀ ਕਵੀ ਆਪਣੀ ਕਵਿਤਾ ਵਿਚ ਪੰਜਾਬੀ ਸਭਿਆਚਾਰ ਅਤੇ ਇਸਦੇ ਅੰਤਰਗਤ ਨਾਮਧਾਰੀ ਸਭਿਆਚਾਰ ਦੀ ਪੇਸ਼ਕਾਰੀ ਇਕ ਵਿਸ਼ੇਸ਼ ਦ੍ਰਿਸ਼ਟੀ ਤੋਂ ਕਰਦੇ ਹਨ। ਨਾਮਧਾਰੀ ਸਤਿਗੁਰੂ ਨੇ ਜਿਸ ਜੀਵਨ-ਜਾਚ ਨੂੰ ਅਪਣਾਉਣ 'ਤੇ ਜ਼ੋਰ ਦਿੱਤਾ ਸੀ, ਉਸ ਦੀ ਅਭਿਵਿਅਕਤੀ ਇਸ ਕਵਿਤਾ ਵਿਚ ਹੋਈ ਹੈ। ਇਸ ਦੇ ਨਾਲ ਹੀ ਪੰਜਾਬੀ ਸਭਿਆਚਾਰ ਦੇ ਜੋ ਨਿਖੜਵੇਂ ਅਤੇ ਵਿਲੱਖਣ ਗੁਣ-ਲੱਛਣ ਹਨ, ਉਨ੍ਹਾਂ ਨੂੰ ਵੀ ਇਸ ਕਵਿਤਾ ਵਿਚ ਵਿਭਿੰਨ ਵਿਧੀਆਂ ਰਾਹੀਂ ਅਭਿਵਿਅਕਤ ਕੀਤਾ ਗਿਆ ਹੈ।

ਸਾਹਿਤ/ਕਾਵਿ ਅਤੇ ਸਭਿਆਚਾਰ ਵਿਚਾਲੇ ਅਨਿੱਖੜ ਸੰਬੰਧ ਹੈ। ਹਰ ਸਮਾਜ ਦੇ ਸਾਹਿਤ ਵਿਚ ਉਸ ਦੇ ਸਭਿਆਚਾਰ ਦਾ ਪ੍ਰਗਟਾਵਾ ਚੇਤਨ ਜਾਂ ਅਚੇਤਨ ਤੌਰ 'ਤੇ ਹੁੰਦਾ ਹੈ। ਇਸ ਤਰ੍ਹਾਂ ਸੰਬੰਧਿਤ ਸਭਿਆਚਾਰ ਦੀ ਪਰੰਪਰਾ ਨੂੰ ਸਮਝਣ-ਜਾਣਨ ਤੇ ਮੁਲੰਕਿਤ ਕਰਨ ਲਈ ਸਾਹਿਤ ਦਾ ਅਧਿਐਨ ਵੀ ਕਾਫ਼ੀ ਹੱਦ ਤਕ ਸਹਾਇਕ ਹੁੰਦਾ ਹੈ। ਸਭਿਅਚਾਰ ਮਨੁੱਖ ਦੇ ਸਮੁੱਚੇ ਜੀਵਨ-ਵਿਹਾਰ ਨਾਲ ਸੰਬੰਧ ਰੱਖਦਾ ਹੈ, ਜਿਸ ਕਰਕੇ ਇਸਦਾ ਘੇਰਾ ਬਹੁਤ ਵਿਸ਼ਾਲ ਹੈ। ਸਾਹਿਤ ਸਭਿਅਚਾਰ ਦੇ ਇਕ ਅੰਗ ਵਜੋਂ ਸਮਾਜ ਵਿਚ ਆਪਣੀ ਭੂਮਿਕਾ ਨਿਭਾਉਂਦਾ ਹੈ। ਇਸ ਸੰਬੰਧ ਵਿਚ ਜੀਤ ਸਿੰਘ ਜੋਸ਼ੀ ਦਾ ਨਿਮਨਅੰਕਿਤ ਵਿਚਾਰ ਧਿਆਨ ਦੇਣਯੋਗ ਹੈ:

ਸਾਹਿਤ ਨਾ ਕੇਵਲ ਸਭਿਅਚਾਰ ਦਾ ਇਕ ਅੰਗ ਮਾਤਰ ਹੀ ਹੈ, ਸਗੋਂ ਇਸ ਦੇ ਸੰਚਾਰ-ਧਰਮ ਦੀ ਪੂਰਤੀ ਕਰਦਾ, ਇਸ ਨੂੰ ਸੰਭਾਲਣ ਦਾ ਕਾਰਜ ਵੀ ਕਰਦਾ ਹੈ।[1]

ਇਸ ਤੋਂ ਸਪਸ਼ਟ ਹੈ ਕਿ ਸਾਹਿਤ/ਕਾਵਿ ਸਭਿਆਚਾਰ ਦਾ ਇਕ ਪ੍ਰਮੁੱਖ ਸੰਚਾਰ-ਮਾਧਿਅਮ ਹੈ, ਜੋ ਸਭਿਆਚਾਰ ਦੇ ਤੱਥਾਂ ਨੂੰ ਸੰਭਾਲਣ ਦਾ ਅਤੇ ਉਨ੍ਹਾਂ ਨੂੰ ਸੰਚਾਰਿਤ ਕਰਨ ਦੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਸਾਹਿਤ ਅਤੇ ਸਭਿਆਚਾਰ ਦੋਹਾਂ ਦੇ ਸੰਬੰਧਾਂ ਵਿਚ ਕੋਈ ਸੀਮਾ-ਰੇਖਾ ਨਹੀਂ ਖਿੱਚੀ ਜਾ ਸਕਦੀ। ਇਨ੍ਹਾ ਦੋਹਾਂ ਵਿਚ ਬੜਾ ਡੂੰਘਾ ਪਰ ਦਵੰਦਾਤਮਕ ਸੰਬੰਧ ਹੈ। ਇਹ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਵੀ ਹਨ ਅਤੇ ਇਕ ਦੂਜੇ ਤੋਂ ਪ੍ਰਭਾਵਿਤ ਹੁੰਦੇ ਵੀ ਹਨ।

ਨਾਮਧਾਰੀ ਕਵਿਤਾ ਦੇ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਨਾਮਧਾਰੀ ਲਹਿਰ ਨੇ ਸਭਿਆਚਾਰਕ ਤੌਰ 'ਤੇ ਜੋ ਵੱਖਰੇ ਪਹਿਚਾਣ -ਚਿੰਨ੍ਹ ਸਥਾਪਤ ਕੀਤੇ ਹਨ, ਉਨ੍ਹਾਂ ਦੀ ਅਭਿਵਿਅਕਤੀ ਇਸ ਕਵਿਤਾ ਵਿਚ ਹੋਈ ਹੈ। ਇਸ ਦੇ ਨਾਲ ਹੀ ਪੰਜਾਬੀ ਸਭਿਆਚਾਰ ਦੇ ਨਿੱਖੜਵੇਂ ਲੱਛਣ ਜੋ ਨਾਮਧਾਰੀ ਸਭਿਆਚਾਰ ਦਾ ਅੰਗ ਬਣਦੇ ਹਨ, ਉਨ੍ਹਾਂ ਦਾ ਪ੍ਰਗਟਾਵਾ ਵੀ ਇਸ ਕਵਿਤਾ ਵਿਚ ਹੋਇਆ ਹੈ। ਪੰਜਾਬੀ ਸਭਿਆਚਾਰ ਅਤੇ ਨਾਮਧਾਰੀ ਸਭਿਆਚਾਰ ਵਿਚਕਾਰ ਮੁੱਖ ਸਭਿਆਚਾਰ ਅਤੇ ਉਪ-ਸਭਿਆਚਾਰ ਵਾਲਾ ਸੰਬੰਧ ਹੈ। ਪੰਜਾਬੀ ਸਭਿਆਚਾਰ ਮੁੱਖ ਇਕਾਈ ਹੈ ਤੇ ਨਾਮਧਾਰੀ ਸਮਾਜ ਉਸ ਦੇ ਉਪ-ਸਭਿਆਚਾਰ ਦੇ ਤੌਰ 'ਤੇ ਸਥਾਪਤ ਹੁੰਦਾ ਹੈ। "ਕੋਈ ਵੀ ਮਨੁੱਖੀ ਜਨ-ਸਮੂਹ ਜਾਂ ਸਮਾਜ ਇਕਸਾਰ ਬਣਤਰ

ਵਾਲਾ ਨਹੀਂ ਹੁੰਦਾ...ਉਸ ਵਿਚ ਕਿੱਤੇ, ਰੁਤਬੇ, ਜਮਾਤ, ਧਰਮ, ਇਲਾਕੇ, ਵਿਦਿਆ, ਭਾਸ਼ਾਈ ਫ਼ਰਕਾਂ ਆਦਿ ਦੇ ਆਧਾਰ ਉੱਤੇ ਅੱਗੋਂ ਉਪ-ਸਮੂਹ ਬਣੇ ਹੁੰਦੇ ਹਨ। ਇਹ ਉਪ-ਸਮੂਹ ਆਪਣੇ ਵੱਡੇ ਜਨ-ਸਮੂਹ ਨਾਲ ਜਾਂ ਸਮਾਜ ਨਾਲ ਵਧੇਰੇ ਸਾਂਝ ਰੱਖਦੇ ਹੋਏ ਵੀ ਕੁਝ ਵਿਲੱਖਣ ਤੱਤ ਰੱਖਦੇ ਹਨ।"[2] ਨਾਮਧਾਰੀ ਸਭਿਆਚਾਰ ਪੰਜਾਬੀ ਸਭਿਆਚਾਰ ਨਾਲ ਸਾਂਝ ਰੱਖਣ ਦੇ ਬਾਵਜੂਦ ਧਾਰਮਿਕ ਅਤੇ ਸਮਾਜਕ ਤੌਰ 'ਤੇ ਵਿਲੱਖਣ ਹੈ।

ਨਾਮਧਾਰੀ ਕਵਿਤਾ ਦਾ ਸਭਿਆਚਾਰਕ ਦ੍ਰਿਸ਼ਟੀ ਤੋਂ ਅਧਿਐਨ ਕਰਦਿਆਂ ਸਪਸ਼ਟ ਹੁੰਦਾ ਹੈ ਕਿ ਇਸ ਕਵਿਤਾ ਦਾ ਮੁੱਖ ਮਨੋਰਥ ਲੋਕਾਂ ਵਿਚ ਆਪਣੇ ਸਮਾਜਕ ਸਭਿਆਚਾਰਕ ਵਿਰਸੇ ਪ੍ਰਤਿ ਸਤਿਕਾਰ ਪੈਦਾ ਕਰਨਾ ਅਤੇ ਲੋਕਾਂ ਦੀਆਂ ਦੇਸ਼-ਪ੍ਰੇਮ ਦੀਆਂ ਭਾਵਨਾਵਾਂ ਨੂੰ ਉਭਾਰ ਕੇ ਗ਼ੁਲਾਮੀ ਵਿਰੁੱਧ ਚੇਤੰਨਤਾ ਪੈਦਾ ਕਰਨਾ ਸੀ। ਇਸ ਕਵਿਤਾ ਵਿਚ ਦੇਸ਼-ਪਿਆਰ ਤੋਂ ਪ੍ਰੇਰਿਤ ਰਾਸ਼ਟਰੀ ਚੇਤਨਾ ਨੂੰ ਬੜੇ ਜ਼ੋਰਦਾਰ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਸ ਕਵਿਤਾ ਦੇ ਪਾਤਰ ਦੇਸ਼ ਨੂੰ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਮੁਕਤ ਕਰਾਉਣ ਲਈ ਦੇਸ਼ ਤੋਂ ਕੁਰਬਾਨ ਹੋਣ ਦਾ ਪ੍ਰਬਲ ਜਜ਼ਬਾ ਰੱਖਦੇ ਹਨ। ਪੰਜਾਬੀ ਸਭਿਆਚਾਰ ਵਿਚ "ਬਾਰ ਪਰਾਇਐ ਬੈਸਣਾ ਸਾਈਂ ਮੁਝੇ ਨ ਦੇਹਿ" ਵਾਲਾ ਰਵੱਈਆ ਪੰਜਾਬੀ ਸਭਿਆਚਾਰ ਦਾ ਇਕ ਮੁੱਖ ਪਛਾਣ-ਚਿੰਨ੍ਹ ਬਣਿਆ ਹੈ। ਪੰਜਾਬੀ ਲੋਕ ਗ਼ੁਲਾਮੀ ਦੇ ਜੀਵਨ ਨਾਲੋਂ ਆਜ਼ਾਦੀ ਲਈ ਮਰ ਜਾਣਾ ਬਿਹਤਰ ਸਮਝਦੇ ਹਨ। ਉਨ੍ਹਾਂ ਦੇ ਸੁਭਾਅ ਦੀ ਇਸੇ ਵਿਸ਼ੇਸ਼ਤਾ ਦੀ ਪੇਸ਼ਕਾਰੀ ਨਾਮਧਾਰੀ ਕਵਿਤਾ ਵਿਚ ਵੀ ਬੜੇ ਪ੍ਰਭਾਵਸ਼ਾਲੀ ਰੂਪ ਵਿਚ ਹੋਈ ਹੈ। ਇਸ ਸੰਕਲਪ ਉਤੇ ਵਿਹਾਰਕ ਅਮਲ ਕਰਦਿਆਂ ਨਾਮਧਾਰੀ ਗੁਰੂ ਰਾਮ ਸਿੰਘ ਆਪਣੀਆਂ ਅੰਗਰੇਜ਼-ਵਿਰੋਧੀ ਨੀਤੀਆਂ ਅਤੇ ਅਮਲਾਂ ਦੇ ਕਾਰਨ ਜਲਾਵਤਨ ਹੋਏ ਅਤੇ ਉਨ੍ਹਾਂ ਦੇ ਪੈਰੋਕਾਰਾਂ ਨੂੰ ਮੌਤ ਦੀਆਂ ਸਜ਼ਾਵਾਂ ਮਿਲੀਆਂ। ਨਾਮਧਾਰੀ ਗੁਰੂ ਨੇ ਅੰਗਰੇਜ਼ ਸਰਕਾਰ ਦੀਆਂ ਦਮਨਕਾਰੀ ਨੀਤੀਆਂ ਦੇ ਬਾਵਜੂਦ ਉਸ ਵਿਰੁੱਧ ਆਪਣੀ ਲੜਾਈ ਜਾਰੀ ਰੱਖੀ। ਨਾਮਧਾਰੀ ਗੁਰੂ ਅਤੇ ਨਾਮਧਾਰੀ ਪੈਰੋਕਾਰਾ ਦੀ ਇਸ ਆਜ਼ਾਦ ਤਬੀਅਤ ਨੂੰ ਇਸ ਕਵਿਤਾ ਵਿਚ ਅਭਿਵਿਅਕਤ ਕੀਤਾ ਗਿਆ ਹੈ। ਕਵੀ ਕਿਰਪਾਲ ਸਿੰਘ ਕਸੇਲ ਲਿਖਦਾ ਹੈ:

ਸਤਿਗੁਰ ਰਾਹ ਵਿਖਾਲਿਆ
ਜਗੀ ਆਜ਼ਾਦੀ ਜੋਤ।
ਇਹੋ ਭੈਣੀ ਬਣ ਗਿਆ
ਸੁਤੰਤਰਤਾ ਦਾ ਸ੍ਰੋਤ।
ਸਤਿਗੁਰ ਸੂਬੇ ਥਾਪ ਕੇ
ਵੰਡਿਆ ਨਾਮ ਸੰਦੇਸ਼।
ਸੁੱਤੀ ਜਨਤਾ ਜਾਗ ਪਈ
ਸੁਤੰਤਰ ਕਰਨਾ ਦੇਸ਼।[3]

ਨਾਮਧਾਰੀ ਕਵਿਤਾ ਅਨੁਸਾਰ ਗ਼ੁਲਾਮ ਕੌਮਾਂ ਕਦੇ ਵੀ ਤਰੱਕੀ ਨਹੀਂ ਕਰ ਸਕਦੀਆਂ। ਨਾਮਧਾਰੀ ਪੈਰੋਕਾਰਾਂ ਦੇ ਦੇਸ਼ ਪ੍ਰਤਿ ਕੁਰਬਾਨੀ ਦੇ ਜਜ਼ਬੇ ਨੂੰ ਵਿਭਿੰਨ ਜੁਗਤਾਂ ਰਾਹੀਂ ਪੇਸ਼ ਕੀਤਾ ਗਿਆ ਹੈ। ਪੰਜਾਬੀ ਲੋਕਾਂ ਨੂੰ ਆਪਣੇ ਦੇਸ਼ ਅਤੇ ਧਰਮ ਤੋਂ ਕੁਰਬਾਨ ਹੋਣਾ ਵਿਰਸੇ ਵਿਚ ਮਿਲਿਆ ਹੈ। ਉਨ੍ਹਾ ਦੇ ਇਸ ਜਜ਼ਬੇ ਦੀ ਪੇਸ਼ਕਾਰੀ ਕਵੀ ਅਜੀਤ ਸਿੰਘ ਚੀਮਾ 'ਹੁਕਮ' ਦੀ ਜੁਗਤ ਰਾਹੀਂ ਕਰਦਾ ਹੋਇਆ ਲਿਖਦਾ ਹੈ:

ਚੀਨੀ ਵਾਲੇ ਨੇ ਕਿਹਾ ਵੰਗਾਰ ਸਿੰਘੋ

ਕੌਮਾਂ ਜਿਊਂਦੀਆਂ ਮਰਨ ਤੋਂ ਡਰਦੀਆਂ ਨਹੀਂ।
ਮੂੰਹ ਜ਼ੋਰ ਦਰਿਆਵਾਂ ਦੇ ਵਹਿਣ ਅੱਗੇ
ਢੇਮਾਂ ਢਿੱਗਾਂ ਬਰੇਤੀਆਂ ਅੜਦੀਆਂ ਨਹੀਂ।
ਜੇਕਰ ਦੂਜੇ ਦੇ ਹੱਥ ਵਿਚ ਡੋਰ ਹੋਵੇ
ਅਸਮਾਨ ਵਿਚ ਗੁੱਡੀਆਂ ਚੜ੍ਹਦੀਆਂ ਨਹੀਂ।
ਜ਼ੋਰ ਆਪਣੇ ਬਾਜ਼ੂ ਦਾ ਕੰਮ ਆਉਂਦਾ
ਧਾੜਾ ਕਦੇ ਬਿਗਾਨੀਆਂ ਲੜਦੀਆਂ ਨਹੀਂ
ਏਸ ਭੈੜੀ ਗੁਲਾਮੀ ਦੇ ਜੀਣ ਨਾਲੋਂ
ਹੱਸ ਹੱਸ ਕੇ ਦਿਉ ਕੁਰਬਾਨੀਆਂ ਨੂੰ
ਜੇਕਰ ਸੰਗਲ ਗ਼ੁਲਾਮੀ ਨਾ ਤੋੜ ਸਕੋ
ਕੀ ਕਰਨਾ ਏ ਇਹਨਾਂ ਜਵਾਨੀਆਂ ਨੂੰ?[4]

ਸੋ ਸਪਸ਼ਟ ਹੈ ਕਿ ਨਾਮਧਾਰੀ ਗੁਰੂ ਨੇ ਆਪਣੇ ਪੈਰੋਕਾਰਾਂ ਵਿਚ ਆਜ਼ਾਦੀ ਦਾ ਜਜ਼ਬਾ ਕੁੱਟ-ਕੁੱਟ ਕੇ ਭਰ ਦਿੱਤਾ ਸੀ। ਨਾਮਧਾਰੀ ਗੁਰੂ ਅਨੁਸਾਰ ਉਹੀ ਕੌਮ ਤਰੱਕੀ ਕਰ ਸਕਦੀ ਹੈ ਜਿਸ ਦਾ ਸਭਿਆਚਾਰਕ ਵਿਰਸਾ ਅਮੀਰ ਅਤੇ ਆਜ਼ਾਦ ਹੋਵੇ। ਜੋ ਕੌਮ ਗ਼ੁਲਾਮੀ ਦੀਆਂ ਜੰਜ਼ੀਰਾਂ ਵਿਚ ਜਕੜੀ ਹੋਵੇਗੀ ਉਸ ਦਾ ਸਭਿਆਚਾਰਕ ਪਤਨ ਨਿਸ਼ਚਿਤ ਹੈ। ਇਸ ਕਰਕੇ ਗੁਰੂ ਜੀ ਨੇ ਭਾਰਤੀਆਂ ਨੂੰ ਆਪਣੇ ਸਭਿਆਚਾਰਕ ਵਿਰਸੇ ਵੱਲ ਖ਼ਾਸ ਧਿਆਨ ਦੇਣ 'ਤੇ ਜ਼ੋਰ ਦਿੱਤਾ। ਗੁਰੂ ਰਾਮ ਸਿੰਘ ਨੇ ਦੇਖਿਆ ਕਿ ਅੰਗਰੇਜ਼ ਸਰਕਾਰ ਭਾਰਤ ਉੱਤੇ ਰਾਜਨੀਤਿਕ ਪੱਧਰ 'ਤੇ ਕਾਬਜ਼ ਹੈ ਹੀ, ਇਸ ਦੇ ਨਾਲ ਹੀ ਉਹ ਭਾਰਤ ਦਾ ਆਰਥਿਕ ਸ਼ੋਸ਼ਣ ਵੀ ਕਰ ਰਹੀ ਹੈ। ਉਸ ਨੇ ਭਾਰਤ ਨੂੰ ਆਪਣਾ ਮਾਲ ਵੇਚਣ ਦੀ ਮੰਡੀ ਬਣਾਇਆ ਹੈ, ਜਿਸ ਦੇ ਫ਼ਲਸਰੂਪ ਭਾਰਤ ਵਿਚ ਵਿਦੇਸ਼ੀ ਵਸਤਾਂ ਦੀ ਭਰਮਾਰ ਹੈ। ਇਸ ਨਾਲ ਭਾਰਤੀਆਂ ਨੂੰ ਦੋਹਰਾ ਨੁਕਸਾਨ ਹੋ ਰਿਹਾ ਹੈ: ਇਕ ਇਹ ਕਿ ਭਾਰਤ ਦਾ ਕਾਰੀਗਰ ਬੇਰੁਜ਼ਗਾਰ ਹੋ ਰਿਹਾ ਹੈ ਅਤੇ ਦੂਜਾ ਇਹ ਕਿ ਭਾਰਤੀ ਸਮਾਜ ਉੱਤੇ ਅੰਗਰੇਜ਼ੀ ਸਭਿਆਚਾਰ ਆਪਣੀ ਛਾਪ ਲਾਈ ਜਾ ਰਿਹਾ ਹੈ ਅਤੇ ਭਾਰਤ ਦਾ ਸਭਿਆਚਾਰਕ ਵਿਰਸਾ ਖ਼ਤਮ ਹੋ ਰਿਹਾ ਹੈ। ਪੰਜਾਬੀ ਅਤੇ ਭਾਰਤੀ ਸਭਿਆਚਾਰ ਦੀ ਹੋਂਦ ਨੂੰ ਬਰਕਰਾਰ ਰੱਖਣ ਲਈ ਨਾਮਧਾਰੀ ਗੁਰੂ ਨੇ ਅੰਗਰੇਜ਼ੀ ਮਿੱਲਾਂ ਦੁਆਰਾ ਬਣੇ ਕੱਪੜੇ ਨੂੰ ਤਿਆਗਣ 'ਤੇ ਜ਼ੋਰ ਦਿੱਤਾ ਅਤੇ ਆਪਣੇ ਦੇਸ਼ ਵਿਚ ਹੱਥੀਂ ਬਣੇ ਖੱਦਰ ਦੇ ਚਿੱਟੇ ਕੱਪੜੇ ਨੂੰ ਪਹਿਨਣ ਦਾ ਹੁਕਮ ਦਿੱਤਾ। ਨਾਮਧਾਰੀ ਗੁਰੂ ਰਾਮ ਸਿੰਘ ਨੇ ਆਪਣੇ ਪੈਰੋਕਾਰਾਂ ਨੂੰ ਅੰਗਰੇਜ਼ੀ ਮਾਲ ਦਾ ਪੂਰਨ ਤੌਰ 'ਤੇ ਬਾਈਕਾਟ ਕਰਨ ਦਾ ਹੁਕਮ ਦਿੱਤਾ। ਉਨ੍ਹਾਂ ਨੇ ਅੰਗਰੇਜ਼ ਸਰਕਾਰ ਦੁਆਰਾ ਭਾਰਤੀਆਂ ਦੇ ਆਰਥਿਕ ਸ਼ੋਸ਼ਣ ਨੂੰ ਖ਼ਤਮ ਕਰਨ ਲਈ ਅੰਗਰੇਜ਼ੀ ਕੰਪਨੀਆਂ ਦੁਆਰਾ ਤਿਆਰ ਕੀਤੀ ਹਰ ਵਸਤੂ ਨੂੰ ਤਿਆਗਣ ਲਈ ਕਿਹਾ। ਉਨ੍ਹਾਂ ਦਾ ਮਤ ਸੀ ਕਿ ਸਵਦੇਸੀ ਵਸਤੂਆਂ ਨੂੰ ਅਪਣਾਉਣ ਨਾਲ ਭਾਰਤੀਆਂ ਨੂੰ ਦੋਹਰਾ ਲਾਭ ਹੋਵੇਗਾ। ਪਹਿਲਾ ਇਹ ਕਿ ਭਾਰਤੀ ਲੋਕਾਂ ਨੂੰ ਆਰਥਿਕ ਲਾਭ ਹੋਵੇਗਾ ਅਤੇ ਦੂਸਰਾ ਇਹ ਕਿ ਭਾਰਤ ਦੇ ਸਭਿਆਚਾਰਕ ਵਿਰਸੇ ਦੀ ਸੰਭਾਲ ਹੋਵੇਗੀ। ਗੁਰੂ ਜੀ ਨੇ ਵਿਦੇਸ਼ੀ ਵਸਤਰਾਂ ਅਤੇ ਵਸਤੂਆਂ ਦੇ ਨਾਲ-ਨਾਲ ਅੰਗਰੇਜ਼ ਸਰਕਾਰ ਦੁਆਰਾ ਸਥਾਪਤ ਸਕੂਲਾਂ, ਕਾਲਜਾਂ, ਅਦਾਲਤਾਂ, ਡਾਕਘਰਾਂ, ਸੜਕਾਂ, ਰੇਲ ਗੱਡੀਆਂ ਅਤੇ ਨਹਿਰਾਂ ਦਾ ਬਾਈਕਾਟ ਕਰਨ ਦਾ ਅਮਲ ਵੀ ਆਰੰਭਿਆ। ਉਨ੍ਹਾਂ ਦੀ ਇਹ ਧਾਰਨਾ ਸੀ ਕਿ ਅੰਗਰੇਜ਼ ਸਰਕਾਰ ਨੇ ਸਕੂਲ ਅਤੇ ਕਾਲਜ ਭਾਰਤੀ ਲੋਕਾਂ ਨੂੰ ਮਾਨਸਿਕ

ਤੌਰ 'ਤੇ ਗ਼ੁਲਾਮ ਕਰਨ ਲਈ ਖੋਲ੍ਹੇ ਹਨ ਤਾਂ ਕਿ ਉਹ ਕਲਰਕ ਪੈਦਾ ਕਰ ਸਕਣ ਅਤੇ ਜਿਹੜੇ ਬੱਚੇ ਅੰਗਰੇਜ਼ੀ ਮਿਸ਼ਨ ਸਕੂਲਾਂ ਵਿਚ ਪੜ੍ਹ ਰਹੇ ਹਨ, ਉਹ ਆਪਣੇ ਭਾਰਤੀ ਸਭਿਆਚਾਰ ਤੋਂ ਪੂਰੀ ਤਰ੍ਹਾਂ ਟੁੱਟ ਰਹੇ ਹਨ। ਭਾਰਤ ਦਾ ਸਭਿਆਚਾਰਕ ਵਿਰਸਾ ਬੜਾ ਅਮੀਰ ਹੈ ਅਤੇ ਇਹ ਆਉਣ ਵਾਲੀ ਪੀੜ੍ਹੀ ਦੇ ਯਤਨਾਂ ਸਦਕਾ ਹੀ ਅਮੀਰ ਰਹਿ ਸਕੇਗਾ। ਇਸ ਕਰਕੇ ਉਨ੍ਹਾਂ ਨੇ ਆਪਣੇ ਸਭਿਆਚਾਰ ਨਾਲ ਜੁੜੇ ਰਹਿਣ ਦੀ ਲੋੜ ਉੱਤੇ ਜ਼ੋਰ ਦਿੱਤਾ ਹੈ। ਨਾਮਧਾਰੀ ਗੁਰੂ ਦੀ ਨਾ-ਮਿਲਵਰਤਨ ਦੀ ਨੀਤੀ ਸੰਬੰਧੀ ਗੁਰਦੇਵ ਸਿੰਘ ਰਾਏ ਨੇ ਲਿਖਿਆ ਹੈ:

ਨਾਮਧਾਰੀ ਸਿਖ ਜਗਤ ਨੂੰ ਨੀਤੀ ਸਮਝਾਈ।
ਨਾ-ਮਿਲਵਰਤਨ ਲਹਿਰ ਦੀ ਉਸ ਲੀਹ ਦਰਸਾਈ।
ਮਿਸ਼ਨ ਸਕੂਲੀ ਵਿਦਿਆ ਦੀ ਕਰੀ ਮਨਾਹੀ।
ਜਾਂਦਾ ਸੀ ਪਰਚਾਰਿਆ ਉਥੇ ਧਰਮ ਈਸਾਈ।
ਜਿਸ ਨੇ ਸਭਿਆਚਾਰ ਨੂੰ ਡਾਢੀ ਢਾਹ ਲਾਈ।
ਵਿਚ ਫਰੰਗੀ ਅਦਾਲਤਾਂ ਨਾ ਜਾਵੋ ਭਾਈ।
ਨਾ ਹੀ ਪਰਖੀ ਜਾਂਵਦੀ ਉਥੇ ਸਚਿਆਈ।
ਬਣੀਆਂ ਕੂਕਾਂ ਅਦਾਲਤਾਂ ਪੰਚਾਇਤ ਨਿਆਈਂ।
ਡਾਕ ਤਾਰ ਸਰਕਾਰ ਦਾ ਸਭ ਪਖ ਖਪਾਈ।
ਕੂਕਾ ਡਾਕ ਪ੍ਰਬੰਧ ਦੀ ਕੀਤੀ ਪਕਿਆਈ।
ਹੁੰਦੀ ਨਾ ਸਰਕਾਰ ਨੂੰ ਇਓ ਟੈਕਸ ਕਮਾਈ।
ਨਾ ਸਰਕਾਰੀ ਨੌਕਰੀ ਤੁਸੀਂ ਕਰਨੀ ਕਾਈ।
ਬਣ ਜਾਊ ਇਹ ਗ਼ੁਲਾਮੀਆਂ ਦੀ ਡੂੰਘੀ ਖਾਈ।
ਨਾਮਧਾਰੀ ਸਿੰਘ ਕੂਕਿਆਂ ਨੇ ਪੈਂਠ ਜਮਾਈ।
ਦੇਸ਼ ਪਿਆਰ ਸਵਰਾਜ ਦੀ ਉਨ੍ਹਾਂ ਜੋਤਿ ਜਗਾਈ।[5]

ਇਹ ਪੰਗਤੀਆਂ ਬੜੀ ਸਪਸ਼ਟ ਅਤੇ ਸਰਲ ਪੇਸ਼ਕਾਰੀ-ਵਿਧੀ ਵਿਚ ਨਾ-ਮਿਲਵਰਤਨ ਦਾ ਸੰਦੇਸ਼ ਦਿੰਦੀਆਂ ਹਨ ਤਾਂ ਕਿ ਇਹ ਜਨ-ਸਾਧਾਰਨ ਲਈ ਸਮਝਣਯੋਗ ਵੀ ਬਣੇ ਅਤੇ ਗ੍ਰਹਿਣਯੋਗ ਵੀ। ਇਸ ਸੰਦਰਭ ਵਿਚ ਕਿਰਪਾਲ ਸਿੰਘ ਕਸੇਲ ਦੁਆਰਾ ਰਚਿਤ ਨਿਮਨਅੰਕਿਤ ਕਾਵਿ-ਸਤਰਾਂ ਵੀ ਵਰਣਨਯੋਗ ਹਨ, ਜਿਨ੍ਹਾਂ ਦਾ ਅਧਿਐਨ ਨਾਮਧਾਰੀ ਲਹਿਰ ਦੀ ਸਵਦੇਸ਼ੀ ਨੂੰ ਅਪਨਾਉਣ ਅਤੇ ਵਿਦੇਸ਼ੀ ਦਾ ਤਿਆਗ ਕਰਨ ਦੀ ਨੀਤੀ ਨੂੰ ਸਪਸ਼ਟ ਕਰਦਾ ਹੈ। ਨਾ-ਮਿਲਵਰਤਨ ਦੀ ਇਸ ਨੀਤੀ ਦਾ ਮਨੋਰਥ ਜਿੱਥੇ ਰਾਜਨੀਤਿਕ ਸ਼ਕਤੀ ਪ੍ਰਾਪਤ ਕਰਨਾ ਹੈ, ਉਥੇ ਪੰਜਾਬ ਦੇ ਸਭਿਆਚਾਰਕ ਵਿਰਸੇ ਦੀ ਸੰਭਾਲ ਕਰਨਾ ਅਤੇ ਇਸਨੂੰ ਪ੍ਰਫੁਲਿਤ ਕਰਨਾ ਵੀ ਹੈ। ਕਵੀ ਲਿਖਦਾ ਹੈ:

ਗੁਰ ਸੰਦੇਸ਼ ਸੀ ਪੁਜਿਆ
ਘਰ ਘਰ ਦੇ ਵਿਚਕਾਰ
ਨਾਮ ਜਪੋ, ਕਿਰਤ ਧਰਮ ਦੀ
ਵੰਡ ਛਕਣ ਦੀ ਕਾਰ।
ਗੁਰਮੁਖੀ ਅੱਖਰ ਪੜ੍ਹਨ ਸਭ
ਬਾਲ -ਬਿਰਧ ਨਰ ਨਾਰ।

ਬਾਣੀ ਕੰਠ ਕਰ ਲੈਣ ਸਭ
ਜੋ ਸਿੰਘਾਂ ਦੀ ਕਾਰ।
ਰੱਖਣ ਸਾਦਾ ਰਹਿਣ ਨੂੰ
ਮੇਟ ਕੇ ਦੂਈ ਦਵੈਤ।
ਝਗੜੇ ਆਪਣੇ ਮਿਲਾ ਲੈਣ
ਬੈਠ ਕੇ ਵਿਚ ਪੰਚੈਤ।
ਸੁਦੇਸ਼ੀ ਵਸਤਾਂ ਨੂੰ ਸਭ
ਵਰਤਣ ਨਾਲ ਪ੍ਰੇਮ।
ਵਿਦੇਸ਼ੀ ਦਾ ਤਿਆਗ ਕਰਨ
ਧਾਰਨ ਇਹ ਮੁਖ ਨੇਮ।[6]

ਨਾਮਧਾਰੀ ਗੁਰੂ ਨੇ ਨਾ-ਮਿਲਵਰਤਨ ਦੀ ਨੀਤੀ ਅਧੀਨ ਅੰਗਰੇਜ਼ ਸਰਕਾਰ ਦੁਆਰਾ ਸਥਾਪਤ ਸਕੂਲਾਂ-ਕਾਲਜਾਂ ਦਾ ਬਾਈਕਾਟ ਕਰਨ ਦੁਆਰਾ ਆਪਣੀ ਮਾਤਭਾਸ਼ਾ ਦਾ ਗੌਰਵ ਸਥਾਪਤ ਕਰਨ ਲਈ ਵੀ ਯਤਨ ਕੀਤੇ ਹਨ। ਉਨ੍ਹਾਂ ਅਨੁਸਾਰ ਅੰਗਰੇਜ਼ ਸਰਕਾਰ ਸਿੱਖਿਆ ਦੇ ਨਾਮ ਤੇ ਆਪਣੀ ਬੋਲੀ, ਸਭਿਆਚਾਰ ਅਤੇ ਧਰਮ ਦਾ ਪ੍ਰਚਾਰ ਕਰ ਰਹੀ ਹੈ, ਜਿਸ ਕਾਰਨ ਭਾਰਤੀ ਜਨਤਾ ਜ਼ਿਹਨੀ ਤੌਰ 'ਤੇ ਅੰਗਰੇਜ਼ਾਂ ਦੇ ਗ਼ੁਲਾਮ ਹੋਣ ਦੀ ਸਥਿਤੀ ਵਿਚ ਭਾਰਤ ਦੇ ਸਭਿਆਚਾਰ, ਭਾਸ਼ਾ ਅਤੇ ਧਰਮ ਦੇ ਪਤਨ ਦਾ ਸੰਕਟ ਖੜਾ ਹੋਣਾ ਨਿਸ਼ਚਿਤ ਹੈ। ਭਾਰਤੀਆਂ ਦੇ ਸਭਿਆਚਾਰਕ ਅਤੇ ਧਾਰਮਿਕ ਪਤਨ ਨੂੰ ਰੋਕਣ ਲਈ ਗੁਰੂ ਜੀ ਨੇ ਉਨ੍ਹਾਂ ਨੂੰ ਵਿਦੇਸ਼ੀ ਵਿੱਦਿਆ ਪ੍ਰਣਾਲੀ ਦਾ ਬਾਈਕਾਟ ਕਰਨ ਦਾ ਸੁਨੇਹਾ ਦਿੱਤਾ। ਧਰਮ ਅਤੇ ਸਭਿਆਚਾਰ ਦਾ ਬਹੁਤ ਗਹਿਰਾ ਸੰਬੰਧ ਹੈ। ਧਾਰਮਿਕਤਾ ਦੇ ਮਾਧਿਅਮ ਰਾਹੀਂ ਮਨੁੱਖ ਵਿਚ ਸਵੈ-ਵਿਸ਼ਵਾਸ, ਨਿਡਰਤਾ, ਬਹਾਦਰੀ ਅਤੇ ਲੋਕ-ਸੇਵਾ ਵਰਗੇ ਗੁਣਾਂ ਦਾ ਸੰਚਾਰ ਹੁੰਦਾ ਹੈ। ਧਰਮ ਮਨੁੱਖ ਨੂੰ ਸਰਬੱਤ ਦੇ ਭਲੇ ਦੀ ਜੀਵਨ-ਜਾਚ ਸਿਖਾਉਣ ਦੇ ਨਾਲ-ਨਾਲ ਆਜ਼ਾਦੀ ਨਾਲ ਜੀਊਣਾ ਵੀ ਦੱਸਦਾ ਹੈ।

ਨਾਮਧਾਰੀ ਕਵਿਤਾ ਅਨੁਸਾਰ ਨਾਮਧਾਰੀ ਗੁਰੂ ਨੇ ਆਪਣੇ ਪੈਰੋਕਾਰਾਂ ਵਿਚ ਸਵੈ-ਵਿਸ਼ਵਾਸ ਭਰਨ ਲਈ ਉਨ੍ਹਾਂ ਨੂੰ ਗੁਰਬਾਣੀ ਅਤੇ ਨਾਮ-ਸਿਮਰਨ ਦੀ ਟੇਕ ਲੈਣ ਲਈ ਪ੍ਰੇਰਿਆ ਸੀ। ਨਾਮਧਾਰੀ ਗੁਰੂ ਸਿੱਖ-ਰਹਿਤ ਮਰਯਾਦਾ ਅਤੇ ਸਿੱਖ ਰਾਜ ਨੂੰ ਪੁਨਰ-ਸਥਾਪਤ ਕਰਨਾ ਚਾਹੁੰਦੇ ਸਨ। ਉਨ੍ਹਾਂ ਨੇ ਸਿੱਖ ਰਾਜ ਦੀ ਪੁਨਰ-ਸਥਾਪਤੀ ਲਈ ਧਾਰਮਿਕ ਜੀਵਨ-ਜਾਚ ਨੂੰ ਪਹਿਲ ਦਿੱਤੀ। ਇਸੇ ਸੰਦਰਭ ਵਿਚ ਨਾਮਧਾਰੀ ਕਵੀ ਕਾਹਲਾ ਸਿੰਘ ਨਾਮਧਾਰੀ ਗੁਰੂ ਦੀ ਦੋਹਰੀ ਨੀਤੀ ਦੀ ਪੇਸਕਾਰੀ ਕਰਦਾ ਲਿਖਦਾ ਹੈ:

ਭਜਨ ਕੰਨ ਮੈਂ ਸੁਣਾਨ, ਫੇਰ ਰਹਿਤ ਰਖਾਨ ਗੁਰ
ਸਿੰਘ ਅੰਮ੍ਰਿਤ ਛਕਾਨ, ਕੂਕਾ ਸਿੰਘ ਸੋ ਸਦਾਉਂਦਾ।
ਗਊਆਂ ਸਹਾਈ ਪੰਥ, ਦੇਸ ਦੀ ਭਲਾਈ ਪੰਥ,
ਕਢੋ ਦੇਸ ਤੋਂ ਫਰੰਗੀ, ਰਾਜ ਆਪਣਾ ਕਹਾਉਂਦਾ।
ਖੋਲੋ ਅੰਧਕਾਰ ਨੈਨ, ਸਿੰਘ ਘਲੇ ਰੂਸ ਲੈਨ,
ਸਿੰਘ ਰਾਜ ਤਾਜ ਲੈਨ ਇਹ ਸਬਕ ਸਿਖਾਉਂਦਾ।[7]

ਇਸ ਪ੍ਰਕਾਰ ਨਾਮਧਾਰੀ ਗੁਰੂ ਨੇ ਆਪਣੇ ਪੈਰੋਕਾਰਾਂ ਵਿਚ ਧਰਮ ਦੇ ਮਾਧਿਅਮ ਰਾਹੀਂ ਭਾਰਤੀ ਸਭਿਆਚਾਰ ਪ੍ਰਤਿ ਹਾਂਮੁਖੀ ਰਵੱਈਆ ਪੈਦਾ ਕੀਤਾ।

ਨਾਮਧਾਰੀ ਲਹਿਰ ਦੀ ਕਵਿਤਾ ਦੇ ਸਭਿਆਚਾਰਕ ਸਰੋਕਾਰਾਂ ਦਾ ਅਧਿਐਨ ਕਰਦਿਆਂ ਇਸਦਾ ਇਕ ਮੁੱਖ ਸਰੋਕਾਰ 'ਭਾਈਚਾਰਕ ਏਕਤਾ' ਦੇ ਰੂਪ ਵਿਚ ਅਭਿਵਿਅਕਤ ਹੋਇਆ ਦ੍ਰਿਸ਼ਟੀਗੋਚਰ ਹੁੰਦਾ ਹੈ। ਇਹ ਸੰਕਲਪ ਪੰਜਾਬੀ ਸਭਿਆਚਾਰ ਦੀ ਮੁੱਖ ਚੂਲ ਹੈ। ਨਾਮਧਾਰੀ ਪੈਰੋਕਾਰਾਂ ਵਿਚ ਦੇਸ਼-ਪ੍ਰੇਮ ਅਤੇ ਇਨਸਾਨੀਅਤ ਦੀ ਭਾਵਨਾ ਇੰਨੀ ਪ੍ਰਬਲ ਸੀ ਕਿ ਉਹ ਜਾਤੀ, ਜਮਾਤੀ ਅਤੇ ਸੰਪਰਦਾਇਕ ਭੇਦ-ਭਾਵ ਤੋਂ ਉਪਰ ਉੱਠ ਕੇ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਸਰਗਰਮ ਹੋਏ ਸਨ। ਹਰਨਾਮ ਸਿੰਘ ਬਗਲੀ ਆਪਣੀ ਰਚਨਾ ਸੰਤ ਖ਼ਾਲਸਾ ਵਿਚ ਮਲੇਰਕੋਟਲੇ ਦੀ ਬੁੱਚੜਬਧ ਘਟਨਾ ਤੋਂ ਪਹਿਲਾਂ ਜਥੇਦਾਰ ਹੀਰਾ ਸਿੰਘ ਵਲੋਂ ਆਪਣੇ ਜਥੇ ਨੂੰ ਦਿੱਤੇ ਗਏ ਸੰਦੇਸ਼ ਦੀ ਕਾਵਿ-ਅਭਿਵਿਅਕਤੀ ਕਰਦਾ ਹੋਇਆ ਲਿਖਦਾ ਹੈ:

ਉੱਚੀ ਬੋਲ ਕੇ ਜਥੇ ਨੂੰ ਕਹਿਣ ਲਗਾ,
ਬਚਨ ਸੁਣੋ ਸਾਡਾ ਕਰਕੇ ਖਿਆਲ ਸਿੰਘੋ।
ਜਾਲਮ ਜ਼ੁਲਮ ਕਰਨ ਵਾਲੇ ਕੋਟਲੇ ਦੇ,
ਬੁਚੜ ਮਾਰਨੇ ਅਸਾਂ ਚੰਡਾਲ ਸਿੰਘੋ।
ਚੀਜ਼ ਚੁੱਕਣੀ ਕਿਸੇ ਦੀ ਗਾਇ ਦੀ,
ਰੱਤ ਸਾਨੂੰ ਧਨ ਤੇ ਮਾਲ ਸਿੰਘੋ।
ਮਾਂ ਤੇ ਭੈਣ ਸਮਝੋ ਨਾਰੀ ਦੁਸ਼ਮਣਾਂ ਦੀ,
ਦੇਣੀ ਮੂੰਹੋ ਨਾ ਕਿਸੇ ਨੂੰ ਗਾਲ ਸਿੰਘੋ।
ਮੁਸਲਮਾਨ ਹਿੰਦੂ ਇਹੋ ਜਿਹੇ ਸਾਨੂੰ,
ਸਾਡਾ ਵੈਰ ਨਾ ਕਿਸੇ ਦੇ ਨਾਲ ਸਿੰਘੋ।
ਅਸੀਂ ਜ਼ੁਲਮ ਦੇ ਵੈਰੀ ਹਰਨਾਮ ਸਿੰਘਾ,
ਜ਼ਾਲਮ ਮਾਰਨੇ ਅਸਾਂ ਹਰ ਹਾਲ ਸਿੰਘੋ।[8]

ਇਸ ਪ੍ਰਕਾਰ ਦੀ ਨਾਮਧਾਰੀ ਕਵਿਤਾ ਕੌਮੀ ਏਕਤਾ ਦੀ ਭਾਵਨਾ ਨਾਲ ਭਰਪੂਰ ਪਾਤਰ ਸਿਰਜਦੀ ਹੈ। ਇਨ੍ਹਾਂ ਦਾ ਜੀਵਨ-ਉਦੇਸ਼ ਵਿਅਕਤੀਗਤ ਇੱਛਾਵਾਂ ਦੀ ਪੂਰਤੀ ਦੀ ਥਾਂ ਸਵਰਾਜ ਪ੍ਰਾਪਤੀ ਹੈ। ਨਾਮਧਾਰੀ ਕਵਿਤਾ ਅਨੁਸਾਰ ਸਵਰਾਜ ਦੀ ਪ੍ਰਾਪਤੀ ਅੰਗਰੇਜ਼ ਹਕੂਮਤ ਦੀ ਤਾਕਤ ਨੂੰ ਖ਼ਤਮ ਕਰਕੇ ਹੀ ਹੋ ਸਕਦੀ ਸੀ ਅਤੇ ਸਵਰਾਜ ਪ੍ਰਾਪਤੀ ਤੋਂ ਬਾਅਦ ਹੀ ਭਾਰਤੀ ਅਤੇ ਪੰਜਾਬੀ ਸਭਿਆਚਾਰ ਵਿਕਾਸ ਕਰ ਸਕਦਾ ਹੈ। ਨਾਮਧਾਰੀ ਪੈਰੋਕਾਰਾਂ ਨੇ ਭਾਈਚਾਰਕ ਏਕਤਾ ਨੂੰ ਪ੍ਰਫੁਲਿਤ ਕਰਨ ਲਈ ਕਈ ਉਪਰਾਲੇ ਕੀਤੇ। ਉਨ੍ਹਾਂ ਦਾ ਸੰਘਰਸ਼ ਕਿਸੇ ਇਕ ਜਾਤ ਜਾਂ ਜਮਾਤ ਦੇ ਵਿਰੁੱਧ ਨਹੀਂ ਸਗੋਂ ਇਨਸਾਨ-ਵਿਰੋਧੀ ਤਾਕਤਾਂ ਦੇ ਵਿਰੁੱਧ ਸੀ। ਇਹੋ ਇਨਸਾਨ-ਵਿਰੋਧੀ ਤਾਕਤਾਂ ਕੌਮੀ ਏਕਤਾ, ਭਾਈਚਾਰਕ ਏਕਤਾ ਅਤੇ ਭਾਰਤੀ ਸਮਾਜ ਅਤੇ ਸਭਿਆਚਾਰ ਦੀ ਪ੍ਰਗਤੀ ਦੇ ਰਸਤੇ ਵਿਚ ਮੁੱਖ ਰੁਕਾਵਟਾਂ ਸਨ। ਨਾਮਧਾਰੀ ਕਵਿਤਾ ਦੇ ਅਧਿਐਨ ਤੋਂ ਨਾਮਧਾਰੀ ਲਹਿਰ ਦੇ ਪੈਰੋਕਾਰਾਂ ਦੀ ਬਹਾਦਰੀ ਅਤੇ ਸੂਰਬੀਰਤਾ ਦਾ ਪ੍ਰਮਾਣ ਵੀ ਮਿਲਦਾ ਹੈ। ਉਹ ਦੇਸ਼, ਧਰਮ ਅਤੇ ਸਮਾਜ-ਸਭਿਆਚਾਰ ਦੀ ਖ਼ਾਤਰ ਆਪਣੀਆਂ ਜਾਨਾਂ ਕੁਰਬਾਨ ਕਰਨ ਲਈ ਸਦਾ ਤਿਆਰ ਰਹਿੰਦੇ ਹਨ। ਨਾਮਧਾਰੀ ਪੈਰੋਕਾਰ ਬਹਾਦਰ ਅਤੇ ਸੂਰਬੀਰ ਹੋਣ ਦੇ ਨਾਲ ਨਾਲ ਨਿਡਰ ਹਨ ਅਤੇ ਨਿਡਰਤਾ ਪੰਜਾਬੀ ਲੋਕਾਂ ਦੇ ਸੁਭਾਅ ਦਾ ਮੁੱਖ ਲੱਛਣ ਹੈ। ਨਾਮਧਾਰੀ ਪੈਰੋਕਾਰਾਂ ਨੇ ਆਪਣੇ ਇਸੇ ਸੁਭਾਅ ਸਦਕਾ ਅੰਗਰੇਜ਼ ਸਰਕਾਰ ਦੀਆਂ ਦਮਨਕਾਰੀ ਨੀਤੀਆਂ ਦਾ ਵਿਰੋਧ ਕੀਤਾ। ਨਾਮਧਾਰੀ

ਪੈਰੋਕਾਰ ਪਰਮਾਤਮਾ ਅਤੇ ਗੁਰੂ ਦੀ ਸ਼ਕਤੀ ਮੰਨਣ ਤੋਂ ਬਿਨਾਂ ਹੋਰ ਕਿਸੇ ਸ਼ਕਤੀ ਅੱਗੇ ਸਿਰ ਨਹੀਂ ਝੁਕਾਉਂਦੇ। ਇਨ੍ਹਾਂ ਦੇ ਅਜਿਹੇ ਨਿਡਰ ਸੁਭਾਅ ਸਦਕਾ ਹੀ ਅੰਗਰੇਜ਼ ਸਰਕਾਰ ਨੂੰ ਆਪਣਾ ਸਿੰਘਾਸਨ ਖੁੱਸਦਾ ਪ੍ਰਤੀਤ ਹੋਇਆ ਸੀ। ਨਾਮਧਾਰੀ ਪੈਰੋਕਾਰਾਂ ਦੇ ਨਿਡਰ ਸੁਭਾਅ ਦੀ ਪੇਸ਼ਕਾਰੀ ਇਸ ਕਵਿਤਾ ਵਿਚ ਵਿਭਿੰਨ ਵਿਧੀਆਂ ਰਾਹੀਂ ਕੀਤੀ ਗਈ ਹੈ। ਇਸ ਸੰਦਰਭ ਵਿਚ ਬਾਬਾ ਚੰਦਾ ਸਿੰਘ ਦਾ ਬਾਰਾਂਮਾਹ ਅਧਿਐਨਯੋਗ ਹੈ। ਉਹ ਲਿਖਦਾ ਹੈ:

- ਚੜਦੇ ਜੇਠ ਧੁੱਪ ਕੁਵਾਹੀ
  ਪ੍ਰਬਲ ਤੀਛਣ ਵਣੀ ਕਪਾਹੀ
  ਗੋਰੇ ਬਹਿ-ਬਹਿ ਕਰਨ ਸਲਾਹੀ
  ਇਹ ਸਿੰਘ ਸਾਥੋਂ ਡਰਦੇ ਨਾਹੀਂ
  ਜੇਹੜੇ ਹੋ ਮਸਤਾਨੇ ਜਾਹੀ
  ਕੂਕਾਂ ਮਾਰਨ ਵਿਚ ਚੁਰਾਹੀਂ
  ਇਨ੍ਹਾਂ ਨੂੰ ਖੌਫ ਕਿਸੇ ਦਾ ਨਾਹੀਂ
  ਬਾਝ ਅਕਲ ਦੇ।[9]
- ਕੀ ਪਰਵਾਹ ਕਿਸੇ ਦੀ ਉਹਨਾਂ
  ਗੁਰੂ ਜਿਨ੍ਹਾਂ ਦਾ ਪੱਖੀ।[10]

ਨਾਮਧਾਰੀ ਸਿੰਘਾਂ ਦੀ ਅਜਿਹੀ ਨਿਡਰਤਾ ਤੇ ਦਲੇਰੀ ਦੇ ਕਾਰਨ ਹੀ ਅੰਗਰੇਜ਼ ਸਰਕਾਰ ਨੇ ਉਨ੍ਹਾਂ ਨੂੰ ਵਿਦਰੋਹੀ ਘੋਸ਼ਿਤ ਕਰ ਦਿੱਤਾ ਸੀ ਅਤੇ ਉਨ੍ਹਾਂ ਪ੍ਰਤਿ ਸਖ਼ਤ ਦਮਨ ਦੀ ਨੀਤੀ ਅਪਨਾ ਕੇ ਨਾਮਧਾਰੀ ਲਹਿਰ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਦੇ ਯਤਨ ਕੀਤੇ। ਨਾਮਧਾਰੀ ਪੈਰੋਕਾਰਾਂ ਨੇ ਸਰਕਾਰ ਦੀਆਂ ਦਮਨਕਾਰੀ ਨੀਤੀਆਂ ਦਾ ਸਾਹਮਣਾ ਕਰਦਿਆਂ ਬੜੀ ਬਹਾਦਰੀ ਨਾਲ ਖ਼ੁਸ਼ੀ-ਖ਼ੁਸ਼ੀ ਕੁਰਬਾਨੀਆਂ ਦਿੱਤੀਆਂ।

ਨਾਮਧਾਰੀ ਕਵਿਤਾ ਵਿਚ ਨਾਮਧਾਰੀ ਸਿੰਘਾਂ ਦੀ ਬਹਾਦਰੀ, ਸੂਰਬੀਰਤਾ, ਦੇਸ਼ ਭਗਤੀ ਅਤੇ ਨਿਡਰਤਾ ਨੂੰ ਉਨ੍ਹਾਂ ਦੀਆਂ ਸ਼ਹੀਦੀਆਂ ਦੇ ਸੰਦਰਭ ਵਿਚ ਰਖਕੇ ਬੜੇ ਵਿਸਤਾਰ ਸਹਿਤ ਪੇਸ਼ ਕੀਤਾ ਗਿਆ ਹੈ। ਇਹ ਕਵਿਤਾ ਨਾਮਧਾਰੀ ਸਿੰਘਾਂ ਦੀ ਬਹਾਦਰੀ ਅਤੇ ਨਿਡਰਤਾ ਨੂੰ ਉਪਮਾਮੂਲਕ ਵਿਧੀ ਰਾਹੀਂ ਪੇਸ਼ ਕਰਦੀ ਹੈ, ਜਿਸ ਦੇ ਫ਼ਲਸਰੂਪ ਬੀਰਰਸੀ ਓਜ ਨਾਲ ਭਰਪੂਰ ਹੈ। ਇਸ ਸੰਦਰਭ ਵਿਚ ਗੁਰਦੇਵ ਸਿੰਘ ਰਾਏ ਦੀਆਂ ਨਿਮਨਅੰਕਿਤ ਕਾਵਿ-ਸਤਰਾਂ ਅਧਿਐਨਯੋਗ ਹਨ:

ਸ਼ੇਰ ਜਿਉਂ ਕਰ ਬੋਲਿਆ ਸਿੰਘ ਜਾਪਣ ਸਾਰੇ
ਸਭਨਾ ਬੰਨ੍ਹੇ ਸਿਰਾਂ ਤੇ ਸਿੱਧੇ ਦਸਤਾਰੇ।
ਚਿਹਰਿਆਂ ਉੱਤੇ ਤੇਜ਼ ਸੀ ਜਿਉਂ ਚਮਕਣ ਤਾਰੇ।
ਰੋਹ ਵਿਚ ਭੱਖਦੀਆਂ ਲਾਲੀਆਂ ਜਿਉ ਭੱਖਣ ਅੰਗਾਰੇ।
ਆਏ ਤੋਪਾਂ ਸਾਹਮਣੇ ਜਾਂ ਵਾਰੋ-ਵਾਰੇ।
ਸਭਨਾਂ ਸਿਰੀ ਅਕਾਲ ਦੇ ਛੱਡੇ ਜੈਕਾਰੇ।[11]

ਗਿਆਨੀ ਗਿਆਨ ਸਿੰਘ ਨੇ ਆਪਣੀ ਪੁਸਤਕ ਪੰਥ ਪ੍ਰਕਾਸ਼ ਵਿਚ ਨਾਮਧਾਰੀ ਪੈਰੋਕਾਰਾਂ ਦੀ ਬਹਾਦਰੀ, ਦੇਸ਼-ਭਗਤੀ ਅਤੇ ਨਿਡਰਤਾ ਨੂੰ ਉਪਮਾਮੂਲਕ ਸ਼ੈਲੀ ਵਿਚ ਅਭਿਵਿਅਕਤ ਕੀਤਾ ਹੈ। ਨਾਮਧਾਰੀ ਪੈਰੋਕਾਰਾਂ ਦੇ ਸੂਰਬੀਰਤਾ ਵਾਲੇ ਚਰਿੱਤਰ ਨੂੰ ਪੇਸ਼

ਕਰਦਾ ਹੋਇਆ ਉਹ ਲਿਖਦਾ ਹੈ:

ਉਨ ਹਿਤ ਹੁਕਮ ਅੰਗਰੇਜ਼ੀ ਆਯੋ
ਇਨ ਕੋ ਤੋਪਨ ਸੰਗ ਉਡਾਯੋ।
ਜਬ ਇਹੁ ਹੁਕਮ ਓਨੈ ਸੁਣ ਪਾਯੋ।
ਖੁਸੀ ਭਏ ਅਤਿ ਹੀਯ ਹੁਲਸਾਯੋ।
ਮੁਖ ਪਰ ਲਾਲੀ ਚੜ੍ਹੀ ਬਧੇਰੇ।
ਗਾਵਤ ਗੁਰ ਕੇ ਸ਼ਬਦ ਉਚੇਰੇ।
ਦੀਵੇ ਪਰ ਜਯੋਂ ਆਇ ਪਤੰਗੇ।
ਤਯੋਂ ਤੋਪਨ ਦਿਸ ਜਾਇ ਨਿਸੰਗੇ।
ਉਡੇ ਖੁਸ਼ੀ ਹ੍ਵੈ ਹ੍ਵੈ ਕਰ ਸਾਰੇ।
ਜਰਾ ਨਾ ਕੀਨੇ ਪਰਾਨ ਪਯਾਰੇ।[12]

ਏਥੇ ਕਵੀ ਨੇ ਨਾਮਧਾਰੀ ਸਿੰਘਾ ਦੀ ਦੇਸ਼-ਪ੍ਰੇਮ ਦੀ ਭਾਵਨਾ ਨੂੰ ਬੀਰ ਰਸੀ ਅਭਿਵਿਅਕਤੀ ਪ੍ਰਦਾਨ ਕੀਤੀ ਹੈ। ਇਸ ਭਾਵਨਾ ਤੋ ਪ੍ਰੇਰਿਤ ਹੋ ਕੇ ਉਹ ਬੜੀ ਨਿਡਰਤਾ ਨਾਲ ਦੇਸ਼ ਤੋਂ ਹੱਸ-ਹੱਸ ਕੇ ਜਾਨਾਂ ਕੁਰਬਾਨ ਕਰਦੇ ਹਨ, ਜਿਸ ਦੇ ਫ਼ਲਸਰੂਪ ਸੂਰਬੀਰਤਾ ਅਤੇ ਬਹਾਦਰੀ ਉਨ੍ਹਾਂ ਦੇ ਚਰਿੱਤਰ ਦਾ ਮੁੱਖ ਅੰਗ ਬਣਦੀ ਹੈ।

'ਪ੍ਰਾਹੁਣਚਾਰਗ' ਨਾਮਧਾਰੀ ਸਭਿਆਚਾਰ ਦਾ ਇਕ ਹੋਰ ਪ੍ਰਮੁੱਖ ਪਛਾਣ-ਚਿੰਨ੍ਹ ਹੈ ਜਿਸਦੇ ਵਿਭਿੰਨ ਪੱਖਾਂ ਦੀ ਅਭਿਵਿਅਕਤੀ ਨਾਮਧਾਰੀ ਕਵਿਤਾ ਵਿਚ ਹੋਈ ਹੈ। ਨਾਮਧਾਰੀ ਕਵਿਤਾ ਦੇ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਨਾਮਧਾਰੀ-ਸਭਿਅਚਾਰ ਨੇ ਇਹ ਪਛਾਣ-ਚਿੰਨ੍ਹ ਪੰਜਾਬੀ ਸਭਿਆਚਾਰ ਤੋਂ ਪ੍ਰਾਪਤ ਕੀਤਾ ਹੈ। ਪੰਜਾਬੀ ਲੋਕਾਂ ਦੀ ਪ੍ਰਾਹੁਣਾਚਾਰੀ ਸਾਰੇ ਸੰਸਾਰ ਵਿਚ ਪ੍ਰਸਿੱਧ ਹੈ। ਨਾਮਧਾਰੀ ਕਵਿਤਾ ਅਨੁਸਾਰ ਨਾਮਧਾਰੀ ਲਹਿਰ ਪੰਜਾਬੀ-ਸਭਿਆਚਾਰ ਦੀ ਪ੍ਰਾਹੁਣਾਚਾਰੀ ਦੇ ਗੁਣ-ਲੱਛਣ ਨੂੰ ਗ੍ਰਹਿਣ ਕਰਕੇ ਇਸ ਨੂੰ ਇਕ ਸੰਸਥਾ ਦੇ ਰੂਪ ਵਿਚ ਸਥਾਪਤ ਕਰਦੀ ਹੈ। ਜਦੋਂ ਨਾਮਧਾਰੀ ਲਹਿਰ ਦੇ ਪੈਰੋਕਾਰਾਂ ਨੇ ਅੰਗਰੇਜ਼ ਸਰਕਾਰ ਵਿਰੁੱਧ ਜੋ ਸੰਘਰਸ਼ ਸ਼ੁਰੂ ਕੀਤਾ, ਉਸ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਉਨ੍ਹਾਂ ਨੂੰ ਪਿੰਡੋ ਪਿੰਡ ਜਾਣਾ ਪੈਂਦਾ ਸੀ, ਇਸ ਦੇ ਫ਼ਲਸਰੂਪ ਪ੍ਰਾਹੁਣਾਚਾਰੀ ਦੇ ਸੰਕਲਪ ਦਾ ਨਾਮਧਾਰੀ ਸਮਾਜ ਵਿਚ ਬਹੁਤ ਪ੍ਰਸਾਰ ਹੋਇਆ। 'ਨਾਮਧਾਰੀ ਪ੍ਰਾਹੁਣਾਚਾਰੀ' ਦੇ ਸੰਦਰਭ ਵਿਚ ਬਾਬਾ ਚੰਦਾ ਸਿੰਘ ਦਾ ਬਾਰਾਂਮਾਹ ਵਿਸ਼ੇਸ਼ ਤੌਰ 'ਤੇ ਅਧਿਐਨਯੋਗ ਹੈ। ਕਵੀ ਲਿਖਦਾ ਹੈ:

ਚੜ੍ਹਦੇ ਹਾੜ ਧੁੱਪ ਦਾ ਜ਼ੋਰ,
ਜਾਂਦੇ ਸਿੰਘ ਸਿੰਘਾਂ ਦੇ ਕੋਲ,
ਅਗੋ ਪਿਆਵਣ ਸ਼ਰਬਤ ਘੋਲ,
ਪੜ੍ਹਦੇ ਸ਼ਬਦ ਵਜਾਵਣ ਢੋਲ,
ਮੁਖ ਥੀ ਬੋਲਣ ਅੰਮ੍ਰਿਤ ਬੋਲ,
ਉਹ ਰੰਗ ਬਣਾਂਵਦੇ।

ਪੱਖੇ ਝੱਲਣ ਪਾਣੀ ਪਿਆਵਣ,
ਮੁਠੀਆਂ ਭਰਨ ਥਕੇਵੇਂ ਲਾਹਵਣ,
ਬਰਤਨ ਮਾਂਜਣ ਟਹਿਲ ਕਮਾਵਣ,

ਸੋਭਾ ਸੰਗਤ ਦੇ ਵਿਚ ਪਾਵਣ,
ਜਾਂ ਹਰ ਗੁਣ ਗਾਂਵਦੇ।[13]

ਨਾਮਧਾਰੀ ਲਹਿਰ ਦੀ ਕਵਿਤਾ ਵਿਚ ਪ੍ਰਾਹੁਣਾਚਾਰੀ ਦੇ ਸੰਕਲਪ ਦੀ ਅਭਿਵਿਅਕਤੀ ਜਿਸ ਦ੍ਰਿਸ਼ਟੀਕੋਣ ਤੋਂ ਹੋਈ ਹੈ, ਉਸ ਅਨੁਸਾਰ ਘਰ ਆਏ ਮਹਿਮਾਨ ਨੂੰ ਰੱਬ ਦਾ ਰੂਪ ਸਮਝਿਆ ਜਾਂਦਾ ਹੈ ਤੇ ਉਸ ਦੀ ਤਹਿ ਦਿਲੋਂ ਸੇਵਾ ਕੀਤੀ ਜਾਂਦੀ ਹੈ। ਨਾਮਧਾਰੀ ਗੁਰੂ ਨੇ ਵੀ ਆਪਣੇ ਪੈਰੋਕਾਰਾਂ ਵਿਚ ਘਰ ਆਏ ਮਹਿਮਾਨਾਂ ਦੀ 'ਟਹਿਲ ਸੇਵਾ' ਕਰਨ ਦਾ ਜਜ਼ਬਾ ਭਰਿਆ ਸੀ ਜੋ ਉਨ੍ਹਾਂ ਦੇ ਮਿਸ਼ਨ ਵਿਚ ਸਹਾਇਕ ਸਿੱਧ ਹੋਇਆ। ਪ੍ਰਾਹੁਣਾਚਾਰੀ ਦਾ ਇਹ ਜਜ਼ਬਾ ਅੱਜ ਦੇ ਨਾਮਧਾਰੀ-ਸਮਾਜ ਵਿਚ ਵੀ ਉੱਤਮ ਰੂਪ ਵਿਚ ਪੇਸ਼ ਹੁੰਦਾ ਹੈ।

ਨਾਮਧਾਰੀ ਲਹਿਰ ਦੀ ਕਵਿਤਾ ਦਾ ਸਭਿਆਚਾਰਕ ਦ੍ਰਿਸ਼ਟੀ ਤੋਂ ਅਧਿਐਨ-ਵਿਸ਼ਲੇਸ਼ਣ ਕਰਦਿਆਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਇਸ ਕਵਿਤਾ ਵਿਚ ਸਮਾਜਕ ਰਿਸ਼ਤਿਆਂ ਦੀ ਸਭਿਆਚਾਰਕ ਦ੍ਰਿਸ਼ਟੀ ਤੋਂ ਪੇਸ਼ਕਾਰੀ ਹੋਈ ਹੈ। ਪੰਜਾਬੀ ਰਿਸ਼ਤਾਨਾਤਾ ਪ੍ਰਣਾਲੀ ਵਿਚ ਨੂੰਹ ਨੂੰ ਸੱਸ ਦੇ ਅਧੀਨ ਵਿਚਰਨਾ ਪੈਂਦਾ ਹੈ। ਪੰਜਾਬੀ ਸਮਾਜ ਦਾ ਸਮਾਜਕ ਤਾਣਾ-ਬਾਣਾ ਅਜਿਹਾ ਹੈ ਜਿਸ ਵਿਚ ਔਰਤ ਨੂੰ ਲੋਕ-ਲਾਜ ਦਾ ਖ਼ਾਸ ਖ਼ਿਆਲ ਰੱਖਣਾ ਪੈਂਦਾ ਹੈ। ਨਾਮਧਾਰੀ ਕਵਿਤਾ ਪੰਜਾਬੀ ਸਭਿਆਚਾਰ ਵਿਚ ਵਿਦਮਾਨ ਨੂੰਹ-ਸੱਸ ਦੇ ਰਿਸ਼ਤੇ ਨੂੰ ਲੋਕ-ਸੁਰ ਵਿਚ ਅਭਿਵਿਅਕਤ ਕਰਦਿਆਂ ਇਸ ਰਿਸ਼ਤੇ ਦੇ ਸਭਿਆਚਾਰਕ ਮਹੱਤਵ ਨੂੰ ਉਘਾੜਦੀ ਹੈ। ਇਸ ਕਵਿਤਾ ਵਿਚ ਨਾਮਧਾਰੀ ਲਹਿਰ ਨੂੰ ਪਿਛੋਕੜ ਵਿਚ ਰੱਖ ਕੇ ਨੂੰਹ-ਸੱਸ ਦੇ ਰਿਸ਼ਤੇ ਦੀ ਅਭਿਵਿਅਕਤੀ ਪੰਜਾਬੀ ਸਭਿਆਚਾਰ ਦੇ ਸੰਦਰਭ ਵਿਚ ਹੋਈ ਹੈ। ਮਿਸਾਲ ਦੇ ਤੌਰ 'ਤੇ ਬਾਬਾ ਚੰਦਾ ਸਿੰਘ ਆਪਣੇ ਬਾਰਾਂਮਾਹ ਵਿਚ ਲਿਖਦਾ ਹੈ:

ਘਰ ਵਿਚ ਹਰੇ ਹਮੇਸ਼ਾ ਸ਼ੋਰ
ਸੱਸ ਕਢੇਂਦੀ ਮੰਦੇ ਬੋਲ
ਨੀ ਤੈਂ ਜਾਣਾ ਕੂਕਿਆਂ ਕੋਲ
ਇਹ ਮਿਹਣੇ ਮਾਰਦੀ।[14]

ਉਪਰੋਕਤ ਸਤਰਾਂ ਦੇ ਹਵਾਲੇ ਨਾਲ ਸਪਸ਼ਟ ਹੋ ਜਾਂਦਾ ਹੈ ਕਿ ਕਵੀ ਨੇ ਨਾਮਧਾਰੀ ਗੁਰੂ/ਕੂਕਿਆਂ ਦਾ ਜ਼ਿਕਰ ਕਰਦੇ ਹੋਏ ਪੰਜਾਬੀ ਸਮਾਜਕ ਜੀਵਨ ਦੇ ਇਕ ਮਹੱਤਵਪੂਰਨ ਪੱਖ ਵੱਲ ਸੰਕੇਤ ਕੀਤਾ ਹੈ। ਪੰਜਾਬੀ ਸਭਿਆਚਾਰ ਵਿਚ ਸਦੀਆਂ ਤੋਂ ਹੀ ਨੂੰਹ-ਸੱਸ ਦਾ ਰਿਸ਼ਤਾ ਵਿਰੋਧੀ-ਸੁਰ ਵਾਲਾ ਰਿਹਾ ਹੈ। ਉਪਰੋਕਤ ਪੰਗਤੀਆਂ ਸੱਸ ਦੀ ਨੂੰਹ ਪ੍ਰਤਿ ਇਸੇ ਵਿਰੋਧੀ-ਸੁਰ ਦੀ ਅਭਿਵਿਅਕਤੀ ਕਰਦੀਆਂ ਹਨ।

ਨਾਮਧਾਰੀ ਕਵਿਤਾ ਵਿਚ ਗੁਰੂ-ਸਿੱਖ ਦੇ ਰਿਸ਼ਤੇ ਦੀ ਪੇਸ਼ਕਾਰੀ ਪਤੀ-ਪਤਨੀ ਅਤੇ ਪ੍ਰੇਮੀ-ਪ੍ਰੇਮਿਕਾ ਦੇ ਰਿਸ਼ਤੇ ਦੇ ਮਾਧਿਅਮ ਦੁਆਰਾ ਪ੍ਰਤੀਕਾਤਮਕ ਢੰਗ ਨਾਲ ਕੀਤੀ ਗਈ ਹੈ। ਪਤੀ-ਪਤਨੀ ਦੇ ਸਮਾਜਕ ਰਿਸ਼ਤੇ ਨੂੰ ਪਿੱਠਭੂਮੀ ਵਿਚ ਰੱਖਕੇ ਨਾਮਧਾਰੀ ਗੁਰੂ ਅਤੇ ਨਾਮਧਾਰੀ ਸੰਗਤ ਦੇ ਆਪਣੀ ਸੰਬੰਧਾਂ ਨੂੰ ਪੇਸ਼ ਕੀਤਾ ਗਿਆ ਹੈ। ਇਨ੍ਹਾਂ ਸੰਬੰਧਾਂ ਨੂੰ ਸਭਿਆਚਾਰਕ ਦ੍ਰਿਸ਼ਟੀ ਤੋਂ ਦੋ ਵਿਧੀਆਂ ਰਾਹੀਂ ਸਪਸ਼ਟ ਕੀਤਾ ਜਾ ਸਕਦਾ ਹੈ। ਇਹ ਵਿਧੀਆਂ ਹਨ:

1. ਗੁਰੂ ਨਾਲ ਸਿੱਖ-ਸੰਗਤ ਦੀ ਵਸਲ-ਸਥਿਤੀ
2. ਗੁਰੂ ਨਾਲ ਸਿੱਖ-ਸੰਗਤ ਦੀ ਵਿਯੋਗ ਵਾਲੀ ਸਥਿਤੀ

ਨਾਮਧਾਰੀ ਸਤਿਗੁਰ ਦੀ ਜਲਾਵਤਨੀ ਤੋਂ ਬਾਅਦ ਨਾਮਧਾਰੀ ਸੰਗਤ ਨੇ ਜਿਸ

ਤਰ੍ਹਾਂ ਦੀ ਬਿਰਹਾ ਪੀੜ ਨੂੰ ਭੋਗਿਆ, ਉਸ ਨੂੰ ਇਸ ਕਵਿਤਾ ਵਿਚ ਪ੍ਰਤੀਕਾਤਮਕ ਸੰਬੰਧਾਂ ਰਾਹੀਂ ਪੇਸ਼ ਕੀਤਾ ਗਿਆ ਹੈ। ਗੁਰੂ-ਸੰਗਤ ਦੇ ਇਸ ਰਿਸ਼ਤੇ ਦੀ ਪੇਸ਼ਕਾਰੀ ਪੰਜਾਬੀ ਲੋਕ-ਮਾਨਸਿਕਤਾ ਦੇ ਸੰਦਰਭ ਵਿਚ ਕੀਤੀ ਗਈ ਹੈ। ਇਸ ਸੰਦਰਭ ਵਿਚ ਨਿਮਨਅੰਕਿਤ ਸਤਰਾਂ ਅਧਿਐਨਯੋਗ ਹਨ:

ਅੱਸੂ ਸੁਖੀ ਸੋਈ ਘਰ ਕੰਤ ਵਸੇ ਜਿਸ ਪਾਸੁ।
ਕੰਤ ਬਿਨ ਨਾਰੀ ਹੋਵੇ ਕਦੀ ਨਹੀਂ ਸੁਖੀ ਏ।
ਪੀਆ ਪਰਦੇਸ ਖੁੱਲ੍ਹੇ ਕੇਸ ਗਲ ਮੈਲੇ ਵੇਸ
ਤਨ 'ਚ ਕਲੇਸ ਜਿੰਦ ਵਾਲ-ਵਾਲ ਦੁਖੀ ਏ।
ਔਸੀਆਂ ਮੈਂ ਪਾਵਾਂ ਨਿਤ ਸ਼ਗਨ ਮਨਾਵਾਂ ਮਾਹੀਂ
ਦਰਸ਼ਨ ਪਾਵਾਂ ਕਦ ਇਹੋ ਧੁਖ ਧੁਖੀ ਏ।[15]

ਇਸ ਤੋਂ ਸਪਸ਼ਟ ਹੈ ਕਿ ਇਹ ਕਵਿਤਾ ਪੰਜਾਬੀ ਲੋਕ-ਮਾਨਸਿਕਤਾ ਦੀ ਪੇਸ਼ਕਾਰੀ ਵਿਭਿੰਨ ਪੱਖਾਂ ਤੋਂ ਕਰਦੀ ਹੈ। ਇਸ ਕਵਿਤਾ ਵਿਚ ਵਿਯੋਗ ਦੀ ਸਥਿਤੀ ਅਤੇ ਬਿਰਹਾ ਪੀੜ ਦੇ ਵਰਣਨ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਲੋਕ-ਮੁਹਾਵਰੇ (ਔਸੀਆਂ ਮੈਂ ਪਾਵਾਂ ਨਿਤ ਸ਼ਗਨ ਮਨਾਵਾਂ) ਦੀ ਵਰਤੋਂ ਕੀਤੀ ਗਈ ਹੈ। ਕਾਵਿ -ਨਾਇਕਾ ਦੀ ਵਿਯੋਗੀ ਮਾਨਸਿਕਤਾ ਨੂੰ ਪੰਜਾਬੀ ਸਭਿਆਚਾਰ ਨਾਲ ਸੰਬੰਧਿਤ ਵਿਭਿੰਨ ਪ੍ਰਤੀਕਾਂ ਅਤੇ ਬਿੰਬਾਂ ਦੀ ਵਰਤੋਂ ਦੇ ਮਾਧਿਅਮ ਰਾਹੀਂ ਪੇਸ਼ ਕੀਤਾ ਗਿਆ ਹੈ। ਇਸ ਸੰਦਰਭ ਵਿਚ ਮੀਹਾਂ ਸਿੰਘ ਦਾ ਬਾਰਾਂਮਾਹ ਵਿਸ਼ੇਸ਼ ਤੌਰ 'ਤੇ ਅਧਿਐਨਯੋਗ ਹੈ, ਜਿਸ ਵਿਚ ਉਹ ਲਿਖਦਾ ਹੈ:

ਚੜ੍ਹਦੇ ਸਾਵਣ ਮੀਂਹ ਵਰਸਾਵਣ
ਸਈਆਂ ਪੀਘਾਂ ਪਾਈਆਂ।
ਰਲਕੇ ਸਭੇ ਖੁਸ਼ੀ ਮਨਾਵਣ
ਸਾਡੇ ਦਿਲ ਨਹੀਂ ਭਾਈਆਂ।
ਕਾਂਗ ਉਡਾਵਾਂ ਔਸੀਆਂ ਪਾਵਾਂ
ਆ ਦੇਸ ਦਿਆ ਸਾਈਆਂ।
ਹੱਥੀ ਜੋ ਬਗੀਚਾ ਲਾਇਆ
ਕਲੀਆਂ ਉਹ ਕੁਮਲਾਈਆਂ।[16]

ਸਪਸ਼ਟ ਹੈ ਕਿ ਨਾਮਧਾਰੀ ਲਹਿਰ ਦੀ ਕਵਿਤਾ ਵਿਚ ਪੰਜਾਬੀ ਲੋਕ-ਮੁਹਾਵਰੇ ਦੇ ਮਾਧਿਅਮ ਰਾਹੀਂ ਲੋਕ-ਮਾਨਸਿਕਤਾ ਦੀ ਪੇਸ਼ਕਾਰੀ ਸਹਿਜੇ ਹੀ ਹੋ ਜਾਂਦੇ ਹੈ। ਪੰਜਾਬੀ ਸਭਿਆਚਾਰ ਵਿਚ ਵਿਦਮਾਨ 'ਪ੍ਰਦੇਸ ਗਏ ਮਾਹੀ ਨੂੰ ਔਸੀਆਂ ਪਾ ਕੇ ਉਡੀਕਣ' ਦੇ ਮੋਟਿਫ਼ ਦਾ ਪ੍ਰਯੋਗ ਇਸ ਕਵਿਤਾ ਵਿਚ ਥਾਂ-ਥਾਂ ਹੋਇਆ ਹੈ। ਨਾਮਧਾਰੀ ਕਵਿਤਾ ਵਿਚ ਗੁਰੂ ਦੇ ਵਿਯੋਗ ਵਿਚ ਸੰਗਤ ਦੀ ਬਿਰਹਾ ਪੀੜ ਦੀ ਅਭਿਵਿਅਕਤੀ ਰੁੱਤਾਂ, ਥਿੱਤਾਂ, ਤਿਉਹਾਰਾਂ ਆਦਿ ਦੇ ਮਾਧਿਅਮ ਰਾਹੀਂ ਵੀ ਕੀਤੀ ਗਈ ਹੈ। ਸਾਉਣ (ਸਾਵਣ) ਦੇ ਮਹੀਨੇ ਨੂੰ ਪੰਜਾਬੀ ਮੁਟਿਆਰਾਂ ਬੜੀ ਖ਼ੁਸ਼ੀ ਨਾਲ ਮਨਾਉਂਦੀਆਂ ਹਨ। ਪਰੰਤੂ ਜਿਹੜੀਆਂ ਮੁਟਿਆਰਾਂ ਦੇ ਪਤੀ ਪਰਦੇਸੀ ਹੁੰਦੇ ਹਨ, ਉਨ੍ਹਾਂ ਨੂੰ ਸਾਉਣ ਦਾ ਮਹੀਨਾ ਖ਼ੁਸ਼ੀ ਦੇਣ ਦੀ ਬਜਾਏ ਦੁਖੀ ਕਰ ਜਾਂਦਾ ਹੈ ਕਿਉਂਕਿ ਸਾਉਣ ਦੇ ਮਹੀਨੇ ਵਿਚ ਪਤੀ-ਵਿਯੋਗ ਦਾ ਸੰਤਾਪ ਉਨ੍ਹਾਂ ਨੂੰ ਹੋਰ ਵੀ ਵਧੇਰੇ ਸ਼ਿੱਦਤ ਨਾਲ ਮਹਿਸੂਸ ਹੁੰਦਾ ਹੈ। ਨਾਮਧਾਰੀ ਕਵਿਤਾ ਵਿਚ ਪਤੀ-ਪਤਨੀ ਦੇ ਪ੍ਰਤੀਕ ਰਾਹੀਂ ਨਾਮਧਾਰੀ ਗੁਰੂ ਅਤੇ ਨਾਮਧਾਰੀ ਸੰਗਤ ਦੇ ਪ੍ਰੇਮ-ਸੰਬੰਧ ਨੂੰ ਅਭਿਵਿਅਕਤ

ਕੀਤਾ ਗਿਆ ਹੈ। ਕਾਵਿ-ਨਾਇਕਾ ਦੇ ਰੂਪ ਵਿਚ ਸੰਗਤ ਨਾਮਧਾਰੀ ਗੁਰੂ ਦੀ ਔਸੀਆਂ ਪਾ ਕੇ, ਬਨੇਰੇ ਤੋਂ ਕਾਂ ਉਡਾ ਕੇ ਅਤੇ ਰਾਤ ਨੂੰ ਤਾਰੇ ਗਿਣ-ਗਿਣ ਕੇ ਉਡੀਕ ਕਰਦੀ ਹੈ। ਇਸ ਸਾਰੀ ਸਥਿਤੀ ਦਾ ਵਰਣਨ ਬਿਰਹੋਂ ਦੀ ਦਰਦ-ਭਿੰਨੀ ਸੁਰ ਵਿਚ ਕੀਤਾ ਗਿਆ ਹੈ। ਨਾਮਧਾਰੀ ਕਵੀਆਂ ਨੇ ਇਸ ਬਿਰਹਣ ਕਾਵਿ-ਨਾਇਕਾ ਦੀ ਮਨੋਸਥਿਤੀ ਨੂੰ ਪੇਸ਼ ਕਰਨ ਲਈ ਪੰਜਾਬੀ ਸਭਿਆਚਾਰ ਦੇ ਵਿਭਿੰਨ ਸਰੋਤਾਂ ਦਾ ਕਾਵਿ-ਰੂਪਾਂਤਰਣ ਕੀਤਾ ਹੈ। ਪੰਜਾਬੀ ਸਮਾਜ ਕੜੀਦਾਰ ਹੈ, ਇਥੇ ਹਰ ਮਨੁੱਖ ਦੀ ਕੜੀ ਦੂਜਿਆਂ ਨਾਲ ਸਿੱਧੇ ਜਾਂ ਅਸਿੱਧੇ ਰੂਪ ਵਿਚ ਜੁੜੀ ਰਹਿੰਦੀ ਹੈ। ਇਸ ਸਮੂਹਿਕ ਜੀਵਨ-ਵਿਧੀ ਵਾਲੇ ਸਮਾਜ ਵਿਚ ਬਿਰਹਣ-ਨਾਇਕਾ ਨੂੰ ਲੋਕ ਤਾਅਨੇ-ਮਿਹਣੇ ਦਿੰਦੇ ਹਨ। ਨਾਮਧਾਰੀ ਕਵਿਤਾ ਵਿਚ ਇਸ 'ਤਾਅਨੇ-ਮਿਹਣੇ' ਦੇ ਸੰਕਲਪ ਨੂੰ ਇਕ ਕਾਵਿ-ਜੁਗਤ ਵਜੋਂ ਵਰਤਿਆ ਗਿਆ ਹੈ:

ਨਾਲ ਦੁੱਖਾਂ ਦੇ ਦਿਨ ਲੰਘਾਵਾਂ
ਰਾਤਾਂ ਗਿਣ ਗਿਣ ਤਾਰੇ।
ਲੋਕੀ ਸਾਨੂੰ ਦੇਵਣ ਤਾਨ੍ਹੇ
ਜਾਂਦੇ ਨਹੀਂ ਸਹਾਰੇ।[17]

ਏਥੇ ਕਾਵਿ-ਨਾਇਕਾ ਨਾਇਕ ਦੇ ਵਿਯੋਗ ਦਾ ਸੰਤਾਪ ਹੰਢਾ ਰਹੀ ਹੈ ਅਤੇ ਉਸ ਲਈ ਕਾਵਿ-ਨਾਇਕ ਦੇ ਵਸਲ ਤੋਂ ਬਿਨਾਂ ਇਕ-ਇਕ ਪਲ ਬਤੀਤ ਕਰਨਾ ਔਖਾ ਹੈ। ਪਰ ਪ੍ਰੀਤਮ-ਵਿਯੋਗ ਵਿਚ ਦੁਨੀਆਂ ਦੀ ਸੁਧ-ਬੁਧ ਭੁੱਲ ਜਾਣ ਕਾਰਨ ਉਹ ਲੋਕਾਂ ਦੇ ਤਾਅਨਿਆਂ ਮਿਹਣਿਆਂ ਅਤੇ ਮਜ਼ਾਕ ਦੀ ਪਾਤਰ ਬਣਦੀ ਹੈ।

ਨਾਮਧਾਰੀ ਕਵਿਤਾ ਵਿਚ ਕਾਵਿ-ਨਾਇਕਾ ਦੀ ਕਾਵਿ-ਨਾਇਕ ਨਾਲ ਵਸਲ ਦੀ ਸਥਿਤੀ ਨੂੰ ਵੀ ਲੋਕ-ਮੁਹਾਵਰੇ ਦੀ ਸੁਰ ਵਿਚ ਪੇਸ਼ ਕੀਤਾ ਗਿਆ ਹੈ। ਕਾਵਿ-ਨਾਇਕ ਨੂੰ 'ਬਚਨ-ਸਿੱਧੀ' ਪ੍ਰਾਪਤ ਹੈ, ਜਿਸ ਦੇ ਫ਼ਲਸਰੂਪ ਉਸ ਦੀ ਸ਼ਰਨ ਵਿਚ ਆਉਣ ਵਾਲਾ ਹਰ ਮਨੁੱਖ ਜਨਮ-ਮਰਨ ਦੇ ਗੇੜ ਤੋਂ ਮੁਕਤ ਹੋ ਜਾਂਦਾ ਹੈ:

ਸਤਿਗੁਰ ਮੇਰਾ ਦੀਨ ਦਇਆਲ,
ਲੱਧਾ ਰਾਮਦਾਸ ਪੁਰੇ ਵਿਚ ਭਾਲ,
ਦੇ ਕੇ ਸ਼ਬਦ ਕਰੇ ਨਿਹਾਲ,
ਕੱਟੇ ਜਨਮ ਮਰਨ ਦੇ ਜਾਲ
ਮੈਂ ਸਤਿਗੁਰ ਤਾਰੀਆ।[18]

ਪਰ ਗੁਰੂ-ਵਸਲ ਦੇ ਰਸਤੇ ਵਿਚ ਬਹੁਤ ਸਾਰੀਆਂ ਰੁਕਾਵਟਾਂ ਹਨ, ਜਿਹਨਾਂ ਵਿਚੋਂ 'ਲੋਕ-ਲਾਜ' ਨੂੰ ਪ੍ਰਮੁੱਖ ਮੰਨਿਆ ਗਿਆ ਹੈ। ਇਸ ਤਰ੍ਹਾਂ 'ਲੋਕ-ਲਾਜ' ਨੂੰ ਇਕ ਕਾਵਿ-ਜੁਗਤ ਵਜੋਂ ਪੇਸ਼ ਕੀਤਾ ਗਿਆ ਹੈ। ਕਵੀ ਚੰਦਾ ਸਿੰਘ ਲਿਖਦਾ ਹੈ:

ਜਦ ਮੈਂ ਹੋ ਵਿਰਾਗਣ ਚੱਲੀ
ਚਰਖੇ ਤੰਦ ਨਾ ਲਾਹੀ ਛੱਲੀ
ਘਰ ਤੋਂ ਤੁਰਕੇ ਭਈ ਅਕੱਲੀ
ਮੈਨੂੰ ਲੋਕ ਆਖਦੇ ਝੱਲੀ
ਕਿਸੇ ਦੀ ਗੱਲ ਨਾ ਲਗਦੀ ਭਲੀ
ਮੈਂ ਬਲਿਹਾਰੀਆਂ।[19]

ਨਾਮਧਾਰੀ ਕਵਿਤਾ ਵਿਚ ਸਭਿਆਚਾਰਕ ਚਿੰਨ੍ਹਾਂ ਅਤੇ ਪ੍ਰਤੀਕਾਂ ਦੀ ਵਰਤੋਂ ਇਸ

ਦੀ ਸੰਚਾਰ-ਯੋਗਤਾ ਵਿਚ ਵਾਧਾ ਕਰਦੀ ਹੈ। ਇਨ੍ਹਾਂ ਪ੍ਰਤੀਕਾਂ ਵਿਚ ਪ੍ਰਮੁੱਖ ਹਨ: ਚਰਖਾ, ਹੰਸ, ਤੰਦੂਰ, ਸਵਰਗ, ਨਰਕ ਆਦਿ। ਇਹ ਸਾਰੇ ਪੰਜਾਬੀ ਸਭਿਆਚਾਰ ਨਾਲ ਜੁੜੇ ਹੋਏ ਪ੍ਰਤੀਕ ਹਨ ਜਿਨ੍ਹਾਂ ਦੀ ਵਰਤੋਂ ਪੰਜਾਬੀ ਲੋਕ-ਮਾਨਸਿਕਤਾ ਦੇ ਸੰਦਰਭ ਵਿਚ ਹੋਈ ਹੈ। ਇਸਦੀ ਮਿਸਾਲ ਦੇ ਤੌਰ 'ਤੇ ਚਤਰ ਸਿੰਘ ਬੀਰ ਆਦਿ ਰਚਿਤ ਬਾਰਾਂਮਾਹ ਅਧਿਐਨਯੋਗ ਹੈ, ਜਿਸ ਵਿਚ ਕਵੀ ਨੇ ਕਾਵਿ-ਨਾਇਕਾ ਦੀ ਕਾਵਿ-ਨਾਇਕ ਤੋਂ ਸਰੀਰਕ ਅਤੇ ਮਾਨਸਿਕ ਵਿਯੋਗ ਦੀ ਸਥਿਤੀ ਨੂੰ ਤੰਦੂਰ ਦੇ ਪ੍ਰਤੀਕ ਰਾਹੀਂ ਇਸ ਤਰ੍ਹਾਂ ਅਭਿਵਿਅਕਤ ਕੀਤਾ ਹੈ:

ਹਾੜ ਹਉਕਿਆਂ ਨਾਲ ਤਨ
ਤਪਦਾ ਵਾਂਗ ਤੰਦੂਰ
ਪੇਸ਼ ਨਾ ਕੋਈ ਜਾਂਵਦੀ
ਹੋ ਗਏ ਹਾਂ ਮਜਬੂਰ।[20]

ਨਾਮਧਾਰੀ ਕਵਿਤਾ ਦਾ ਸਭਿਆਚਾਰਕ ਦ੍ਰਿਸ਼ਟੀ ਤੋਂ ਅਧਿਐਨ ਵਿਸ਼ਲੇਸ਼ਣ ਕਰਦਿਆਂ ਇਹ ਸਪਸ਼ਟ ਹੁੰਦਾ ਹੈ ਕਿ ਇਸ ਕਵਿਤਾ ਦੀ ਬੁਣਤੀ ਵਿਚ ਪੰਜਾਬੀ ਸਭਿਆਚਾਰ ਅਤੇ ਲੋਕਧਾਰਾ ਵਿਚ ਵਿਦਮਾਨ ਬਹੁਤ ਸਾਰੇ ਮਿਥਿਹਾਸਕ ਪਾਤਰ ਅਤੇ ਘਟਨਾਵਾਂ ਬੁਣੇ ਹੋਏ ਹਨ। ਅਜਿਹੇ ਪਾਤਰ ਤੇ ਘਟਨਾਵਾਂ ਪੰਜਾਬੀ ਲੋਕ-ਮਾਨਸਿਕਤਾ ਦਾ ਅਨਿੱਖੜ ਅੰਗ ਹਨ ਅਤੇ ਇਹ ਪੰਜਾਬੀ ਜਨ-ਜੀਵਨ ਵਿਚ ਅਹਿਮ ਭੂਮਿਕਾ ਅਦਾ ਕਰਦੇ ਹਨ। ਇਸ ਕਵਿਤਾ ਵਿਚ ਮਿਥਿਹਾਸਕ ਪਾਤਰਾਂ ਅਤੇ ਉਨ੍ਹਾਂ ਨਾਲ ਸੰਬੰਧਿਤ ਘਟਨਾਵਾਂ ਨੂੰ ਇਕ ਕਾਵਿ-ਜੁਗਤ ਵਜੋਂ ਅਪਨਾਇਆ ਗਿਆ ਹੈ। ਪੰਜਾਬੀ ਲੋਕ-ਮਾਨਸਿਕਤਾ ਵਿਚ ਜੀਵਿਤ ਕ੍ਰਿਸ਼ਨ, ਕਲ, ਨਾਰਦ, ਕੰਸ, ਰਾਮ, ਆਦਿ ਮਿਥਿਹਾਸਕ ਪਾਤਰ ਨਾਮਧਾਰੀ ਕਵਿਤਾ ਵਿਚ ਸ਼ਾਮਿਲ ਹੋਏ ਹਨ। ਏਸੇ ਤਰ੍ਹਾਂ ਇਹ ਕਵਿਤਾ ਵਿਭਿੰਨ ਮਿਥਿਹਾਸਕ ਘਟਨਾਵਾਂ ਦਾ ਨਵੇਂ ਪਰਿਪੇਖ ਵਿਚ ਕਾਵਿ-ਰੂਪਾਂਤਰਣ ਕਰਦੀ ਹੈ। ਏਥੇ ਬਾਬਾ ਚੰਦਾ ਸਿੰਘ ਦੇ ਬਾਰਾਂਮਾਹ ਦਾ ਵਿਸ਼ੇਸ਼ ਤੌਰ ਤੇ ਅਧਿਐਨ ਕੀਤਾ ਜਾ ਸਕਦਾ ਹੈ, ਜਿਸ ਵਿਚ ਭਗਵਾਨ ਕ੍ਰਿਸ਼ਨ ਅਤੇ ਕੰਸ ਨਾਲ ਸੰਬੰਧਿਤ ਮਿਥਿਹਾਸਕ ਕਥਾ ਦਾ ਵਰਣਨ ਕੀਤਾ ਗਿਆ ਹੈ। ਏਥੇ ਕੰਸ ਦੀ ਜ਼ਾਲਮ ਪ੍ਰਵਿਰਤੀ ਦੀ ਤੁਲਨਾ ਅੰਗਰੇਜ਼ ਸਰਕਾਰ ਦੇ ਜਬਰ ਨਾਲ ਕੀਤੀ ਗਈ ਹੈ। ਪੰਜਾਬੀ ਲੋਕ-ਮਾਨਸਿਕਤਾ ਅਨੁਸਾਰ 'ਪਾਪ ਦਾ ਬੇੜਾ ਭਰ ਕੇ ਡੁੱਬਦਾ ਹੈ' ਅਤੇ ਅੰਤ ਤੇ ਨੇਕੀ ਦੀ ਬਦੀ ਤੇ ਜਿੱਤ ਹੁੰਦੀ ਹੈ। ਇਨ੍ਹਾਂ ਵਿਚਾਰਾਂ ਦੀ ਕਾਵਿ-ਅਭਿਵਿਅਕਤੀ ਦਾ ਉਦੇਸ਼ ਨਾਮਧਾਰੀ ਪੈਰੋਕਾਰਾਂ ਵਿਚ ਅੰਗਰੇਜ਼ ਸਰਕਾਰ ਵਿਰੁੱਧ ਵਿਦਰੋਹ ਦੀ ਭਾਵਨਾ ਪੈਦਾ ਕਰਨਾ ਹੈ। ਇਸ ਸੰਦਰਭ ਵਿਚ ਕੁਝ ਕਾਵਿ-ਸਤਰਾਂ ਹੇਠਾਂ ਅੰਕਿਤ ਕੀਤੀਆਂ ਜਾ ਰਹੀਆਂ ਹਨ:

ਹੋਇਆ ਕੰਸ ਰਾਜਾ ਅਉਤਾਰੀ,
ਉਸਨੇ ਭੈਣ ਕੈਦ ਕਰ ਡਾਰੀ,
ਜੰਮੇ ਲੜਕਾ ਲੜਕੀ ਮਾਰੀ,
ਨਮੂਜੀਆਂ ਕਹੀ ਹਕੀਕਤ ਸਾਰੀ,
ਬਿਜਲੀ ਹੋਇ ਗਗਨ ਚਮਕਾਰੀ
ਹੋਇਆ ਕ੍ਰਿਸ਼ਨ ਚੰਦ ਔਤਾਰੀ,
ਕੰਸ ਪਛਾੜਦਾ।[21]

ਏਥੇ ਕਵੀ ਨੇ ਕ੍ਰਿਸ਼ਨ ਅਤੇ ਕੰਸ ਦੀ ਮਿਥਿਹਾਸਕ ਕਥਾ ਨੂੰ ਇਕ ਕਾਵਿ-ਜੁਗਤ ਵਜੋਂ ਪੇਸ਼ ਕੀਤਾ ਹੈ। ਏਸੇ ਤਰ੍ਹਾਂ ਰਾਮਚੰਦਰ ਦੇ ਬਨਵਾਸ ਦੀ ਮਿਥਿਹਾਸਕ ਕਥਾ ਦੀ

ਪੇਸ਼ਕਾਰੀ ਵੀ ਹੋਈ ਹੈ। ਇਸ ਕਥਾ ਨੂੰ ਪਿੱਠਭੂਮੀ ਵਿਚ ਰੱਖ ਕੇ ਨਾਮਧਾਰੀ ਗੁਰੂ ਰਾਮ ਸਿੰਘ ਦੀ ਜਲਾਵਤਨੀ ਦੀ ਉਸ ਨਾਲ ਸਮਾਨਤਾ ਦਰਸਾਈ ਗਈ ਹੈ। ਮਿਸਾਲ ਦੇ ਤੌਰ 'ਤੇ ਬਾਰਾਂਮਾਹ ਚੰਦਾ ਸਿੰਘ ਦੀਆਂ ਨਿਮਨਅੰਕਿਤ ਸਤਰਾਂ ਅਧਿਐਨਯੋਗ ਹਨ:

ਜਿਵੇ ਰਾਮ ਚਲੇ ਬਨਵਾਸ
ਸੀਤਾ ਲਛਮਣ ਲੈ ਗਏ ਸਾਥ
ਏਥੋਂ ਨਾਨੂੰ ਸਿੰਘ ਲੈ ਗਏ
ਪਿੱਛੇ ਵਾਂਗ ਭਰਤ ਭਾਈ ਰਹੇ।[22]

ਏਥੇ ਕਵੀ ਨੇ ਗੁਰੂ ਰਾਮ ਸਿੰਘ ਦੀ ਜਲਾਵਤਨੀ ਦੀ ਇਤਿਹਾਸਕ ਘਟਨਾ ਦੀ ਤੁਲਨਾ ਰਾਮ-ਬਨਵਾਸ ਦੀ ਮਿਥਿਹਾਸਕ ਘਟਨਾ ਅਤੇ ਇਸਦੇ ਮਿਥਿਹਾਸਕ ਪਾਤਰਾਂ ਨਾਲ ਕਰਿ ਹੈ।

ਨਾਮਧਾਰੀ ਕਵਿਤਾ ਵਿਚ ਇਕ ਹੋਰ ਮਿਥਿਹਾਸਕ ਘਟਨਾ ਦਾ ਵੀ ਕਾਵਿ-ਜੁਗਤ ਵਜੋਂ ਪ੍ਰਵੇਸ਼ ਹੋਇਆ ਹੈ। ਇਹ ਮਿਥਿਹਾਸਕ ਘਟਨਾ ਕਲ ਅਤੇ ਨਾਰਦ ਦੇ ਪਾਤਰਾਂ ਨਾਲ ਸੰਬੰਧਿਤ ਹੈ। ਇਹ ਦੋਵੇਂ ਪਾਤਰ ਪੰਜਾਬੀ ਵਾਰ-ਕਾਵਿ ਪਰੰਪਰਾ ਦਾ ਅਨਿੱਖੜ ਅੰਗ ਹਨ ਅਤੇ ਪੰਜਾਬੀ ਲੋਕ-ਮਾਨਸ ਉੱਤੇ ਇਨ੍ਹਾਂ ਦਾ ਗਹਿਰਾ ਪਰਭਾਵ ਹੈ। ਪੰਜਾਬੀ ਵਾਰ-ਕਾਵਿ ਪਰੰਪਰਾ ਵਿਚ ਇਹ ਦੋਵੇਂ ਪਾਤਰ ਲੜਾਈ/ਜੰਗ ਦਾ ਮੁੱਢ ਬੰਨ੍ਹਣ ਦੀ ਭੂਮਿਕਾ ਨਿਭਾਉਂਦੇ ਹਨ। ਪੰਜਾਬੀ ਵਾਰ-ਕਾਵਿ ਅਤੇ ਪੰਜਾਬੀ ਸਭਿਆਚਾਰ ਵਿਚ ਕਲ ਅਤੇ ਨਾਰਦ ਦੇ ਪਾਤਰਾਂ ਦਾ ਜੋ ਸਰੂਪ ਪੇਸ਼ ਹੋਇਆ ਹੈ, ਨਾਮਧਾਰੀ ਕਵਿਤਾ ਉਸੇ ਦਾ ਅਨੁਕਰਣ ਕਰਦੀ ਹੈ। ਮਿਸਾਲ ਦੇ ਤੌਰ 'ਤੇ ਇਨ੍ਹਾਂ ਦੋਹਾਂ ਪਾਤਰਾਂ ਨੂੰ ਪੇਸ਼ ਕਰਦਿਆਂ ਕਵੀ ਚੰਦਾ ਸਿੰਘ ਲਿਖਦਾ ਹੈ:

ਇਕ ਦਿਨ ਸ੍ਰੀ ਸਤਿਗੁਰੂ
ਬੈਠੇ ਵਿਚ ਧਿਆਨ
ਕਲ ਮਾਤਾ ਹਥ ਬੰਨ੍ਹ ਕੇ
ਪਾਸ ਖਲੋਤੀ ਆਣ।
ਆਖੇ ਮੇਰੀ ਬੇਨਤੀ
ਸੁਣੋ ਗੁਰੂ ਮਿਹਰਵਾਨ।
ਫੌਜਾਂ ਮੇਰੀਆਂ ਭੁੱਖੀਆਂ
ਮੰਗਦੀਆਂ ਪਹਿਨਣ ਖਾਨ।
ਕਲ ਮਾਤਾ ਨੂੰ ਫੁਰਮਾਇਆ
ਤੂੰ ਵਿਚ ਪਠਾਣਾਂ ਜਾਹਿ।
ਨਾਰਦ ਡਉਰੂ ਵਾਇਗਾ
ਤੂੰ ਸੁੱਤੀ ਕਲਾ ਜਗਾਇ।[23]

ਸਪਸ਼ਟ ਹੈ ਕਿ ਕਲ ਅਤੇ ਨਾਰਦ ਮਿਥਿਹਾਸਕ ਪਾਤਰਾਂ ਨੂੰ ਕਾਵਿ-ਜੁਗਤ ਵਜੋਂ ਪੇਸ ਕਰਦਿਆਂ ਲੜਾਈ ਦਾ ਮੁੱਢ ਬੰਨ੍ਹਣ ਵਾਲੇ ਦੱਸਿਆ ਗਿਆ ਹੈ।

ਨਾਮਧਾਰੀ ਕਵਿਤਾ ਦਾ ਸਮਾਜ-ਸਭਿਆਚਾਰਕ ਦ੍ਰਿਸ਼ਟੀ ਤੋਂ ਅਧਿਐਨ-ਵਿਸ਼ਲੇਸ਼ਣ ਕਰਨ ਉਪਰੰਤ ਕਿਹਾ ਜਾ ਸਕਦਾ ਹੈ ਕਿ ਇਸ ਕਵਿਤਾ ਵਿਚ ਨਾਮਧਾਰੀ ਸਮਾਜ-ਸਭਿਆਚਾਰ ਦੇ ਪ੍ਰਮੁੱਖ ਸੰਕਲਪਾਂ ਦੀ ਅਭਿਵਿਅਕਤੀ ਹੋਈ ਹੈ।ਨਾਮਧਾਰੀ ਗੁਰੂ ਨੇ

ਸਮਾਜਕ ਅਤੇ ਸਭਿਆਚਾਰਕ ਪੱਧਰ 'ਤੇ ਜੋ ਸੁਧਾਰ ਕੀਤੇ, ਇਹ ਕਵਿਤਾ ਉਨ੍ਹਾਂ ਦਾ ਕਾਵਿ-ਰੂਪਾਂਤਰਣ ਹੈ। ਨਾਮਧਾਰੀ ਕਵਿਤਾ ਨਾਮਧਾਰੀ ਲਹਿਰ, ਸਿੱਖ ਸਮਾਜ ਅਤੇ ਪੰਜਾਬੀ ਸਭਿਆਚਾਰ ਦੇ ਮੁੱਖ ਪਛਾਣ-ਚਿੰਨ੍ਹਾਂ ਦੀ ਪੁਨਰ-ਸਥਾਪਨਾ ਕਰਦੀ ਨਜ਼ਰ ਆਉਂਦੀ ਹੈ। ਸਿੱਖ ਗੁਰੂ ਸਾਹਿਬਾਨ ਨੇ ਜਿਸ ਆਦਰਸ਼-ਸਮਾਜ ਦੀ ਕਲਪਨਾ ਕੀਤੀ ਸੀ, ਗੁਰੂ ਰਾਮ ਸਿੰਘ ਨੇ ਉਸ ਨੂੰ ਸਥਾਪਤ ਕਰਨ ਦਾ ਯਤਨ ਕੀਤਾ ਅਤੇ ਨਾਮਧਾਰੀ-ਕਵਿਤਾ ਉਸ ਆਦਰਸ਼-ਸਮਾਜ ਦੀ ਪੇਸ਼ਕਾਰੀ, ਪ੍ਰਚਾਰ ਤੇ ਪ੍ਰਸਾਰ ਕਰਨ ਦਾ ਕਾਵਿਕ ਉਪਰਾਲਾ ਹੈ।

ਹਵਾਲੇ ਤੇ ਟਿੱਪਣੀਆਂ

1. **ਪੰਜਾਬੀ ਸਭਿਆਚਾਰ ਬਾਰੇ**, ਪੰਨਾ 145.
2. ਗੁਰਬਖ਼ਸ਼ ਸਿੰਘ ਫਰੈਂਕ, **ਸਭਿਆਚਾਰ ਅਤੇ ਪੰਜਾਬੀ ਸਭਿਆਚਾਰ**, ਪੰਨੇ 12-13.
3. **ਜੈਸਾ ਸਤਿਗੁਰ ਸੁਣੀਂਦਾ**, ਪੰਨੇ 19-20.
4. **ਬ੍ਰਿਹਾ**, ਪੰਨਾ 49.
5. **ਅਦੁੱਤੀ ਰਹਿਬਰ** (ਵੀਰ ਗਾਥਾ ਕੂਕਾ ਲਹਿਰ), ਪੰਨਾ 48.
6. **ਜੈਸਾ ਸਤਿਗੁਰ ਸੁਣੀਂਦਾ**, ਪੰਨੇ 28.
7. ਹਰਿਭਜਨ ਸਿੰਘ (ਸੰਪ.), **ਉਨ੍ਹੀਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ**, ਪੰਨਾ 544.
8. **ਖੋਜ ਪੱਤ੍ਰਿਕਾ** (ਬੀਰ ਕਾਵਿ ਵਿਸ਼ੇਸ਼ ਅੰਕ), ਪੰਨਾ 201 ਤੋਂ ਉਧਰਿਤ।
9. **ਰਾਮ ਵਿਯੋਗੀਆਂ ਦੇ ਬਾਰਾਂਮਾਹ**, ਪੰਨਾ 23.
10. ਉਹੀ, ਪੰਨਾ 23.
11. **ਅਦੁੱਤੀ ਰਹਿਬਰ**, ਪੰਨਾ 80.
12. **ਨਾਮਧਾਰੀ ਸਿੱਖ ਸੰਖੇਪ ਵਿਵਰਨ**, ਪੰਨਾ 91.
13. **ਰਾਮ ਵਿਯੋਗੀਆਂ ਦੇ ਬਾਰਾਂਮਾਹ**, ਪੰਨਾ 25.
14. ਉਹੀ, ਪੰਨਾ 20.
15. ਉਹੀ, ਪੰਨਾ 78.
16. ਉਹੀ, ਪੰਨਾ 70.
17. ਉਹੀ, ਪੰਨਾ 73-74.
18. ਉਹੀ, ਪੰਨਾ 20.
19. ਉਹੀ, ਪੰਨਾ 20.
20. ਉਹੀ, ਪੰਨਾ 83.
21. ਉਹੀ, ਪੰਨਾ 27.
22. ਉਹੀ, ਪੰਨਾ 41.
23. ਉਹੀ, ਪੰਨਾ 82-83.

ਨਾਮਧਾਰੀ ਲਹਿਰ ਦੀ ਕਵਿਤਾ: ਇਤਿਹਾਸਕ ਸਰੋਕਾਰ

ਸਾਹਿਤ ਅਤੇ ਇਤਿਹਾਸ ਵੱਖਰੇ-ਵੱਖਰੇ ਗਿਆਨ (ਸੰਜਮ) ਹਨ, ਪਰ ਕਈ ਸਥਿਤੀਆਂ ਵਿਚ ਇਹ ਅੰਤਰ-ਸੰਬੰਧਿਤ ਹੁੰਦੇ ਹਨ। 'ਇਤਿਹਾਸ' ਸ਼ਬਦ ਦੇ ਸ਼ਾਬਦਿਕ ਅਰਥ ਹਨ: 'ਇਸੇ ਤਰ੍ਹਾਂ ਹੀ ਹੋਇਆ ਸੀ।' ਇਤਿਹਾਸ ਦਾ ਸੰਬੰਧ ਬੀਤ ਚੁੱਕੇ ਨਾਲ ਹੈ, ਅਰਥਾਤ ਇਤਿਹਾਸ ਬੀਤ ਚੁੱਕੇ ਤੱਥਾਂ ਦਾ ਲੜੀਮੂਲਕ ਅਤੇ ਸਿਲਸਿਲੇਵਾਰ ਸੰਗ੍ਰਹਿ ਹੈ। ਇਤਿਹਾਸ ਦੀ ਪ੍ਰਕਿਰਤੀ ਇਕਹਿਰੀ/ਇਕਾਲਕ ਹੈ। ਸਾਹਿਤ ਇਕ ਸ਼ਾਬਦਿਕ ਕਲਾ ਹੈ ਅਤੇ ਇਸ ਦੀ ਪ੍ਰਕਿਰਤੀ ਸਰਬਕਾਲੀ ਹੈ। ਇਤਿਹਾਸ ਦੇ ਮੁਕਾਬਲੇ ਸਾਹਿਤ ਰਚਨਾਵਾਂ ਨਿਰਾ ਬੀਤੇ ਸਮੇਂ ਦੇ ਤੱਥ ਹੀ ਨਹੀਂ ਹੁੰਦੀਆਂ ਸਗੋਂ ਇਹ ਅਤੀਤ ਵਿਚ ਰਚੀਆਂ ਹੋਣ ਦੇ ਬਾਵਜੂਦ ਵਰਤਮਾਨ ਵਿਚ ਸਾਰਥਕਤਾ ਰੱਖਦੀਆਂ ਹਨ ਅਤੇ ਇਨ੍ਹਾਂ ਦੇ ਭਵਿੱਖਮੁਖੀ ਪਾਸਾਰ ਵੀ ਹੁੰਦੇ ਹਨ।

ਸਾਹਿਤ-ਰਚਨਾਵਾਂ ਕਿਸੇ ਇਤਿਹਾਸਕ ਪੜਾਅ ਉੱਤੇ ਰਚੀਆਂ ਹੋਣ ਕਰਕੇ ਸਮੇਂ ਦੇ ਸਮਾਜਕ, ਰਾਜਨੀਤਿਕ ਹਾਲਾਤ ਤੋਂ ਪ੍ਰਭਾਵਿਤ ਹੁੰਦੀਆਂ ਹਨ। ਉਹ ਆਪਣੇ ਆਪ ਵਿਚ ਬੇਜੋੜ ਸਾਹਿਤ-ਵੰਨਗੀਆਂ ਵੀ ਹੁੰਦੀਆਂ ਹਨ ਅਤੇ ਸਾਹਿਤ ਪਰੰਪਰਾ ਦਾ ਅੰਗ ਵੀ ਹੁੰਦੀਆਂ ਹਨ। ਇਥੇ ਡਾ. ਕਰਮਜੀਤ ਸਿੰਘ ਦਾ ਵਿਚਾਰ ਉਲੇਖਯੋਗ ਹੈ:

ਕਵਿਤਾ ਇਤਿਹਾਸ ਨਾਲੋਂ ਵਧੇਰੇ ਦਾਰਸ਼ਨਿਕ ਤੇ ਗੰਭੀਰ ਹੈ, ਕਿਉਂਕਿ ਇਸ ਦਾ ਵਾਹ ਵਿਸ਼ੇਸ਼ ਨਾਲੋਂ ਵੱਧ ਸਰਵੱਤਰ ਨਾਲ ਰਹਿੰਦਾ ਹੈ।[1]

ਇਤਿਹਾਸਕ ਸਾਹਿਤ ਦੀ ਸਿਰਜਣਾ ਕਰਦੇ ਸਮੇਂ ਸਾਹਿਤਕਾਰ ਇਤਿਹਾਸਕ ਸਮੱਗਰੀ ਨੂੰ ਵਿਸ਼ੇ ਤਾਂ ਬਣਾਉਂਦਾ ਹੈ ਪਰ ਸਿਰਜਣਾਤਮਿਕਤਾ ਦਾ ਪੱਲਾ ਨਹੀਂ ਛੱਡਦਾ। ਉਹ ਕਾਵਿ/ਸਾਹਿਤ ਦੇ ਮਾਧਿਅਮ ਰਾਹੀਂ ਇਤਿਹਸਕ ਤੱਥਾਂ ਦੀ ਕਲਾਮਈ ਪੇਸ਼ਕਾਰੀ ਕਰਦਾ ਹੈ। ਅਜਿਹੇ ਕਾਵਿ ਵਿਚ ਇਤਿਹਾਸਕ ਤੱਥਾਂ ਨੂੰ ਕਾਵਿ ਦੇ ਸੰਜਮ ਦੇ ਅਧੀਨ ਰੱਖ ਕੇ ਪੇਸ਼ ਕੀਤਾ ਜਾਂਦਾ ਹੈ। ਇਸ ਪ੍ਰਕਿਰਤੀ ਵਾਲਾ ਕਾਵਿ ਦੋ ਵੱਖਰੇ-ਵੱਖਰੇ ਸੰਜਮਾਂ ਦੇ ਸੁਮੇਲ ਦਾ ਪਰਿਚੈ ਦਿੰਦਾ ਹੈ। ਇਹ ਨਾ ਨਿਰਾ ਇਤਿਹਾਸ ਹੁੰਦਾ ਹੈ ਤੇ ਨਾ ਨਿਰਾ ਕਾਵਿ। ਇਹ ਕਾਵਿ ਦੀ ਪ੍ਰਕਿਰਤੀ ਦੀ ਚੇਤਨਾ ਦੇ ਅੰਤਰਗਤ ਇਤਿਹਾਸਕ ਚੇਤਨਾ ਦੀ ਕਾਰਜਸ਼ੀਲਤਾ ਦਾ ਪ੍ਰਮਾਣ ਪੇਸ਼ ਕਰਦਾ ਹੈ।

ਇਸ ਕਾਂਡ ਦਾ ਸੰਬੰਧ ਨਾਮਧਾਰੀ ਲਹਿਰ ਦੀ ਕਵਿਤਾ ਦੀ ਇਤਿਹਾਸਕ ਚੇਤਨਾ ਦਾ ਅਧਿਐਨ ਕਰਨ ਨਾਲ ਹੈ। ਨਾਮਧਾਰੀ ਲਹਿਰ ਦੀ ਕਵਿਤਾ ਸਿੱਖ-ਇਤਿਹਾਸ ਅਤੇ ਨਾਮਧਾਰੀ ਲਹਿਰ ਦੇ ਇਤਿਹਾਸ ਦੀਆਂ ਮਹੱਤਵਪੂਰਨ ਘਟਨਾਵਾਂ ਦਾ ਕਾਵਿ-ਰੂਪਾਂਤਰਣ ਹੈ। ਇਸ ਕਵਿਤਾ ਦੇ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਨਾਮਧਾਰੀ ਲਹਿਰ ਦਾ ਇਤਿਹਾਸ ਅਤੇ ਸਿੱਖ-ਇਤਿਹਾਸ ਇਸ ਕਵਿਤਾ ਦੇ ਪ੍ਰੇਰਕ ਹਨ। ਇਸੇ ਪ੍ਰੇਰਨਾ ਅਧੀਨ ਹੀ ਨਾਮਧਾਰੀ ਕਵੀ ਸਿੱਖ-ਧਰਮ ਦੇ ਗੌਰਵਸ਼ਾਲੀ ਇਤਿਹਾਸ ਅਤੇ ਨਾਮਧਾਰੀ ਲਹਿਰ ਦੁਆਰਾ ਸਮਾਜਕ ਸੁਧਾਰ ਅਤੇ ਸਮਾਜਕ ਕਲਿਆਣ ਕਾਰਜਾਂ ਦਾ ਜਨ-ਸਾਧਾਰਨ ਵਿਚ

ਪ੍ਰਚਾਰ ਕਰਨਾ ਚਾਹੁੰਦੇ ਸਨ ਅਤੇ ਉਨ੍ਹਾਂ ਦੀ ਸਾਹਿਤ ਰਚਨਾ ਉਸ ਸਮਾਜ ਦੇ ਇਤਿਹਾਸ ਤੋਂ ਸਿੱਧੇ-ਅਸਿੱਧੇ ਰੂਪ ਵਿਚ ਪ੍ਰਭਾਵਿਤ ਹੁੰਦੀ ਹੈ। ਸਾਹਿਤਕਾਰ ਸਮਾਜ ਦਾ ਹਿੱਸਾ ਹਨ। ਪੰਜਾਬੀ ਦਾ ਬਹੁਤ ਸਾਰਾ ਸਾਹਿਤ ਅਜਿਹਾ ਹੈ ਜਿਸ ਵਿਚ ਇਤਿਹਾਸ ਦਾ ਰੂਪਾਂਤਰਣ ਹੋਇਆ ਹੈ। ਨਾਮਧਾਰੀ ਕਵਿਤਾ ਇਕ ਖ਼ਾਸ ਪ੍ਰਯੋਜਨ ਅਧੀਨ ਸਿੱਖ-ਇਤਿਹਾਸ ਅਤੇ ਨਾਮਧਾਰੀ ਲਹਿਰ ਦੇ ਇਤਿਹਾਸ ਦੀਆਂ ਮਹੱਤਵਪੂਰਨ ਘਟਨਾਵਾਂ ਦੀ ਪੇਸ਼ਕਾਰੀ ਕਰਦੀ ਹੈ। ਇਹ ਪ੍ਰਯੋਜਨ ਹੈ ਨਾਮਧਾਰੀ ਪੈਰੋਕਾਰਾਂ/ਪਾਠਕਾਂ ਨੂੰ ਆਪਣੇ ਸਿੱਖ-ਧਰਮ ਅਤੇ ਨਾਮਧਾਰੀ ਲਹਿਰ ਦੇ ਗੌਰਵਸ਼ਾਲੀ ਵਿਰਸੇ ਤੋਂ ਜਾਣੂ ਕਰਾਉਣਾ। ਨਾਮਧਾਰੀ ਲਹਿਰ ਦੀਆਂ ਬਹੁਗਿਣਤੀ ਕਾਵਿ-ਰਚਨਾਵਾਂ ਇਤਿਹਾਸਕ ਘਟਨਾਵਾਂ ਨੂੰ ਆਪਣਾ ਵਿਸ਼ੈ ਬਣਾਉਂਦੀਆਂ ਹਨ। ਇਨ੍ਹਾਂ ਵਿਚ ਉਲੇਖ ਕਰਨਯੋਗ ਰਚਨਾਵਾਂ ਇਹ ਹਨ: ਧਿਆਨ ਸਿੰਘ ਕਾਦਰਾਬਾਦੀ ਦੁਆਰਾ ਰਚਿਤ **ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ**, ਗਿਆਨੀ ਗਿਆਨ ਸਿੰਘ ਰਚਿਤ **ਨਾਮਧਾਰੀ ਸਿਖ ਸੰਖੇਪ ਵਿਵਰਨ**, ਸੇਵਾ ਸਿੰਘ ਨਾਮਧਾਰੀ ਦੀ ਰਚਨਾ **ਪਰਸੰਗ ਪ੍ਰਤੱਖ ਸਤਿਗੁਰੂ** , ਕਿਰਪਾਲ ਸਿੰਘ ਕਸੇਲ ਦੀ ਰਚਨਾ **ਜੈਸਾ ਸਤਿਗੁਰ ਸੁਣੀਂਦਾ**, ਅਜੀਤ ਸਿੰਘ ਚੀਮਾ ਦੁਆਰਾ ਰਚਿਤ **ਬ੍ਰਿਹਾ**, ਤਾਰਨ ਸਿੰਘ ਵਹਿਮੀ ਦੀ ਰਚਨਾ **ਸੁਹੇਵਾ ਸਾਹਿਬ**, ਮਾਸਟਰ ਨਿਹਾਲ ਸਿੰਘ ਦੀ ਰਚਨਾ **ਸੀਤਲਤਾ ਦਾ ਸਰੋਤ**, ਅਨਾਮ ਕਵੀ ਦੀ ਰਚਨਾ **ਗੁਰੂ ਕੀ ਵਾਰ**, ਕਾਹਲਾ ਸਿੰਘ ਦੀ ਰਚਨਾ **ਉਸਤਤਨਾਮਾ** ਆਦਿ। ਇਨ੍ਹਾਂ ਰਚਨਾਵਾਂ ਤੋਂ ਇਲਾਵਾ ਨਾਮਧਾਰੀ ਕਵੀਆਂ ਦੁਆਰਾ ਰਚਿਤ ਬਾਰਾਂਮਾਹਿਆਂ ਵਿਚ ਵੀ ਇਤਿਹਾਸਕ ਕਾਵਿ ਦੇ ਲੱਛਣ ਮੌਜੂਦ ਹਨ। ਖ਼ਾਸ ਕਰਕੇ ਬਾਬਾ ਚੰਦ ਸਿੰਘ ਦੁਆਰਾ ਰਚਿਤ ਬਾਰਾਂਮਾਹ ਇਤਿਹਾਸਕ ਕਾਵਿ ਦੀ ਇਕ ਉੱਤਮ ਮਿਸਾਲ ਹੈ। ਉਪਰੋਕਤ ਰਚਨਾਵਾਂ ਤੋਂ ਇਲਾਵਾ ਸਮੇਂ-ਸਮੇਂ 'ਤੇ ਪ੍ਰਕਾਸ਼ਿਤ ਹੋਈਆਂ ਕਵਿਤਾਵਾਂ ਵੀ ਸਿੱਖ ਧਰਮ ਤੇ ਨਾਮਧਾਰੀ ਲਹਿਰ ਦੇ ਇਤਿਹਾਸ ਨੂੰ ਵਿਸ਼ੈ ਬਣਾਉਂਦੀਆਂ ਹਨ।

ਨਾਮਧਾਰੀ ਲਹਿਰ ਨਾਲ ਸੰਬੰਧਿਤ ਇਤਿਹਾਸਕ ਕਵਿਤਾ ਦੀ ਪ੍ਰਕਿਰਤੀ ਦੇ ਆਧਾਰ 'ਤੇ ਅਸੀਂ ਇਸ ਕਵਿਤਾ ਨੂੰ ਦੋ ਪ੍ਰਵਰਗਾਂ ਵਿਚ ਰੱਖ ਕੇ ਵਿਚਾਰਾਂਗੇ। ਪਹਿਲੇ ਪ੍ਰਵਰਗ ਵਿਚ ਉਹ ਕਵਿਤਾ ਸ਼ਾਮਿਲ ਕੀਤੀ ਜਾਵੇਗੀ, ਜਿਹੜੀ ਸਿੱਖ ਧਰਮ ਅਤੇ ਸਿੱਖ ਰਾਜ ਦੇ ਇਤਿਹਾਸ ਦਾ ਰੂਪਾਂਤਰਣ ਕਰਦੀ ਹੈ। ਦੂਸਰੇ ਪ੍ਰਵਰਗ ਵਿਚ ਉਹ ਕਵਿਤਾ ਸ਼ਾਮਿਲ ਹੋਵੇਗੀ ਜੋ ਨਾਮਧਾਰੀ ਲਹਿਰ ਦੇ ਇਤਿਹਾਸ ਦੇ ਰੂਪਾਂਤਰਣ ਨਾਲ ਸੰਬੰਧਿਤ ਹੈ।

(ੳ) ਸਿੱਖ-ਧਰਮ ਅਤੇ ਸਿੱਖ-ਰਾਜ ਦੇ ਇਤਿਹਾਸ ਦਾ ਰੂਪਾਂਤਰਣ

ਨਾਮਧਾਰੀ ਲਹਿਰ ਦੀ ਕਵਿਤਾ ਦੇ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਇਸ ਕਵਿਤਾ ਵਿਚ ਸਿੱਖ-ਇਤਿਹਾਸ ਦੀਆਂ ਮਹੱਤਵਪੂਰਨ ਘਟਨਾਵਾਂ ਦਾ ਕਾਵਿ-ਰੂਪਾਂਤਰਣ ਕੀਤਾ ਗਿਆ ਹੈ। ਇਹ ਕਵਿਤਾ ਸਿੱਖ ਧਰਮ ਦੇ ਆਰੰਭ ਤੋਂ ਲੈ ਕੇ ਅਰਥਾਤ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਕ ਦੇ ਸਿੱਖ-ਇਤਿਹਾਸ ਦੀਆਂ ਵੱਖ-ਵੱਖ ਘਟਨਾਵਾਂ ਨੂੰ ਆਪਣਾ ਵਿਸ਼ੈ ਬਣਾਉਂਦੀ ਹੀ ਹੈ, ਇਸ ਦੇ ਨਾਲ ਹੀ ਇਹ ਕਵਿਤਾ ਬਾਬਾ ਬੰਦਾ ਬਹਾਦਰ ਨਾਲ ਸੰਬੰਧਿਤ ਘਟਨਾਵਾਂ ਅਤੇ ਸਿੱਖ ਰਾਜ ਦੀਆਂ ਕੁਝ ਹੋਰ ਇਤਿਹਾਸਕ ਘਟਨਾਵਾਂ ਦਾ ਵੀ ਇਤਿਹਾਸਕ ਦ੍ਰਿਸ਼ਟੀ ਤੋਂ ਕਾਵਿ-ਰੂਪਾਂਤਰਣ ਕਰਦੀ ਹੈ।

ਨਾਮਧਾਰੀ ਲਹਿਰ ਦੀ ਕਵਿਤਾ ਦੇ ਵਿਵੇਚਨ ਤੋਂ ਇਹ ਤੱਥ ਵੀ ਉਭਰਦਾ ਹੈ ਕਿ ਇਸ ਕਵਿਤਾ ਵਿਚ ਸਿੱਖ ਗੁਰੂ-ਸਾਹਿਬਾਨ ਦੇ ਜੀਵਨ ਨਾਲ ਸੰਬੰਧਿਤ ਜੀਵਨੀਮੂਲਕ ਵੇਰਵਿਆਂ ਨੂੰ ਇਤਿਹਾਸਕ ਤੱਥਾਂ ਸਹਿਤ ਕਾਵਿ-ਅਭਿਵਿਅਕਤੀ ਪ੍ਰਦਾਨ ਕੀਤੀ ਗਈ ਹੈ। ਇਸ ਦੇ

ਨਾਲ ਹੀ ਇਸ ਕਵਿਤਾ ਵਿਚ ਸਿੱਖ-ਧਰਮ ਦੀਆਂ ਮਹੱਤਵਪੂਰਨ ਇਤਿਹਾਸਕ ਘਟਨਾਵਾਂ ਦੀ ਪੇਸ਼ਕਾਰੀ ਹੋਈ ਹੈ, ਜਿਨ੍ਹਾਂ ਵਿਚੋਂ ਕੁਝ ਵਰਣਯੋਗ ਘਟਨਾਵਾਂ ਇਹ ਹਨ: ਗੁਰੂ ਨਾਨਕ ਦੇਵ ਜੀ ਦੁਆਰਾ ਸਿੱਖ-ਪੰਥ ਦੀ ਨੀਂਹ ਰੱਖਣੀ, ਗੁਰੂ ਅੰਗਦ ਦੇਵ ਜੀ ਦੁਆਰਾ ਗੁਰਮੁਖੀ ਅੱਖਰਾਂ ਨੂੰ ਤਰਤੀਬ ਦੇਣੀ, ਗੁਰੂ ਅਰਜਨ ਦੇਵ ਜੀ ਦੁਆਰਾ ਸ੍ਰੀ ਆਦਿ ਗ੍ਰੰਥ ਸਾਹਿਬ ਦਾ ਸੰਪਾਦਨ ਕਰਨਾ, ਗੁਰੂ ਤੇਗ ਬਹਾਦਰ ਜੀ ਦੁਆਰਾ ਪੰਡਤਾਂ ਦੀ ਆਜ਼ਾਦੀ ਲਈ ਸ਼ਹੀਦੀ ਪ੍ਰਾਪਤ ਕਰਨੀ, ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖ਼ਾਲਸੇ ਦੀ ਸਿਰਜਨਾ ਕਰਨੀ, ਗੁਰੂ ਜੀ ਦੇ ਛੋਟੇ ਸਾਹਿਬਜ਼ਾਦਿਆਂ ਦਾ ਨੀਹਾਂ ਵਿਚ ਚਿਣੇ ਜਾਣਾ, ਵੱਡੇ ਸਾਹਿਬਜ਼ਾਦਿਆਂ ਦਾ ਜੰਗ ਵਿਚ ਸ਼ਹੀਦੀਆਂ ਪਾ ਜਾਣਾ, ਗੁਰੂ ਗੋਬਿੰਦ ਸਿੰਘ ਜੀ ਦੁਆਰਾ ਬੰਦਾ ਬਹਾਦਰ ਨੂੰ ਸਰਹੰਦ ਭੇਜਣਾ ਆਦਿ। ਇਹ ਕਵਿਤਾ ਅਜਿਹੀਆਂ ਮਹੱਤਵਪੂਰਨ ਇਤਿਹਾਸਕ ਘਟਨਾਵਾਂ ਨੂੰ ਆਪਣੇ ਕਲੇਵਰ ਵਿਚ ਲੈਂਦੀ ਹੈ।

ਨਾਮਧਾਰੀ ਕਵਿਤਾ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਵਿਭਿੰਨ ਜੀਵਨੀਮੂਲਕ ਵੇਰਵਿਆਂ ਨੂੰ ਇਤਿਹਾਸਕ ਦ੍ਰਿਸ਼ਟੀ ਤੋਂ ਅਭਿਵਿਅਕਤ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਦੇ ਜਨਮ ਅਤੇ ਉਨ੍ਹਾਂ ਦੇ ਵੰਸ਼ ਸੰਬੰਧੀ ਕਵੀ ਧਿਆਨ ਸਿੰਘ ਕਾਦਰਾਬਾਦੀ ਲਿਖਦਾ ਹੈ:

ਸ੍ਰੀ ਗੁਰੂ ਨਾਨਕ ਦੇਵ ਜੂ ਕਾਲੂ ਗ੍ਰਿਹਿ ਭਵ ਲੀਨ॥
ਅਦਿ ਕਰ ਦੇਣ ਅਸੇਸ ਬਹੁ ਸੈਲ ਜਗਤ ਕੋ ਦੀਨ॥

ਬੇਦੀ ਬੰਸ ਬੀਚ ਧਰਾ ਸੁਧ ਰੂਪ ਈਸ
ਸ੍ਰੀ ਨਾਨਕ ਅਵਤਾਰ ਜੀਵ ਪਾਤਕੀ ਤਰਾਏ ਹੈ॥ [1]

ਉਪਰੋਕਤ ਕਾਵਿ-ਸਤਰਾਂ ਗੁਰੂ ਨਾਨਕ ਦੇਵ ਜੀ ਦੇ ਜਨਮ ਅਤੇ ਜੀਵਨ ਸੰਬੰਧੀ ਇਤਿਹਾਸਕ ਤੱਥਾਂ ਦੀ ਅਭਿਵਿਅਕਤੀ ਹਨ। ਉਨ੍ਹਾਂ ਦੇ ਜਨਮ ਸੰਬੰਧੀ ਤੱਥ ਪੇਸ਼ ਕਰਨ ਦੇ ਨਾਲ ਨਾਲ ਕਵੀ ਉਨ੍ਹਾਂ ਵੱਲੋਂ ਜਗਤ ਦੇ ਉਧਾਰ ਲਈ ਧਾਰਨ ਕੀਤੀਆਂ ਉਦਾਸੀਆਂ ਵੱਲ ਵੀ ਸੰਕੇਤ ਕਰਦਾ ਹੈ। ਕਵੀ ਸੇਵਾ ਸਿੰਘ ਨਾਮਧਾਰੀ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸਮਾਜਕ ਉਧਾਰ ਤੇ ਧਰਮ-ਪ੍ਰਚਾਰ ਹਿਤ ਕੀਤੀਆਂ ਗਈਆਂ ਉਦਾਸੀਆਂ ਦਾ ਵਰਣਨ ਕਰਦਾ ਹੋਇਆ ਲਿਖਦਾ ਹੈ:

ਲਿਆ ਕਲਜੁਗ ਵਿਚ ਨਾਨਕ ਅਵਤਾਰ ਹੈ ਜੀ,
ਭਰਮਨ ਕਰ ਸੰਸਾਰ ਦੇ ਵਿਚ ਸਾਰੇ,
ਰਿਹਾ ਧਰਮ ਦਾ ਕਰਦਾ ਪ੍ਰਚਾਰ ਹੈ ਜੀ,
ਸਾਰੇ ਕਲਜੁਗ ਨੂੰ ਨਾਨਕ ਨੇ ਭੋਗਣਾ ਏ,
ਬਾਰ ਬਾਰ ਕੀਤਾ ਇਕਰਾਰ ਹੈ 'ਜੀ। [2]

ਨਾਮਧਾਰੀ ਕਵਿਤਾ ਦੇ ਅਧਿਐਨ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੀਆਂ ਇਤਿਹਾਸਕ ਉਦਾਸੀਆਂ ਦਾ ਵਰਣਨ ਕਰਨ ਦੇ ਨਾਲ-ਨਾਲ ਸੁਲਤਾਨਪੁਰ ਲੋਧੀ ਨਾਂ ਦੇ ਇਤਿਹਾਸਕ ਸਥਾਨ ਬਾਰੇ ਵੀ ਜ਼ਿਕਰ ਕੀਤਾ ਗਿਆ ਹੈ। ਸੁਲਤਾਨਪੁਰ ਲੋਧੀ ਵਿਖੇ ਹੀ ਗੁਰੂ ਨਾਨਕ ਦੇਵ ਜੀ ਨੂੰ ਪਰਮਾਰਥ ਸੱਚ ਦਾ ਗਿਆਨ ਹੋਇਆ ਸੀ, ਜਿਸ ਦੇ ਫ਼ਲਸਰੂਪ ਉਨ੍ਹਾਂ ਨੇ ਸਿੱਖ-ਧਰਮ ਦੀ ਨੀਂਹ ਰੱਖੀ। ਕਵੀ ਅਜੀਤ ਸਿੰਘ ਚੀਮਾ ਇਤਿਹਾਸਕ ਦ੍ਰਿਸ਼ਟੀ ਤੋਂ ਗੁਰੂ ਨਾਨਕ ਦੇਵ ਜੀ ਦੇ ਸੁਲਤਾਨਪੁਰ ਨਾਲ ਸੰਬੰਧ ਨੂੰ ਪੇਸ਼ ਕਰਦਾ ਹੋਇਆ ਲਿਖਦਾ

ਹੈ:

ਜਾ ਕੇ ਵੇਖ ਲਉ ਸੁਲਤਾਨਪੁਰ ਵਿਚ ਬਾਬਾ
ਰੂਪ ਰੱਬ ਦਾ ਨਾਨਕ ਅਵਤਾਰ ਆਇਆ।
ਜਿਦੀ ਦੀਦ ਨਾਲ ਕਲਪਨਾ ਦੂਰ ਹੋਵੇ
ਤਾਰਨਹਾਰ ਉਹ ਤਾਰਨ ਸੰਸਾਰ ਆਇਆ।[3]

ਏਸੇ ਤਰ੍ਹਾਂ ਹੀ ਗੁਰੂ ਨਾਨਕ ਦੇਵ ਜੀ ਨੇ ਭਾਰਤੀ ਸਮਾਜ ਵਿਚ ਜਾਤ-ਪਾਤ ਦੀ ਪ੍ਰਥਾ ਕਾਰਨ ਪੈਦਾ ਹੋਈਆਂ ਬੁਰਾਈਆਂ ਨੂੰ ਖ਼ਤਮ ਕਰਨ ਲਈ ਸਭ ਧਰਮਾਂ ਅਤੇ ਜਾਤਾਂ-ਪਾਤਾਂ ਨਾਲ ਸੰਬੰਧਿਤ ਮਨੁੱਖਾਂ ਨੂੰ ਬਰਾਬਰ ਮੰਨਣ ਦਾ ਉਪਦੇਸ਼ ਦਿੱਤਾ ਅਤੇ ਵਿਹਾਰਕ ਰੂਪ ਵਿਚ ਇਸ ਦੀ ਮਿਸਾਲ ਵੀ ਕਾਇਮ ਕੀਤੀ। ਏਸੇ ਕਰਕੇ ਸਾਰੇ ਧਰਮਾਂ ਅਤੇ ਜਾਤਾਂ ਦੇ ਲੋਕ ਉਨ੍ਹਾਂ ਨੂੰ ਆਪਣਾ ਸਾਂਝਾ ਗੁਰੂ ਮੰਨਦੇ ਸਨ। ਧਿਆਨ ਸਿੰਘ ਕਾਦਰਾਬਾਦੀ ਨੇ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਦੀ ਇਸ ਮਹਾਨਤਾ ਨੂੰ ਨਿਮਨਅੰਕਿਤ ਕਾਵਿ-ਸਤਰਾਂ ਵਿਚ ਅਭਿਵਿਅਕਤ ਕੀਤਾ ਹੈ:

ਗੁਰੂ ਨਾਨਕ ਦੇਵ ਕੋ ਨਾਮ ਜਪਯੋ
ਸੁ ਕਲੇਵਰ ਕੇ ਦੁਖ ਦੂਰ ਭਏ॥
ਜਸ ਭਾਨ ਅਕਾਸ ਪਰਕਾਸ ਭਯੋ
ਅਘ ਓਘ ਤਮੰ ਤਬ ਦੂਰ ਗਏ॥
ਤ੍ਰਕਿੰਦਨ ਪੀਰ ਜੋ ਹਿੰਦਨ ਕੇ ਗੁਰ
ਰੰਕਹੁ ਕੋ ਅਵਨੀਸੁ ਕਏ॥
ਪਦ ਪੰਕਜ ਸੀਸ ਧਰੋ ਕਰ ਜੋਰ
ਕੈ ਕਾਟ ਅਘੰ ਮਮ ਮੋਖ ਭਏ॥[4]

ਉਪਰ ਅੰਕਿਤ ਕਾਵਿ-ਸਤਰਾਂ ਤੋਂ ਸਪਸ਼ਟ ਹੈ ਕਿ ਨਾਮਧਾਰੀ ਲਹਿਰ ਦੀ ਕਵਿਤਾ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀਆਂ ਵਿਭਿੰਨ ਇਤਿਹਾਸਕ ਘਟਨਾਵਾਂ ਨੂੰ ਵਿਸ਼ੈ ਬਣਾਉਂਦੀ ਹੈ। ਇਹ ਘਟਨਾਵਾਂ ਸਿਰਫ਼ ਇਤਿਹਾਸਕ ਤੱਥ ਹੀ ਸਾਬਤ ਨਹੀਂ ਹੁੰਦੀਆਂ ਸਗੋਂ ਇਨ੍ਹਾਂ ਵਿਚ ਧਾਰਮਿਕ ਸ਼ਰਧਾ ਅਤੇ ਸਾਹਿਤਿਕਤਾ ਦੇ ਰਸ ਦਾ ਵੀ ਸੁਮੇਲ ਹੈ।

ਨਾਮਧਾਰੀ ਕਵਿਤਾ ਵਿਚ ਸਿੱਖਾਂ ਦੇ ਦੂਸਰੇ ਗੁਰੂ ਅੰਗਦ ਦੇਵ ਜੀ ਦੇ ਜੀਵਨ-ਬਿਉਰੇ ਨੂੰ ਵੀ ਵਿਭਿੰਨ ਵਿਧੀਆਂ ਰਾਹੀਂ ਪੇਸ਼ ਕੀਤਾ ਗਿਆ ਹੈ। ਮਿਸਾਲ ਵਜੋਂ ਗੁਰੂ ਨਾਨਕ ਦੇਵ ਜੀ ਦੁਆਰਾ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦੇਣ ਦੀ ਇਤਿਹਾਸਕ ਘਟਨਾ ਦਾ ਵਰਣਨ ਕਰਦੇ ਹੋਏ ਕਵੀ ਸੇਵਾ ਸਿੰਘ ਨਾਮਧਾਰੀ ਲਿਖਦਾ ਹੈ:

ਅੰਗਦ ਲੈਹਣਾ ਤੋਂ ਆਪਣਾ ਰੂਪ ਕਰਕੇ
ਦਿਤਾ ਸੰਗਤ ਨੂੰ ਓਹੋ ਦੀਦਾਰ ਹੈ ਜੀ।[5]

ਗੁਰਮੁਖੀ ਲਿਪੀ ਦਾ ਜਨਮ ਕਦੋਂ ਹੋਇਆ ਤੇ ਇਸ ਨੂੰ ਰਚਣ ਵਾਲਾ ਕੌਣ ਹੈ, ਇਸ ਸੰਬੰਧੀ ਵੱਖ-ਵੱਖ ਵਿਦਵਾਨਾਂ ਨੇ ਵੱਖ-ਵੱਖ ਵਿਚਾਰ ਪੇਸ਼ ਕੀਤੇ ਹਨ। ਪਰ ਆਮ ਰਾਇ ਅਨੁਸਾਰ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿਪੀ ਦੀ ਸਿਰਜਣਾ ਕੀਤੀ ਅਤੇ ਇਸ ਦੇ ਅੱਖਰਾਂ ਨੂੰ ਕ੍ਰਮਵਾਰ ਤਰਤੀਬ ਦੇ ਕੇ ਪ੍ਰਚਲਿਤ ਕੀਤਾ। ਨਾਮਧਾਰੀ ਕਵਿਤਾ ਵਿਚ ਗੁਰੂ ਅੰਗਦ ਦੇਵ ਜੀ ਦੁਆਰਾ ਗੁਰਮੁਖੀ ਲਿਪੀ ਰਚੇ ਜਾਣ ਸੰਬੰਧੀ ਧਿਆਨ ਸਿੰਘ ਕਾਦਰਾਬਾਦੀ ਇਸ ਤਰ੍ਹਾਂ ਲਿਖਦਾ ਹੈ:

ਗੁਰੂ ਅੰਗਦ ਪਦਮ ਪਦ ਬੰਦੋ ਕਰ ਨੇਮ॥
ਅਖਰ ਰੂਪ ਰਚੇ ਇਤ ਸੁਖ ਆਖਰ ਮੇਖ॥ [6]

ਨਾਮਧਾਰੀ ਕਵਿਤਾ ਤੋਂ ਸਪਸ਼ਟ ਹੈ ਕਿ ਗੁਰਮੁਖੀ ਲਿਪੀ ਦੇ ਅੱਖਰਾਂ ਨੂੰ ਗੁਰੂ ਅੰਗਦ ਦੇਵ ਜੀ ਨੇ ਕ੍ਰਮਵਾਰ ਤਰਤੀਬ ਦਿੱਤੀ।

ਨਾਮਧਾਰੀ ਕਵਿਤਾ ਵਿਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਸਾਰੇ ਗੁਰੂ ਸਾਹਿਬਾਨ ਦੇ ਜੀਵਨ-ਵੇਰਵਿਆਂ ਨੂੰ ਇਤਿਹਾਸਕ ਦ੍ਰਿਸ਼ਟੀ ਤੋ ਪੇਸ਼ ਕੀਤਾ ਗਿਆ ਹੈ। ਇਸ ਦੀ ਇਕ ਮਿਸਾਲ ਧਿਆਨ ਸਿੰਘ ਕਾਦਰਾਬਾਦੀ ਦੀ ਨਿਮਨਅੰਕਿਤ ਰਚਨਾ ਹੈ, ਜਿਸ ਵਿਚ ਦਸਾਂ ਗੁਰੂਆਂ ਦੇ ਜਨਮ, ਕੁਲ ਅਤੇ ਜੀਵਨ-ਪ੍ਰਾਪਤੀਆਂ ਸੰਬੰਧੀ ਜਾਣਕਾਰੀ ਦਰਜ ਹੈ:

ਬੇਦੀ ਬੰਸ ਬੀਚ ਧਰਾ ਸੁਧ ਰੂਪ ਈਸ
ਸ੍ਰੀ ਨਾਨਕ ਅਵਤਾਰ ਜੀਵ ਪਾਤਕੀ ਤਰਾਏ ਹੈ॥
ਅੰਗਦ ਪ੍ਰਬੀਨ ਭਏ ਅੰਗ ਸੰਗ ਦੂਤੀ ਗੁਰੂ
ਤਾਤੇ ਅਮਰਦਾਸ ਕੀਏ ਅਮਰ ਦਾਸ ਕੋਟ ਹੀ॥
ਅੰਮ੍ਰਿਤ ਪ੍ਰਵਾਹ ਰਾਮ ਰੂਪ ਰਾਮ ਦਾਸ ਗੁਰ
ਅੰਮ੍ਰਿਤ ਕੋ ਸਰ ਕੀਨੇ ਦੂਰ ਪਾਪ ਪੋਟ ਹੀ॥
ਸਿਦਕ ਧਾਰ ਨਾਇ ਜੋਈ ਦੂਖਨ ਨਸਾਇ ਸੋਈ॥
ਹੋਇ ਨਿਰਮੈਲ ਜਮ ਦੂਤਨ ਸੇ ਛੋਟ ਹੀ॥
ਨਾਮ ਕੋ ਜਹਾਜ ਬਾਣੀ ਗ੍ਰੰਥ ਮਹਾਰਾਜ ਗੁਰ
ਅਰਜਨ ਅਦ੍ਵੈਤ ਬੀੜ ਕਰੀ ਜਗ ਓਟ ਹੀ॥
ਮੂਰਤਿ ਗੋਬਿੰਦ ਜੈਸੇ ਬਨ ਮੇ ਮ੍ਰਿਗਿੰਦ ਗਾਜੇ
ਮਾਰੇ ਏਕ ਪਲ ਜੀਨੇ ਛਲ ਖੋਟ ਹੀ॥
ਹਰੀ ਰਾਇ ਹਰੀ ਕਰੀ ਸੰਗਤਿ ਸੰਬਹੂ ਬਰੀ
ਬਾਲ ਜੋਤਿ ਦਏ ਨਾਮ ਲਏ ਕਹਾ ਤੋਟ ਹੀ॥
ਦੇਹ ਕੋ ਛਪਾਇ ਕਰੈ ਬਿਨੈ ਸਮੁਦਾਇ ਤਬ
ਬੋਲੇ ਕ੍ਰਿਸ਼ਨ ਰਾਇ ਬਾਬਾ ਹੈ ਬਕਾਲੇ ਕੋਟ ਹੀ॥
ਬਾਣੀ ਅਮੀ ਬਾਦਰ ਸੁ ਰਚੀ ਜੋ ਬਹਾਦੁਰ ਜੀ
ਪੜ੍ਹੇ ਸਿਦਕ ਸਾਦਰ ਸੋ ਹੋਇ ਲੋਟ ਪੋਟ ਹੀ॥
ਤਾ ਕੇ ਗ੍ਰਿਹਿ ਨੰਦ ਗੁਰੂ ਗੋਬਿੰਦ ਮ੍ਰਿਗਿੰਦ ਜਿਨੈ
ਧਰਮ ਦੀਨੀ ਜਿੰਦ ਔਰ ਰਾਖੀ ਲਾਜ ਹਿੰਦ ਕੀ॥
ਮੀਰ ਪੀਰ ਬੀਰ ਬਰ ਬੀਰ ਅਉ ਗੰਭੀਰ ਕਰ
ਮੋਂ ਧਨੁਸ਼ ਤੀਰ ਐਸੀ ਮੂਰਤੀ ਗੋਬਿੰਦ ਕੀ॥
ਸੀਸ ਸੋਹੇ ਕਲਗੀ ਸ੍ਵੇਤ ਬਾਜ਼, ਨੇਤਾ, ਬਾਜ
ਸਯਾਮ ਤਰੇ ਸੋਹੇ ਦੇਖ ਲਾਜੇ ਇੰਦ ਇੰਦ ਕੀ॥
ਪੰਥ ਕੀਨਾ ਸੁਧ ਸੰਗ ਯਮਨ ਬਿਰਧੁ ਯੁਧ
ਰਚੇ ਜੋ ਕਬੁਧਿ ਹਰੀ ਜਿੰਦ ਤੁਰਕਿੰਦ ਕੀ॥ [7]

ਉਪਰੋਕਤ ਸਤਰਾਂ ਦੇ ਅਧਿਐਨ ਤੋਂ ਸਪਸ਼ਟ ਹੈ ਕਿ ਸਾਰੇ ਗੁਰੂ ਸਾਹਿਬਾਨ ਦੇ

ਜੀਵਨ ਸੰਬੰਧੀ ਤੱਥਾਤਮਕ ਜਾਣਕਾਰੀ ਦੇਣ ਦੇ ਨਾਲ-ਨਾਲ ਉਨ੍ਹਾਂ ਦੀ ਮਨੁੱਖਤਾ ਨੂੰ ਦੇਣ ਬਾਰੇ ਵੀ ਸੰਖੇਪ ਵਰਣਨ ਕੀਤਾ ਗਿਆ ਹੈ। ਮਿਸਾਲ ਵਜੋਂ ਇਸ ਕਵਿਤਾ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਬੇਦੀ ਖ਼ਾਨਦਾਨ ਵਿਚ ਜਨਮ ਲੈ ਕੇ ਹਰ ਜਾਤ ਤੇ ਧਰਮ ਦੇ ਮਨੁੱਖਾਂ ਦਾ ਉਧਾਰ ਕੀਤਾ। ਉਨ੍ਹਾ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਦੇ ਕੇ ਗੁਰੂ ਅੰਗਦ ਦਾ ਨਾਂ ਦਿੱਤਾ ਹਰ ਤਰ੍ਹਾਂ ਦੀ ਪ੍ਰਬੀਨਤਾ ਬਖ਼ਸ਼ੀ। ਗੁਰੂ ਅਮਰਦਾਸ ਜੀ ਨੇ ਅੰਮ੍ਰਿਤਸਰ ਸ਼ਹਿਰ ਵਸਾਇਆ ਅਤੇ ਪਵਿੱਤਰ ਸਰੋਵਰ ਦੀ ਉਸਾਰੀ ਕਰਵਾਈ। ਇਸ ਕਵਿਤਾ ਅਨੁਸਾਰ ਗੁਰੂ ਅਰਜਨ ਦੇਵ ਨੇ ਗੁਣਾਤਮਕ ਅਤੇ ਗਿਣਨਾਤਮਕ ਪੱਖ ਤੋਂ ਬਹੁਤ ਸਾਰੀ ਬਾਣੀ ਰਚੀ ਅਤੇ ਆਪਣੇ ਤੋਂ ਪੂਰਬਲੇ ਗੁਰੂਆਂ ਅਤੇ ਪੂਰਵਕਾਲੀ ਅਤੇ ਸਮਕਾਲੀ ਭਗਤਾਂ ਦੀ ਬਾਣੀ ਨੂੰ ਇਕੱਤਰ ਕਰਕੇ ਸ੍ਰੀ ਆਦਿ ਗ੍ਰੰਥ ਦਾ ਸੰਪਾਦਨ ਕੀਤਾ। ਗੁਰੂ ਹਰਗੋਬਿੰਦ ਸਾਹਿਬ ਨੇ ਜ਼ੁਲਮ ਅਤੇ ਜ਼ਾਲਮਾਂ ਦਾ ਖ਼ਾਤਮਾ ਕਰਨ ਲਈ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਗੁਰੂ ਹਰਿ ਰਾਏ ਜੀ ਨੇ ਸੰਗਤ ਦਾ ਉਧਾਰ ਕੀਤਾ। ਉਨ੍ਹਾਂ ਦੁਆਰਾ ਬਾਲ ਗੁਰੂ ਹਰਿ ਕ੍ਰਿਸ਼ਨ ਨੂੰ ਗੁਰਗੱਦੀ ਦਿੱਤੀ ਗਈ। ਏਸੇ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਦੁਆਰਾ ਰਚੀ ਗਈ ਬਾਣੀ ਦੇ ਸਾਤਵਿਕ ਪ੍ਰਭਾਵ ਦਾ ਜ਼ਿਕਰ ਵੀ ਇਸ ਕਵਿਤਾ ਵਿਚ ਕੀਤਾ ਗਿਆ ਹੈ ਅਤੇ ਉਨ੍ਹਾਂ ਦੁਆਰਾ ਕਸ਼ਮੀਰੀ ਪੰਡਤਾਂ ਦੀ ਰਾਖੀ ਲਈ ਦਿੱਤੀ ਗਈ ਕੁਰਬਾਨੀ ਦੀ ਅਭਿਵਿਅਕਤੀ ਵੀ ਹੋਈ ਹੈ। ਇਸ ਦੇ ਨਾਲ ਹੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖ਼ਾਲਸਾ ਪੰਥ ਦੀ ਸਾਜਨਾ ਕਰਨ ਦੀ ਇਤਿਹਾਸਕ ਘਟਨਾ ਨੂੰ ਵੀ ਪੇਸ਼ ਕੀਤਾ ਗਿਆ ਹੈ ਅਤੇ ਉਨ੍ਹਾ ਦੁਆਰਾ ਮੁਗ਼ਲ ਹਕੂਮਤ ਨਾਲ ਕੀਤੇ ਯੁੱਧਾਂ ਦਾ ਪ੍ਰਸੰਸਾਤਮਕ ਵਰਣਨ ਵੀ ਕੀਤਾ ਗਿਆ ਹੈ। ਏਸੇ ਸੰਦਰਭ ਵਿਚ ਸੇਵਾ ਸਿੰਘ ਨਾਮਧਾਰੀ ਦੁਆਰਾ ਲਿਖੀਆਂ ਗਈਆਂ ਨਿਮਨਅੰਕਿਤ ਕਾਵਿ-ਸਤਰਾਂ ਦਾ ਅਧਿਐਨ ਕਰਨਾ ਵੀ ਉਚਿਤ ਹੋਵੇਗਾ। ਕਵੀ ਲਿਖਦਾ ਹੈ:

ਲਿਆ ਕਲਿਜੁਗ ਵਿਚ ਨਾਨਕ ਅਵਤਾਰ ਹੈ ਜੀ

ਭਰਮਨ ਕਰ ਸੰਸਾਰ ਦੇ ਵਿਚ ਸਾਰੇ
ਰਿਹਾ ਧਰਮ ਦਾ ਕਰਦਾ ਪ੍ਰਚਾਰ ਹੈ ਜੀ।
.... ਅੰਗਦ ਲੈਹਣਾ ਤੋਂ ਆਪਣਾ ਰੂਪ ਕਰਕੇ
ਦਿਤਾ ਸੰਗਤ ਨੂੰ ਓਹੋ ਦੀਦਾਰ ਹੈ ਜੀ।
ਅਮਰਦਾਸ ਆਪੇ ਰਾਮਦਾਸ ਹੋਇਆ
ਅਰਜਨ ਦੇਵ, ਹਰਿਗੋਬਿੰਦ ਸਰਕਾਰ ਹੈ ਜੀ।
ਹਰਿ ਰਾਏ ਆਪੇ ਹਰਿ ਕ੍ਰਿਸ਼ਨ ਹੋ ਕੇ
ਕਰਾਇਆ ਗੂੰਗੇ ਤੋਂ ਗੀਤਾ ਦਾ ਸਾਰ ਹੈ ਜੀ।
ਹੋਇ ਤੇਗ਼ ਬਹਾਦਰ ਵੀ ਗੁਰੂ ਆਪੇ
ਸੀਸ ਵਾਰ ਲਿਆ ਧਰਮ ਉਭਾਰ ਹੈ ਜੀ।
ਦਸਵਾਂ ਗੁਰੂ ਗੋਬਿੰਦ ਸਿੰਘ ਆਪ ਹੋਇਆ
ਦਿਤਾ ਧਰਮ ਤੋਂ ਵਾਰ ਪਰਵਾਰ ਹੈ ਜੀ।[8]

ਅਜਿਹੀਆਂ ਕਵਿਤਾਵਾਂ ਦਾ ਅਧਿਐਨ ਕਰਦਿਆਂ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਨਾਮਧਾਰੀ ਕਵੀਆਂ ਨੇ ਬਹੁਗਿਣਤੀ ਰਚਨਾਵਾਂ ਵਿਚ ਸਿੱਖ-ਗੁਰੂ ਸਾਹਿਬਾਨ ਨਾਲ ਸੰਬੰਧਿਤ ਮਹੱਤਵਪੂਰਨ ਇਤਿਹਾਸਕ ਘਟਨਾਵਾਂ ਦੀ ਤਰਤੀਬਵਾਰ ਪੇਸ਼ਕਾਰੀ ਕੀਤੀ ਹੈ। ਜਿਹਨਾਂ ਵਿਚੋਂ ਗੁਰੂ ਨਾਨਕ ਦੇਵ ਜੀ ਦੇ ਜਨਮ ਲੈਣ, ਗੁਰੂ ਅਰਜਨ ਦੇਵ ਜੀ ਦੁਆਰਾ ਆਦਿ ਗ੍ਰੰਥ

ਸਾਹਿਬ ਦਾ ਸੰਪਾਦਨ ਕਰਨ, ਗੁਰੂ ਹਰਿਗੋਬਿੰਦ ਜੀ ਦੁਆਰਾ ਮੀਰੀ-ਪੀਰੀ ਦੀਆਂ ਤਲਵਾਰਾਂ ਧਾਰਣ ਕਰਨ ਅਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖ਼ਾਲਸੇ ਦੀ ਸਿਰਜਣਾ ਕਰਨ ਆਦਿ ਇਤਿਹਾਸਕ ਘਟਨਾਵਾਂ ਦੀ ਕਲਾਮਈ ਪੇਸ਼ਕਾਰੀ ਕੀਤੀ ਗਈ ਹੈ। ਮਿਸਾਲ ਦੇ ਤੌਰ 'ਤੇ ਧਿਆਨ ਸਿੰਘ ਕਾਦਰਾਬਾਦੀ ਦੀਆਂ ਨਿਮਨਅੰਕਿਤ ਕਾਵਿ-ਸਤਰਾਂ ਅੰਕਿਤ ਕੀਤੀਆਂ ਜਾ ਸਕਦੀਆਂ ਹਨ:

ਅਬ ਕਲਿ ਸ੍ਰੀ ਨਾਨਕ ਅਵਤਾਰਾ॥
ਗੋ ਗਰੀਬ ਭਗਤਨ ਹਿਤ ਧਾਰਾ॥
ਅਰਜਨ ਸੁਨ ਹੋਏ ਗੁਰ ਅਰਜਨ॥
ਅਰਿਹਨ ਪੁਨ ਤਾਰੇ ਸੁਰ ਅਰਜਨ॥
ਸੁ ਅਰਜਨ ਬਏ ਖਿਮਾ ਨਿਧਾਨ॥
ਰਾਗ ਕੀਰਤਨ ਸੰਗਤ ਦਾਨ॥
ਬੀੜ ਗ੍ਰੰਥ ਸਾਹਿਬ ਜੀ ਕੀਆ॥
ਕੇਵਲ ਦੀਨਨ ਕੋ ਸੁਖ ਦੀਆ॥

ਸ੍ਰੀ ਗੁਰੂ ਗੋਬਿੰਦ ਸਿੰਘ ਕੀ ਮਾਇਆ॥
ਪੰਥ ਖਾਲਸਾ ਪਰਗਟ ਭਾਇਆ॥
ਅਬ ਕਰਨੇ ਹਿਤ ਪੰਥ ਸੰਭਾਲ॥
ਆਪ ਪਰਗਟ ਭਏ ਦੀਨ ਦਇਆਲ॥[9]

ਨਾਮਧਾਰੀ ਕਵੀਆਂ ਨੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ 1699 ਈ. ਵਿਚ ਵਿਸਾਖੀ ਵਾਲੇ ਦਿਨ ਸ੍ਰੀ ਆਨੰਦਪੁਰ ਸਾਹਿਬ ਵਿਖੇ ਖ਼ਾਲਸੇ ਦੀ ਸਿਰਜਣਾ ਕੀਤੇ ਜਾਣ ਦਾ ਵਰਣਨ ਪੂਰੇ ਇਤਿਹਾਸਕ ਕਾਰਨਾਂ ਅਤੇ ਵੇਰਵਿਆਂ ਸਹਿਤ ਕੀਤਾ ਹੈ। ਗੁਰੂ ਗੋਬਿੰਦ ਸਿੰਘ ਜੀ ਨੂੰ ਪੰਥ ਖ਼ਾਲਸਾ ਸਾਜਣ ਦੀ ਲੋੜ ਕਿਉਂ ਪਈ, ਉਨ੍ਹਾਂ ਨੇ ਸਿੱਖ-ਧਰਮ ਦੀ ਵੱਖਰੀ ਪਹਿਚਾਣ ਕਿਉਂ ਸਥਾਪਤ ਕੀਤੀ? ਆਦਿ ਪ੍ਰਸ਼ਨਾਂ ਦਾ ਉੱਤਰ ਇਹ ਕਵਿਤਾ ਇਤਿਹਾਸਕ ਦ੍ਰਿਸ਼ਟੀ ਤੋਂ ਪੇਸ਼ ਕਰਦੀ ਹੈ। ਤਾਰਾ ਸਿੰਘ ਅਨਜਾਣ ਦੀ ਕਵਿਤਾ 'ਸਭ ਨੂੰ ਖ਼ਾਲਸਾ ਸਰਦਾਰੀਆਂ ਬਖ਼ਸ਼ੀਆਂ ਨੇ' ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖ਼ਾਲਸਾ ਪੰਥ ਸਾਜਣ ਦੀ ਪ੍ਰਕਿਰਿਆ ਦੇ ਵਿਭਿੰਨ ਪੱਖਾਂ ਨੂੰ ਰੂਪਮਾਨ ਕਰਦੀ ਹੈ। ਕਵੀ ਲਿਖਦਾ ਹੈ:

ਵਾਲੀ ਤਖ਼ਤ ਦਾ ਤਖ਼ਤ ਤੋਂ ਉਠਿਆ ਜਾ
ਕੱਢੀ ਲਿਸ਼ਕਦੀ ਤੇਗ ਮਿਆਨ ਵਿਚੋਂ।
ਸੀਸ ਮੰਗਿਆ ਸਿੱਖਾਂ ਨੇ ਸਿਰ ਸੁੱਟੇ
ਬਣੇ ਬੁੱਤ, ਜਿਉਂ ਜਿੰਦ ਗਈ ਜਾਨ ਵਿਚੋਂ।
ਜਿਹੜੇ ਵਸਾਖੀ ਤੇ ਆਏ ਵਕਤ ਕੱਟਣ
ਖਿਸਕਣ ਲਗ ਪਏ ਉਹ ਮੈਦਾਨ ਵਿਚੋਂ।
ਮਰਜੀਵੜੇ ਸਿੱਖਾਂ ਦੀ ਘਾਟ ਦਿੱਸੇ,
ਨਫ਼ਾ ਭਾਲਦੇ ਜਿਹੜੇ ਨੁਕਸਾਨ ਵਿਚੋਂ।
ਸੋਚਦੇ ਗੁਰੂ ਤੇ ਚੰਡੀ ਸਵਾਰ ਹੋਈ ਏ
ਤਾਹੀਓਂ ਸਾਡੇ ਤੇ ਇਸ ਨੇ ਵਾਰ ਕਰਨੈ।

ਸੀਸ ਦੇ ਗੁਆਉਣੀ ਨਹੀਂ ਜਿੰਦ ਐਵੇਂ
ਦਸਮ ਗੁਰੂ ਦਾ ਉਂਜ ਸਤਿਕਾਰ ਕਰਨੈ।[10]

ਉਪਰੋਕਤ ਕਵਿਤਾ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਹੱਥ ਵਿਚ ਨੰਗੀ ਤਲਵਾਰ ਫੜ ਕੇ ਵਿਸਾਖੀ ਦੇ ਮੌਕੇ ਤੇ ਇਕੱਠੀ ਹੋਈ ਸਿੱਖ-ਸੰਗਤ ਕੋਲੋਂ ਇਕ ਸਿੱਖ ਦੇ ਸਿਰ ਦੀ ਅਨੋਖੀ ਮੰਗ ਤੋਂ ਆਰੰਭ ਹੁੰਦੀ ਹੈ। ਫਿਰ ਇਹ ਬਹੁਗਿਣਤੀ ਸਿੱਖ-ਸੰਗਤ ਦੀ ਮਨੋਸਥਿਤੀ ਦੇ ਡਾਵਾਂਡੋਲ ਹੋਣ ਦਾ ਜ਼ਿਕਰ ਕਰਦੀ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਉਸ ਵਿਚਾਰਧਾਰਾ ਦਾ ਵੀ ਪਰਿਚੈ ਦਿੰਦੀ ਹੈ, ਜਿਸ ਅਨੁਸਾਰ ਉਨ੍ਹਾਂ ਨੇ ਸਿੱਖ-ਕੌਮ ਦੀ ਰਹਿਣੀ-ਬਹਿਣੀ ਨੂੰ ਅਲੱਗ ਤੇ ਵਿਲੱਖਣ ਬਣਾਉਣ ਦਾ ਨਿਸ਼ਚੈ ਕੀਤਾ ਅਤੇ ਖ਼ਾਲਸ ਸਮਾਜ ਦੀ ਸਿਰਜਣਾ ਕਰਨ ਦਾ ਉਪਰਾਲਾ ਕੀਤਾ। ਇਹ ਕਵਿਤਾ ਮੇਲੇ ਵਿਚ ਹਾਜ਼ਰ ਲੋਕਾਂ ਦੀ ਉਸ ਸਥਿਤੀ ਨੂੰ ਵੀ ਚਿਤਰਦੀ ਹੈ ਜਿਸ ਵਿਚ ਬਹੁਗਿਣਤੀ ਲੋਕ ਕਾਇਰ ਬਣ ਕੇ ਬੈਠੇ ਰਹੇ, ਪਰ ਕੁਝ ਸੂਰਬੀਰਾਂ ਨੇ ਗੁਰੂ ਦੇ ਹੁਕਮ ਦੀ ਪਾਲਣਾ ਕਰਦਿਆਂ ਆਪਣੇ ਸਿਰ ਗੁਰੂ ਦੀ ਤਲਵਾਰ ਨੂੰ ਸਮਰਪਿਤ ਕਰ ਦਿੱਤੇ। ਏਸੇ ਸੰਦਰਭ ਵਿਚ ਗਿਆਨੀ ਤੇਜਾ ਸਿੰਘ ਦੀ ਕਵਿਤਾ 'ਪੰਥ ਖ਼ਾਲਸੇ ਦੀ ਰਚਨਾ ਅਕਾਲ ਦੇ ਹੁਕਮ ਨਾਲ' ਅਧਿਐਨਯੋਗ ਹੈ। ਕਵੀ ਨੇ ਇਸ ਕਵਿਤਾ ਵਿਚ ਉਨ੍ਹਾਂ ਪੰਜ ਸਿੰਘਾਂ ਦੇ ਨਾਂ ਵੀ ਸ਼ਾਮਿਲ ਕੀਤੇ ਹਨ, ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਅੱਗੇ ਆਪਣੇ ਸਿਰ ਸਮਰਪਿਤ ਕਰਕੇ 'ਪਿਆਰਿਆਂ' ਦਾ ਖਿਤਾਬ ਹਾਸਲ ਕੀਤਾ ਸੀ। ਕਵੀ ਲਿਖਦਾ ਹੈ:

ਸਤਿਗੁਰੂ ਜੀ ਕੱਢ ਕ੍ਰਿਪਾਨ ਬੋਲੇ
ਉਠੋ ਦਿਉ ਪ੍ਰੀਖਿਆ ਆਉ ਸਿਖੋ।
ਮੇਰੀ ਤੇਗ ਪਿਆਸੀ ਅੱਜ ਖ਼ੂਨ ਮੰਗੇ
ਸੀਸ ਤਲੀ ਤੇ ਰੱਖ ਕੇ ਆਉ ਸਿਖੋ।
ਭੇਟਾ ਹੋਰ ਨਾ ਕੋਈ ਵੀ ਦਾਤ ਸਾਨੂੰ
ਆਉ ਸੀਸ ਦੀ ਭੇਟ ਚੜ੍ਹਾਉ ਸਿਖੋ
ਦਇਆ, ਧਰਮ ਤੇ ਮੋਹਕਮ ਆ ਕੇ ਹੋਏ ਹਾਜ਼ਰ
ਨਾਲ ਹਿੰਮਤ ਦੇ ਸਾਹਬ ਬਣ ਜਾਉ ਸਿਖੋ।[11]

ਇਸ ਪ੍ਰਕਾਰ ਨਾਮਧਾਰੀ ਕਵਿਤਾ ਵਿਚ ਪੰਜਾਂ ਪਿਆਰਿਆਂ ਦੇ ਜੀਵਨੀਮੂਲਕ ਵੇਰਵੇ ਅੰਕਿਤ ਕਰਦੇ ਹੋਏ ਖ਼ਾਲਸਾ ਸਾਜਣ ਦੀ ਘਟਨਾ ਨੂੰ ਇਤਿਹਾਸਕ ਦ੍ਰਿਸ਼ਟੀ ਤੋਂ ਪੇਸ਼ ਕੀਤਾ ਗਿਆ ਹੈ।

ਇਸ ਕਵਿਤਾ ਦਾ ਅਧਿਐਨ ਕਰਦਿਆਂ ਇਹ ਪਤਾ ਲੱਗਦਾ ਹੈ ਕਿ ਨਾਮਧਾਰੀ ਕਵੀਆਂ ਨੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਕੀਤੇ ਗਏ ਇਤਿਹਾਸਕ ਕਾਰਜਾਂ ਨੂੰ ਪ੍ਰਸੰਸਾਮੂਲਕ ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਕੌਮ ਦਾ ਵਿਲੱਖਣ ਸਰੂਪ ਕਾਇਮ ਰੱਖਣ ਖ਼ਾਤਰ ਅਤੇ ਆਪਣੇ ਦੇਸ਼ ਧਰਮ ਦੀ ਰੱਖਿਆ ਖ਼ਾਤਰ ਜੋ ਕੁਰਬਾਨੀਆਂ ਦਿੱਤੀਆਂ, ਉਹਨਾਂ ਦੀ ਸ਼ਰਧਾਮੂਲਕ ਅਭਿਵਿਅਕਤੀ ਇਸ ਕਵਿਤਾ ਵਿਚ ਹੋਈ ਹੈ। ਏਥੇ ਨਾਮਧਾਰੀ ਕਵੀ ਇੰਦਰ ਸਿੰਘ ਚਕ੍ਰਵਰਤੀ ਦੁਆਰਾ ਰਚਿਤ ਨਿਮਨਅੰਕਿਤ ਕਾਵਿ-ਸਤਰਾਂ ਦਾ ਅਧਿਐਨ ਕੀਤਾ ਜਾ ਸਕਦਾ ਹੈ, ਜਿਨ੍ਹਾਂ ਵਿਚ ਕਵੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨੀਮੂਲਕ ਵੇਰਵੇ ਸ਼ਰਧਾਮੂਲਕ ਦ੍ਰਿਸ਼ਟੀ ਰਾਹੀਂ ਪੇਸ਼ ਕੀਤੇ ਹਨ। ਕਵੀ ਲਿਖਦਾ ਹੈ:

ਛੇਵੇਂ ਗੁਰੂ ਦੇ ਪੋਤਰੇ
ਨਉਵੇਂ ਗੁਰੂ ਦੇ ਨਾਲ
ਪੰਥ ਚਲਾ ਕੇ ਖ਼ਾਲਸਾ
ਕੀਤੀ ਗੱਲ ਕਮਾਲ।
ਮਾਂ ਵਾਰੀ ਪਿਉ ਵਾਰਿਆ
ਪੁੱਤ ਕਰੇ ਕੁਰਬਾਨ।
ਅੰਤ ਰੱਖਿਆ ਦੇਸ਼ ਦੀ
ਆਪ ਹੋਏ ਬਲੀਦਾਨ।
ਬਾਜਾਂ ਨਾਲ ਲੜਾਈਆਂ
ਚਿੜੀਆਂ ਸਨ ਕਮਜ਼ੋਰ।
ਦੇਸ਼ ਆਜ਼ਾਦੀ ਦੇ ਲਈ
ਲਾਇਆ ਸਾਰਾ ਜ਼ੋਰ।[12]

ਇਸ ਕਵਿਤਾ ਵਿਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਦਿੱਤੇ ਗਏ ਸਰਬੰਸ ਦੇ ਬਲੀਦਾਨ ਅੱਗੇ ਸਿਰ ਝੁਕਾਉਂਦੇ ਹੋਏ ਉਨ੍ਹਾਂ ਦੇ ਜੀਵਨ ਦੀਆਂ ਇਤਿਹਾਸਕ ਘਟਨਾਵਾਂ ਦੀ ਪੇਸ਼ਕਾਰੀ ਕੀਤੀ ਗਈ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਦਾਦਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਪਿਤਾ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਇਤਿਹਾਸਕ ਵੇਰਵਿਆਂ ਦੀ ਕਾਵਿ-ਅਭਿਵਿਅਕਤੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ-ਸੰਦਰਭ ਵਿਚ ਰੱਖ ਕੇ ਕੀਤੀ ਗਈ ਹੈ। ਇਸ ਦੇ ਨਾਲ ਹੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ, ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ, ਮਾਤਾ ਗੁਜਰੀ ਜੀ ਦੀ ਸ਼ਹੀਦੀ ਆਦਿ ਘਟਨਾਵਾਂ ਨੂੰ ਵੀ ਇਤਿਹਾਸਕ ਦ੍ਰਿਸ਼ਟੀ ਤੋਂ ਪੇਸ਼ ਕੀਤਾ ਗਿਆ ਹੈ। ਵੱਖ-ਵੱਖ ਮੁਗ਼ਲ ਸ਼ਾਸਕਾਂ ਸਮੇਂ-ਸਮੇਂ ਜਬਰੀ ਇਸਲਾਮ ਧਰਮ ਕਬੂਲ ਕਰਵਾਉਣ ਵਾਸਤੇ ਸਿੱਖ ਗੁਰੂ ਸਾਹਿਬਾਨ ਅਤੇ ਲੋਕਾਂ ਉਪਰ ਜਿਸ ਤਰ੍ਹਾਂ ਦੇ ਅਤਿਆਚਾਰ ਕਰਦੇ ਰਹੇ, ਉਨ੍ਹਾਂ ਦਾ ਵਰਣਨ ਵੀ ਇਸ ਕਵਿਤਾ ਵਿਚ ਹੋਇਆ ਹੈ। ਸਿੱਖ ਗੁਰੂ ਸਾਹਿਬਾਨ ਨੇ ਮੁਗ਼ਲ ਸ਼ਾਸਕਾਂ ਦੀ ਈਨ ਨਾ ਮੰਨਦੇ ਹੋਏ ਜਿਸ ਤਰ੍ਹਾਂ ਜ਼ੁਲਮ ਨਾਲ ਟੱਕਰ ਲਈ, ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਮੁਸਲਮਾਨਾਂ ਅਤੇ ਪਹਾੜੀ ਰਾਜਿਆਂ ਨਾਲ ਜੋ-ਜੋ ਲੜਾਈਆਂ ਲੜੀਆਂ, ਉਨ੍ਹਾਂ ਸਭ ਦਾ ਜ਼ਿਕਰ ਨਾਮਧਾਰੀ ਕਵਿਤਾ ਵਿਚ ਉਪਲਬਧ ਹੈ। ਇਸ ਕਵਿਤਾ ਵਿਚ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੀਆਂ ਘਟਨਾਵਾਂ ਨੂੰ ਵੀ ਇਤਿਹਾਸਕ ਤੱਥਾਂ ਸਹਿਤ ਪੇਸ਼ ਕੀਤਾ ਗਿਆ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦਿਆਂ ਦੇ ਚਮਕੌਰ ਵਿਚ ਸ਼ਹੀਦੀ ਪਾ ਜਾਣ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਸਰਹੰਦ ਦੇ ਸੂਬੇ ਦੁਆਰਾ ਨੀਂਹਾਂ ਵਿਚ ਚਿਣਵਾ ਕੇ ਸ਼ਹੀਦ ਕਰ ਦਿੱਤੇ ਜਾਣ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਦਾ ਦੱਖਣ ਵੱਲ ਚਲੇ ਜਾਣਾ, ਨਾਂਦੇੜ ਵਿਚ ਬਾਬਾ ਬੰਦਾ ਬਹਾਦਰ ਦਾ ਉਨ੍ਹਾਂ ਦੇ ਸੰਪਰਕ ਵਿਚ ਆਉਣਾ, ਗੁਰੂ ਜੀ ਦੁਆਰਾ ਬੰਦੇ ਬਹਾਦਰ ਨੂੰ ਪੰਜਾਬ ਭੇਜਣਾ ਅਤੇ ਸਿੱਖਾਂ ਨੂੰ ਜਥੇਬੰਦ ਕਰਨ ਦਾ ਆਦੇਸ਼ ਦੇਣਾ ਆਦਿ ਸਾਰੇ ਇਤਿਹਾਸਕ ਤੱਥ ਨਾਮਧਾਰੀ ਕਵਿਤਾ ਵਿਚ ਪੇਸ਼ ਹੋਏ ਹਨ। ਬੰਦਾ ਬਹਾਦਰ ਨੇ ਮੁਗ਼ਲ ਫ਼ੌਜ ਕੋਲੋਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਲੈਣ ਲਈ ਅਤੇ ਸਿੱਖਾਂ ਉੱਤੇ ਹੁੰਦੇ ਜ਼ੁਲਮਾਂ ਦਾ ਟਾਕਰਾ ਕਰਨ ਲਈ ਹਥਿਆਰਬੰਦ ਸਿੱਖ ਫ਼ੌਜ ਦੀ ਤਿਆਰੀ ਤੇ

ਸਿਖਲਾਈ ਦੇ ਮਹਾਨ ਇਤਿਹਾਸਕ ਕਾਰਜ ਨੂੰ ਵੀ ਨਾਮਧਾਰੀ ਕਵਿਤਾ ਦਾ ਵਿਸ਼ੈ ਬਣਾਇਆ ਗਿਆ ਹੈ। ਸਿੱਖ ਇਤਿਹਾਸ ਵਿਚ ਬਾਬਾ ਬੰਦਾ ਬਹਾਦਰ ਇਕ ਅਦੁੱਤੀ ਯੋਧਾ ਹੋਇਆ ਹੈ, ਜਿਸ ਨੇ ਆਪਣੀ ਸੁਯੋਗ ਅਗਵਾਈ ਅਤੇ ਰਣਨੀਤੀ ਨਾਲ ਮੁਗ਼ਲ ਸਰਕਾਰ ਨੂੰ ਇਕ ਵਾਰ ਹਿਲਾ ਕੇ ਰੱਖ ਦਿੱਤਾ ਸੀ। ਬਾਬਾ ਬੰਦਾ ਬਹਾਦਰ ਨੂੰ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਪੰਜਾਬ ਭੇਜਣ ਦੀ ਇਤਿਹਾਸਕ ਘਟਨਾ ਨੂੰ ਅਭਿਵਿਅਕਤ ਕਰਨ ਵਾਲੀਆਂ ਨਿਮਨਅੰਕਿਤ ਕਾਵਿ-ਸਤਰਾਂ ਦਾ ਅਧਿਐਨ ਕਰਨਾ ਉਚਿਤ ਹੋਵੇਗਾ:

ਨਦੇੜੋਂ ਬੰਦੇ ਨੂੰ ਦੇ ਕੇ ਭਜਨ ਸਤਿਗੁਰ
ਜਦੋਂ ਵਲ ਪੰਜਾਬ ਦੇ ਤੋਰਿਆ ਸੀ।
ਬੰਦੇ ਆ ਪੰਜਾਬ ਜਦ ਜ਼ਾਲਮਾਂ ਨੂੰ
ਵਾਂਗ ਨਿੰਬੂਆਂ ਜਦੋਂ ਨਚੋੜਿਆ ਸੀ।
ਤੋਬਾ ਤੋਬਾ ਸੂਬੇ ਸਭ ਕਰ ਉਠੇ
ਸਾਹਿਬਜ਼ਾਦਿਆਂ ਦਾ ਬਦਲਾ ਮੋੜਿਆ ਸੀ।
ਮੁਗ਼ਲ ਰਾਜ ਵਿਚ ਪਾ ਤੜਫਲ ਦਿੱਤਾ
ਬਹਾਦਰ ਸ਼ਾਹ ਨੂੰ ਚਿੰਤਾ ਵਿਚ ਬੋੜਿਆ ਸੀ। [13]

ਸਿੱਖ ਇਤਿਹਾਸ ਨਾਲ ਸੰਬੰਧਿਤ ਨਾਮਧਾਰੀ ਕਵਿਤਾ ਵਿਚ ਇਹ ਸਾਰੇ ਇਤਿਹਾਸਕ ਵੇਰਵੇ ਵੀ ਅਭਿਵਿਅਕਤ ਹੋਏ ਹਨ ਕਿ ਬਾਬਾ ਬੰਦਾ ਬਹਾਦਰ ਗੁਰੂ ਗੋਬਿੰਦ ਸਿੰਘ ਜੀ ਤੋਂ ਆਗਿਆ ਲੈ ਕੇ ਪੰਜਾਬ ਆਇਆ ਅਤੇ ਉਸ ਨੇ ਬੜੇ ਵਿਉਂਤਬੱਧ ਤਰੀਕੇ ਨਾਲ ਸਿੱਖ ਕੌਮ ਨੂੰ ਇਕੱਤਰ ਕਰਕੇ ਮੁਗ਼ਲਾਂ ਦੇ ਥਾਪੇ ਹੋਏ ਸਰਹੰਦ ਦੇ ਸੂਬੇ ਦੇ ਪੈਰ ਉਖਾੜ ਦਿੱਤੇ। ਸਰਹੰਦ ਉੱਤੇ ਬੰਦਾ ਬਹਾਦਰ ਦਾ ਕਬਜ਼ਾ ਹੋ ਜਾਣ ਉਪਰੰਤ ਸਮੇਂ ਦੇ ਬਾਦਸ਼ਾਹ ਨੇ ਉਸਦੀ ਸ਼ਕਤੀ ਨੂੰ ਖ਼ਤਮ ਕਰਨ ਦੇ ਤਰੀਕੇ ਸੋਚਣੇ ਸ਼ੁਰੂ ਕਰ ਦਿੱਤੇ। ਜਿਨ੍ਹਾ ਬਾਰੇ ਇਸ ਕਵਿਤਾ ਵਿਚ ਜ਼ਿਕਰ ਆਉਂਦਾ ਹੈ। ਏਸੇ ਤਰ੍ਹਾਂ ਹੀ ਗੁਰੂ ਗੋਬਿੰਦ ਸਿੰਘ ਜੀ ਦੀ ਵੱਖੀ ਵਿਚ ਇਕ ਮੁਗ਼ਲ ਪਠਾਣ ਦੁਆਰਾ ਛੁਰਾ ਮਾਰੇ ਜਾਣ ਦੀ ਘਟਨਾ ਦਾ ਵੀ ਇਸ ਕਵਿਤਾ ਵਿਚ ਵਰਣਨ ਹੋਇਆ ਹੈ। ਇਸ ਘਟਨਾ ਦੇ ਪਿੱਠਵਰਤੀ ਕਾਰਨਾਂ ਦਾ ਜ਼ਿਕਰ ਕਰਦਿਆਂ ਕਵੀ ਸੇਵਾ ਸਿੰਘ ਨਾਮਧਾਰੀ ਲਿਖਦਾ ਹੈ:

ਸੋਚਾਂ ਵਿਚ ਪੈ ਮੁਗ਼ਲ ਸਰਕਾਰ ਗਈ
ਹੁਣ ਕਿਸ ਤਰ੍ਹਾਂ ਬਣਤ ਬਣਾਈ ਜਾਵੇ।
ਗੁਰੂ ਬੰਦੇ ਨੂੰ ਭੇਜਿਆ ਦੇ ਸਿਖਿਆ
ਮੁਗ਼ਲ ਰਾਜ ਦੀ ਕੀਤੀ ਤਬਾਹੀ ਜਾਵੇ।
ਲੜਿਆ ਗੁਰੂ ਨਾਲ ਜਾਣੀ ਨਹੀਂ ਪੇਸ਼ ਕੋਈ
ਕੋਜੀ ਚਾਲ ਹੀ ਕੋਈ ਚਲਾਈ ਜਾਵੇ।

ਦੋ ਪਠਾਣਾਂ ਨੂੰ ਗਲ ਸਮਝਾਈ ਸਾਰੀ
ਤੁਸੀਂ ਗੁਰੂ ਨਾਲ ਦੋਸਤੀ ਪਾਉ ਜਾ ਕੇ।

ਸੇਵਾਦਾਰ ਪਠਾਨ ਨੇ ਸਮਾਂ ਪਾ ਕੇ
ਛੁਰੇ ਨਾਲ ਕੀਤਾ ਵਖੀ ਘਾਓ ਜਾ ਕੇ।

ਮੁਗ਼ਲ ਰਾਜ ਦੀ ਚਲ ਗਈ ਚਾਲ ਭੈੜੀ
ਛੁਰਾ ਵੱਖਰੀ ਦਸ਼ਮੇਸ਼ ਦੀ ਮਾਰਿਆ ਸੀ।[14]

ਨਾਮਧਾਰੀ ਕਵਿਤਾ ਦੇ ਵਿਸਤ੍ਰਿਤ ਅਧਿਐਨ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਇਸ ਕਵਿਤਾ ਵਿਚ ਸਿੱਖ-ਇਤਿਹਾਸ ਦੀਆਂ ਮਹੱਤਵਪੂਰਨ ਇਤਿਹਾਸਕ ਘਟਨਾਵਾਂ ਦਾ ਕਾਵਿ-ਰੂਪਾਂਤਰਣ ਕੀਤਾ ਗਿਆ ਹੈ। ਇਹ ਕਾਵਿ-ਰੂਪਾਂਤਰਣ ਇਤਿਹਾਸਕ ਤੱਥਾਂ ਨੂੰ ਆਧਾਰ ਸਮੱਗਰੀ ਬਣਾਉਂਦਾ ਹੋਇਆ ਵਿਭਿੰਨ ਕਾਵਿ-ਜੁਗਤਾਂ ਦੀ ਸਿਰਜਣਾ ਕਰਦਾ ਹੈ ਜੋ ਇਤਿਹਾਸ ਨੂੰ ਕਾਵਿ ਵਿਚ ਰੂਪਾਂਤਰਿਤ ਕਰਨ ਦਾ ਪ੍ਰਕਾਰਜ ਨਿਭਾਉਂਦੀਆਂ ਹਨ।

ਨਾਮਧਾਰੀ ਕਵਿਤਾ ਦੇ ਅਧਿਐਨ ਤੋਂ ਇਹ ਤੱਥ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਇਸ ਕਵਿਤਾ ਨੇ ਪੁਰਾਤਨ ਸਿੱਖ-ਇਤਿਹਾਸ ਦੇ ਨਾਲ-ਨਾਲ ਸਿੱਖ ਰਾਜ ਦੀਆਂ ਕੁਝ ਮਹੱਤਵਪੂਰਨ ਇਤਿਹਾਸਕ ਘਟਨਾਵਾਂ ਨੂੰ ਵੀ ਆਪਣਾ ਵਿਸ਼ੈ ਬਣਾਇਆ ਹੈ। ਇਹ ਕਵਿਤਾ ਮਹਾਰਾਜਾ ਰਣਜੀਤ ਸਿੰਘ ਤੇ ਮਹਾਰਾਜਾ ਦਲੀਪ ਸਿੰਘ ਦੇ ਜੀਵਨ ਅਤੇ ਸਿੱਖ ਰਾਜ ਦੇ ਪਤਨ ਨਾਲ ਸੰਬੰਧਿਤ ਮਹੱਤਵਪੂਰਨ ਇਤਿਹਾਸਕ ਘਟਨਾਵਾਂ ਦੀ ਵੀ ਕਲਾਮਈ ਪੇਸ਼ਕਾਰੀ ਹੈ। ਮਿਸਾਲ ਵਜੋਂ ਨਾਮਧਾਰੀ ਕਵੀ ਇੰਦਰ ਸਿੰਘ ਚਕ੍ਰਵਰਤੀ ਨੇ ਆਪਣੇ ਮਹਾਂਕਾਵਿ ਮਾਲਵੇਂਦ੍ਰ ਵਿਚ ਸਿੱਖ ਰਾਜ ਦੀਆਂ ਇਤਿਹਾਸਕ ਮਹੱਤਵ ਵਾਲੀਆਂ ਘਟਨਾਵਾਂ ਨੂੰ ਕਾਵਿਬੱਧ ਕੀਤਾ ਹੈ। ਨਾਮਧਾਰੀ ਕਵਿਤਾ ਮਹਾਰਾਜਾ ਰਣਜੀਤ ਸਿੰਘ ਦਾ ਆਪਣੀ ਬਹਾਦਰੀ ਅਤੇ ਕੂਟਨੀਤੀ ਨਾਲ ਸਾਰੀਆਂ ਮਿਸਲਾਂ ਨੂੰ ਮਿਲਾ ਕੇ ਪੰਜਾਬ ਵਿਚ ਆਪਣਾ ਰਾਜ ਸਥਾਪਤ ਕਰਨ, ਲਾਹੌਰ ਉੱਤੇ ਜਿੱਤ ਪ੍ਰਾਪਤ ਕਰਨ, ਪੰਜਾਬ ਵਿਚ ਧਰਮ-ਨਿਰਪੱਖ ਰਾਜ-ਪ੍ਰਬੰਧ ਚਲਾਉਣ ਆਦਿ ਘਟਨਾਵਾਂ ਦੀ ਕਾਵਿ-ਅਭਿਵਿਅਕਤੀ ਹੈ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿੱਛੋਂ ਰਾਜ-ਪਰਿਵਾਰ ਵਿਚ ਹੋਈ ਬੁਰਛਾਗਰਦੀ, ਮਹਾਰਾਜਾ ਦਲੀਪ ਸਿੰਘ ਕੋਲੋਂ ਇੰਗਲੈਂਡ ਦੀ ਮਹਾਰਾਣੀ ਨੂੰ ਕੋਹਿਨੂਰ ਹੀਰਾ ਭੇਟਾ ਕਰਵਾਉਣ ਆਦਿ ਇਤਿਹਾਸਕ ਵਰਤਾਰਿਆਂ ਦੀ ਕਾਵਿਮਈ ਪ੍ਰਸਤੁਤੀ ਕਰਦੀ ਹੈ। ਇਸ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਦੌਰਾਨ ਵਾਪਰੀਆਂ ਇਤਿਹਾਸਕ ਘਟਨਾਵਾਂ ਨੂੰ ਵੀ ਪੇਸ ਕੀਤਾ ਗਿਆ ਹੈ। ਇਸ ਸੰਦਰਭ ਵਿਚ ਨਿਮਨਅੰਕਿਤ ਕਾਵਿ-ਸਤਰਾਂ ਦਾ ਅਧਿਐਨ ਕੀਤਾ ਜਾ ਸਕਦਾ ਹੈ। ਜਿਨ੍ਹਾਂ ਵਿਚ ਕਵੀ ਇੰਦਰ ਸਿੰਘ ਚਕ੍ਰਵਰਤੀ ਲਿਖਦਾ ਹੈ:

ਨਾਈ ਛੀਂਬੇ ਝੀਉਰ ਜੋ
ਰੋੜੇ ਜਟ ਤ੍ਰਿਖਾਣ।
ਪਕੜ ਪਛਾੜੇ ਮੁਗਲ ਉਸ
ਸੱਯਦ ਸ਼ੇਖ ਪਠਾਣ।
ਉਨ੍ਹਾਂ ਵਿਚੋਂ ਇਕ ਬਣ
ਸਭਨਾਂ ਦਾ ਸਰਦਾਰ।
ਚੜਿਆ ਗੁਜਰਾਂ ਵਾਲਿਉਂ
ਲਿਆ ਲਾਹੌਰ ਉਸ ਮਾਰ।
ਪੁੱਤਰ ਸੀ ਮਹਾਂ ਸਿੰਘ ਦਾ
ਰਣਜੀਤ ਸਿੰਘ ਬਲਵਾਨ।
ਨਿਉਂ-ਨਿਉਂ ਕਰਨ ਸਲਾਮਾਂ

ਉਸ ਨੂੰ ਵੱਡੇ ਆਕੜਖਾਨ।[15]

ਨਾਮਧਾਰੀ ਕਵਿਤਾ ਵਿਚ ਜਿੱਥੇ ਮਹਾਰਾਜਾ ਰਣਜੀਤ ਸਿੰਘ ਦੇ ਵਿਸ਼ਾਲ ਸਿੱਖ-ਰਾਜ ਦੀਆਂ ਮਹੱਤਵਪੂਰਨ ਇਤਿਹਾਸਕ ਘਟਨਾਵਾਂ ਨੂੰ ਪ੍ਰਸੰਸਾਮਈ ਸੁਰ ਵਿਚ ਪੇਸ਼ ਕੀਤਾ ਗਿਆ ਹੈ, ਉਥੇ ਸਿੱਖ-ਰਾਜ ਦੇ ਪਤਨ ਦੀਆਂ ਘਟਨਾਵਾਂ ਨੂੰ ਵੀ ਵਿਸ਼ੈ ਬਣਾਇਆ ਗਿਆ ਹੈ। ਇਹ ਕਵਿਤਾ ਸਿੱਖਾਂ ਅਤੇ ਅੰਗਰੇਜ਼ਾਂ ਦੀਆਂ ਇਤਿਹਾਸਕ ਲੜਾਈਆਂ ਦਾ ਵੀ ਕਾਵਿ-ਚਿਤ੍ਰਣ ਕਰਦੀ ਹੈ। ਇਸ ਤੋਂ ਇਲਾਵਾ ਇਹ ਮਹਾਰਾਜਾ ਦਲੀਪ ਸਿੰਘ ਦੇ ਜੀਵਨ ਨਾਲ ਸੰਬੰਧਿਤ ਮਹੱਤਵਪੂਰਨ ਇਤਿਹਾਸਕ ਤੱਥਾਂ ਦੀ ਅਭਿਵਿਅਕਤੀ ਵੀ ਕਰਦੀ ਹੈ। ਇਸ ਸੰਦਰਭ ਵਿਚ ਕਵੀ ਇੰਦਰ ਸਿੰਘ ਚਕ੍ਰਵਰਤੀ ਦੀਆਂ ਲਿਖੀਆਂ ਨਿਮਨਅੰਕਿਤ ਕਾਵਿ-ਸਤਰਾਂ ਦਾ ਅਧਿਐਨ ਕੀਤਾ ਜਾ ਸਕਦਾ ਹੈ:

ਪੁੱਤਰ ਸ਼ੇਰ ਪੰਜਾਬ ਦਾ
ਬੱਚ ਅਜੇ ਅੰਞਾਣ।
ਦਿਤਾ ਤੋਰ ਵਲੈਤ ਫੜ
ਭੇਜਿਆ ਇੰਗਲਿਸਤਾਨ।
ਧਰਮ ਸੀ ਖੋਹਿਆ ਜਿਸਦਾ
ਨਾਲੇ ਰਾਜ ਸਮਾਜ।
ਹੀਰਾ ਖੋਹ ਕੋਹਨੂਰ ਉਹ
ਜੜਿਆ ਮਲਕਾਂ ਤਾਜ।
ਕੈਦੀ ਕਰਕੇ ਉਸ ਦਾ
ਲੁਟਿਆ ਦੀਨ ਈਮਾਨ।
ਕਾਬੂ ਕਰ ਲਿਆ ਗੋਰਿਆ
ਸਾਰਾ ਹਿੰਦੁਸਤਾਨ।[16]

ਨਾਮਧਾਰੀ ਕਵਿਤਾ ਸਿੱਖ-ਰਾਜ ਦੇ ਪਤਨ ਦੇ ਕਾਰਨਾਂ ਦੀ ਵੀ ਨਿਸ਼ਾਨਦੇਹੀ ਕਰਦੀ ਹੈ ਜਿਸ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਦੇ ਉਤਰਾਧਿਕਾਰੀਆਂ ਵਿਚ ਰਾਜ-ਗੱਦੀ ਲਈ ਹੋਈ ਖਾਨਾਜੰਗੀ ਅਤੇ ਡੋਗਰੇ ਸਰਦਾਰਾਂ ਦੀ ਬੁਰਛਾਗਰਦੀ ਨੂੰ ਇਸ ਪਤਨ ਦਾ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਨਾਮਧਾਰੀ ਕਵਿਤਾ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ-ਰਾਜ ਦੇ ਆਦਰਸ਼ ਨੂੰ ਹਕੀਕਤ ਵਿਚ ਸਾਕਾਰ ਰੂਪ ਦਿੱਤਾ, ਪਰੰਤੂ ਮਹਾਰਾਜੇ ਦੀ ਮੌਤ ਤੋਂ ਮਗਰੋਂ ਸਾਰੇ ਆਦਰਸ਼ ਭੁਲਾ ਦਿੱਤੇ ਗਏ। ਜਿਸ ਕਾਰਨ ਖ਼ਾਲਸਾ ਰਾਜ ਦਾ ਪਤਨ ਹੋਣਾ ਸੁਭਾਵਿਕ ਹੀ ਸੀ। ਇਸ ਸੰਦਰਭ ਵਿਚ ਕਵੀ ਕਾਹਲਾ ਸਿੰਘ ਦੀ ਰਚਨਾ ਉਸਤਤਨਾਮਾ ਦਾ ਅਧਿਐਨ ਸਾਰਥਕ ਸਿੱਧ ਹੁੰਦਾ ਹੈ। ਉਹ ਲਿਖਦਾ ਹੈ:

ਗੁਰੂ ਦਸਮੇਸ਼ ਪਿਛੋਂ
ਰਾਜ ਪਾਇਆ ਪੰਥ ਨੇ ਸੀ
ਰਾਹ ਦਿਤਾ ਛਡ ਤੇ
ਕੁਰਾਹ ਰਾਹ ਮੱਲਿਆ।
ਬੁਰਛਿਆਂ ਨੇ ਸਿਖ ਦਰਬਾਰ
ਸੀ ਵੈਰਾਨ ਕੀਤਾ

ਨਿਰਬਲਾਂ ਨਿਰਦੋਸ਼ਿਆਂ
ਗ਼ਰੀਬਾਂ ਨੂੰ ਦਬੱਲਿਆ।[17]

ਸੋ ਸਪਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਥਾਪਤ ਜਿਨ੍ਹਾਂ ਆਦਰਸ਼ਾਂ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਵਿਚ ਸ਼ਕਤੀਸ਼ਾਲੀ ਖ਼ਾਲਸਾ ਰਾਜ ਦੀ ਸਥਾਪਨਾ ਕੀਤੀ ਸੀ, ਮਹਾਰਾਜੇ ਦੀ ਮੌਤ ਹੋ ਜਾਣ ਤੋਂ ਬਾਅਦ ਉਸ ਦੇ ਉਤਰਾਧਿਕਾਰੀਆਂ ਨੇ ਉਨ੍ਹਾ ਆਦਰਸ਼ਾਂ ਨੂੰ ਪੈਰਾਂ ਹੇਠ ਮਧੋਲ ਦਿੱਤਾ, ਜਿਸ ਦੇ ਫ਼ਲਸਰੂਪ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਦਸ ਸਾਲ ਦੇ ਵਿਚ ਵਿਚ ਹੀ ਉਸ ਦੁਆਰਾ ਸਥਾਪਤ ਖ਼ਾਲਸਾ ਰਾਜ ਦਾ ਪਤਨ ਹੋ ਗਿਆ ਅਤੇ ਅੰਗਰੇਜ਼ ਸਰਕਾਰ ਨੇ ਪੰਜਾਬ ਉੱਤੇ ਪੂਰੀ ਤਰ੍ਹਾਂ ਕਬਜ਼ਾ ਕਰ ਲਿਆ।

ਉਪਰੋਕਤ ਵਿਚਾਰ ਚਰਚਾ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਇਸ ਕਵਿਤਾ ਵਿਚ ਸਿੱਖ-ਧਰਮ ਅਤੇ ਸਿੱਖ-ਰਾਜ ਦੇ ਇਤਿਹਾਸ ਨੂੰ ਵਿਸ਼ੈ ਬਣਾਇਆ ਗਿਆ ਹੈ। ਇਹ ਕਵਿਤਾ ਸਿੱਖ-ਧਰਮ ਦੇ ਇਤਿਹਾਸ ਦੇ ਵਿਭਿੰਨ ਵਰਤਾਰਿਆਂ ਤੇ ਤੱਥਾਂ ਨੂੰ ਅਭਿਵਿਅਕਤ ਕਰਦੀ ਹੈ। ਨਾਮਧਾਰੀ ਕਵੀਆਂ ਨੇ ਇਤਿਹਾਸ ਦੀਆਂ ਵਿਸ਼ੇਸ਼-ਘਟਨਾਵਾਂ ਨੂੰ ਇਤਿਹਾਸਕਤਾ ਅਤੇ ਸਾਹਿਤਿਕਤਾ ਦੇ ਸੁਮੇਲ ਵਿਚ ਪੇਸ਼ ਕੀਤਾ ਹੈ, ਜਿਸ ਦੇ ਫ਼ਲਸਰੂਪ ਇਹ ਕਵਿਤਾ ਨਿਰਾ ਇਤਿਹਾਸਕ ਤੱਥਾਂ ਦਾ ਸੰਗ੍ਰਹਿ ਹੀ ਬਣ ਕੇ ਨਹੀਂ ਰਹਿ ਜਾਂਦੀ ਸਗੋਂ ਕਾਵਿਕ ਵੰਨਗੀ ਵਜੋਂ ਵੀ ਉਲੇਖਨੀਯ ਸਿੱਧ ਹੁੰਦੀ ਹੈ।

(ਅ) ਨਾਮਧਾਰੀ ਲਹਿਰ ਦੇ ਇਤਿਹਾਸ ਦਾ ਰੂਪਾਂਤਰਣ

ਨਾਮਧਾਰੀ ਲਹਿਰ ਦੀ ਕਵਿਤਾ ਦਾ ਇਤਿਹਾਸਕ ਦ੍ਰਿਸ਼ਟੀ ਤੋਂ ਅਧਿਐਨ ਕਰਦਿਆਂ ਸਪਸ਼ਟ ਹੁੰਦਾ ਹੈ ਕਿ ਨਾਮਧਾਰੀ ਲਹਿਰ ਦੇ ਇਤਿਹਾਸ ਦੀ ਕਾਵਿ-ਅਭਿਵਿਅਕਤੀ ਇਸ ਕਵਿਤਾ ਦਾ ਸਭ ਤੋਂ ਪ੍ਰਿਯ ਵਿਸ਼ੈ ਹੈ। ਇਸ ਕਵਿਤਾ ਵਿਚ ਨਾਮਧਾਰੀ ਗੁਰੂਆਂ, ਗੁਰੂ ਰਾਮ ਸਿੰਘ, ਗੁਰੂ ਹਰੀ ਸਿੰਘ, ਗੁਰੂ ਪ੍ਰਤਾਪ ਸਿੰਘ ਅਤੇ ਗੁਰੂ ਜਗਜੀਤ ਸਿੰਘ ਦੇ ਜੀਵਨੀਮੂਲਕ ਵੇਰਵਿਆਂ ਨੂੰ ਵੀ ਕਾਵਿਬੱਧ ਕੀਤਾ ਗਿਆ ਹੈ ਅਤੇ ਨਾਮਧਾਰੀ ਲਹਿਰ ਦੇ ਇਤਿਹਾਸ ਦੀਆਂ ਮਹੱਤਵਪੂਰਨ ਇਤਿਹਾਸਕ ਘਟਨਾਵਾਂ ਦਾ ਵੀ ਵਰਣਨ ਕੀਤਾ ਗਿਆ ਹੈ। ਇਨ੍ਹਾਂ ਘਟਨਾਵਾਂ ਵਿਚ ਸੰਤ ਖ਼ਾਲਸੇ ਦੀ ਸਿਰਜਣਾ, ਇਸਤਰੀਆਂ ਨੂੰ ਅੰਮ੍ਰਿਤ ਛਕਾਉਣਾ, ਨਾਮਧਾਰੀ ਗੁਰੂ ਦੁਆਰਾ ਅੰਗਰੇਜ਼ ਸਰਕਾਰ ਪ੍ਰਤਿ ਨਾ-ਮਿਲਵਰਤਨ ਦੀ ਨੀਤੀ ਅਪਨਾਉਣਾ, ਸੂਬਾ-ਪ੍ਰਬੰਧ ਸਥਾਪਤ ਕਰਨਾ ਆਦਿ ਸ਼ਾਮਲ ਹਨ। ਨਾਮਧਾਰੀ ਲਹਿਰ ਪ੍ਰਤਿ ਅੰਗਰੇਜ਼ ਸਰਕਾਰ ਦੇ ਦੁਸ਼ਮਣੀ ਭਰੇ ਰਵੱਈਏ ਦੇ ਫ਼ਲਸਰੂਪ ਵਾਪਰੀਆਂ ਸ਼ਹੀਦੀ ਘਟਨਾਵਾਂ ਜਿਵੇਂ ਸ਼ਹੀਦੀ ਸਾਕਾ ਅੰਮ੍ਰਿਤਸਰ, ਸ਼ਹੀਦੀ ਸਾਕਾ ਲੁਧਿਆਣਾ, ਸ਼ਹੀਦੀ ਸਾਕਾ ਮਲੇਰਕੋਟਲਾ ਅਤੇ ਇਨ੍ਹਾਂ ਤੋਂ ਇਲਾਵਾ ਨਾਮਧਾਰੀ ਗੁਰੂ ਰਾਮ ਸਿੰਘ ਦੀ ਜਲਾਵਤਨੀ ਨਾਮਧਾਰੀ ਲਹਿਰ ਦੇ ਦਮਨ ਦੀਆਂ ਵਿਭਿੰਨ ਕਾਰਵਾਈਆਂ ਇਤਿਹਾਸਕ ਵਰਤਾਰੇ ਦੀ ਇਸ ਕਵਿਤਾ ਵਿਚ ਉਭਰਵੇਂ ਰੂਪ ਵਿਚ ਪ੍ਰਸਤੁਤ ਕੀਤੀਆਂ ਗਈਆਂ ਹਨ।

ਨਾਮਧਾਰੀ ਕਵੀਆਂ ਨੇ ਨਾਮਧਾਰੀ ਲਹਿਰ ਦੇ ਬਾਨੀ ਗੁਰੂ ਰਾਮ ਸਿੰਘ ਦੇ ਜੀਵਨ ਨਾਲ ਸੰਬੰਧਿਤ ਵੇਰਵਿਆਂ ਨੂੰ ਪੂਰੇ ਇਤਿਹਾਸਕ ਤੱਥਾਂ ਸਹਿਤ ਕਾਵਿਬੱਧ ਕੀਤਾ ਹੈ। ਕਹਿਣ ਵਿਚ ਕੋਈ ਅਤਿਕਥਨੀ ਨਹੀਂ ਹੈ ਕਿ ਨਾਮਧਾਰੀ ਕਵਿਤਾ ਦਾ ਜਨਮ ਹੀ ਇਸ ਕਰਕੇ ਹੋਇਆ। ਨਾਮਧਾਰੀ ਸਿੱਖ ਆਪਣੇ ਗੁਰੂ ਰਾਮ ਸਿੰਘ ਜੀ ਦੀਆਂ ਜੀਵਨ ਘਟਨਾਵਾਂ ਤੋਂ ਬਹੁਤ ਪ੍ਰਭਾਵਿਤ ਸਨ ਅਤੇ ਉਨ੍ਹਾਂ ਨੇ ਆਪਣੀ ਸ਼ਰਧਾ ਅਤੇ ਸਿਫ਼ਤ-ਸਲਾਹ ਦਾ ਪ੍ਰਗਟਾਵਾ

ਕਾਵਿ ਦੇ ਮਾਧਿਅਮ ਰਾਹੀਂ ਕੀਤਾ ਹੈ। ਨਾਮਧਾਰੀ ਕਵਿਤਾ ਵਿਚੋਂ ਇਤਿਹਾਸਕ ਕਾਵਿ ਦੀ ਸਭ ਤੋਂ ਉੱਤਮ ਵੰਨਗੀ ਗਿਆਨੀ ਗਿਆਨ ਸਿੰਘ ਦੇ ਅਠਾਈ ਕਬਿੱਤਾਂ ਨੂੰ ਮੰਨਿਆ ਜਾ ਸਕਦਾ ਹੈ। ਇਨ੍ਹਾਂ ਕਬਿੱਤਾਂ ਵਿਚ ਕਵੀ ਨੇ ਨਾਮਧਾਰੀ ਗੁਰੂ ਬਾਲਕ ਸਿੰਘ ਅਤੇ ਗੁਰੂ ਰਾਮ ਸਿੰਘ ਦੇ ਜੀਵਨ-ਇਤਿਹਾਸ ਨੂੰ ਪੇਸ਼ ਕੀਤਾ ਹੈ। ਇਸ ਦੇ ਨਾਲ ਹੀ ਨਾਮਧਾਰੀ ਲਹਿਰ ਦੀਆਂ ਮੁੱਢਲੀਆਂ ਤੇ ਮਹੱਤਵਪੂਰਨ ਇਤਿਹਾਸਕ ਘਟਨਾਵਾਂ ਨੂੰ ਵੀ ਸਿਲਸਿਲੇਵਾਰ ਪੇਸ਼ ਕੀਤਾ ਗਿਆ ਹੈ। ਇਸ ਕਵਿਤਾ ਦੇ ਅਧਿਐਨ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਨਾਮਧਾਰੀ ਲਹਿਰ ਵਿਚ ਗੁਰੂ ਗੋਬਿੰਦ ਸਿੰਘ ਜੀ ਤੋਂ ਮਗਰੋਂ ਗੁਰੂ ਬਾਲਕ ਸਿੰਘ ਨੂੰ ਗਿਆਰ੍ਹਵਾਂ ਗੁਰੂ ਮੰਨਿਆ ਗਿਆ ਹੈ ਅਤੇ ਉਨ੍ਹਾਂ ਦੇ ਜੀਵਨ ਦੇ ਕੁਝ ਇਤਿਹਾਸਕ ਵੇਰਵਿਆਂ ਨੂੰ ਅਭਿਵਿਅਕਤ ਕੀਤਾ ਗਿਆ ਹੈ। ਗਿਆਨੀ ਗਿਆਨ ਸਿੰਘ ਆਪਣੇ ਗ੍ਰੰਥ ਪੰਥ ਪ੍ਰਕਾਸ਼ ਵਿਚ ਗੁਰੂ ਬਾਲਕ ਸਿੰਘ ਬਾਰੇ ਇਸ ਤਰ੍ਹਾਂ ਲਿਖਦੇ ਹਨ:

ਨਾਮ ਸਿੰਘ ਬਾਲਕ ਪੈ ਪਾਲਕ ਪਿਗੰਬਰੋ ਕੇ,
ਅੰਬਰੋ ਕੇ ਮਾਲਕ ਅਡੰਬਰੋਂ ਕੇ ਤਯਾਗੀ ਹੈਂ।
ਭਾਲਕ ਰਖੈਹੋਂ ਏਕ ਖਾਲਕ ਸੈ ਸਾਲਕ ਸੋ
ਗਲਕ ਬਿਕਾਰਨ ਕੇ ਚਾਲਕ ਵਿਰਾਗੀ ਹੈ।[18]

ਏਸੇ ਤਰ੍ਹਾਂ ਹੀ ਇਸ ਕਵੀ ਨੇ ਆਪਣੇ ਰਚੇ ਹੋਏ ਕਬਿੱਤ ਨੰਬਰ ਚਾਰ ਵਿਚ ਵੀ ਗੁਰੂ ਬਾਲਕ ਸਿੰਘ ਦੀ ਉਸਤਤ ਕਰਦੇ ਹੋਏ ਉਨ੍ਹਾਂ ਦੇ ਜੀਵਨ ਨਾਲ ਸੰਬੰਧਿਤ ਕੁਝ ਇਤਿਹਾਸਕ ਵੇਰਵਿਆਂ ਦੀ ਪੇਸ਼ਕਾਰੀ ਕੀਤੀ ਹੈ। ਉਸ ਨੇ ਗੁਰੂ ਬਾਲਕ ਸਿੰਘ ਜੀ ਦੁਆਰਾ ਹਜ਼ਰੋ ਪਿੰਡ ਵਿਚ ਰਹਿੰਦਿਆਂ ਆਮ ਲੋਕਾਂ ਨੂੰ ਸਿੱਖ-ਰਹਿਤ ਮਰਿਯਾਦਾ ਦੀ ਵਿਆਖਿਆ ਕਰਕੇ ਸਿੱਖ ਧਰਮ ਵੱਲ ਪ੍ਰੇਰਿਤ ਕਰਨ ਦਾ ਵਰਣਨ ਕੀਤਾ ਹੈ। ਕਵੀ ਲਿਖਦਾ ਹੈ:

ਸੰਮਤ ਪਚਾਸੀਏ ਮੈਂ ਹਜਰੋ ਗਰਾਮ ਮਾਂਹਿ
ਭਾਈ ਤਾਂਹਿ ਕੇ ਦੁਕਾਨ ਆਇ ਤਹਾਂ ਜੋ ਕਈ।
ਯਾਂਹਿ ਹੇਤ ਬਾਲਕ ਮ੍ਰਿਗੇਸ ਹੀ ਬਿਬੇਸ ਤਹਾਂ
ਆਇ ਕੈ ਨਿਵਾਸ ਕੀਨ ਕ੍ਰਿਤ ਕਰਿ ਕੈ ਖਾਈ।
ਤਾਂਹਿ ਕੇ ਪ੍ਰਤਾਪ ਕਰਿ ਹਜਰੋ ਅਮਾਪ ਵਰ
ਤਯੋ ਸਮ ਔਧ ਤਰ ਮੰਦਤਾ ਬਿਲੈ ਗਾਈ।
ਭਏ ਲੋਗ ਬਡ ਭਾਗੀ ਭਗਤੀ ਮੈਂ ਮਤਿ ਪਾਗੀ
ਸੰਤ ਸੰਗ ਮਾਂਹਿ ਜਾਗੀ ਸੰਤ ਸੇਵ ਹੂੰ ਠਈ।[19]

ਨਾਮਧਾਰੀ ਕਵਿਤਾ ਗੁਰੂ ਰਾਮ ਸਿੰਘ ਦੇ ਜੀਵਨ ਨਾਲ ਸੰਬੰਧਿਤ ਵਿਭਿੰਨ ਵੇਰਵਿਆਂ ਨੂੰ ਬੜੇ ਵਿਸਤਾਰ ਸਹਿਤ ਪੇਸ਼ ਕਰਦੀ ਹੈ। ਇਸ ਕਵਿਤਾ ਵਿਚ ਗੁਰੂ ਰਾਮ ਸਿੰਘ ਦੇ ਜਨਮ ਅਤੇ ਮੁਢਲੇ ਜੀਵਨ ਤੋਂ ਲੈ ਕੇ ਉਨ੍ਹਾਂ ਨੂੰ ਜਲਾਵਤਨ ਕੀਤੇ ਜਾਣ ਤਕ ਦੀਆਂ ਘਟਨਾਵਾਂ ਨੂੰ ਸਿਲਸਿਲੇਵਾਰ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਦੀ ਜਨਮ ਮਿਤੀ, ਜਨਮ ਸਥਾਨ ਅਤੇ ਮਾਤਾ ਪਿਤਾ ਆਦਿ ਬਾਰੇ ਇਤਿਹਾਸਕ ਤੱਥਾਂ ਸਹਿਤ ਉਨ੍ਹਾਂ ਦੇ ਜਨਮ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਸੰਦਰਭ ਵਿਚ ਗਿਆਨੀ ਗਿਆਨ ਸਿੰਘ ਦੁਆਰਾ ਰਚਿਤ ਨਿਮਨਅੰਕਿਤ ਕਾਵਿ-ਸਤਰਾਂ ਦਾ ਅਧਿਐਨ ਕੀਤਾ ਜਾ ਸਕਦਾ ਹੈ:

ਸੋਈ ਨੇਤਿ ਫੁਰੀ ਆਇ ਸੰਮਤ ਬਹੱਤ੍ਰੇ ਮੈਂ
ਮਾਘ ਸੁਦੀ ਪੰਚਮੀ ਸਵੇਰੇ ਗੁਰ ਵਾਰ ਕੈ।

ਜ਼ਿਲੇ ਲੁਦਿਹਾਨੇ ਗਾਮ ਭੈਣੀ ਨਾਮ ਜਾਣੇ ਆਮ
ਅਵਤਰੇ ਸਿੰਘ ਰਾਮ ਕਲਮਲੈਂ ਟਾਰ ਕੈ।
ਜਾਤਿ ਤਰਖਾਨ ਜੱਸੇ ਨਾਮ ਕੇ ਅਵੱਸੇ ਘਰ
ਸੱਦਾਂ ਮਾਤ ਸੈਂ ਪ੍ਰਕਾਸ਼ੇ ਨਾਮ ਪਰਚਾਰ ਕੈ।
ਬਾਲਕ ਹੀ ਧਨ ਸੈਂ ਥੀ ਈਸ਼੍ਵਰ ਕੋ ਮਨ ਸੈਂਥੇ
ਧਯਾਵਤੇ ਸ ਗਨ ਸੈਂ ਥੇ ਜਨੋ ਕੋ ਸੁਧਾਰ ਕੈ।[20]

ਇਨ੍ਹਾਂ ਸਤਰਾਂ ਦੇ ਕਵੀ ਨੇ ਗੁਰੂ ਰਾਮ ਸਿੰਘ ਦੇ ਜਨਮ ਨਾਲ ਸੰਬੰਧਿਤ ਤੱਥਮੂਲਕ ਵੇਰਵਿਆਂ ਨੂੰ ਅਭਿਵਿਅਕਤ ਕੀਤਾ ਹੈ। ਗੁਰੂ ਰਾਮ ਸਿੰਘ ਜੀ ਦੇ ਜਨਮ ਨਾਲ ਸੰਬੰਧਿਤ ਇਤਿਹਾਸਕ ਤੱਥਾਂ ਨੂੰ ਪੇਸ਼ ਕਰਨ ਦੇ ਨਾਲ-ਨਾਲ ਇਸ ਕਵਿਤਾ ਵਿਚ ਉਨ੍ਹਾਂ ਦੁਆਰਾ ਖ਼ਾਲਸਾ ਫ਼ੌਜ ਦੀ ਕੰਵਰ ਨੌਨਿਹਾਲ ਰੈਜਮੈਂਟ ਵਿਚ ਨੌਕਰੀ ਕਰਨ ਬਾਰੇ ਵੀ ਜ਼ਿਕਰ ਕੀਤਾ ਗਿਆ ਹੈ। ਮਹਾਰਾਜਾ ਰਣਜੀਤ ਸਿੰਘ ਦੁਆਰਾ ਸਥਾਪਿਤ ਇਸ ਰੈਜਮੈਂਟ ਵਿਚ ਨੌਕਰੀ ਕਰਨ ਦਾ ਹਵਾਲਾ ਨਿਮਨਅੰਕਿਤ ਕਾਵਿ ਸਤਰਾਂ ਵਿਚ ਮਿਲਦਾ ਹੈ, ਜਿਨ੍ਹਾਂ ਦੀ ਰਚਨਾ ਗਿਆਨੀ ਗਿਆਨ ਸਿੰਘ ਨੇ ਕੀਤੀ ਹੈ:

ਬਡੇ ਥਾਇ ਜਾਇ ਕੈ ਲਹੌਰ ਪਲਟਨ ਮਾਂਹਿ,
ਠਾਨ ਲੀਨ ਨੌਕਰੀ ਪਛਾਨ ਕੈ ਸੁਕ੍ਰਿਤ ਹੈ।
ਬਾਨੀ ਗੁਰ ਕੀ ਪਢੈ ਹੈਂ ਭਜਨ ਕਰੈ ਹੈ
ਚੈ ਹੈਂ ਰਹਿਨੋ ਇਕੰਤ ਦੈਹੈਂ ਆਜਜ਼ੇ ਕੋ ਬਿੱਤ ਹੈ।
ਸੰਮਤ ਅਠਾਰਾਂ ਸੌ ਅਠਾਨਵੇਂ ਮੈਂ ਪਲਟਨ
ਗਈ ਥੀ ਸੋ ਹਜਰੋ ਮੈਂ, ਰਾਜ ਕਾਜ ਹਿਤ ਹੈ।
ਸੰਤਨ ਕੇ ਮਿਲਬੇ ਕਾ ਸੌਕ ਥਾ ਮਹਾਨ
ਰਾਮ ਸਿੰਘ ਦਰਸਾਤੋ ਯਾਂ ਤੈ ਜਾਇ ਜਿਤ ਕਿਤ ਹੈ।[21]

ਏਸੇ ਤਰ੍ਹਾਂ ਹੀ ਕਵੀ ਗੁਰਦੇਵ ਸਿੰਘ ਰਾਏ ਵੀ ਗੁਰੂ ਰਾਮ ਸਿੰਘ ਦੇ ਖ਼ਾਲਸਾ ਸੈਨਾ ਵਿਚ ਭਰਤੀ ਹੋਣ ਦੀ ਘਟਨਾ ਨੂੰ ਇਤਿਹਾਸਕ ਤੱਥਾਂ ਸਹਿਤ ਅਭਿਵਿਅਕਤ ਕਰਦਾ ਹੋਇਆ ਲਿਖਦਾ ਹੈ:

ਸੰਨ ਠਾਰਾਂ ਸੌ ਛੱਤੀ
ਚੜ੍ਹਿਆ ਆਪਣੀ ਚਾਲ।
ਵੀਹ ਸਾਲਾਂ ਦਾ ਰਾਮ ਸਿੰਘ
ਪੂਰਾ ਜਾਹੁ ਜਲਾਲ।
ਪੁੱਜਾ ਵਿਚ ਲਾਹੌਰ ਦੇ
ਕਾਬਲ ਸਿੰਘ ਸੀ ਨਾਲ।
ਭਰਤੀ ਹੋਇਆ ਫ਼ੌਜ ਵਿਚ
ਲਿਖਿਆ ਗਿਆ ਹਵਾਲ।
ਫ਼ੌਜ ਖਾਲਸਾ ਨੌਕਰੀ
ਰਜਮੰਟ ਨੌਨਿਹਾਲ।[22]

ਨਾਮਧਾਰੀ ਲਹਿਰ ਦੇ ਇਤਿਹਾਸ ਅਨੁਸਾਰ ਗੁਰੂ ਰਾਮ ਸਿੰਘ ਵੀਹ ਬਾਈ ਸਾਲ ਦੀ ਉਮਰ ਵਿਚ ਆਪਣੇ ਭਣਵਈਏ ਕਾਬਲ ਸਿੰਘ ਨਾਲ ਨੌਨਿਹਾਲ ਰੈਜਮੈਂਟ ਵਿਚ ਭਰਤੀ

ਹੋਏ ਸਨ। ਇਥੇ ਨੌਕਰੀ ਦੇ ਦੌਰਾਨ ਹੀ ਇਕ ਦਿਨ ਪਿਸ਼ਾਵਰ ਜਾਂਦਿਆਂ ਉਨ੍ਹਾਂ ਦਾ ਮੇਲ ਹਜ਼ਰੋ ਨਿਵਾਸੀ ਬਾਬਾ ਬਾਲਕ ਸਿੰਘ ਨਾਲ ਹੋਇਆ, ਜਿਨ੍ਹਾਂ ਦੇ ਉਪਦੇਸ਼ ਨਾਲ ਆਪ ਨੇ ਆਪਣਾ ਜੀਵਨ ਸਿੱਖੀ-ਸਿੱਧਾਂਤਾਂ ਨੂੰ ਪੁਨਰ-ਸੁਰਜੀਤ ਕਰਨ ਦੇ ਉਦੇਸ਼ ਨੂੰ ਸਮਰਪਿਤ ਕਰ ਦਿੱਤਾ। ਇਸੇ ਉਦੇਸ਼ ਅਧੀਨ ਉਨ੍ਹਾਂ ਨੇ ਸੰਤ ਖ਼ਾਲਸਾ ਦੀ ਸਿਰਜਣਾ ਕੀਤੀ। ਨਾਮਧਾਰੀ ਕਵਿਤਾ ਦਾ ਅਧਿਐਨ ਕਰਦਿਆਂ ਗੁਰੂ ਰਾਮ ਸਿੰਘ ਦੁਆਰਾ 'ਸੰਤ ਖ਼ਾਲਸੇ' ਦੀ ਸਿਰਜਣਾ ਦੀ ਇਤਿਹਾਸਕ ਘਟਨਾ ਦਾ ਵੀ ਵਿਸਤ੍ਰਿਤ ਵਰਣਨ ਕੀਤਾ ਗਿਆ ਦ੍ਰਿਸ਼ਟੀਗੋਚਰ ਹੁੰਦਾ ਹੈ। ਨਾਮਧਾਰੀ ਕਵੀਆਂ ਨੇ 'ਸੰਤ ਖ਼ਾਲਸੇ' ਦੀ ਸਿਰਜਣਾ ਨੂੰ ਵਿਭਿੰਨ ਪੱਖਾਂ ਤੋਂ ਅਤੇ ਇਤਿਹਾਸਕ ਤੱਥਾਂ ਸਹਿਤ ਪੇਸ਼ ਕੀਤਾ ਹੈ। ਨਿਮਨਅੰਕਿਤ ਕਾਵਿ-ਸਤਰਾਂ ਵਿਚ ਇਤਿਹਾਸਕ ਮਹੱਤਵ ਵਾਲੀ ਘਟਨਾ ਦੀ ਪੇਸ਼ਕਾਰੀ ਧਿਆਨ ਦੇਣਯੋਗ ਹੈ:

ਸਮਾਂ ਸੁਹੇਲਾ ਆ ਗਿਆ
ਗੁਰੂ ਬਾਲਕ ਦਾ ਫਰਮਾਨ।
ਸੰਤ ਖਾਲਸਾ ਸਾਜ ਕੇ
ਪ੍ਰਗਟੀ ਜੋਤ ਮਹਾਨ।
ਸਮਾਂ ਸੁਹੇਲਾ ਆ ਗਿਆ
ਪੂਰਬ ਵਿਸਾਖੀ ਜਾਣ।
ਸੰਤ ਖਾਲਸਾ ਸਿਰਜਿਆ
ਸਤਿਗੁਰ ਜਾਣੀ-ਜਾਣ।
ਅਬਚਲ ਨਗਰੋਂ ਪਰਤ ਕੇ
ਰਾਏ ਸਿੰਘ ਦਸੀ ਰੀਤ।
ਅੰਮ੍ਰਿਤ ਪਾਹੁਲ ਪਿਆਲ ਕੇ
ਜੋ ਖੰਡੇ ਦੀ ਰੀਤ।
ਕੰਨ ਵਿਚ ਮੰਤਰ ਫੂਕਿਆ
ਅੰਤਰਯਾਮੀ ਆਪ।

ਅੰਮ੍ਰਿਤ ਵੇਲੇ ਉਠ ਕੇ
ਕਰ ਸਕੇਸ਼ ਇਸ਼ਨਾਨ।
ਊਨੀ ਮਾਲਾ ਪਕੜ ਕੇ
ਜਪਣ ਗੁਰੂ ਦਾ ਨਾਮ।[23]

ਨਾਮਧਾਰੀ ਇਤਿਹਾਸ ਦੀ ਇਸ ਮਹੱਤਵਪੂਰਨ ਘਟਨਾ ਦੀ ਪੇਸ਼ਕਾਰੀ ਕਰਦੇ ਹੋਏ ਕਵੀਆਂ ਨੇ ਇਸ ਦੇ ਪਿਛੋਕੜ ਵਿਚ ਵਾਪਰੀਆਂ ਇਤਿਹਾਸਕ ਘਟਨਾਵਾਂ ਨੂੰ ਵੀ ਕਾਵਿਬੱਧ ਕੀਤਾ ਹੈ, ਜਿਵੇਂ ਕਿ ਸੰਤ ਖ਼ਾਲਸੇ ਦੀ ਸਾਜਨਾ ਤੋਂ ਪਹਿਲਾਂ ਨਾਮਧਾਰੀ ਗੁਰੂ ਦਾ ਆਪਣੇ ਸੇਵਕ ਰਾਇ ਸਿੰਘ ਨੂੰ ਹਜ਼ੂਰ ਸਾਹਿਬ ਭੇਜ ਕੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਥਾਪਤ ਰਹਿਤ-ਮਰਿਯਾਦਾ ਸੰਬੰਧੀ ਜਾਣਕਾਰੀ ਮੰਗਵਾਉਣਾ ਅਤੇ ਗੁਰੂ ਬਾਲਕ ਸਿੰਘ ਦਾ ਆਪ ਨੂੰ ਸਿੱਖੀ ਫ਼ਲਸਫ਼ੇ ਤੇ ਸਿੱਖੀ ਜੀਵਨ-ਜਾਚ ਨੂੰ ਮੁੜ ਸੁਰਜੀਤ ਕਰਨ ਦਾ ਉਪਦੇਸ਼ ਦੇਣਾ ਆਦਿ। ਇਸ ਸੰਦਰਭ ਵਿਚ ਗਿਆਨੀ ਗਿਆਨ ਸਿੰਘ ਦੁਆਰਾ ਰਚਿਤ ਨਿਮਨਅੰਕਿਤ ਕਾਵਿ-ਸਤਰਾਂ ਅਧਿਐਨਯੋਗ ਹਨ:

ਪਾਇ ਇਹੁ ਹੁਕਮ ਪ੍ਰਮੇਸ ਕਾ ਬਿਬੇਸ ਫਿਰ
ਰਾਮ ਮ੍ਰਿਗੇਸ ਉਪਦੇਸ਼ ਦੇਨ ਲਾਗਿਓ।
ਹੁੱਕੇ ਛੁਡਵਾਏ ਰਖਵਾਏ ਕੇਸ ਮੋਨਿਓਂ ਕੇ
ਸੁਧਾ ਛਕ ਥਾਇ ਸਿਖ ਭਾਗ ਜਿਨੈ ਜਾਗਿਓ।
ਫੈਲਯੋ ਜਸ ਭਾਰੀ ਸਿਖ ਥੀਏ ਤਾਂਹਿ ਕੇ ਅਪਾਰੀ
ਸਿੰਘ ਪੰਥ ਬਿਰਧਾਇਓ ਨਾਮ ਰਸ ਪਾਗਿਓ।
ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਜਾਰੀ
ਠੱਗੀ ਤਜਿ ਥੀਏ ਸੰਤ ਸਤਿਜੁਗ ਆ ਗਿਓ।[24]

ਉਪਰੋਕਤ ਸਤਰਾਂ ਦੇ ਅਧਿਐਨ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਕਵੀ ਤਤਕਾਲੀਨ ਸਥਿਤੀ ਨੂੰ ਇਤਿਹਾਸਕ ਦ੍ਰਿਸ਼ਟੀ ਤੋਂ ਪੇਸ਼ ਕਰ ਰਿਹਾ ਹੈ। ਉਸ ਅਨੁਸਾਰ ਗੁਰੂ ਰਾਮ ਸਿੰਘ ਜੀ ਦੁਆਰਾ ਸੰਤ ਖ਼ਾਲਸੇ ਦੀ ਸਾਜਨਾ ਕਰਨ ਨਾਲ ਨਾਮਧਾਰੀ-ਸਮਾਜ ਵਿਚੋਂ ਸਾਰੀਆਂ ਆਚਰਣਕ ਤੇ ਸਮਾਜਕ ਬੁਰਾਈਆਂ ਦੇ ਖ਼ਾਤਮੇ ਦਾ ਮੁੱਢ ਬੱਝ ਗਿਆ। ਗੁਰੂ ਰਾਮ ਸਿੰਘ ਜੀ ਨੇ ਆਪਣੇ ਪੈਰੋਕਾਰਾਂ ਨੂੰ ਸਾਦੀ ਅਤੇ ਪਵਿੱਤਰ ਰਹਿਣੀ-ਬਹਿਣੀ ਦੇ ਧਾਰਨੀ ਬਣਾਇਆ ਅਤੇ ਉਨ੍ਹਾਂ ਦੇ ਆਚਰਣ ਦੀ ਸ਼ੁੱਧਤਾ ਉਪਰ ਵਿਸ਼ੇਸ਼ ਧਿਆਨ ਦਿੱਤਾ।

ਨਾਮਧਾਰੀ ਕਵਿਤਾ ਵਿਚ ਗੁਰੂ ਰਾਮ ਸਿੰਘ ਜੀ ਦੁਆਰਾ ਆਪਣਾ ਵੱਖਰਾ ਸ਼ਾਸਨ-ਪ੍ਰਬੰਧ ਸਥਾਪਿਤ ਕਰਨ ਦੇ ਇਤਿਹਾਸਕ ਮਹੱਤਵ ਵਾਲੇ ਕਾਰਜ ਦਾ ਵੀ ਪ੍ਰਸੰਸਾਤਮਕ ਵਰਣਨ ਹੋਇਆ ਮਿਲਦਾ ਹੈ। ਉਨ੍ਹਾਂ ਦੁਆਰਾ ਸਾਰੇ ਪੰਜਾਬ ਨੂੰ ਬਾਈ ਸੂਬਿਆਂ ਵਿਚ ਵੰਡ ਕੇ ਉਨ੍ਹਾਂ ਦੇ ਮੁਖੀ ਨਿਯੁਕਤ ਕਰਨ ਦੀ ਸਾਰੀ ਪ੍ਰਕਿਰਿਆ ਦਾ ਇਸ ਕਵਿਤਾ ਵਿਚ ਇਤਿਹਾਸਕ ਦ੍ਰਿਸ਼ਟੀ ਤੋਂ ਪ੍ਰਗਟਾਵਾ ਹੋਇਆ ਹੈ। ਇਸ ਕਵਿਤਾ ਅਨੁਸਾਰ ਗੁਰੂ ਜੀ ਆਪਣੀ ਨੀਤੀ ਅਨੁਸਾਰ ਭਗਤੀ ਅਤੇ ਸ਼ਕਦੀ ਦਾ ਸੁਮੇਲ ਪੈਦਾ ਕਰਕੇ ਦੇਸ਼ ਨੂੰ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਆਜ਼ਾਦ ਕਰਾਉਣਾ ਚਾਹੁੰਦੇ ਸਨ। ਇਸ ਲਈ ਉਹ ਆਮ ਜਨਤਾ ਨੂੰ ਵਿਦੇਸ਼ੀ ਗ਼ੁਲਾਮੀ ਵਿਰੁੱਧ ਜਾਗ੍ਰਿਤ ਕਰਨ ਅਤੇ ਇਕਮੁੱਠ ਕਰਨ ਲਈ ਯਤਨਸ਼ੀਲ ਹੋਏ। ਉਨ੍ਹਾਂ ਨੇ ਆਪਣੀਆਂ ਰਾਜਨੀਤਿਕ, ਧਾਰਮਿਕ ਅਤੇ ਸਮਾਜਕ ਨੀਤੀਆਂ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਅੰਗਰੇਜ਼ੀ ਸ਼ਾਸਨ-ਪ੍ਰਬੰਧ ਦੇ ਸਮਾਨਾਂਤਰ ਆਪਣਾ ਵੱਖਰਾ ਸੂਬਾਂ-ਪ੍ਰਬੰਧ ਸਥਾਪਿਤ ਕੀਤਾ, ਜਿਸ ਬਾਰੇ ਕਿਰਪਾਲ ਸਿੰਘ ਕਸੇਲ ਨੇ ਇਸ ਤਰ੍ਹਾਂ ਲਿਖਿਆ ਹੈ:

ਸਤਿਗੁਰ ਰਾਹ ਵਿਖਾਲਿਆ
ਜਗੀ ਆਜ਼ਾਦੀ ਜੋਤ।
ਇਹੋ ਭੈਣੀ ਬਣ ਗਿਆ
ਸੁਤੰਤਰਤਾ ਦਾ ਸ੍ਰੋਤ।
ਸਤਿਗੁਰ ਸੂਬੇ ਥਾਪ ਕੇ
ਵੰਡਿਆ ਨਾਮ ਸੰਦੇਸ਼।
ਸੁੱਤੀ ਜਨਤਾ ਜਾਗ ਪਈ
ਸੁਤੰਤਰ ਕਰਨਾ ਦੇਸ਼।[25]

ਗੁਰੂ ਰਾਮ ਸਿੰਘ ਜੀ ਦੁਆਰਾ ਸਥਾਪਿਤ ਇਸ ਸੂਬਾਂ-ਪ੍ਰਬੰਧ ਦਾ ਇਤਿਹਾਸਕ ਮਹੱਤਵ ਉਜਾਗਰ ਕਰਦੇ ਹੋਏ ਉਨ੍ਹਾਂ ਦਾ ਸਮਕਾਲੀ ਕਵੀ ਗਿਆਨੀ ਗਿਆਨ ਸਿੰਘ ਲਿਖਦਾ ਹੈ:

ਦੇਸਨ ਮੈ ਧੂੰਮ ਮਾਚੀ ਸਾਚੀ ਇਸ ਤਾਂਹਿ ਤਬਿ,
ਆਵੈਂ ਲੋਗ ਸਿੱਖ ਬਾਣੈਂ ਅਜ਼ਮਾਵੈਂ ਤੈਸ ਹੀ।
ਮਾਲਵੇ ਦੁਆਬੇ ਮਾਝੇ ਪੋਠੋਹਾਰ ਤੇ ਅਪਾਰ
ਥੀਏ ਸਿਖ ਬੇਸ਼ੁਮਾਰ ਤੀਨ ਤਾਖ ਐਸ ਹੀ।
ਸੂਬੇ ਕੀਨੇ ਬਾਈ ਤਿਨ ਅਕਬਰ ਸ਼ਾਹਿ ਨਿਆਈ।[26]

ਸੂਬਾ-ਪ੍ਰਬੰਧ ਕਾਇਮ ਕਰਨ ਦੀ ਇਤਿਹਾਸਕ ਘਟਨਾ ਨਾਲ ਸੰਬੰਧਿਤ ਕਵਿਤਾ ਦੇ ਅਧਿਐਨ ਤੋਂ ਸਪੱਸ਼ਟ ਹੈ ਕਿ ਗੁਰੂ ਰਾਮ ਸਿੰਘ ਜੀ ਨੇ ਅਕਬਰ ਵਰਗਾ ਸ਼ਾਸਨ-ਪ੍ਰਬੰਧ ਕਾਇਮ ਕਰਨ ਲਈ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚ ਬਾਈ ਸੂਬੇ ਸਥਾਪਿਤ ਕੀਤੇ। ਇਨ੍ਹਾਂ ਸੂਬਿਆਂ ਨੇ ਗੁਰੂ ਜੀ ਦੇ ਵਿਚਾਰਾਂ ਅਤੇ ਉਪਦੇਸ਼ਾਂ ਨੂੰ ਆਮ ਜਨਤਾ ਤਕ ਫੈਲਾਇਆ ਅਤੇ ਲੋਕਾਂ ਵਿਚ ਦੇਸ਼-ਭਗਤੀ ਦੇ ਜਜ਼ਬੇ ਦਾ ਪ੍ਰਚਾਰ ਵੀ ਕੀਤਾ। ਉਨ੍ਹਾਂ ਦੇ ਯਤਨਾਂ ਦੇ ਫ਼ਲਸਰੂਪ ਸਮੁੱਚੇ ਪੰਜਾਬ ਵਿਚ ਨਾਮਧਾਰੀ ਪੈਰੋਕਾਰਾਂ ਦੀ ਗਿਣਤੀ ਤਿੰਨ ਲੱਖ ਤਕ ਹੋ ਗਈ। ਇਹ ਤੱਥ ਵੀ ਨਾਮਧਾਰੀ ਕਵਿਤਾ ਦੇ ਅਧਿਐਨ ਤੋਂ ਉਜਾਗਰ ਹੁੰਦਾ ਹੈ।

ਨਾਮਧਾਰੀ ਲਹਿਰ ਦੀ ਕਵਿਤਾ ਵਿਚ ਗੁਰੂ ਰਾਮ ਸਿੰਘ ਜੀ ਦੁਆਰਾ ਅੰਗਰੇਜ਼ ਸਰਕਾਰ ਦੇ ਖਿਲਾਫ਼ ਸ਼ੁਰੂ ਕੀਤੀ ਗਈ ਨਾ-ਮਿਲਵਰਤਨ ਦੀ ਅਤੇ ਸਵਦੇਸ਼ੀ ਦੀ ਨੀਤੀ ਦਾ ਵੀ ਇਤਿਹਾਸਕ ਦ੍ਰਿਸ਼ਟੀ ਤੋਂ ਵਰਣਨ ਕੀਤਾ ਗਿਆ ਹੈ। ਅੰਗਰੇਜ਼ ਸਰਕਾਰ ਪ੍ਰਤਿ ਨਾ-ਮਿਲਵਰਤਨ ਦੀ ਨੀਤੀ ਅਧੀਨ ਗੁਰੂ ਜੀ ਨੇ ਅੰਗਰੇਜ਼ਾਂ ਦੇ ਸ਼ਾਸਨ-ਪ੍ਰਬੰਧ, ਅਦਾਲਤਾਂ, ਸਕੂਲਾਂ, ਡਾਕਖਾਨਿਆਂ, ਰੇਲਾਂ, ਸੜਕਾਂ, ਨਹਿਰਾਂ ਅਤੇ ਵਿਦੇਸ਼ੀ ਵਸਤਰਾਂ ਦਾ ਬਾਈਕਾਟ ਕੀਤਾ ਜਿਸ ਦਾ ਪ੍ਰਗਟਾਵਾ ਨਾਮਧਾਰੀ ਕਵਿਤਾ ਵਿਚ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਕੀਤਾ ਗਿਆ ਹੈ। ਗੁਰੂ ਰਾਮ ਸਿੰਘ ਜੀ ਦੀ ਨਾ-ਮਿਲਵਰਤਨ ਦੀ ਨੀਤੀ ਦੀ ਇਸ ਕਵਿਤਾ ਵਿਚ ਵਿਭਿੰਨ ਜੁਗਤਾਂ ਰਾਹੀਂ ਪੇਸ਼ਕਾਰੀ ਹੋਈ ਹੈ। ਮਿਸਾਲ ਵਜੋਂ ਗੁਰਦੇਵ ਸਿੰਘ ਰਾਏ ਲਿਖਦਾ ਹੈ:

ਨਾਮਧਾਰੀ ਸਿਖ ਜਗਤ ਨੂੰ ਨੀਤੀ ਸਮਝਾਈ।
ਨਾ-ਮਿਲਵਰਤਣ ਲਹਿਰ ਦੀ ਉਸ ਲੀਹ ਦਰਸਈ।
ਮਿਸ਼ਨ ਸਕੂਲੀ ਵਿਦਿਆ ਦੀ ਕਰੀ ਮਨਾਹੀ।
ਜਾਂਦਾ ਸੀ ਪਰਚਾਰਿਆ ਉਥੇ ਧਰਮ ਈਸਾਈ।
..... ਵਿਚ ਫਰੰਗੀ ਅਦਾਲਤਾਂ ਨਾ ਜਾਵੋ ਭਾਈ।
ਨਾ ਹੀ ਪਰਖੀ ਜਾਵਦੀ ਉਥੇ ਸਚਿਆਈ।
ਬਣੀਆਂ ਕੂਕਾਂ ਅਦਾਲਤਾਂ ਪੰਚਾਇਤ ਨਿਆਈਂ।
ਚੜ੍ਹਨਾ ਨਹੀਂ ਰੇਲ ਗੱਡੀਆਂ ਵਿਚ ਆਵਾਜਾਈ।
ਡਾਕ ਤਾਰ ਸਰਕਾਰ ਦਾ ਸਭ ਖਪ ਖਪਾਈ।
ਕੂਕਾ ਡਾਕ ਪ੍ਰਬੰਧ ਦੀ ਕੀਤੀ ਪਕਿਆਈ।
ਹੁੰਦੀ ਨਾ ਸਰਕਾਰ ਨੂੰ ਇਉਂ ਟੈਕਸ ਕਮਾਈ।
ਨਾ ਸਰਕਾਰੀ ਨੌਕਰੀ ਤੁਸਾਂ ਕਰਨੀ ਕਾਈ।[27]

ਉਪਰ ਅੰਕਿਤ ਕਾਵਿ-ਪੰਗਤੀਆਂ ਨਾਮਧਾਰੀ ਗੁਰੂ ਦੀ ਨਾ-ਮਿਲਵਰਤਨ ਦੀ ਨੀਤੀ ਦੇ ਇਤਿਹਾਸਕ ਮਹੱਤਵ ਨੂੰ ਬੜੀ ਸਪੱਸ਼ਟ ਅਤੇ ਸਰਲ ਸ਼ੈਲੀ ਵਿਚ ਉਜਾਗਰ ਕਰਦੀਆਂ ਹਨ। ਗੁਰੂ ਜੀ ਨੇ ਇਸ ਨੀਤੀ ਦੇ ਜਿਹੜੇ ਆਧਾਰ-ਸੰਕਲਪ ਬਣਾਏ ਸਨ,

ਉਨ੍ਹਾਂ ਨੂੰ ਇਸ ਕਵਿਤਾ ਵਿਚ ਪੂਰੀ ਸਪਸ਼ਟਤਾ ਸਹਿਤ ਅਤੇ ਤਰਤੀਬਵਾਰ ਪੇਸ਼ ਕੀਤਾ ਗਿਆ ਹੈ।

ਨਾਮਧਾਰੀ ਕਵਿਤਾ ਵਿਚ ਗੁਰੂ ਰਾਮ ਸਿੰਘ ਜੀ ਦੁਆਰਾ ਕੀਤੇ ਗਏ ਮਹੱਤਵਪੂਰਨ ਪ੍ਰਚਾਰ-ਦੌਰਿਆਂ ਨੂੰ ਵੀ ਵਿਸ਼ੈ ਬਣਾਇਆ ਗਿਆ ਹੈ। ਨਾਮਧਾਰੀ ਲਹਿਰ ਦੇ ਇਤਿਹਾਸ ਦੇ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਗੁਰੂ ਰਾਮ ਸਿੰਘ ਜੀ ਨੇ ਲੋਕਾਂ ਨੂੰ ਅੰਗਰੇਜ਼ ਸਰਕਾਰ ਦੀਆਂ ਨੀਤੀਆਂ ਤੋਂ ਜਾਣੂ ਕਰਾਉਣ ਲਈ ਆਨੰਦਪੁਰ ਸਾਹਿਬ, ਦਮਦਮਾ ਸਾਹਿਬ, ਅੰਮ੍ਰਿਤਸਰ, ਮੁਕਤਸਰ ਸਾਹਿਬ ਆਦਿ ਗੁਰਧਾਮਾਂ ਦੇ ਪ੍ਰਚਾਰ-ਦੌਰੇ ਕੀਤੇ। ਇਹ ਪ੍ਰਚਾਰ-ਦੌਰੇ ਭਾਵੇਂ ਸਤਹੀ ਪੱਧਰ 'ਤੇ ਧਾਰਮਿਕ ਪ੍ਰਚਾਰ ਦੀ ਦਿੱਖ ਵਾਲੇ ਸਨ, ਪਰੰਤੂ ਗਹਿਨ ਪੱਧਰ 'ਤੇ ਇਨ੍ਹਾਂ ਦਾ ਮਨੋਰਥ ਆਮ ਲੋਕਾਂ ਨੂੰ ਨਾਮਧਾਰੀ ਲਹਿਰ ਪ੍ਰਤਿ ਪ੍ਰੇਰਿਤ ਕਰਨਾ ਸੀ ਅਤੇ ਰਾਜਨੀਤਿਕ ਜਾਗ੍ਰਿਤੀ ਪੈਦਾ ਕਰਨਾ ਵੀ ਸੀ। ਨਾਮਧਾਰੀ ਕਵਿਤਾ ਵਿਚ ਇਨ੍ਹਾਂ ਪ੍ਰਚਾਰ-ਦੌਰਿਆਂ ਦਾ ਚਿਤ੍ਰਣ ਇਤਿਹਾਸਕ ਦ੍ਰਿਸ਼ਟੀ ਤੋਂ ਕੀਤਾ ਗਿਆ ਹੈ। ਗੁਰੂ ਜੀ ਨੇ ਇਨ੍ਹਾਂ ਪ੍ਰਚਾਰ ਦੌਰਿਆਂ ਦੇ ਇਤਿਹਾਸ ਨੂੰ ਉਨ੍ਹਾਂ ਦੇ ਸਮਕਾਲੀ ਕਵੀ ਗਿਆਨੀ ਗਿਆਨ ਸਿੰਘ ਨੇ ਆਪਣੀਆਂ ਕਾਵਿ-ਰਚਨਾਵਾਂ ਵਿਚ ਇਸ ਤਰ੍ਹਾਂ ਚਿਤਰਿਆ ਹੈ:

ਐਸ ਹੀ ਅਨੰਦਪੁਰ ਗਯੋ ਜਬਿ ਰੌਰ ਰਹਯੋਂ
ਸੰਮਤ ਉਨੀ ਸੌ ਬਾਈ ਤੇਈ ਮਧ ਚੰਗ ਹੈ।
ਦੀਪਮਾਲ ਚੌਬੀ ਸਾਲ ਹੂੰ ਕੀ ਪਰ ਸੁਧਾਸਰ,
ਆਯੋ ਹਾਕਮੋਂ ਨੈ ਕੀਨੀ ਖਾਤਰ ਸੁਰੰਗ ਹੈ।
ਉਤਰਯੋ ਬਹਿਰ ਚਾਟੀਵਿੰਡ ਦਰਵਾਜੇ ਹੂੰ ਤੇ,
ਬੀਸਕ ਹਜਾਰ ਕੂਕਾ ਸਿੰਘ ਥਯੋ ਸੰਗਿ ਹੈ।[28]

ਉਪਰੋਕਤ ਕਾਵਿ-ਸਤਰਾਂ ਵਿਚ ਕਵੀ ਨੇ ਗੁਰੂ ਰਾਮ ਸਿੰਘ ਜੀ ਦੁਆਰਾ ਕੀਤੇ ਗਏ ਆਨੰਦਪੁਰ ਸਾਹਿਬ ਅਤੇ ਅੰਮ੍ਰਿਤਸਰ ਸਾਹਿਬ ਦੇ ਇਤਿਹਾਸਕ ਦੌਰਿਆਂ ਦੀ ਕਾਵਿ-ਅਭਿਵਿਅਕਤੀ ਕੀਤੀ ਹੈ। ਆਨੰਦਪੁਰ ਸਾਹਿਬ ਦੇ ਪ੍ਰਚਾਰ ਦੌਰੇ ਦੇ ਸੰਦਰਭ ਵਿਚ ਕਿਰਪਾਲ ਸਿੰਘ ਕਸੇਲ ਦੁਆਰਾ ਰਚਿਤ ਨਿਮਨਅੰਕਿਤ ਕਾਵਿ-ਸਤਰਾਂ ਅਧਿਐਨਯੋਗ ਹਨ:

ਆਨੰਦਪੁਰ ਵਿਚ ਲਗਿਆ
ਹੋਲੇ ਦਾ ਦੀਵਾਨ।
ਬਹੁ ਸੰਗਤਾਂ ਚਲ ਆਈਆਂ
ਜਾਣ ਕੇ ਪੁਰਬ ਮਹਾਨ।
ਬੈਠੇ ਗੁਰ ਦਰਬਾਰ ਵਿਚ
ਸੂਰਜ ਚੜ੍ਹਿਆ ਆਣ।
ਰੈਣ ਗੁਲਾਮੀ ਵਾਲੜੀ
ਮੁਕਣ ਵਾਲੀ ਜਾਣ।
ਤੱਕ ਸ਼ਾਨ ਗੁਰਦੇਵ ਦੀ
ਹਾਕਮ ਹੋਏ ਹੈਰਾਨ।
ਆਖਣ 'ਸਤਿਗੁਰੂ ਰਾਮ ਸਿੰਘ'
ਵੱਡਾ ਪੁਰਖ ਸੁਜਾਨ।

ਨੀਤੀਵਾਨ ਮਿਠ-ਬੋਲੜਾ
ਜਾਪੇ ਪੁਰਖ ਮਹਾਨ।
ਐਵੇਂ ਨਹੀਂ ਖ਼ਲਕਤ ਜੁੜੀ
ਇਸ ਦੇ ਗਿਰਦੇ ਆਣ।[29]

ਉਪਰੋਕਤ ਕਾਵਿ-ਸਤਰਾਂ ਦੇ ਅਧਿਐਨ ਤੋਂ ਸਪਸ਼ਟ ਹੈ ਕਿ ਗੁਰੂ ਰਾਮ ਸਿੰਘ ਜੀ ਵਲੋਂ ਧਾਰਮਿਕ ਇਕੱਤਰਤਾਵਾਂ ਕਰਨ ਦੇ ਪਿੱਛੇ ਰਾਜਨੀਤਿਕ ਸ਼ਕਤੀ ਪ੍ਰਾਪਤ ਕਰਨ ਦਾ ਮਕਸਦ ਵੀ ਕਾਰਜਸ਼ੀਲ ਸੀ। ਭਾਵੇਂ ਇਹ ਇਕੱਤਰਤਾਵਾਂ ਧਾਰਮਿਕ ਸਮਾਗਮਾਂ ਦੀ ਦਿੱਖ ਵਾਲੀਆਂ ਹੁੰਦੀਆਂ ਸਨ। ਪਰ ਅਸਲ ਵਿਚ ਇਨ੍ਹਾਂ ਸਮਾਗਮਾਂ ਦੌਰਾਨ ਗੁਰੂ ਰਾਮ ਸਿੰਘ ਜੀ ਲੋਕਾਂ ਨੂੰ ਅੰਗਰੇਜ਼ ਦੀ ਗ਼ੁਲਾਮੀ ਦੀ ਸਥਿਤੀ ਪ੍ਰਤਿ ਜਾਗਰੂਕ ਕਰਦੇ ਸਨ ਅਤੇ ਉਨ੍ਹਾਂ ਨੂੰ ਇਸ ਗ਼ੁਲਾਮੀ ਤੋਂ ਮੁਕਤੀ ਪ੍ਰਾਪਤ ਕਰਨ ਲਈ ਸੰਘਰਸ਼ ਕਰਨ ਤੇ ਲੜਾਈ ਲੜਨ ਦੀ ਪ੍ਰੇਰਨਾ ਵੀ ਦਿੰਦੇ ਸਨ। ਨਾਮਧਾਰੀ ਕਵਤਿਾ ਗੁਰੂ ਜੀ ਨੂੰ ਦੂਰ-ਅੰਦੇਸ਼ ਅਤੇ ਨੀਤੀਵਾਨ ਧਾਰਮਿਕ ਆਗੂ ਵਜੋਂ ਪੇਸ਼ ਕਰਦੀ ਹੈ, ਜਿਨ੍ਹਾਂ ਦੀ ਸ਼ਖ਼ਸੀਅਤ ਦੇ ਪ੍ਰਭਾਵ ਸਦਕਾ ਨਾਮਧਾਰੀ ਲਹਿਰ 'ਲੋਕ ਸ਼ਕਤੀ' ਪ੍ਰਾਪਤ ਕਰਨ ਵਿਚ ਕਾਮਯਾਬ ਹੋ ਰਹੀ ਸੀ। ਅੰਗਰੇਜ਼ ਸਰਕਾਰ ਨਾਮਧਾਰੀ ਲਹਿਰ ਦੀ ਇਸ ਤਰ੍ਹਾਂ ਵਧਦੀ ਹੋਈ ਸ਼ਕਤੀ ਨੂੰ ਵੇਖ ਕੇ ਘਬਰਾ ਗਈ ਸੀ। ਇਸੇ ਕਰਕੇ ਹੀ ਜਦੋਂ ਨਾਮਧਾਰੀ ਸਤਿਗੁਰੂ ਨੇ ਪ੍ਰਚਾਰ ਦੌਰੇ ਆਰੰਭੇ ਤਾਂ ਅੰਗਰੇਜ਼ ਸਰਕਾਰ ਨੇ ਆਪਣੇ ਅਧਿਕਾਰੀਆਂ ਨੂੰ ਇਨ੍ਹਾਂ ਦੌਰਿਆਂ 'ਤੇ ਨਜ਼ਰ ਰੱਖਣ ਲਈ ਤੈਨਾਤ ਕਰ ਦਿੱਤਾ ਸੀ। ਇਸ ਸੰਦਰਭ ਵਿਚ ਗਿਆਨੀ ਗਿਆਨ ਸਿੰਘ ਰਚਿਤ ਨਿਮਨਅੰਕਿਤ ਕਾਵਿ-ਸਤਰਾਂ ਦਾ ਅਧਿਐਨ ਸਾਰਥਕ ਹੋਵੇਗਾ:

ਰਾਮ ਸਿੰਘ ਜਾਇ ਜਿਤ ਸਿੱਖ ਹਜਾਰੋਂ ਤਿਤ
ਭੇਟ ਦੈਹੈ ਪੀਨ ਧਨ ਧੀਨ ਬੋਲ ਬੈਨ ਹੈਂ।
ਦਮਦਮੇ ਸਾਹਿਬ ਮੁਕਤਸਰ ਮੇਲਯੋਂ ਪੈ,
ਗਯੋ ਜਬਿ ਖਯੋ ਦਲ ਤਾਂਹਿ ਸੰਗ ਐਨ ਹੈ।
ਹੈਰ ਕੈ ਅਰੂਜ ਤੈ ਨਮੂਜ ਤਬਿ ਤਾਂਬਿ ਬੜ
ਹਾਕਮ ਪੁਜਾਰੀ ਭਾਰੀ ਥੀਏ ਬਿਨ ਚੈਨ ਹੈ।
ਡਿਪਟੀ ਕਮਿਸ਼ਨਰ ਕੋਤਵਾਲ ਠਾਨੇਦਾਰ
ਰੈਹੈਂ ਪੇਸ਼ਵਾਈ ਮਾਂਹਿ ਤਾਂਹਿ ਕੇ ਸਸੈਨ ਹੈ।[30]

ਨਾਮਧਾਰੀ ਕਵਿਤਾ ਦੇ ਅਧਿਐਨ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਅੰਗਰੇਜ਼ ਸਰਕਾਰ ਨੇ ਨਾਮਧਾਰੀ ਗੁਰੂ ਦੇ ਪ੍ਰਚਾਰ ਦੌਰਿਆਂ ਉੱਤੇ ਨਜ਼ਰ ਰੱਖਦਿਆਂ ਇਹ ਸਿੱਟਾ ਕੱਢਿਆ ਕਿ ਗੁਰੂ ਜੀ ਧਰਮ ਦਾ ਪ੍ਰਚਾਰ ਕਰਨ ਦੇ ਨਾਲ-ਨਾਲ ਸਵਦੇਸ਼ੀਅਤ ਦਾ ਪ੍ਰਚਾਰ ਵੀ ਕਰ ਰਹੇ ਸਨ ਅਤੇ ਸੁਤੰਤਰਤਾ ਪ੍ਰਾਪਤੀ ਦੇ ਸੰਘਰਸ਼ ਲਈ ਲੋਕਾਂ ਨੂੰ ਲਾਮਬੱਧ ਵੀ ਕਰ ਰਹੇ ਸਨ। ਇਸੇ ਕਾਰਨ ਹੀ ਅੰਗਰੇਜ਼ ਸਰਕਾਰ ਨੂੰ ਨਾਮਧਾਰੀ ਲਹਿਰ ਦੀਆਂ ਸਰਗਰਮੀਆਂ ਬਾਰੇ ਚਿੰਤਾ ਹੋਣ ਲੱਗੀ ਅਤੇ ਉਨ੍ਹਾਂ ਨੂੰ ਦਬਾਉਣ ਦੀਆਂ ਨੀਤੀਆਂ ਬਣਾਈਆਂ ਜਾਣ ਲੱਗੀਆਂ। ਅੰਗਰੇਜ਼ ਹਕੂਮਤ ਵਲੋਂ ਨਾਮਧਾਰੀ ਲਹਿਰ ਉੱਤੇ ਸਖ਼ਤ ਦਮਨ-ਚੱਕਰ ਦੀ ਨੀਤੀ ਨੂੰ ਲਾਗੂ ਕਰਨ ਦਾ ਫ਼ੈਸਲਾ ਕੀਤਾ ਗਿਆ, ਕਿਉਂਕਿ ਉਸ ਨੂੰ ਡਰ ਸੀ ਕਿ ਜੇਕਰ ਨਾਮਧਾਰੀ ਗੁਰੂ ਆਪਣੀਆਂ ਅੰਗਰੇਜ਼-ਵਿਰੋਧੀ ਨੀਤੀਆਂ ਦਾ ਪ੍ਰਚਾਰ ਇਸੇ ਤਰ੍ਹਾਂ ਹੀ ਕਰਦੇ ਰਹੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਉੱਤੇ ਉਨ੍ਹਾਂ ਦਾ ਸੁਤੰਤਰ ਸ਼ਾਸਨ-ਪ੍ਰਬੰਧ

ਕਾਇਮ ਹੋ ਜਾਵੇਗਾ। ਇਸ ਲਹਿਰ ਨੂੰ ਦਬਾਉਣ ਲਈ ਅੰਗਰੇਜ਼ ਸਰਕਾਰ ਨੇ ਸਭ ਤੋਂ ਪਹਿਲਾਂ ਇਸ ਦੇ ਪ੍ਰਚਾਰ ਦੌਰਿਆਂ ਉੱਤੇ ਪਾਬੰਦੀ ਲਾ ਦਿੱਤੀ ਅਤੇ ਗੁਰੂ ਰਾਮ ਸਿੰਘ ਜੀ ਨੂੰ ਭੈਣੀ ਸਾਹਿਬ ਵਿਚ ਹੀ ਨਜ਼ਰਬੰਦ ਕਰ ਦਿੱਤਾ। ਨਾਮਧਾਰੀ ਕਵੀ ਬਾਬਾ ਚੰਦਾ ਸਿੰਘ ਨੇ ਆਪਣੇ ਬਾਰਾਂਮਾਹ ਵਿਚ ਗੁਰੂ ਰਾਮ ਸਿੰਘ ਜੀ ਦੀ ਭੈਣੀ ਸਾਹਿਬ ਵਿਖੇ ਨਜ਼ਰਬੰਦੀ ਦੀ ਇਤਿਹਾਸਕ ਘਟਨਾ ਦਾ ਵਰਣਨ ਨਿਮਨਅੰਕਿਤ ਸਤਰਾਂ ਵਿਚ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਹੈ:

ਅਗੇ ਸਾਵਣ ਮਹੀਨੇ ਚੜ੍ਹਦੇ
ਗੋਰੇ ਬਹਿ ਕੇ ਕੌਂਸਲ ਕਰਦੇ
ਸਾਡੇ ਚਿਤ ਗੁਰਾਂ ਤੋਂ ਡਰਦੇ
ਇਹ ਸਿੰਘ ਹੋਰ ਸ਼ਰਾਬੇ ਕਰਦੇ
ਸਤਿਗੁਰੂ ਬਹਿ ਜਾਵੋ ਵਿਚ ਘਰਦੇ
ਗੋਰਾ ਆਖਦਾ।

ਸੁਣ ਭਾਈ ਚੰਦਾ ਸਿੰਘ ਗਲ ਸਾਰ
ਸਤਿਗੁਰ ਆ ਬੈਠੇ ਘਰ ਬਾਰ
ਸੂਬੇ ਕੀਤੇ ਸਭ ਤਿਆਰ
ਜਿਹੜੇ ਆਦਿ ਅੰਤ ਦੇ ਯਾਰ
ਜੁਗ-ਜੁਗ ਧਾਰਨ ਨਾਲ ਔਤਾਰ
ਦਿਤੇ ਸਭ ਦੇਸਾਂ ਤੇ ਚਾਹੜ।[31]

ਉਪਰੋਕਤ ਕਾਵਿ-ਸਤਰਾਂ ਦੇ ਅਧਿਐਨ ਤੋਂ ਸਪਸ਼ਟ ਹੈ ਕਿ ਅੰਗਰੇਜ਼ ਸਰਕਾਰ ਨੇ ਨਾਮਧਾਰੀ ਲਹਿਰ ਪ੍ਰਤਿ ਦਮਨਕਾਰੀ ਨੀਤੀ ਅਪਨਾਉਂਦੇ ਹੋਏ ਗੁਰੂ ਰਾਮ ਸਿੰਘ ਜੀ ਨੂੰ ਭੈਣੀ ਸਾਹਿਬ ਵਿਚ ਨਜ਼ਰਬੰਦੀ ਦਾ ਹੁਕਮ ਦੇ ਦਿੱਤਾ। ਪਰ ਉਨ੍ਹਾਂ ਨੇ ਆਪਣੀ ਨਜ਼ਰਬੰਦੀ ਦੌਰਾਨ ਆਪਣੀਆਂ ਨੀਤੀਆਂ ਦੇ ਪ੍ਰਚਾਰ ਦੀ ਜ਼ਿੰਮੇਵਾਰੀ ਆਪਣੇ ਥਾਪੇ ਹੋਏ ਸੂਬਿਆਂ ਨੂੰ ਸੌਂਪ ਦਿੱਤੀ ਅਤੇ ਸੂਬੇ ਗੁਰੂ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਇਸ ਲਹਿਰ ਦੀਆਂ ਨੀਤੀਆਂ ਦਾ ਪ੍ਰਚਾਰ ਕਰਨ ਲੱਗੇ।

ਨਾਮਧਾਰੀ ਲਹਿਰ ਦੀ ਕਵਿਤਾ ਦਾ ਅਧਿਐਨ ਕਰਦਿਆਂ ਇਹ ਪਤਾ ਲਗਦਾ ਹੈ ਕਿ ਇਸ ਕਵਿਤਾ ਵਿਚ ਨਾਮਧਾਰੀਆਂ ਦੀਆਂ ਸ਼ਹੀਦੀਆਂ ਨਾਲ ਸੰਬੰਧਿਤ ਵੱਖ-ਵੱਖ ਘਟਨਾਵਾਂ ਦੀ ਵੀ ਇਤਿਹਾਸਕ ਦ੍ਰਿਸ਼ਟੀ ਤੋਂ ਕਾਵਿ-ਅਭਿਵਿਅਕਤੀ ਕੀਤੀ ਗਈ ਹੈ। ਇਨ੍ਹਾਂ ਸ਼ਹੀਦੀਆਂ ਦਾ ਮੁੱਢ ਬੁੱਚੜਬੱਧ ਦੀਆਂ ਘਟਨਾਵਾਂ ਤੋਂ ਹੋਇਆ ਮੰਨਿਆਂ ਗਿਆ ਹੈ ਅਤੇ ਇਨ੍ਹਾਂ ਬੁਚੱੜਬੱਧ ਦੀਆਂ ਘਟਨਾਵਾਂ ਦਾ ਵੀ ਚਿਤ੍ਰਣ ਇਸ ਕਵਿਤਾ ਵਿਚ ਹੋਇਆ ਹੈ। ਇਸ ਅਨੁਸਾਰ ਪੰਜਾਬ ਵਿਚ ਆਪਣੀ ਹਕੂਮਤ ਸਥਾਪਤ ਕਰਨ ਤੋਂ ਬਾਅਦ ਅੰਗਰੇਜ਼ ਨੇ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚ ਗਾਵਾਂ ਮੱਝਾਂ ਲੈਣ ਮਾਰਨ ਲਈ ਬੁੱਚੜਖਾਨੇ ਖੋਹਲ ਦਿੱਤੇ। ਨਾਮਧਾਰੀ ਪੈਰੋਕਾਰਾਂ ਨੇ ਅੰਗਰੇਜ਼ਾਂ ਦਾ ਵਿਰੋਧ ਕੀਤਾ ਅਤੇ ਅੰਮ੍ਰਿਤਸਰ ਰਾਏਕੋਟ ਅਤੇ ਮਲੇਰਕੋਟਲੇ ਵਿਚ ਬੁੱਚੜਾਂ ਉੱਤੇ ਹਮਲਾ ਕੀਤਾ, ਜਿਸ ਦੇ ਫਲਸਰੂਪ ਰਾਏਕੋਟ, ਅੰਮ੍ਰਿਤਸਰ ਅਤੇ ਮਲੇਰਕੋਟਲੇ ਦੀਆਂ ਬੁੱਚੜਬਧ ਘਟਨਾਵਾਂ ਵਾਪਰੀਆਂ। ਇਨ੍ਹਾ ਘਟਨਾਵਾਂ ਨੂੰ ਅੰਗਰੇਜ਼ ਸਰਕਾਰ ਨੇ ਆਪਣੇ ਲਈ ਚੁਣੌਤੀ ਤੇ ਚਿਤਾਵਨੀ ਵਜੋਂ ਲਿਆ ਅਤੇ ਇਨ੍ਹਾਂ

ਘਟਨਾਵਾਂ ਲਈ ਜ਼ਿੰਮੇਵਾਰ ਨਾਮਧਾਰੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦਾ ਫ਼ੈਸਲਾ ਕੀਤਾ। ਇਸਦੇ ਫ਼ਲਸਰੂਪ ਲੁਧਿਆਣਾ, ਅੰਮ੍ਰਿਤਸਰ ਅਤੇ ਮਲੇਰਕੋਟਲੇ ਦੀਆਂ ਸ਼ਹੀਦੀ ਘਟਨਾਵਾਂ ਵਾਪਰੀਆਂ ਜਿਨ੍ਹਾਂ ਦਾ ਨਾਮਧਾਰੀ ਕਵਿਤਾ ਵਿਚ ਇਤਿਹਾਸਕ ਦ੍ਰਿਸ਼ਟੀ ਤੋਂ ਚਿਤ੍ਰਣ ਕੀਤਾ ਗਿਆ ਹੈ। ਅੰਮ੍ਰਿਤਸਰ ਦੀ ਬੁੱਚੜਬਧ ਘਟਨਾ ਤੋਂ ਮਗਰੋਂ ਅੰਗਰੇਜ਼ ਸਰਕਾਰ ਨੇ ਇਸ ਦੀ ਜ਼ਿੰਮੇਵਾਰੀ ਕੁਝ ਬੇਗੁਨਾਹ ਲੋਕਾਂ ਦੇ ਸਿਰ ਪਾ ਕੇ ਉਨ੍ਹਾਂ ਨੂੰ ਸਜ਼ਾ ਦੇਣ ਦਾ ਐਲਾਨ ਕਰ ਦਿੱਤਾ। ਨਿਰਦੋਸ਼ਾਂ ਨੂੰ ਸਜ਼ਾ ਤੋਂ ਬਚਾਉਣ ਲਈ ਗੁਰੂ ਰਾਮ ਸਿੰਘ ਜੀ ਨੇ ਆਪਣੇ ਉਨ੍ਹਾਂ ਪੈਰੋਕਾਰਾਂ ਨੂੰ ਹੁਕਮ ਦਿੱਤਾ, ਜੋ ਇਸ ਘਟਨਾ ਦੇ ਅਸਲ ਜ਼ਿੰਮੇਵਾਰ ਸਨ ਕਿ ਉਹ ਬੇਗੁਨਾਹ ਲੋਕਾਂ ਨੂੰ ਅੰਗਰੇਜ਼ ਸਰਕਾਰ ਦੀ ਕੈਦ ਵਿਚੋਂ ਛੁਡਵਾ ਕੇ ਆਪ ਸਰਕਾਰ ਸਾਹਮਣੇ ਪੇਸ਼ ਹੋ ਜਾਣ। ਇਸ ਹੁਕਮ ਅਨੁਸਾਰ ਸਰਕਾਰ ਅੱਗੇ ਪੇਸ਼ ਹੋ ਜਾਣ ਵਾਲੇ ਨਾਮਧਾਰੀ ਫਤਿਹ ਸਿੰਘ, ਲਹਿਣਾ ਸਿੰਘ, ਹਾਕਮ ਸਿੰਘ ਅਤੇ ਬਹਿਲਾ ਸਿੰਘ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਅਤੇ ਤਿੰਨ ਹੋਰ ਨਾਮਧਾਰੀਆਂ ਨੂੰ ਜਲਾਵਤਨੀ ਦਾ ਹੁਕਮ ਦਿੱਤਾ ਗਿਆ। ਇਸ ਇਤਿਹਾਸਕ ਘਟਨਾ ਦਾ ਵਰਣਨ ਕਰਦਿਆਂ ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ:

ਹਿੰਮਤ ਕਮਰ ਬਾਂਧਿ ਨਾਮਧਾਰੀ ਸਿੰਘੋ ਤਬਿ
ਬੁੱਚੜ ਬਿਦਾਰੇ ਹਤਯਾਰੇ ਬਹੁ ਠੌਰ ਪੈ।
ਸੁਧਾਸਰ ਆਦਿ ਠੌਰ ਔਰ ਹਿੰਦੂ ਨਾਮੀ ਗ੍ਰਾਮੀ
ਅੰਗਰੇਜ਼ੋਂ ਗਹਿ ਕੈ ਦੁਖਯਾਰੇ ਕੀਨੇ ਗੌਰ ਪੈ।
ਦੈਨ ਲਾਗੇ ਫਾਂਸੀ ਜਬਿ ਆਇ ਖ਼ੁਦ ਕੂਕੇ ਤਬਿ
ਕਾਤਲ ਸਬੂਤ ਆਪ ਥੀਏ ਸਭਿ ਤੌਰ ਪੈ।
ਖ਼ੁਸ਼ੀ ਹੋਇ ਦਏ ਸੀਸ ਗਏ ਈਸ ਲੋਕ ਮਾਂਹਿ,
ਕੋਟਲੇ ਮਲੇਰ ਫੇਰ ਥਯੋ ਸਾਕਾ ਔਰ ਪੈ।[32]

ਅੰਮ੍ਰਿਤਸਰ ਦੀ ਇਸ ਸ਼ਹੀਦੀ ਘਟਨਾ ਤੋਂ ਬਾਅਦ 15 ਜੁਲਾਈ 1871 ਈ. ਨੂੰ ਨਾਮਧਾਰੀ ਪੈਰੋਕਾਰਾਂ ਨੇ ਰਾਏਕੋਟ ਦੇ ਬੁੱਚੜਖਾਨੇ 'ਤੇ ਹਮਲਾ ਕਰਕੇ ਬੁੱਚੜਬੱਧ ਕੀਤਾ, ਜਿਸ ਦੀ ਸਜ਼ਾ ਪੰਜ ਨਾਮਧਾਰੀ ਪੈਰੋਕਾਰਾਂ ਨੂੰ ਹੋਈ। ਇਸਤੋਂ ਮਗਰੋਂ ਗੁਰੂ ਰਾਮ ਸਿੰਘ ਜੀ ਨੇ ਇਕ ਮਸਤਾਨਾ-ਦਲ ਸਥਾਪਿਤ ਕੀਤਾ, ਜਿਸ ਦੀ ਅਗਵਾਈ ਲਈ ਜਥੇਦਾਰ ਹੀਰਾ ਸਿੰਘ ਨੂੰ ਨਿਯੁਕਤ ਕੀਤਾ ਗਿਆ। ਇਸ ਮਸਤਾਨਾ ਦਲ ਨੇ ਮਲੇਰਕੋਟਲੇ ਵਿਚ ਬੁੱਚੜਬਧ ਕੀਤਾ। ਇਸ ਘਟਨਾ ਦੇ ਫ਼ਲਸਰੂਪ 17,18 ਜਨਵਰੀ 1872 ਈ. ਨੂੰ ਅੰਗਰੇਜ਼ ਸਰਕਾਰ ਨੇ ਬਿਨਾਂ ਮੁੱਕਦਮਾ ਚਲਾਇਆ ਛਿਆਹਠ ਨਾਮਧਾਰੀ ਸਿੱਖਾਂ ਨੂੰ ਤੋਪਾਂ ਨਾਲ ਸ਼ਹੀਦ ਕਰ ਦਿੱਤਾ। ਇਸ ਇਤਿਹਾਸਕ ਘਟਨਾ ਦੀ ਕਾਵਿ-ਅਭਿਵਿਅਕਤੀ ਗਿਆਨੀ ਗਿਆਨ ਸਿੰਘ ਨੇ 'ਅੱਖੀ ਡਿੱਠਾ' ਦੀ ਜੁਗਤ ਰਾਹੀਂ ਇਸ ਪ੍ਰਕਾਰ ਕੀਤੀ ਹੈ:

ਸੰਮਤ ਉਨਸੈ ਅਠਾਈ
ਕੂਕੇ ਸਿੰਘ ਮਿਲੇ ਤਬ ਆਈ।
ਜੋ ਬੁਚੜ ਗਊਆਂ ਥੇ ਮਾਰਤ
ਤਿਨਕੋ ਸੋ ਸਿੰਘ ਭਏ ਬਿਦਾਰਤ।
ਜਬ ਸਿੰਘ ਸਾਠਕ ਪਕੜੇ ਗਏ
ਫੜੇ ਮਲੇਰਕੋਟਲੇ ਅਏ।
ਉਨ ਹਿਤ ਹੁਕਮ ਅੰਗਰੇਜ਼ੀ ਆਯੋ

ਇਨ ਕੋ ਤੋਪਨ ਸੰਗ ਉਡਾਯੋ।
ਜਬ ਇਹੁ ਹੁਕਮ ਓਨੈਂ ਸੁਨ ਪਾਯੋ
ਖੁਸ਼ੀ ਭਏ ਅਤਿ ਹੀਯ ਹੁਲਸਾਯੋ।
ਮੁਖ ਪਰ ਲਾਲੀ ਚੜੀ ਬਧੇਰੇ
ਗਾਵਤ ਗੁਰ ਕੇ ਸ਼ਬਦ ਉਚੇਰੇ।
ਦੀਵੇ ਪਰ ਜਯੋਂ ਆਇ ਪਤੰਗੇ
ਤਯੋਂ ਤੋਪਨ ਦਿਸ ਜਾਇ ਨਿਸੰਗੇ।
ਉਡੇ ਖੁਸ਼ੀ ਹ੍ਵੈ ਹ੍ਵੈ ਕਰ ਸਾਰੇ
ਜਰਾ ਨਾ ਕੀਨੇ ਪਰਾਨ ਪਿਯਾਰੇ।
ਇਹ ਹਮ ਨੇ ਖੁਦ ਨੈਨ ਨਿਹਾਰੇ
ਦੇਖਤ ਥੇ ਜੋ ਲੋਗ ਅਪਾਰੇ।[33]

ਉਪਰੋਕਤ ਕਾਵਿ-ਸਤਰਾਂ ਦੀ ਮੂਲ ਸੁਰ ਨਾਮਧਾਰੀ ਸਿੱਖਾਂ ਦੀ ਦੇਸ਼ ਪ੍ਰੇਮ ਦੀ ਭਾਵਨਾ ਨੂੰ ਉਜਾਗਰ ਕਰਨ ਵਾਲੀ ਹੈ। ਦੇਸ਼ ਭਗਤੀ ਦੀ ਭਾਵਨਾ ਤੋਂ ਪ੍ਰੇਰਿਤ ਹੋ ਕੇ ਬਹੁਤ ਸਾਰੇ ਨਾਮਧਾਰੀ ਸਿੱਖਾਂ ਨੇ ਇਤਿਹਾਸਕ ਸੂਰਬੀਰਤਾ ਦਿਖਾਉਂਦੇ ਹੋਏ ਬੜੀ ਨਿਡਰਤਾ ਨਾਲ ਹੱਸ-ਹੱਸ ਕੇ ਜਾਨਾਂ ਕੁਰਬਾਨ ਕੀਤੀਆਂ। ਮਲੇਰਕੋਟਲੇ ਦੀ ਘਟਨਾ ਤੋਂ ਬਾਅਦ ਅੰਗਰੇਜ਼ ਸਰਕਾਰ ਨੇ ਇਸ ਲਹਿਰ ਨੂੰ ਪੂਰੀ ਤਰ੍ਹਾਂ ਦਬਾ ਦੇਣ ਦਾ ਫ਼ੈਸਲਾ ਕਰ ਲਿਆ। ਅੰਗਰੇਜ਼ ਸਰਕਾਰ ਦੀ ਇਸ ਦਮਨਕਾਰੀ ਨੀਤੀ ਬਾਰੇ ਜਾਣਕਾਰੀ ਧਿਆਨ ਸਿੰਘ ਕਾਦਰਾਬਾਦੀ ਦੀਆਂ ਨਿਮਨਅੰਕਿਤ ਕਾਵਿ-ਸਤਰਾਂ ਤੋਂ ਮਿਲਦੀ ਹੈ:

ਕੂਕਾ ਸਿੱਖ ਨਾ ਕੋਈ ਛੋਰੇ॥
ਫਾਂਸੀ ਕੈਦ ਤੋਪ ਨਦ ਬੋਰੋ॥
ਇਸ ਮਗ ਕਾ ਕੋਈ ਰਹਿਣ ਨਾ ਪਾਵੈ॥
ਪੰਥ ਫਸਾਦੀ ਇਹ ਦ੍ਰਿਸ਼ਟਾਵੈ॥[34]

ਇਤਿਹਾਸ ਗਵਾਹ ਹੈ ਕਿ ਅੰਗਰੇਜ਼ ਸਰਕਾਰ ਨੂੰ ਨਾਮਧਾਰੀ ਲਹਿਰ ਤੋਂ ਇਸ ਪ੍ਰਕਾਰ ਖ਼ਤਰਾ ਮਹਿਸੂਸ ਹੋਣ ਲੱਗਾ ਕਿ ਉਸ ਨੇ ਨਾਮਧਾਰੀ ਪੈਰੋਕਾਰਾਂ ਉੱਤੇ ਸਖ਼ਤ ਦਮਨ-ਚੱਕਰ ਚਲਾ ਦਿੱਤਾ। ਇਸ ਦਮਨ ਚੱਕਰ ਦੇ ਪਹਿਲੇ ਪੜਾਅ ਉੱਤੇ ਹੀ ਗੁਰੂ ਰਾਮ ਸਿੰਘ ਜੀ ਨੂੰ ਮਲੇਰਕੋਟਲੇ ਦੀ ਬੁੱਚੜਬੱਧ ਘਟਨਾ ਦਾ ਜ਼ਿੰਮੇਵਾਰ ਮੰਨਦੇ ਹੋਏ ਉਨ੍ਹਾਂ ਨੂੰ ਬਿਨਾਂ ਮੁਕੱਦਮਾ ਚਲਾਇਆਂ ਜਲਾਵਤਨ ਕਰ ਦਿੱਤਾ ਗਿਆ। ਨਾਮਧਾਰੀ ਕਵਿਤਾ ਵਿਚ ਉਨ੍ਹਾਂ ਦੀ ਜਲਾਵਤਨੀ ਦੀ ਇਤਿਹਾਸਕ ਘਟਨਾ ਨੂੰ 'ਪ੍ਰਦੇਸ਼-ਗਵਨ' ਦਾ ਨਾਮ ਦਿੱਤਾ ਗਿਆ ਹੈ। ਬਾਬਾ ਚੰਦਾ ਸਿੰਘ ਨੇ ਆਪਣੇ ਬਾਰਾਂਮਾਹ ਵਿਚ ਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਸੂਬਿਆਂ ਦੀ ਜਲਾਵਤਨੀ ਦੀ ਘਟਨਾ ਦੀ ਸਮਾਨਤਾ ਰਾਮ-ਬਨਵਾਸ ਨਾਲ ਦਰਸਾਉਂਦੇ ਹੋਏ ਲਿਖਿਆ ਹੈ:

ਸਿੰਘ ਸ਼ਹੀਦੀ ਪਾ ਗਏ
ਸਤਿਗੁਰ ਚਲੇ ਪਰਦੇਸ
ਸੰਗਤਾਂ ਮੁੜ ਘਰ ਤੋਰੀਆਂ
ਆਪੋ ਆਪਣੇ ਦੇਸ।

ਬੈਠੇ ਖੌਫ਼ ਖਾਂਵਦੇ ਗੋਰੇ
ਪੈ ਗਏ ਲੰਦਨ ਦੇ ਵਿਚ ਝੋਰੇ
ਸੂਬੇ ਫੜ ਦੇਸਾਂ ਮੇ ਤੋਰੇ।[35]

ਇਕ ਹੋਰ ਨਾਮਧਾਰੀ ਕਵੀ ਹਰਨਾਮ ਸਿੰਘ ਬਗਲੀ ਨੇ ਵੀ ਆਪਣੀ ਰਚਨਾ ਸੰਤ ਖ਼ਾਲਸਾ ਵਿਚ ਜਲਾਵਤਨੀ ਦੀ ਇਸ ਇਤਿਹਾਸਕ ਘਟਨਾ ਨੂੰ ਤੱਥਮੂਲਕ ਵੇਰਵਿਆਂ ਸਹਿਤ ਪੇਸ਼ ਕੀਤਾ ਹੈ। ਉਹ ਲਿਖਦਾ ਹੈ:

ਸੱਦਣ ਲਈ ਮਹਾਂਰਾਜ ਨੂੰ ਲੁਧਿਆਣੇ
ਹੁਕਮ ਭੇਜਤਾ ਤੇਜ ਤਰਾਰ ਸੁਣ ਲੌ
ਅੰਤਰ ਯਾਮਤਾਸੇ ਸਾਰਾ ਸਮਝ ਭਾਣਾ
ਸਤਿਗੁਰ ਪਹਿਲੇ ਹੀ ਜਾਣ ਨੂੰ ਤਯਾਰ ਸੁਣ ਲੌ।

\-----------------

ਪਹੁੰਚੇ ਜਦੋਂ ਲੁਦਹਾਣੇ ਸਤਿਗੁਰੂ ਥੇ
ਸਿੰਘਾਂ ਨਾਲ ਬਾਰਾਂ ਸੂਬੇਦਾਰ ਸੁਣ ਲੌ।
ਉਸੇ ਵਕਤ ਬਿਠਾਲ ਕੇ ਰੇਲ ਅੰਦਰ
ਕੀਤੇ ਮੁਲਕ ਪੰਜਾਬ ਤੇ ਪਾਰ ਸੁਣ ਲੌ।
ਕਿਲੇ ਵਿਚ ਪ੍ਰਯਾਗ ਹਰਨਾਮ ਸਿੰਘਾ
ਗੌਰਮੈਂਟ ਨੇ ਦੀਏ ਉਤਾਰ ਸੁਣ ਲੌ।[36]

ਉਪਰੋਕਤ ਅਧਿਐਨ ਤੋਂ ਸਪਸ਼ਟ ਹੈ ਕਿ ਅੰਗਰੇਜ਼ ਸਰਕਾਰ ਨੇ ਆਪਣੀ ਦਮਨਕਾਰੀ ਨੀਤੀ ਦੇ ਅਧੀਨ ਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਸੂਬਿਆਂ ਨੂੰ ਦੇਸ਼ ਨਿਕਾਲਾ ਦੇ ਦਿੱਤਾ ਅਤੇ ਉਸ ਤੋਂ ਮਗਰੋਂ ਨਾਮਧਾਰੀ ਪੈਰੋਕਾਰਾਂ ਉੱਤੇ ਕਰੜੀਆਂ ਪਾਬੰਦੀਆਂ ਲਾ ਦਿੱਤੀਆਂ। ਭੈਣੀ ਸਾਹਿਬ ਵਿਖੇ ਪੁਲਿਸ ਚੌਂਕ ਕਾਇਮ ਕਰ ਦਿੱਤੀ ਗਈ ਜੋ ਲਗਭਗ ਪੰਜਾਹ ਵਰ੍ਹਿਆਂ ਤਕ ਉਥੇ ਕਾਇਮ ਰਹੀ। ਇਸ ਤੋਂ ਇਲਾਵਾ ਹਰ ਪਿੰਡ ਵਿਚ ਰਹਿੰਦੇ ਨਾਮਧਾਰੀ ਸਿੱਖਾਂ ਲਈ ਠਾਣੇ ਵਿਚ ਜਾ ਹਾਜ਼ਰੀ ਭਰਨੀ ਜਰੂਰੀ ਕਰ ਦਿੱਤੀ। ਇਸ ਸੰਦਰਭ ਵਿਚ ਨਿਹਾਲ ਸਿੰਘ ਦੁਆਰਾ ਰਚਿਤ ਬਾਰਾਂਮਾਹ ਦੀਆਂ ਨਿਮਨਅੰਕਿਤ ਕਾਵਿ-ਸਤਰਾਂ ਅਧਿਐਨਯੋਗ ਹਨ:

ਐਸੀ ਹੋਵੇ ਨਾ ਕੋਈ ਕਾਰ
ਦੂਰ ਕਰਨ ਸਾਡਾ ਰਾਜ ਜੀ।
ਪਿੰਡ-ਪਿੰਡ ਤਕੜਾਈ
ਬੈਠ ਗਏ ਨੇ ਸਿਪਾਹੀ
ਨਿਹਾਲ ਸਿੰਘ ਲਿਖਣ ਨਾਮ
ਲੌਣ ਹਾਜ਼ਰੀ ਹਿਸਾਬ ਜੀ।[37]

ਨਾਮਧਾਰੀ ਲਹਿਰ ਦੀ ਕਵਿਤਾ ਦਾ ਅਧਿਐਨ ਇਹ ਵੀ ਸਪਸ਼ਟ ਕਰਦਾ ਹੈ ਕਿ ਅੰਗਰੇਜ਼ ਸਰਕਾਰ ਦੇ ਇਸ ਦਮਨ ਚੱਕਰ ਦਾ ਮਕਸਦ ਨਾਮਧਾਰੀ ਲਹਿਰ ਦੀ ਸ਼ਕਤੀ ਨੂੰ ਕੁਚਲਣਾ ਸੀ। ਇਸ ਦੀ ਤਹਿ ਵਿਚ ਅੰਗਰੇਜ਼ ਹਕੂਮਤ ਦਾ ਇਹ ਡਰ ਮੌਜੂਦ ਸੀ ਕਿ ਨਾਮਧਾਰੀ ਸਿੱਖ ਸਰਕਾਰ ਵਿਰੁੱਧ ਜਥੇਬੰਦ ਬਗ਼ਾਵਤ ਕਰਨ ਲਈ ਤਿਆਰ ਹੋ ਰਹੇ ਹਨ ਅਤੇ ਉਸ ਦਾ ਤਖ਼ਤਾ ਪਲਟ ਸਕਦੇ ਸਨ। ਏਸੇ ਕਰਕੇ ਅੰਗਰੇਜ਼ ਹਕੂਮਤ ਨੇ ਇਸ ਲਹਿਰ

ਨੂੰ ਪੂਰੀ ਤਰ੍ਹਾਂ ਕੁਚਲ ਦੇਣ ਲਈ ਨਾਮਧਾਰੀ ਪੈਰੋਕਾਰਾਂ ਦੀਆਂ ਹਰ ਪ੍ਰਕਾਰ ਦੀਆਂ ਗਤੀਵਿਧੀਆਂ ਉੱਥੇ ਕਰੜੀ ਪਾਬੰਦੀ ਲਗਾ ਦਿੱਤੀ ਸੀ। ਨਾਮਧਾਰੀ ਕਵਿਤਾ ਵਿਚ ਨਾਮਧਾਰੀ ਸਤਿਗੁਰੂ ਦੀ ਜਲਾਵਤਨੀ ਨਾਮਧਾਰੀ ਸਿੱਖਾਂ ਦੀਆਂ ਸ਼ਹੀਦੀ ਘਟਨਾਵਾਂ ਅਤੇ ਸਮੁੱਚੀ ਲਹਿਰ ਉਪਰ ਲੱਗੀਆਂ ਸਰਕਾਰੀ ਪਾਬੰਦੀਆਂ ਨੂੰ ਵਿਭਿੰਨ ਕਾਵਿ-ਜੁਗਤਾਂ ਰਾਹੀਂ ਪੇਸ਼ ਕੀਤਾ ਗਿਆ ਹੈ। ਇਸ ਸੰਦਰਭ ਵਿਚ ਸੁਖਵੰਤ ਸਿੰਘ ਕੰਗ ਦੀ ਕਵਿਤਾ 'ਭੈਣੀ ਸਾਹਿਬ ਤੀਰਥ ਮਹਾਨ ਸੰਗਤੇ' ਅਧਿਐਨਯੋਗ ਹੈ। ਇਸ ਕਵਿਤਾ ਵਿਚ ਕਵੀ ਨੇ ਅੰਗਰੇਜ਼ ਸਰਕਾਰ ਦੀ ਨਾਮਧਾਰੀ ਲਹਿਰ ਪ੍ਰਤਿ ਦਮਨ ਦੀ ਨੀਤੀ ਨੂੰ ਪਿਛਲਝਾਤ ਦੀ ਜੁਗਤ ਰਾਹੀਂ ਪੇਸ਼ ਕੀਤਾ ਹੈ। ਕਵੀ ਲਿਖਦਾ ਹੈ:

ਭੈਣੀ ਸਾਹਿਬ ਤੀਰਥ ਮਹਾਨ ਸੰਗਤੇ
ਜਗ ਤੋਂ ਨਿਰਾਲੀ ਇਹਦੀ ਸ਼ਾਨ ਸੰਗਤੇ
ਗੁਰੂ ਰਾਮ ਸਿੰਘ ਏਥੇ ਨਾਮ ਜਪਉਂਦੇ ਸੀ
ਦੁਖੀਆਂ ਨਿਥਾਵਿਆਂ ਨੂੰ ਗਲੇ ਲਾਉਂਦੇ ਸੀ
ਸਭਨਾਂ ਨੂੰ ਦਿੰਦੇ ਨਾਮ ਦਾਨ ਸੰਗਤੇ
ਭੈਣੀ ਸਾਹਿਬ ਤੀਰਥ ਮਹਾਨ ਸੰਗਤੇ
ਚੀਨੀ ਵਾਲੇ ਮਾਹੀ ਦਾ ਵਿਛੋੜਾ ਪਾਇਆ ਏ
ਜ਼ਾਲਮ ਫਰੰਗੀ ਕਹਿਰ ਹੀ ਕਮਾਇਆ ਏ
ਗੋਰਾ ਹੋ ਗਿਆ ਸੀ ਡਾਹਢਾ ਕਹਿਰਵਾਨ ਸੰਗਤੇ।
... ਢੋਲਕੀ ਤੇ ਛੈਣੈ ਤੇ ਪਾਬੰਦੀ ਲਾ ਦਿੱਤੀ
ਪੁਲਸ ਦੀ ਛਾਉਣੀ ਭੈਣੀ ਸਾਹਿਬ ਪਾ ਦਿੱਤੀ
ਹਾਕਮ ਫਰੰਗੀ ਸੀ ਸ਼ੈਤਾਨ ਸੰਗਤੇ।[38]

ਨਾਮਧਾਰੀ ਲਹਿਰ ਦੀ ਕਵਿਤਾ ਦਾ ਅਧਿਐਨ ਕਰਦਿਆਂ ਇਹ ਤੱਥ ਵੀ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਇਹ ਕਵਿਤਾ ਗੁਰੂ ਰਾਮ ਸਿੰਘ ਜੀ ਤੋਂ ਮਗਰਲੇ ਨਾਮਧਾਰੀ ਗੁਰੂਆਂ ਦੇ ਜੀਵਨ ਦੀਆਂ ਘਟਨਾਵਾਂ ਨੂੰ ਵੀ ਇਤਿਹਾਸਕ ਦ੍ਰਿਸ਼ਟੀ ਤੋਂ ਅਭਿਵਿਅਕਤ ਕਰਦੀ ਹੈ। ਇਸ ਦੇ ਨਾਲ ਹੀ ਇਹ ਨਾਮਧਾਰੀ ਲਹਿਰ ਦੇ ਆਰੰਭ ਤੋਂ ਲੈ ਕੇ ਵਰਤਮਾਨ ਸਮੇਂ ਦੀਆਂ ਇਤਿਹਾਸਕ ਘਟਨਾਵਾਂ ਨੂੰ ਵੀ ਆਪਣਾ ਵਿਸ਼ੈ ਬਣਾਉਂਦੀ ਹੈ। ਨਾਮਧਾਰੀ ਕਵਿਤਾ ਵਿਚ ਭੈਣੀ ਸਾਹਿਬ (ਨਾਮਧਾਰੀਆਂ ਦਾ ਮੁੱਖ ਕੇਂਦਰ) ਦੀ ਇਤਿਹਾਸਕ ਮਹੱਤਤਾ ਨੂੰ ਪੇਸ਼ ਕੀਤਾ ਗਿਆ ਹੈ। ਇਸ ਸੰਬੰਧ ਵਿਚ ਮਾਸਟਰ ਅਮਰੀਕ ਸਿੰਘ ਦੀ ਕਵਿਤਾ 'ਸ੍ਰੀ ਭੈਣੀ ਸਾਹਿਬ ਸਵਰਗਾਂ ਜਿਹਾ ਏ' ਅਧਿਐਨਯੋਗ ਹੈ। ਜਿਸ ਵਿਚ ਕਵੀ ਨੇ ਭੈਣੀ ਸਾਹਿਬ ਦੀ ਇਤਿਹਾਸਕ ਮਹੱਤਤਾ ਦਰਸਾਉਂਦੇ ਹੋਏ ਨਾਮਧਾਰੀ ਗੁਰੂਆਂ ਦੇ ਜੀਵਨ ਵੇਰਵਿਆਂ ਅਤੇ ਨਾਮਧਾਰੀ ਪੈਰੋਕਾਰਾਂ ਦੀਆਂ ਕੁਰਬਾਨੀਆਂ ਨੂੰ ਵਿਸ਼ੈ ਬਣਾਇਆ ਹੈ। ਕਵਿਤਾ ਨਿਮਨਅੰਕਿਤ ਹੈ:

ਕਰਾਂ ਏਸ ਧਰਤੀ ਦੀ ਕੀ ਸਿਫ਼ਤ ਯਾਰੋ
ਜ਼ਰਾ ਪਿਛਲੇ ਇਤਿਹਾਸ ਤੇ ਝਾਤ ਮਾਰੋ
.... ਗੁਰਾਂ ਦੀ ਚਰਨ ਛੋਹ ਹੈ ਰੱਜ ਇਸ ਨੇ ਪਾਈ
ਆਜ਼ਾਦੀ ਸਮਾਂ ਜਿਨ੍ਹਾਂ ਏਥੋਂ ਜਗਾਈ,
ਕਿਹਾ ਲੋਕਾਂ ਇਹ ਹੀ ਅਸਲ ਪਾਤਸ਼ਾਹ ਏ

.... ਚੜ੍ਹੇ ਏਥੋਂ ਗੱਡੇ ਤੇ ਚੀਨੀ ਤਿਆਗੀ
ਬਦੇਸੀ ਗਏ ਹੋਈ ਸੰਗਤ ਵੈਰਾਗੀ
ਕਦੋਂ ਆਉਣ ਅਜ ਤਕ ਨਾ ਆਇਆ ਪਤਾਏ
.... ਗੁਰੂ ਹਰੀ ਸਿੰਘ ਫੇਰ ਸਿੱਖੀ ਸੰਭਾਲੀ
ਕਰੀ ਰੱਖਿਆ ਬਣ ਕੇ ਅਕਲਮੰਦ ਮਾਲੀ
ਰਹੀ ਡੋਲ ਕਿਸ਼ਤੀ ਦਾ ਬਣਿਆ ਮਲਾਹ ਏ
... ਮਹਾਂਨੂਰ ਬਣਾ ਮਹਾਂ ਪ੍ਰਤਾਪੀ ਆਏ
ਮਿਟੇ ਸਾਰੇ ਸੰਕਟ ਢਲੇ ਦੁਖ ਦੇ ਸਾਏ
... ਉਹ ਛੱਡ ਗਏ ਅਸਾਨੂੰ ਤਾਂ ਹੋਇਆ ਹਨੇਰਾ
ਤੇ ਇਸ ਧਰਤੀ ਦਾ ਹੋਇਆ ਸੁੰਨਾ ਚੁਫੇਰਾ
... ਫੜੀ ਵਾਗ ਜਾ ਇਸਦੀ 'ਜਗਜੀਤ' ਜੀ ਨੇ
ਲਿਆ ਪੂੰਝ ਹੰਝੂਆਂ ਨੂੰ ਮਨ ਮੀਤ ਜੀ ਨੇ
ਦਿਲਾਸਾ ਦੇ ਡਿੱਗਿਆਂ ਨੂੰ ਲੀਤਾ ਉਠਾ ਏ
ਸ੍ਰੀ ਭੈਣੀ ਸਾਹਿਬ ਸਵਰਗਾਂ ਜਿਹਾ ਏ।[39]

ਸਪਸ਼ਟ ਹੈ ਕਿ ਇਹ ਕਵਿਤਾ ਗੁਰੂ ਰਾਮ ਸਿੰਘ ਜੀ ਤੋਂ ਲੈ ਕੇ ਵਰਤਮਾਨ ਨਾਮਧਾਰੀ ਗੁਰੂ ਜਗਜੀਤ ਸਿੰਘ ਜੀ ਦੇ ਜੀਵਨ-ਵੇਰਵਿਆਂ ਨੂੰ ਰੂਪਮਾਨ ਕਰਦੀ ਹੈ। ਇਨ੍ਹਾਂ ਗੁਰੂ ਸਾਹਿਬਾਨ ਦੇ ਜੀਵਨ ਨਾਲ ਸੰਬੰਧਿਤ ਵੇਰਵਿਆਂ ਨੂੰ ਇਤਿਹਾਸਕ ਦ੍ਰਿਸ਼ਟੀ ਤੋਂ ਪੇਸ਼ ਕੀਤਾ ਗਿਆ ਹੈ। ਇਸ ਸੰਬੰਧ ਵਿਚ ਕਿਰਪਾਲ ਸਿੰਘ ਕਸੇਲ ਦੀਆਂ ਨਿਮਨਅੰਕਿਤ ਕਾਵਿ-ਸਤਰਾਂ ਦਾ ਵੀ ਅਧਿਐਨ ਕੀਤਾ ਜਾ ਸਕਦਾ ਹੈ ਜਿਨ੍ਹਾਂ ਵਿਚ ਕਵੀ ਗੁਰੂ ਹਰੀ ਸਿੰਘ ਦੇ ਘਰ ਗੁਰੂ ਪ੍ਰਤਾਪ ਸਿੰਘ ਦੇ ਜਨਮ ਲੈਣ ਦੀ ਘਟਨਾ ਦੀ ਪ੍ਰਸਤੁਤੀ ਕਰ ਰਿਹਾ ਹੈ:

ਅਠ੍ਹਾਰਾਂ ਸੌ ਨੱਬੇ ਸਾਲ ਸੀ
ਚੇਤ ਬਸੰਤ ਬਹਾਰ।
ਮਾਤਾ ਜੀਵਨ ਕੌਰ ਘਰ
ਮੌਲ ਉਠੀ ਗੁਲਜ਼ਾਰ।
ਕਣ-ਕਣ ਖੁਸ਼ੀਆਂ ਵਰਤੀਆਂ
ਵਣ-ਤ੍ਰਿਣ ਹੋਏ ਨਿਹਾਲ।
ਪੰਛੀ ਗੀਤ ਅਲਾਪਦੇ
ਗੂੰਜ ਪਿਆ ਆਕਾਸ਼।
ਸਤਿਗੁਰੂ ਹਰੀ ਸਿੰਘ ਘਰ
ਪ੍ਰਗਟੇ ਗੁਰ ਪ੍ਰਤਾਪ।
ਕਸ਼ਟ ਨਿਵਾਰਨ ਆ ਗਏ
ਮਿਟ ਗਏ ਸਭ ਸੰਤਾਪ।
ਸੰਤ-ਸਮੂਹ ਸਭ ਆਖਦੇ
ਆਇਆ ਬੰਦੀ ਛੋੜ।[40]

ਉਪਰੋਕਤ ਵਿਚਾਰ ਚਰਚਾ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਨਾਮਧਾਰੀ ਲਹਿਰ ਦੀ ਕਵਿਤਾ ਸਿੱਖ ਗੁਰੂ ਸਾਹਿਬਾਨ ਦੇ ਜੀਵਨ-ਬਿਰਤਾਂਤਾਂ ਅਤੇ ਸਿੱਖ-ਇਤਿਹਾਸ

ਦੀਆਂ ਮਹੱਤਵਪੂਰਨ ਘਟਨਾਵਾਂ ਨੂੰ ਕਾਵਿਬੱਧ ਕਰਦੀ ਹੈ। ਇਸ ਤੋਂ ਵੀ ਅਗਾਂਹ ਇਸ ਕਵਿਤਾ ਵਿਚ ਨਾਮਧਾਰੀ ਲਹਿਰ ਨਾਲ ਸੰਬੰਧਿਤ ਮਹੱਤਵਪੂਰਨ ਘਟਨਾਵਾਂ ਅਤੇ ਨਾਮਧਾਰੀ ਗੁਰੂ ਸਹਿਬਾਨ ਦੇ ਜੀਵਨ ਸਮਾਚਾਰਾਂ ਨੂੰ ਇਤਿਹਾਸਕ ਦ੍ਰਿਸ਼ਟੀ ਤੋਂ ਪੇਸ਼ ਕੀਤਾ ਗਿਆ ਹੈ। ਨਾਮਧਾਰੀ ਲਹਿਰ ਦੀ ਕਵਿਤਾ ਵਿਚ ਇਸ ਲਹਿਰ ਦੌਰਾਨ ਵਾਪਰੀਆਂ ਇਤਿਹਾਸਕ ਘਟਨਾਵਾਂ ਨੂੰ ਤੱਥਮੂਲਕ ਦ੍ਰਿਸ਼ਟੀ ਤੋਂ ਚਿਤਰਿਤ ਕੀਤਾ ਗਿਆ ਹੈ। ਨਾਮਧਾਰੀ ਲਹਿਰ ਦੀਆਂ ਅਜਿਹੀਆਂ ਕਾਵਿ-ਰਚਨਾਵਾਂ ਇਤਿਹਾਸਕ ਮਹੱਤਵ ਤਾਂ ਰੱਖਦੀਆਂ ਹੀ ਹਨ, ਇਹ ਉੱਤਮ ਕਾਵਿ-ਵੰਨਗੀਆਂ ਵੀ ਪ੍ਰਮਾਣਤ ਹੁੰਦੀਆਂ ਹਨ। ਸਮੁੱਚੇ ਤੌਰ 'ਤੇ ਇਹ ਰਚਨਾਵਾਂ ਨਾਮਧਾਰੀ ਲਹਿਰ ਦੇ ਇਤਿਹਾਸ ਸੰਬੰਧੀ ਤੱਥਮੂਲਕ ਜਾਣਕਾਰੀ ਹਾਸਲ ਕਰਨ ਦਾ ਪ੍ਰਥਮ ਸਰੋਤ ਬਣਦੀਆਂ ਹਨ।

ਹਵਾਲੇ ਤੇ ਟਿੱਪਣੀਆਂ

1. **ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਦੇ ਵਿਚਾਰਧਾਰਾਈ ਆਧਾਰ**, ਪੰਨਾ 14.

1/A **ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ**, ਪੰਨਾ 21.

2. **ਪ੍ਰਸੰਗ ਪ੍ਰਤੱਖ ਸਤਿਗੁਰੂ**, ਪੰਨਾ 2.
3. **ਬ੍ਰਿਹਾ**, ਪੰਨਾ 88.
4. **ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ**, ਪੰਨਾ 20.
5. **ਪ੍ਰਸੰਗ ਪ੍ਰਤੱਖ ਸਤਿਗੁਰੂ**, ਪੰਨਾ 2.
6. **ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ**, ਪੰਨਾ 30.
7. ਉਹੀ, ਪੰਨੇ 20-21.
8. **ਪ੍ਰਸੰਗ ਪ੍ਰਤੱਖ ਸਤਿਗੁਰੂ**, ਪੰਨਾ 2-3.
9. **ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ**, ਪੰਨਾ 35.
10. **ਸਪਤਾਹਿਕ ਸਤਿਜੁਗ** (10 ਅਪਰੈਲ ਤੋਂ 16 ਅਪਰੈਲ 2003), ਪੰਨਾ 6.
11. ਉਹੀ, ਪੰਨੇ 6.
12. **ਮਾਲਵੇਂਦ੍ਰ**, ਪੰਨਾ 6.
13. **ਪ੍ਰਸੰਗ ਪ੍ਰਤੱਖ ਸਤਿਗੁਰੂ**, ਪੰਨਾ 20.
14. ਉਹੀ, ਪੰਨੇ 20-21.
15. **ਮਾਲਵੇਂਦ੍ਰ**, ਪੰਨਾ 6.
16. ਉਹੀ, ਪੰਨੇ 7.
17. ਹਰਿਭਜਨ ਸਿੰਘ (ਸੰਪ.) **ਉਨ੍ਹੀਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ**, ਪੰਨਾ 545.
18. **ਨਾਮਧਾਰੀ ਸਿੱਖ ਸੰਖੇਪ ਵਿਵਰਨ**, ਪੰਨਾ 38.
19. ਉਹੀ, ਪੰਨੇ 41.
20. ਉਹੀ, ਪੰਨੇ 45.
21. ਉਹੀ, ਪੰਨੇ 47.
22. **ਅਦੁੱਤੀ ਰਹਿਬਰ**, ਪੰਨਾ 31.

23. ਕਿਰਪਾਲ ਸਿੰਘ ਕਸੇਲ, ਜੈਸਾ ਸਤਿਗੁਰ ਸੁਣੀਂਦਾ, ਪੰਨੇ 26-27.
24. ਨਾਮਧਾਰੀ ਸਿਖ ਸੰਖੇਪ ਵਿਵਰਨ, ਪੰਨਾ 56.
25. ਜੈਸਾ ਸਤਿਗੁਰ ਸੁਣੀਂਦਾ, ਪੰਨੇ 19-20.
26. ਨਾਮਧਾਰੀ ਸਿਖ ਸੰਖੇਪ ਵਿਵਰਨ, ਪੰਨਾ 60.
27. ਅਦੁੱਤੀ ਰਹਿਬਰ, ਪੰਨਾ 48.
28. ਨਾਮਧਾਰੀ ਸਿਖ ਸੰਖੇਪ ਵਿਵਰਨ, ਪੰਨਾ 74.
29. ਜੈਸਾ ਸਤਿਗੁਰ ਸੁਣੀਂਦਾ, ਪੰਨੇ 31.
30. ਨਾਮਧਾਰੀ ਸਿਖ ਸੰਖੇਪ ਵਿਵਰਨ, ਪੰਨਾ 68.
31. ਤਾਰਾ ਸਿੰਘ ਅਨਜਾਣ (ਸੰਪ.), ਰਾਮ ਵਿਯੋਗੀਆਂ ਦੇ ਬਾਰਾਂਮਾਹ, ਪੰਨੇ 26-27.
32. ਨਾਮਧਾਰੀ ਸਿਖ ਸੰਖੇਪ ਵਿਵਰਨ, ਪੰਨਾ 82.
33. ਉਹੀ ਪੰਨੇ 91-92.
34. ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ, ਪੰਨਾ 134.
35. ਰਾਮ ਵਿਯੋਗੀਆਂ ਦੇ ਬਾਰਾਂਮਾਹ, ਪੰਨਾ 39.
36. ਵਰਿਆਮ ਬਸੰਤ ਵਿਸ਼ੇਸ਼ ਅੰਕ, 1992, ਪੰਨਾ 51.
37. ਰਾਮ ਵਿਯੋਗੀਆਂ ਦੇ ਬਾਰਾਂਮਾਹ, ਪੰਨਾ 54.
38. ਰੋਜ਼ਾਨਾ ਮਿਹਨਤ, 17 ਮਾਰਚ 1996, ਪੰਨਾ 2.
39. ਸਚੀ ਤੇਰੀ ਸਿਫ਼ਤਿ, ਪੰਨਾ 16-17.
40. ਜੈਸਾ ਸਤਿਗੁਰ ਸੁਣੀਂਦਾ, ਪੰਨੇ 41.

ਨਾਮਧਾਰੀ ਲਹਿਰ ਦੀ ਕਵਿਤਾ: ਕਾਵਿ ਕਲਾ

ਕਵਿਤਾ ਇਕ ਸ਼ਾਬਦਿਕ ਕਲਾ ਹੈ। ਕਵਿਤਾ ਦੀ ਆਧਾਰ-ਸਮੱਗਰੀ ਕਿਸੇ ਵੀ ਖੇਤਰ ਨਾਲ ਸੰਬੰਧਿਤ ਹੋ ਸਕਦੀ ਹੈ, ਪਰ ਉਹ ਕਾਵਿ ਦੇ ਸੰਜਮ ਦੇ ਅਧੀਨ ਹੋ ਕੇ ਹੀ ਕਾਵਿ-ਖੇਤਰ ਵਿਚ ਪ੍ਰਵੇਸ਼ ਪਾ ਸਕਦੀ ਹੈ। "ਕਵਿਤਾ ਇਕ ਅਭਿਵਿਅੰਜਕ ਰੂਪ ਹੈ ਜਿਸ ਦਾ ਹਰੇਕ ਤੱਤ/ਅੰਗ ਰੂਪ ਦੇ ਸੰਜਮ ਦੀ ਅਧੀਨਗੀ ਵਿਚ ਰਹਿੰਦਾ ਹੈ।"[1] ਕਾਵਿ-ਅਰਥ ਦੀ ਅਨੁਭੂਤੀ ਨੂੰ ਕਾਵਿ ਦੀਆਂ ਅਭਿਵਿਅਕਤੀਮੂਲਕ ਜੁਗਤਾਂ ਹੀ ਨਿਰਧਾਰਿਤ ਕਰਦੀਆਂ ਹਨ। ਟੀ.ਹਾਕਸ ਲਿਖਦਾ ਹੈ, "ਇਹ ਜੁਗਤਾਂ ਹੀ ਕਾਵਿ ਹਨ ਅਤੇ ਇਹੋ ਜੁਗਤਾਂ ਹੀ ਇਸ ਦਾ ਰੂਪ ਹਨ।"[2] ਕਾਵਿ-ਜੁਗਤਾਂ ਕਾਵਿ ਦੀ ਪੇਸ਼ਕਾਰੀ ਵਿਧੀ ਦਾ ਅੰਗ ਹੁੰਦੀਆਂ ਹਨ ਅਤੇ ਇਹੋ ਹੀ ਕਾਵਿ ਵਥ ਦਾ ਰੂਪ ਹਨ।

ਨਾਮਧਾਰੀ ਕਵਿਤਾ ਦੇ ਸਾਹਿਤਿਕ ਪਿਛੋਕੜ ਵਿਚ ਗੁਰਬਾਣੀ, ਸੂਫ਼ੀ-ਕਾਵਿ ਅਤੇ ਕਿੱਸਾ-ਕਾਵਿ ਦੀਆਂ ਧਾਰਾਵਾਂ ਕਾਰਜਸ਼ੀਲ ਸਨ। ਨਾਮਧਾਰੀ ਕਵਿਤਾ ਗੁਰਬਾਣੀ ਨੂੰ ਆਪਣੇ ਵਿਰਸੇ ਵਜੋਂ ਸਵੀਕਾਰਦੀ ਹੈ। ਨਾਮਧਾਰੀ ਕਵਿਤਾ ਮੂਲ ਰੂਪ ਵਿਚ ਧਾਰਮਿਕ ਅਤੇ ਵਿਚਾਰ ਪ੍ਰਧਾਨ ਕਵਿਤਾ ਹੈ, ਜਿਸ ਵਿਚ ਕਾਵਿ-ਸੰਦੇਸ਼ (ਵਿਚਾਰ) ਨੂੰ ਪ੍ਰਥਮ ਅਤੇ ਕਾਵਿ-ਸੁਹਜ ਨੂੰ ਦੁਜੈਲਾ ਸਥਾਨ ਪ੍ਰਾਪਤ ਹੈ। ਏਥੇ ਕਾਵਿ ਧਰਮ ਦੇ ਮਾਧਿਅਮ ਦੀ ਭੂਮਿਕਾ ਅਦਾ ਕਰਦਾ ਹੈ। ਭਾਵੇਂ ਇਸ ਕਵਿਤਾ ਵਿਚ ਕਾਵਿ-ਸੰਦੇਸ਼ ਨੂੰ ਪ੍ਰਾਥਮਿਕਤਾ ਹਾਸਿਲ ਹੈ, ਫਿਰ ਵੀ ਕਵੀ ਆਪਣੇ ਅਨੁਭਵ ਦੀ ਪੇਸ਼ਕਾਰੀ ਕਰਦਿਆਂ ਇਕ ਵਿਸ਼ੇਸ਼ ਪ੍ਰਕਾਰ ਦਾ ਕਾਵਿਕ ਮਾਹੌਲ ਸਿਰਜਦਾ ਹੈ। "ਆਪਣੀ ਸੁਹਜ-ਦ੍ਰਿਸ਼ਟੀ ਦੀ ਕਾਰਜਸ਼ੀਲਤਾ ਸਦਕਾ ਉਹ (ਕਵੀ) ਭਾਸ਼ਕ ਅਤੇ ਅਲੰਕਾਰਕ ਜੁਗਤਾਂ ਦੀ ਵਿਲੱਖਣ ਵਰਤੋਂ ਕਰਦਾ ਹੋਇਆ ਆਪਣੇ ਅਨੁਭਵ ਵਾਸਤੇ ਰੂਪਾਤਮਕ ਪੈਟਰਨ ਘੜਦਾ ਹੈ।"[3] ਕਾਵਿ ਦਾ ਆਪਣਾ ਇਕ ਵਿਸ਼ੇਸ਼ ਸੰਗਠਨ ਹੁੰਦਾ ਹੈ, ਜਿਸ ਵਿਚ ਕੱਥ ਅਤੇ ਕਥਨ, ਵਿਸ਼ੈ ਤੇ ਪ੍ਰਸਤੁਤੀ, ਵਸਤੂ ਤੇ ਰੂਪ ਦੀ ਇਕਮਿਕਤਾ ਹੁੰਦੀ ਹੈ। ਇਨ੍ਹਾਂ ਨੂੰ ਵੱਖ ਵੱਖ ਨਹੀਂ ਕੀਤਾ ਜਾ ਸਕਦਾ। ਅਨੁਭਵ ਕਵਿਤਾ ਦਾ ਆਧਾਰ-ਤੱਤ ਹੈ। ਕਾਵਿ-ਰਚਨਾ ਅਨੁਭਵ ਦੇ ਰੂਪ ਵਿਚ ਹੀ ਵਿਅੰਜਤ ਹੁੰਦੀ ਹੈ। ਨਾਮਧਾਰੀ ਕਵੀਆਂ ਦਾ ਆਪਣੇ ਸਮੇਂ ਦੀਆਂ ਪਰਿਸਥਿਤੀਆਂ ਨਾਲ ਦੋ-ਚਾਰ ਹੋਣ ਦਾ ਅਨੁਭਵ ਹੀ ਇਸ ਕਵਿਤਾ ਦੀ ਆਧਾਰ-ਸਮੱਗਰੀ ਹੈ। ਹਰਿਭਜਨ ਸਿੰਘ ਦੇ ਕਹਿਣ ਅਨੁਸਾਰ "ਜਿਸ ਅਨੁਭਵ ਦੇ ਆਧਾਰ ਤੇ ਕਾਵਿ ਦੀ ਰਚਨਾ ਹੁੰਦੀ ਹੈ, ਉਹ ਕਾਵਿ ਹੀ ਹੈ।"[4] ਇਸ ਪ੍ਰਕਾਰ ਅਨੁਭਵ ਕਾਵਿ ਦੀ ਹੋਂਦ ਦਾ ਆਧਾਰ ਹੈ। ਕਾਵਿ-ਵਕਤਾ ਨੂੰ ਕਵਿਤਾ ਦੀ ਪ੍ਰੇਰਨਾ ਉਸ ਦੇ ਮਨੋਭਾਵਾਂ ਤੋਂ ਮਿਲਦੀ ਹੈ। ਭਾਵਾਂ ਅਤੇ ਵਿਚਾਰਾਂ ਦੇ ਪ੍ਰਬਲ ਵੇਗ ਸਦਕਾ ਹੀ ਕਵਿਤਾ ਹੋਂਦ ਵਿਚ ਆਉਂਦੀ ਹੈ। ਨਾਮਧਾਰੀ ਕਵਿਤਾ ਵਿਚ ਭਾਵਾਂ ਦੇ ਪ੍ਰਬਲ ਵੇਗ ਨੂੰ ਗਹਿਨ ਰੂਪ ਵਿਚ ਅਭਿਵਿਅਕਤ ਕੀਤਾ ਗਿਆ ਹੈ। ਨਾਮਧਾਰੀ ਕਵੀਆਂ ਨੇ ਆਪਣੇ ਗੁਰੂਆਂ ਦੇ ਵਿਯੋਗ ਨੂੰ ਬਿਰਹਾ-ਭਰਪੂਰ ਹੂਕ ਵਿਚ ਅਨੁਭਵੀ ਅਭਿਵਿਅਕਤੀ ਕੀਤੀ ਹੈ। ਵਿਯੋਗ ਦੀ ਇਹ ਬਿਰਹਾਮਈ ਹੂਕ ਪਾਠਕਾਂ ਦੇ ਮਨਾਂ ਨੂੰ ਟੁੰਬਦੀ ਹੈ। ਇਸ ਬਿਰਹਾ-ਅਨੁਭਵ ਦੀ ਪੇਸ਼ਕਾਰੀ ਲਈ ਪ੍ਰਕਿਰਤੀ ਨੂੰ ਪਿੱਠਭੂਮੀ ਵਿਚ ਰੱਖਿਆ ਗਿਆ ਹੈ।

ਇਸ ਸੰਦਰਭ ਵਿਚ ਪ੍ਰੀਤਮ ਸਿੰਘ ਕਵੀ ਦੀਆਂ ਨਿਮਨਅੰਕਿਤ ਪੰਗਤੀਆਂ ਦਾ ਅਧਿਐਨ ਕੀਤਾ ਜਾ ਸਕਦਾ ਹੈ:

ਵਾਏ! ਨਾ ਵਗ, ਬੱਦਲਾ! ਨਾ ਵਰ੍ਹ, ਬੁਲਬੁਲ ਨੀ! ਨਾ ਬੋਲ
ਮੋਰਾ! ਨਾ ਨੱਚ, ਸ਼ੋਰਾ! ਨਾ ਮੱਚ, ਨਾ ਕਰ ਹੰਸ! ਕਲੋਲ
ਮੈਂ ਦੁਖਿਆਰੀ ਅਤੀ ਬੇਚਾਰੀ ਤੜਪਾਂ ਸਾਜਣ ਦੇ ਲਈ
ਸਾਰੇ ਤੁਸੀਂ ਸੁਖਾਂਦੇ ਜੀਵੋ! ਜੇ ਪ੍ਰੀਤਮ ਹੋਇ ਕੋਲ।[5]

ਕਾਵਿ-ਪਾਤਰ ਦੀ ਮਨੋਸਥਿਤੀ ਨੂੰ ਅਭਿਵਿਅਕਤ ਕਰਨ ਲਈ ਪ੍ਰਕਿਰਤਕ ਵਸਤਾਂ ਪਿੱਠਭੂਮੀ ਦਾ ਪ੍ਰਕਾਰਜ ਨਿਭਾਉਂਦੀਆਂ ਹਨ। ਕਾਵਿ-ਪਾਤਰ ਨੂੰ ਪ੍ਰਕਿਰਤੀ ਦੀ ਸੁੰਦਰਤਾ ਪ੍ਰੀਤਮ-ਵਸਲ ਵਿਚ ਹੀ ਸੁਹਾਵਣੀ ਲੱਗਦੀ ਹੈ।

ਨਾਮਧਾਰੀ ਕਵਿਤਾ ਦੀ ਪ੍ਰਸਤੁਤੀ ਵਿਧੀ ਦਾ ਅਧਿਐਨ ਕਿਸੇ ਇਕ ਖ਼ਾਸ ਪਹੁੰਚ ਅਨੁਸਾਰ ਕਰਨ ਦੀ ਬਜਾਏ ਇਸ ਨੂੰ ਕਵਿਤਾ ਦੇ ਪਾਠ ਉੱਤੇ ਆਧਾਰਿਤ ਕੀਤਾ ਗਿਆ ਹੈ ਜਿਸ ਅਨੁਸਾਰ ਇਸ ਕਾਵਿ ਦੀ ਪ੍ਰਸਤੁਤੀ-ਵਿਧੀ ਨੂੰ ਤਿੰਨ ਆਧਾਰ-ਨੁਕਤਿਆਂ ਤੋਂ ਵਿਸ਼ਲੇਸ਼ਤ ਕੀਤਾ ਜਾ ਸਕਦਾ ਹੈ। ਇਹ ਤਿੰਨ ਆਧਾਰ ਨੁਕਤੇ ਹਨ:

(ੳ) ਨਾਮਧਾਰੀ ਕਵਿਤਾ ਦੀਆਂ ਕਾਵਿ ਜੁਗਤਾਂ
(ਅ) ਨਾਮਧਾਰੀ ਕਵਿਤਾ ਦੇ ਕਾਵਿ ਰੂਪਾਕਾਰ
(ੲ) ਨਾਮਧਾਰੀ ਕਵਿਤਾ ਦੀ ਕਾਵਿ ਭਾਸ਼ਾ

ਇਹ ਤਿੰਨੇ ਨੁਕਤੇ ਕਿਸੇ ਕਾਵਿ-ਰਚਨਾ ਦੀ ਪ੍ਰਸਤੁਤੀ-ਵਿਧੀ ਦਾ ਸਰੂਪ ਘੜਦੇ ਹਨ। ਇਹ ਸਾਰੇ ਤੱਤ ਕਾਵਿ ਦੇ ਰੂਪ ਦੇ ਅੰਗ ਹਨ। ਇਨ੍ਹਾਂ ਦੀ ਸਮੁੱਚ ਹੀ ਕਾਵਿ ਨੂੰ ਇਕ ਸੰਯੁਕਤ ਤੇ ਸੰਗਠਿਤ ਰੂਪ ਬਣਾਉਂਦੀ ਹੈ।

(ੳ) ਨਾਮਧਾਰੀ ਕਵਿਤਾ : ਕਾਵਿ ਜੁਗਤਾਂ

ਨਾਮਧਾਰੀ - ਕਾਵਿ ਦੇ ਅਧਿਐਨ ਤੋਂ ਦ੍ਰਿਸ਼ਟੀਮਾਨ ਹੁੰਦਾ ਹੈ ਕਿ ਇਸ ਕਾਵਿ ਵਿਚ ਵਿਭਿੰਨ ਅਲੰਕਾਰਕ ਅਤੇ ਭਾਸ਼ਕ ਜੁਗਤਾਂ ਦੀ ਸਿਰਜਣਾ ਹੋਈ ਹੈ। ਬਿੰਬ, ਅਲੰਕਾਰ ਪ੍ਰਤੀਕ, ਛੰਦ, ਪਿਛਲਝਾਤ ਤੇ ਅੱਖੀ ਡਿੱਠਾ ਦੀ ਜੁਗਤ, ਇਤਿਹਾਸਕ ਮਿਥਿਹਾਸਕ ਵੇਰਵਿਆਂ ਦੀ ਪੇਸ਼ਕਾਰੀ, ਪ੍ਰਕਿਰਤੀ ਚਿਤਰਨ ਆਦਿ ਨਾਮਧਾਰੀ ਕਵਿਤਾ ਦੀਆਂ ਅਲੰਕਾਰਕ ਅਤੇ ਭਾਸ਼ਕ ਜੁਗਤਾਂ ਹਨ। ਇਨ੍ਹਾਂ ਕਾਵਿ-ਜੁਗਤਾਂ ਨੂੰ ਅਲੱਗ-ਅਲੱਗ ਨਹੀਂ, ਬਲਕਿ ਇਸ ਕਾਵਿ ਦੇ ਸੰਗਠਨ ਵਿਚ ਰੱਖ ਕੇ ਹੀ ਪਛਾਣਿਆ ਜਾ ਸਕਦਾ ਹੈ। ਕਵਿਤਾ ਦੀ ਕੋਈ ਇਕ ਜੁਗਤ ਦੂਜੀਆਂ ਜੁਗਤਾਂ ਤੋਂ ਵੱਖ ਨਹੀਂ ਹੁੰਦੀ ਸਗੋਂ ਸਾਰੀਆਂ ਜੁਗਤਾਂ/ਤੱਤਾਂ ਦੇ ਸੁਮੇਲ ਨਾਲ ਹੀ ਕਾਵਿਕ ਸੰਗਠਨ ਦੀ ਸਿਰਜਣਾ ਹੁੰਦੀ ਹੈ।

ਕਵਿਤਾ ਇਕ ਸ਼ਾਬਦਿਕ ਕਲਾ ਹੈ। ਕਵੀ ਆਪਣੇ ਭਾਵਾਂ ਅਤੇ ਅਨੁਭਵ ਨੂੰ ਸ਼ਬਦਾਂ ਦੇ ਮਾਧਿਅਮ ਵਿਚ ਅਭਿਵਿਅਕਤ ਕਰਦਾ ਹੈ। ਇਹ ਸ਼ਬਦ ਨਿਰਜਿੰਦ ਨਹੀਂ ਹੁੰਦੇ ਸਗੋਂ ਕਾਵਿ-ਜੁਗਤਾਂ/ਕਾਵਿ-ਤੱਤਾਂ ਦੇ ਰੂਪ ਵਿਚ ਸਜਿੰਦ ਹੋ ਉਠਦੇ ਹਨ। ਮਿਸਾਲ ਵਜੋਂ ਬਿੰਬਮੂਲਕ ਸ਼ਬਦ ਇਕ ਸਮੂਰਤ ਚਿਤਰਣ ਹੁੰਦਾ ਹੈ। ਕਾਵਿ - ਬਿੰਬ ਦਾ ਸੰਬੰਧ ਇੰਦ੍ਰਿਆਈ ਅਨੁਭਵ ਨਾਲ ਹੈ। ਬਿੰਬ - ਕਾਵਿ ਦੇ ਸੰਵੇਦਨਾ ਸੁਹਜ ਉਦੈ ਦਾ ਆਧਾਰ ਹੁੰਦੇ ਹਨ ਅਤੇ ਭਾਵਾਂ ਨੂੰ ਸੰਵੇਦਨਸ਼ੀਲ ਅਤੇ ਤੀਖਣ ਬਣਾਉਂਦੇ ਹਨ। ਕਵੀ ਆਪਣੇ ਅਤੇ ਦੂਜਿਆਂ ਦੇ ਅਨੁਭਵਾਂ ਅਤੇ ਮਨੋਭਾਵਾਂ ਨੂੰ ਅਭਿਵਿਅਕਤ ਕਰਦਾ ਹੋਇਆ ਬਿੰਬਾਂ ਦੇ ਮਾਧਿਅਮ ਰਾਹੀਂ ਕਾਵਿ-ਵਸਤੂ ਨੂੰ ਸੁਹਜਮਈ ਅਤੇ ਸੰਵੇਦਨਯੋਗ ਬਣਾਉਂਦਾ ਹੈ। ਉਸ ਦਾ ਪ੍ਰਯੋਜਨ ਬਿੰਬਾਂ

ਦੇ ਮਾਧਿਅਮ ਰਾਹੀਂ ਕਾਵਿ-ਵਸਤੂ ਦਾ ਇੰਦ੍ਰਿਆਈ ਅਨੁਭਵ ਕਰਾਉਣਾ ਹੁੰਦਾ ਹੈ। ਨਾਮਧਾਰੀ ਕਾਵਿ ਵਿਚ ਪ੍ਰਤੱਖਣਮੂਲਕ ਇੰਦ੍ਰਿਆਈ ਬਿੰਬਾਂ ਦੀ ਸਿਰਜਣਾ ਹੋਈ ਹੈ। ਮਿਸਾਲ ਵਜੋਂ ਇਹ ਕਵਿਤਾ ਬਿਰਹੋਂ ਤੇ ਵਸਲ/ਮਿਲਾਪ ਦੇ ਅਨੁਭਵ ਦੀ ਭਾਵਪੂਰਨ ਤੇ ਸੁਹਜਮਈ ਅਭਿਵਿਅੰਜਨਾ ਹੈ। ਪ੍ਰੀਤਮ ਸਿੰਘ ਕਵੀ ਨੇ ਵਸਲ/ਮਿਲਾਪ ਦੀ ਸਥਿਤੀ ਨੂੰ ਦ੍ਰਿਸ਼ ਬਿੰਬ ਰਾਹੀਂ ਇਸ ਤਰ੍ਹਾਂ ਪੇਸ਼ ਕੀਤਾ ਹੈ:

ਕੱਲ੍ਹ ਮੈਂ ਤੇਰਾ ਰੂਪ ਤੱਕਿਆ, ਮਾਂ ਦੀ ਗੋਦੇ ਬਾਲ
ਕਿੰਝ ਅਰੂਪੋਂ ਤੂੰ ਫੁਟਦਾ ਏ, ਵੇਖਿਆ ਇਹੋ ਕਮਾਲ।
ਜਿਉਂ-ਜਿਉਂ ਵਧੇ, ਫੁਲੇ ਪਰਕਾਸ਼ੇ, ਲੈ ਦੁਨੀਆਂ ਦਾ ਗਿਆਨ
ਤੈਥੋਂ ਸਦਕੇ ਹੋ ਹੋ ਜਾਈਏ, ਭੁੱਲ ਕੇ ਤੈਨੂੰ ਨਾਲ।"[6]

ਕਾਵਿ - ਵਕਤਾ ਨੂੰ ਬੱਚੇ ਦੀ ਸੂਰਤ ਵਿਚੋਂ ਆਪਣੇ ਗੁਰੂ/ਪ੍ਰੀਤਮ ਦੀ ਸੂਰਤ ਨਜ਼ਰ ਆਉਂਦੀ ਹੈ। ਇਥੇ ਕਵੀ ਨੇ ਆਪਣੀ ਕਲਪਨਾ ਸ਼ਕਤੀ ਨਾਲ ਕਾਵਿ-ਵਕਤਾ ਨੂੰ ਮਾਂ ਦੀ ਗੋਦ ਵਿਚ ਖੇਡ ਰਹੇ ਛੋਟੇ ਬੱਚੇ ਦੀ ਸੂਰਤ ਵਿਚੋਂ ਕਾਵਿ-ਨਾਇਕ ਦੀ ਸੂਰਤ ਦੀ ਪ੍ਰਤੀਤੀ ਕਰਵਾਈ ਹੈ। ਵਸਲ - ਅਵਸਥਾ ਦੀ ਪ੍ਰਤੀਤੀ ਲਈ ਨਾਮਧਾਰੀ-ਕਾਵਿ ਵਿਚ ਬਹੁਤ ਸਾਰੇ ਦ੍ਰਿਸ਼-ਬਿੰਬਾਂ ਦੀ ਸਿਰਜਣਾ ਹੋਈ ਹੈ। ਕਾਵਿ-ਵਕਤਾ ਨੂੰ ਕਾਵਿ-ਨਾਇਕ ਸ੍ਰਿਸ਼ਟੀ ਦੇ ਕਣ-ਕਣ ਵਿਚ ਨਜ਼ਰ ਆਉਂਦਾ ਹੈ। ਵਸਲ ਪ੍ਰਾਪਤੀ ਦੌਰਾਨ ਕਾਵਿ-ਵਕਤਾ ਨੂੰ ਜੋ ਆਨੰਦ ਅਨੁਭਵ ਹੁੰਦਾ ਹੈ, ਉਸ ਦੀ ਪੇਸ਼ਕਾਰੀ ਲਈ ਉਹ ਕਾਵਿ-ਨਾਇਕ ਦੀ ਤੁਲਨਾ ਸੂਰਜ ਨਾਲ ਕਰਦਾ ਹੈ:

ਦਰਸ਼ਨ ਉਸਦੇ ਕੀਤਿਆਂ ਭੁੱਖ ਲਹਿੰਦੀ
ਚਿੱਟੇ ਕੱਪੜੇ ਮੁਖੜਾ ਲਾਲ ਹੈ ਸੀ।
ਠਹਿਰਨ ਕਿਸ ਤਰ੍ਹਾਂ ਸਾਹਮਣੇ ਚੰਨਤਾਰੇ
ਚੜ੍ਹਦੇ ਸੂਰਜ ਦੇ ਵਾਂਗ ਜਲਾਲ ਹੈ ਸੀ।7

ਇਸ ਕਵਿਤਾ ਵਿਚ ਦ੍ਰਿਸ਼-ਬਿੰਬ ਦੀ ਸਿਰਜਣਾ ਜਿੱਥੇ ਕਾਵਿ-ਨਾਇਕ ਨਾਲ ਵਸਲ-ਅਵਸਥਾ ਦਾ ਅਨੁਭਵ ਕਰਾਉਂਦੀ ਹੈ, ਉਥੇ ਕਾਵਿ-ਨਾਇਕ ਨਾਲ ਕਾਵਿ-ਵਕਤਾ ਦੀ ਵਿਯੋਗ-ਅਵਸਥਾ ਦੀ ਵੀ ਅਨੁਭਵੀ ਪੇਸ਼ਕਾਰੀ ਕੀਤੀ ਗਈ ਹੈ। ਇਸ ਸੰਦਰਭ ਵਿਚ ਨਿਮਨਅੰਕਿਤ ਪੰਗਤੀਆਂ ਦਾ ਅਧਿਐਨ ਕੀਤਾ ਜਾ ਸਕਦਾ ਹੈ:

ਲੋਕੀ ਆਖਦੇ ਆਇਆ ਵੈਸਾਖ ਸੋਹਣਾ
ਸੋਹਣੇ ਬਾਝ ਸੁਹਾਵਣਾ ਲੱਗਦਾ ਨਹੀਂ।
ਦੁਨੀਆਂ ਵਿਚ ਤਕਾਂਵਦੀ ਫਿਰਾਂ ਸੋਹਣੇ
ਸੋਹਣੇ ਬਾਝ ਤਕਾਵਣਾ ਜੱਚਦਾ ਨਹੀਂ।
ਜੈਸੀ ਸੋਹਣੇ ਦੇ ਸੀਸ ਦਸਤਾਰ ਸੋਹੇ
ਕੋਈ ਪੇਚ ਸੁਹਾਵਣਾ ਪਗਦਾ ਨਹੀਂ।
ਗੁਰਾਂ ਬਾਝ ਵੈਸਾਖ ਉਦਾਸ ਦਿੱਸੇ
ਕੋਈ ਦਿੱਸੇ ਸੁਹਾਵਣਾ ਲਗਦਾ ਨਹੀਂ।8

ਵਿਯੋਗ-ਅਵਸਥਾ ਜਾਂ ਬਿਰਹੋਂ ਦੀ ਸਥਿਤੀ ਦੀ ਪੇਸ਼ਕਾਰੀ ਦੀ ਵਿਧੀ ਦ੍ਰਿਸ਼-ਬਿੰਬ ਦੀ ਸਿਰਜਣਾ ਦੀ ਵਿਧੀ ਹੈ।

ਨਾਮਧਾਰੀ ਕਵੀਆਂ ਨੇ ਕਾਵਿ-ਨਾਇਕਾ ਦੇ ਕਾਵਿ-ਨਾਇਕ ਨਾਲ ਵਸਲ ਅਤੇ

ਵਿਯੋਗ ਦੋਹਾਂ ਤਰ੍ਹਾਂ ਦੇ ਅਨੁਭਵਾਂ ਨੂੰ ਨਾਦ-ਬਿੰਬਾਂ ਰਾਹੀਂ ਵੀ ਅਭਿਵਿਅਕਤ ਕੀਤਾ ਹੈ। ਨਾਦ ਬਿੰਬ ਦੀ ਪ੍ਰਤੀਤ ਕੰਨਾਂ ਰਾਹੀਂ ਹੁੰਦੀ ਹੈ। ਨਾਦ-ਬਿੰਬ ਦੀ ਸਿਰਜਣਾ ਕਰਕੇ ਕਵੀ ਅਜਿਹਾ ਪ੍ਰਭਾਵ ਸਿਰਜਦਾ ਹੈ ਕਿ ਕਾਵਿ-ਵਕਤਾ ਦੀ ਮਾਨਸਿਕਤਾ ਧੁਨੀ ਚਮਤਕਾਰ ਰਾਹੀਂ ਅਭਿਵਿਅਕਤ ਹੋਵੇ। ਨਾਮਧਾਰੀ-ਕਾਵਿ ਵਿਚ ਵਿਯੋਗਮਈ ਸਥਿਤੀ ਨੂੰ ਸਮੂਰਤ ਕਰਨ ਵਾਲੇ ਨਾਦ-ਬਿੰਬ ਦੀ ਸਿਰਜਣਾ ਦੀ ਮਿਸਾਲ ਵਜੋਂ ਸੰਤ ਰਾਮ ਉਦਾਸੀ ਦੀ ਕਵਿਤਾ 'ਕੂ ਕੂ ਕਰਦੀਏ ਕੋਇਲੇ' ਦਾ ਅਧਿਐਨ ਕੀਤਾ ਜਾ ਸਕਦਾ ਹੈ:

ਕੂ ਕੂ ਕਰਦੀਏ ਕੋਇਲੇਨੀ ਤੂੰ ਐਵੇਂ ਨਾ ਤੜਫਾ।
ਦੂਰ ਗਏ ਮਾਹੀ ਦਾ ਅੜੀਏ ਜਾ ਕੇ ਪਤਾ ਲਿਆ।
ਆਪ ਗੱਡੀ 'ਤੇ ਬਹਿ ਕੇ ਪ੍ਰੀਤਮ ਧਿਰ ਪ੍ਰਦੇਸ਼ ਸਿਧਾਇਆ।
ਛੱਡ ਗਿਆ ਮੈਨੂੰ ਕੁਰਲਾਉਂਦੀ, ਬਹੁਤਾ ਹੀ ਤੜਫਾਇਆ,
ਫੁੱਲਾਂ ਦੀ ਅੱਜ ਟਾਹਣੀ ਟੁੱਟੀ, ਕਲੀ ਗਈ ਕੁਮਲਾ।
ਕੂ ਕੂ ਕਰਦੀਏ ਕੋਇਲੇ ਨੀ ਤੂੰ ਐਵੇਂ ਨਾ ਤੜਫਾ।9

ਕਾਵਿ-ਨਾਇਕਾ ਦੀ ਕਾਵਿ-ਨਾਇਕ ਤੋਂ ਵਿਯੋਗ ਦੀ ਸਥਿਤੀ ਨੂੰ ਕਵੀ ਨੇ ਕੋਇਲ ਦੀ ਕੂਕ, ਕਾਵਿ-ਨਾਇਕ ਦੇ ਕੁਲਾਉਣ ਅਤੇ ਟਾਹਣੀ ਟੁੱਟਣ ਦੀਆਂ ਧੁਨੀਆਂ ਵਿਚ ਅਭਿਵਿਅਕਤ ਕੀਤਾ ਹੈ। ਇਨ੍ਹਾਂ ਧੁਨੀਆਂ ਦੀ ਪ੍ਰਤੀਤੀ ਵਿਯੋਗ-ਅਵਸਥਾ ਦੀ ਪੇਸ਼ਕਾਰੀ ਨੂੰ ਵਧੇਰੇ ਪ੍ਰਚੰਡ ਅਤੇ ਭਾਵਪੂਰਨ ਬਣਾਉਂਦੀ ਹੈ। ਇਸੇ ਤਰ੍ਹਾਂ ਫੁੱਲ ਤੇ ਭੌਰੇ ਦੇ ਰੂਪਕ ਸਿਰਜਦਿਆਂ ਭੌਰੇ ਦੀ ਆਵਾਜ਼ ਰਾਹੀਂ ਧੁਨੀ ਪੈਦਾ ਕੀਤੀ ਗਈ ਹੈ, ਜਿਵੇਂ:

ਹੋਵੇ ਫੁੱਲ ਤੇ ਗੂੰਜਾਂ ਮੈਂ ਭੌਰ ਬਣਕੇ
ਤੇਰੇ ਮੇਰੇ ਪਿਆਰ ਦੀ ਰੀਤ ਨਿਭਜੇ।10

ਕਾਵਿ-ਨਾਇਕਾ ਦੇ ਕਾਵਿ-ਨਾਇਕ ਨਾਲ ਵਸਲ ਅਵਸਥਾ ਨੂੰ ਨਾਮਧਾਰੀ ਕਵੀਆਂ ਨੇ ਬੰਸੀ ਦੀ ਧੁਨ, ਚਸ਼ਮੇ, ਝਰਨੇ ਅਤੇ ਨਦੀ ਦੇ ਵਹਿਣ ਦੇ ਨਾਦ, ਬੁਲਬੁਲ ਦੀ ਆਵਾਜ਼ ਅਤੇ ਰਾਗਾਂ ਦੀ ਧੁਨੀ ਆਦਿ ਵਿਚ ਅਭਿਵਿਅਕਤ ਕੀਤਾ ਹੈ। ਇਨ੍ਹਾਂ ਸਾਰੀਆਂ ਧੁਨੀਆਂ ਦੀ ਪ੍ਰਤੀਤੀ ਕੰਨਾਂ ਰਾਹੀਂ ਸੁਖਦ ਅਨੁਭਵ ਕਰਾਉਂਦੀ ਹੈ। ਕਾਵਿ-ਨਾਇਕ ਦੇ ਬੋਲਾਂ ਦੀ ਉਪਮਾ ਕਰਦਿਆਂ ਕਵੀ ਲਿਖਦਾ ਹੈ:

ਬੰਸੀ ਦੀ ਧੁਨ ਵਾਂਗਰਾ, ਸੁਹਣਿਆ ਤੇਰੇ ਬੋਲ।
ਰਸ ਬਖੇਰਦੇ ਝਰੀ ਜਾਣ, ਮੇਰੇ ਕੰਨਾਂ ਕੋਲ।
ਧੁਰ ਹਿਰਦੇ ਵਿਚ ਪਹੁੰਚਣ ਬਣ ਮਦ ਭਿੰਨਾ ਰਾਗ
ਯਾਦ ਕਰਦਿਆਂ ਕੂਕ ਪਾ, ਮਿਲ ਸੈ ਕਦੋਂ ਅਡੋਲ।11

ਏਸੇ ਤਰ੍ਹਾਂ ਨਾਮਧਾਰੀ ਕਵਿਤਾ ਵਿਚ ਕਾਵਿ – ਨਾਇਕ (ਗੁਰੂ) ਦੀ ਆਮਦ ਨਾਲ ਸਾਰਾ ਵਾਤਾਵਰਨ ਸੁਗੰਧਿਤ ਹੋ ਜਾਂਦਾ ਦਰਸਾਇਆ ਗਿਆ ਹੈ। ਇਸ ਸਥਿਤੀ ਨੂੰ ਗੰਧ ਬਿੰਬ ਸਿਰਜ ਕੇ ਪੇਸ਼ ਕੀਤਾ ਗਿਆ ਹੈ। ਇਸ ਸੰਬੰਧ ਵਿਚ ਸੁਰਿੰਦਰ ਖਰਲ ਦੀ ਕਵਿਤਾ 'ਮੈਂ' ਅਲੋਪ ਹੋ ਜਾਂਦੀ ਹੈ' ਦਾ ਅਧਿਐਨ ਕੀਤਾ ਜਾ ਸਕਦਾ ਹੈ, ਜਿਸ ਵਿਚ ਉਸ ਨੇ ਗੰਧ ਬਿੰਬ ਸਿਰਜ ਕੇ ਨਾਮਧਾਰੀ ਸੰਗਤ ਦੀ ਮਾਨਸਿਕਤਾ ਨੂੰ ਪੇਸ਼ ਕੀਤਾ ਹੈ:

ਢੇਰਾਂ ਫੁੱਲਾਂ ਦਾ ਸਮੁੰਦਰ
ਮਹਿਕਾਂ ਖਿਲੇਰਦਾ ਹੈ,
ਤੇ ਆਲਾ ਦੁਆਲਾ

ਸੁਗੰਧਿਤ - ਸੁਗੰਧਿਤ
ਖਿੜਿਆ - ਖਿੜਿਆ
ਹਰ ਛਿਣ
ਹਰ ਪਲ
ਹਰ ਥਾਂ
ਤੇਰੀ ਮੌਜੂਦਗੀ ਦੇ
ਅਹਿਸਾਸ ਵਿਚ।[12]

ਕਾਵਿ-ਵਕਤਾ ਨੂੰ ਗੁਰੂ ਦੇ ਬੋਲ ਵੀ ਸੁਗੰਧੀ ਫੈਲਾਉਂਦੇ ਪ੍ਰਤੀਤ ਹੁੰਦੇ ਹਨ ਅਤੇ ਉਹ ਫੁੱਲਾਂ ਦੀ ਖੁਸ਼ਬੋ ਵਾਂਗ ਉਨ੍ਹਾਂ ਬੋਲਾਂ ਨੂੰ ਮਾਨਣਾ ਚਾਹੁੰਦਾ ਹੈ। ਕਵੀ ਹਵਾ ਨੂੰ ਸੰਬੋਧਨ ਕਰਦਾ ਹੋਇਆ ਕਹਿੰਦਾ ਹੈ:

ਵਾਏ ਨੀ! ਰਤਾ ਗਮਕੀਂ ਵੱਗੀ
ਤੇ ਖੁਸ਼ਬੋ ਖਿਲਾਰੀ।[13]

ਪ੍ਰਤੱਖ ਬਿੰਬ-ਸਿਰਜਣਾ ਵਿਚ ਸਵਾਦ-ਬਿੰਬ ਨੂੰ ਪ੍ਰਮੁਖਤਾ ਹਾਸਲ ਹੈ। ਸਵਾਦ ਬਿੰਬ ਨੂੰ ਰਸ ਬਿੰਬ ਵੀ ਕਿਹਾ ਜਾਂਦਾ ਹੈ। ਇਹ ਬਿੰਬ ਕੌੜਾ, ਫਿੱਕਾ, ਮਿੱਠਾ, ਤਿੱਖਾ, ਖੱਟਾ ਆਦਿ-ਸਵਾਦ ਦੀ ਪ੍ਰਤੀਤੀ ਕਰਾਉਂਦਾ ਹੈ। ਨਾਮਧਾਰੀ ਕਵਿਤਾ ਵਿਚੋਂ ਹੇਠ ਲਿਖੀਆਂ ਕਾਵਿ-ਸਤਰਾਂ ਸਵਾਦ ਬਿੰਬ ਦੀ ਮਿਸਾਲ ਪੇਸ਼ ਕਰਦੀਆਂ ਹਨ:

- ਕੌੜਾ ਹੁਕਮ ਸਨਾਵਣ ਲਈ ਤੂੰ
  ਕਿੰਜ ਖੁੱਲ ਵਰਤੇ ਮਿੱਠਾ।
  ਚਮਤਕਾਰ ਮੈਂ ਇਹ ਵੀ ਅੱਜਕੱਲ੍ਹ
  ਖੂਬ ਤੇਰਾ ਹੈ ਡਿੱਠਾ।[14]
- ਮਿੱਠ ਬੋਲੜੇ ਬੋਲਕੇ ਬੋਲ ਮਿੱਠੇ
  ਕੀਤਾ ਸ਼ਾਂਤ ਸੀ ਕੱਟੜ ਵਿਰੋਧੀਆਂ ਨੂੰ।[15]

ਨਾਮਧਾਰੀ ਕਵਿਤਾ ਵਿਚ ਨਾਮਧਾਰੀ ਲਹਿਰ ਦੇ ਵਿਚਾਰਧਾਰਕ ਸੰਕਲਪਾਂ ਨੂੰ ਸਪਸ਼ਟ ਕਰਨ ਵਾਲੇ ਸਵਾਦ-ਬਿੰਬ ਵੀ ਸਿਰਜੇ ਗਏ ਹਨ। ਇਸ ਵਿਚ ਗੁਰੂ ਦੇ ਹੁਕਮ ਅਤੇ ਬੋਲਾਂ ਨੂੰ ਮਿੱਠੇ ਕਿਹਾ ਗਿਆ ਹੈ। ਇਸੇ ਤਰ੍ਹਾਂ ਜੀਭ ਦੇ ਵੱਖ-ਵੱਖ ਸਵਾਦ ਨੂੰ ਵੀ ਕਾਵਿ-ਅਭਿਵਿਅਕਤੀ ਪ੍ਰਦਾਨ ਕੀਤੀ ਗਈ ਹੈ।

ਏਸੇ ਤਰ੍ਹਾਂ ਇਸ ਕਵਿਤਾ ਵਿਚ ਸਪਰਸ਼ ਬਿੰਬ ਦੀ ਵੀ ਬੜੀ ਪ੍ਰਭਾਵਸ਼ਾਲੀ ਸਿਰਜਣਾ ਹੋਈ ਹੈ। ਇਸ ਕਵਿਤਾ ਵਿਚ ਕਾਵਿ-ਨਾਇਕ ਅਤੇ ਕਾਵਿ-ਨਾਇਕਾ ਦਾ ਰਿਸ਼ਤਾ ਸਮਾਨ ਨਹੀਂ, ਕਿਉਂਕਿ ਕਾਵਿ-ਨਾਇਕ ਸ੍ਰੇਸ਼ਠ, ਮਹਾਨ ਪੁਰਖ ਅਤੇ ਪਵਿੱਤਰ ਹੈ, ਜਦਕਿ ਕਾਵਿ-ਨਾਇਕ ਆਪਣੇ ਆਪ ਨੂੰ ਹੀਣੀ, ਅਪਵਿੱਤਰ ਅਤੇ ਛੋਟਾ ਸਮਝਦੀ ਹੈ। ਇਸੇ ਮਾਨਸਿਕਤਾ ਸਦਕਾ ਕਾਵਿ-ਨਾਇਕਾ ਨਾਇਕ ਦੇ ਪੈਰਾਂ ਦੀ ਮਿੱਟੀ ਦੇ ਸਪਰਸ਼ ਨਾਲ ਹੀ ਆਪਣੇ ਆਪ ਨੂੰ ਸੰਤੁਸ਼ਟ ਕਰ ਲੈਂਦੀ ਹੈ। ਮਿਸਾਲ ਵਜੋਂ :

ਚਰਨ ਛੋਹ ਪ੍ਰਾਪਤ ਕਰਨ ਲਈ
ਝੁਕਦਿਆਂ-ਝੁਕਦਿਆਂ ਹੀ
ਕਦੇ ਕਦੇ
ਇਹ ਖ਼ਿਆਲ ਆ ਆਖਦਾ ਹੈ

ਕਿਥੇ ਇਹ ਪਵਿੱਤਰ ਚਰਨ?
ਤੇ ਕਿਥੇ ਮੇਰੇ ਅਪਵਿੱਤਰ ਹੱਥ?
ਇਸ ਸੋਚ ਨਾਲ
ਚਰਨ ਛੋਹ ਤੋਂ ਖ਼ਾਲੀ ਹੱਥ
ਦੂਰ ਹੀ ਰਹਿ ਜਾਂਦੇ ਨੇ
ਤੇ ਫਿਰ ਮੈਂ
ਤੇਰੇ ਚਰਨਾਂ ਹੇਠ ਆਏ
ਮਿੱਟੀ ਦੇ ਪਾਵਣ ਕਣਾਂ ਨੂੰ
ਆਪਣੀਆਂ ਪਲਕਾਂ ਨਾਲ
ਚੁਕ ਕੇ
ਮਸਤਕ ਤੇ ਸਜਾ ਲੈਂਦੀ ਹਾਂ।[16]

ਭਾਵੇਂ ਕਾਵਿ-ਵਕਤਾ ਆਪਣੇ ਇਸ਼ਟ ਨੂੰ ਪਵਿੱਤਰ ਮੰਨਦਿਆਂ ਉਸ ਦੀ ਸਰੀਰ ਦੀ ਛੋਹ ਪ੍ਰਾਪਤ ਨਹੀਂ ਕਰਦਾ, ਪਰੰਤੂ ਉਹ ਉਸ ਦੀ ਹੋਂਦ ਨੂੰ ਸ੍ਰਿਸ਼ਟੀ ਦੇ ਕਣ-ਕਣ ਵਿਚ ਅਨੁਭਵ ਕਰਦਾ ਹੈ, ਜਿਸ ਕਾਰਨ ਉਹ ਹਰ ਪ੍ਰਕਿਰਤਕ ਵਸਤੂ ਨੂੰ ਗਲਵਕੜੀ ਵਿਚ ਲੈ ਕੇ 'ਆਨੰਦ ਪ੍ਰਾਪਤੀ' ਨੂੰ ਅਨੁਭਵ ਕਰਦਾ ਹੈ:

- ਕਦੀ ਕਦੀ ਜਦ ਅੰਦਰੇ ਆਉਨੈ, ਹੋਰ ਹੋਰ ਹੋ ਜਾਵਾਂ।
  ਫੁੱਲਾਂ ਦੀਆਂ ਪੱਤੀਆਂ ਨੂੰ ਚੁੰਮਾ, ਰੁੱਖੀਂ ਜੱਫੀਆਂ ਪਾਵਾਂ।[17]
- ਪਤ ਪਤ ਡਾਲੀ, ਫੂਲ-ਫੂਲ ਫਲ-ਫਲ, ਮੈਂ ਪੰਛੀ ਜਿਉਂ ਘੁੰਮਾਂ
  ਰੂਪ, ਰੰਗ, ਰਸ, ਕੋਮਲਤਾ ਨੂੰ ਤਿਤਲੀ ਬਣ ਬਣ ਚੁੰਮਾ।[18]

ਨਾਮਧਾਰੀ ਕਵਿਤਾ ਵਿਚ ਪ੍ਰਤੱਖ ਅਨੁਭਵ ਨਾਲ ਸੰਬੰਧਿਤ ਬਿੰਬ-ਸਿਰਜਣਾ ਤੋਂ ਇਲਾਵਾ ਪਰੋਖ ਅਨੁਭਵ ਨਾਲ ਸੰਬੰਧਿਤ ਬਿੰਬਾਂ ਦੀ ਸਿਰਜਣਾ ਵੀ ਹੋਈ ਹੈ, ਜਿਨ੍ਹਾਂ ਵਿਚ ਪਰਮਾਤਮਾ ਤੇ ਆਤਮਾ, ਗੁਰੂ, ਮਨੁੱਖੀ ਸਰੀਰ, ਮੌਤ, ਸੰਯੋਗ, ਵਿਯੋਗ, ਸਦਾਚਾਰਕ ਕੀਮਤਾਂ ਨਾਲ ਸੰਬੰਧਿਤ ਬਿੰਬ ਸਿਰਜੇ ਗਏ ਹਨ।

ਨਾਮਧਾਰੀ-ਕਾਵਿ ਦੀ ਪੇਸ਼ਕਾਰੀ ਮੁੱਖ ਤੌਰ 'ਤੇ ਅਲੰਕਾਰਿਕ ਹੈ ਅਤੇ ਸਮਾਨਤਾਮੂਲਕ ਅਲੰਕਾਰ ਇਸ ਕਾਵਿ ਦੀ ਪ੍ਰਧਾਨ ਜੁਗਤ ਹੈ। ਇਹ ਕਾਵਿ ਸਮਾਨਤਾ-ਮੂਲਕ ਅਲੰਕਾਰਾਂ ਜਿਵੇਂ ਉਪਮਾ, ਰੂਪਕ, ਦ੍ਰਿਸ਼ਟਾਂਤ ਆਦਿ ਉੱਤਮ ਮਿਸਾਲਾਂ ਪੇਸ਼ ਕਰਦਾ ਹੈ। ਇਸ ਸੰਦਰਭ ਵਿਚ ਨਿਮਨਅੰਕਿਤ ਰੁਬਾਈ ਅਧਿਐਨਯੋਗ ਹੈ:

ਪਤ-ਪਤ, ਡਾਲੀ, ਫੂਲ-ਫੂਲ, ਫਲ-ਫਲ
ਮੈਂ ਪੰਛੀ ਜਿਉਂ ਘੁੰਮਾਂ
ਰੂਪ, ਰੰਗ, ਰਸ, ਕੋਮਲਤਾ ਨੂੰ
ਤਿਤਲੀ ਬਣ-ਬਣ ਚੁੰਮਾਂ
ਸੱਭੇ ਹੈਨ ਜੇਕਰਾਂ ਤੇਰੇ
ਤਾਂ ਹੀ ਮੈਨੂੰ ਭਾਂਦੇ
ਹਠੀ-ਤਪੀ ਨਹੀਂ ਅਹੰਕਾਰ
ਲੈ ਜੋ ਖੁਸ਼ਕੀ ਵਿਚ ਗੁੰਮਾ।[19]

ਇਹ ਰੁਬਾਈ ਉਪਮਾ, ਰੂਪਕ, ਦ੍ਰਿਸ਼ਟਾਂਤ ਅਤੇ ਅਨੁਪ੍ਰਾਸ ਦੀ ਸਿਰਜਣਾ ਦੀ

ਮਿਸਾਲ ਪੇਸ਼ ਕਰਦੀ ਹੈ। ਭਾਰਤੀ ਕਾਵਿ-ਸ਼ਾਸਤਰੀਆਂ ਨੇ ਅਲੰਕਾਰਾਂ ਦਾ ਵਰਗੀਕਰਨ ਕਰਦਿਆਂ ਇਨ੍ਹਾਂ ਨੂੰ ਦੋ ਪ੍ਰਵਰਗਾਂ 'ਸ਼ਬਦ-ਅਲੰਕਾਰ' ਅਤੇ 'ਅਰਥ-ਅਲੰਕਾਰ' ਵਿਚ ਰੱਖਿਆ ਹੈ। ਨਾਮਧਾਰੀ-ਕਾਵਿ ਇਨ੍ਹਾਂ ਦੋਹਾਂ ਪ੍ਰਵਰਗਾਂ ਨਾਲ ਸੰਬੰਧਿਤ ਅਲੰਕਾਰਾਂ ਦੀ ਸਿਰਜਣਾ ਦੀ ਮਿਸਾਲ ਪੇਸ਼ ਕਰਦਾ ਹੈ। ਨਾਮਧਾਰੀ-ਕਾਵਿ ਵਿਚ ਵਿਅੰਜਨਾਂ/ਸ੍ਵਰਾਂ ਦੀ ਵਾਰ-ਵਾਰ ਵਰਤੋਂ ਕਰਕੇ ਅਨੁਪ੍ਰਾਸ ਅਲੰਕਾਰ ਦੀ ਸਿਰਜਣਾ ਹੋਣੀ ਹੈ। ਅਨੁਪ੍ਰਾਸ ਅਲੰਕਾਰ ਦੇ ਉਦਾਹਰਣ ਵਜੋਂ ਕੁਲਜੀਤ ਸਿੰਘ ਜੀਤ ਦੀ ਕਵਿਤਾ 'ਪਰਉਪਕਾਰੀ' ਦਾ ਅਧਿਐਨ ਕੀਤਾ ਜਾ ਸਕਦਾ ਹੈ ਜੋ ਸਾਰੀ ਦੀ ਸਾਰੀ ਇਸੇ ਜੁਗਤ ਰਾਹੀਂ ਸਿਰਜੀ ਗਈ ਹੈ:

ਪ੍ਰਮ ਪਿਤਾ ਪ੍ਰਮੇਸ਼੍ਵਰ ਪਿਆਰੇ
ਪਤਿਤ ਪਾਵਨ ਪ੍ਰਭ ਪਰ-ਉਪਕਾਰੀ।
ਪਲ-ਪਲ ਪਗ ਪਰਸੋਂ ਪ੍ਰਸ਼ੋਤਮ
ਪ੍ਰਿਤਪਾਲਿਕ ਹੇ ਪਾਪ ਬਿਦਾਰੀ।
ਪਾਰ ਬ੍ਰਹਮ ਪਰ ਸੁਆਰਥ ਕਾਰਨ
ਪ੍ਰਗਟ ਭਏ ਹੋ ਬਨ ਪ੍ਰਿਤਪਾਰੀ।[20]

ਇਸ ਕਵਿਤਾ ਵਿਚ ਸ਼ਬਦ-ਅਨੁਪ੍ਰਾਸ ਦੀ ਸਿਰਜਣਾ ਸ਼ਬਦ ਚਮਤਕਾਰ ਪੈਦਾ ਕਰਦੀ ਹੈ। ਵਿਅੰਜਨ 'ਪ' ਦੀ ਵਰਤੋਂ ਰਾਹੀਂ ਨਾਦ ਦੀ ਪ੍ਰਤੀਤੀ ਹੁੰਦੀ ਹੈ। 'ਪਲ' ਸ਼ਬਦ ਦਾ ਵਾਰ-ਵਾਰ ਦੁਹਰਾਉ ਕਰਕੇ ਵੀਪਸਾ ਅਲੰਕਾਰ ਦੀ ਸਿਰਜਣਾ ਕੀਤੀ ਹੈ (ਪਲ ਪਲ ਪਗ ਪਰਸੋਂ ਪ੍ਰਸ਼ੋਤਮ) ਵੀਪਸਾ ਦੇ ਸੰਦਰਭ ਵਿਚ ਹੀ ਪ੍ਰੀਤਮ ਸਿੰਘ ਕਵੀ ਦੀਆਂ ਨਿਮਨਅੰਕਿਤ ਸਤਰਾਂ ਦਾ ਹਵਾਲਾ ਵੀ ਦਿੱਤਾ ਜਾ ਸਕਦਾ ਹੈ:

ਤੂੰ ਦਾਤਾ ਬੇਅੰਤ ਹੈ, ਵੰਡੀ ਜਾਵੇਂ ਚੁਕ-ਚੁਕ
ਛੱਤਾਂ ਪਾੜ ਕਈਆਂ ਨੂੰ ਦੇਵੇ, ਦਏ ਕਿਸੇ ਨੂੰ ਬੁਕ-ਬੁਕ
ਕਿਸੇ ਨੂੰ ਪਾ ਵਖਾਲੇ ਬਖ਼ਸ਼ੇ, ਕਿਸੇ ਨੂੰ ਅੰਦਰ ਵੜ ਕੇ
ਇਕਨਾ ਨੂੰ ਹੰਝੂ ਹੀ ਦੈਨੇਂ ਵੇਖਾਂ ਰੋਂਦੇ ਲੁਕ-ਲੁਕ।[21]

ਏਥੇ ਚੁਕ, ਬੁਕ, ਅਤੇ ਲੁਕ ਸ਼ਬਦਾਂ ਦਾ ਦੁਹਰਾਉ ਵੀਪਸਾ ਅਲੰਕਾਰ ਦੀ ਸਿਰਜਣਾ ਕਰਦਾ ਹੈ।

ਨਾਮਧਾਰੀ ਕਾਵਿ ਵਿਚ ਅਰਥ-ਅਲੰਕਾਰ ਦੀਆਂ ਵਿਭਿੰਨ ਵੰਨਗੀਆਂ ਵੀ ਸਿਰਜਿਤ ਹਨ। ਰੂਪਕ, ਉਪਮਾ ਅਤੇ ਦ੍ਰਿਸ਼ਟਾਂਤ ਅਲੰਕਾਰਾਂ ਦੀ ਸਿਰਜਣਾ ਅਰਥ ਚਮਤਕਾਰ ਪੈਦਾ ਕਰਦੀ ਹੈ। ਨਾਮਧਾਰੀ ਕਵੀਆਂ ਨੇ ਕਾਵਿ-ਨਾਇਕ (ਗੁਰੂ ਰਾਮ ਸਿੰਘ, ਗੁਰੂ ਹਰੀ ਸਿੰਘ, ਗੁਰੂ ਪ੍ਰਤਾਪ ਸਿੰਘ ਅਤੇ ਗੁਰੂ ਜਗਜੀਤ ਸਿੰਘ) ਨਾਲ ਸੰਬੰਧਿਤ ਬਹੁ-ਪਾਸਾਰੀ ਰੂਪਕ ਸਿਰਜਣਾ ਕੀਤੀ ਹੈ। ਇਸ ਸੰਦਰਭ ਵਿਚ ਸੁਰਿੰਦਰ ਕੌਰ ਖਰਲ ਦੀ ਕਵਿਤਾ 'ਨਮਸਕਾਰ! ਨਮਸਕਾਰ' ਅਧਿਐਨਯੋਗ ਹੈ ਜੋ ਕਾਵਿ-ਨਾਇਕ ਦੀ ਵਿਭਿੰਨ ਸਮਾਜਕ ਰਿਸ਼ਤਿਆਂ ਨਾਲ ਸਮਾਨਤਾ ਦਰਸਾ ਕੇ ਸਮਾਨਤਾਮੂਲਕ ਅਲੰਕਾਰ ਸਿਰਜਦੀ ਹੈ। ਖਰਲ ਲਿਖਦੀ ਹੈ:

ਜਦ ਤੂੰ ਹਾਸੀ ਕਰਦਾ ਹੈਂ
ਤਾਂ ਅੱਲੜ ਬੱਚੇ ਵਾਂਗ ਲਗਦਾ ਹੈਂ
ਜਦ ਤੂੰ ਸਿੱਖਿਆ ਦਿੰਦਾ ਹੈਂ
ਤਾਂ ਮਾਂ ਵਾਂਗ ਜਾਪਦਾ ਹੈਂ
ਜਦ ਤੂੰ ਗੰਭੀਰ ਮੁਦਰ 'ਚ ਹੁੰਨੈ

ਤਾਂ ਪਿਉ ਵਾਂਗ ਲਗਦਾ ਹੈਂ
ਜਦ ਤੂੰ ਭਲਾ ਲੋਚਦਾ ਹੈਂ
ਤਾਂ ਵੀਰ ਵਾਂਗ ਜਾਪਦਾ ਹੈਂ
ਜਦ ਤੂੰ ਕੌਤਕ ਕਰਦਾ ਹੈਂ
ਤਾਂ ਅਦ੍ਰਿਸ਼ ਪਰਮਾਤਮਾ ਲਗਦਾ ਹੈਂ
..... ਮੇਰੀ ਕਲਪਨਾ ਨੂੰ
ਕਦੇ ਤੂੰ ਰਾਮ ਲਗਦਾ ਹੈਂ
ਕਦੇ ਤੂੰ ਕ੍ਰਿਸ਼ਨ ਲਗਦਾ ਹੈਂ।[22]

ਏਥੇ ਕਵਿੱਤਰੀ ਨੇ ਕਾਵਿ-ਨਾਇਕ ਨੂੰ ਬੱਚੇ, ਮਾਂ, ਪਿਉ, ਵੀਰ ਆਦਿ ਸਮਾਜਕ ਰਿਸ਼ਤਿਆਂ ਦੇ ਰੂਪ ਦੇਣ ਦੇ ਨਾਲ ਹੀ ਉਸ ਲਈ ਰਾਮ ਅਤੇ ਕ੍ਰਿਸ਼ਨ ਦੇ ਰੂਪਕ ਦੀ ਸਿਰਜਣਾ ਵੀ ਕੀਤੀ ਹੈ। ਨਾਮਧਾਰੀ-ਕਾਵਿ ਵਿਚ ਕਾਵਿ-ਨਾਇਕ ਨੂੰ ਪ੍ਰੇਮੀ, ਪਤੀ, ਸੱਜਣ, ਪੀਆ, ਬੇਲੀ, ਮਾਹੀ ਆਦਿ ਰੂਪ ਵੀ ਦਿੱਤੇ ਗਏ ਹਨ। ਰੂਪਕ ਸਿਰਜਣਾ ਦੇ ਸੰਦਰਭ ਵਿਚ ਹੀ ਸੰਤ ਰਾਮ ਉਦਾਸੀ ਦੀ ਰਚਨਾ 'ਤੇਰੇ ਚਰਨਾਂ ਦੇ ਨਾਲ ਪ੍ਰੀਤ ਨਿਭਜੇ' ਅਧਿਐਨਯੋਗ ਹੈ। ਇਸ ਵਿਚ ਕਵੀ ਨੇ ਕਾਵਿ-ਨਾਇਕ ਅਤੇ ਕਾਵਿ-ਨਾਇਕਾ ਨੂੰ ਵਿਭਿੰਨ ਸਮਾਨਤਾਮੂਲਕ ਸਥਿਤੀਆਂ ਰਾਹੀਂ ਅਭਿਵਿਅਕਤ ਕੀਤਾ ਹੈ। ਕਵੀ ਲਿਖਦਾ ਹੈ:

ਕਸਮ ਰੱਬ ਦੀ ਇਹੋ ਏ ਚਾਅ ਮੈਨੂੰ
ਹੋਵੇ ਚੰਨ ਤੇ ਮੈਂ ਚਕੋਰ ਹੋਵਾਂ।
ਹੋਵੇ ਸਾਵਣ ਦੀ ਰੁੱਤ ਦਾ ਮੇਘਲਾ ਤੂੰ
ਪੈਲਾਂ ਪਾਂਵਦਾ ਇਕ ਮੈਂ ਮੋਰ ਹੋਵਾਂ।
ਕਿਰਨ ਤੇਰੇ ਪਿਆਰ ਦੀ ਰਹੇ ਮਿਲਦੀ
ਭਾਵੇਂ ਵਸਦਾ ਵਿਚ ਅੰਧ-ਘੋਰ ਹੋਵਾਂ।
ਹੋਵੇ ਫੁੱਲ ਤੇ ਗੂੰਜਾਂ ਮੈਂ ਭੌਰ ਬਣਕੇ
ਤੇਰੇ ਮੇਰੇ ਪਿਆਰ ਦੀ ਰੀਤ ਨਿਭਜੇ।
....ਰੱਬੀ ਸ਼ਕਤੀਆਂ ਨੇ ਤੇਰੀ ਜੋਤ ਅੰਦਰ
ਭਾਰਤ ਮਾਂ ਦਾ ਸਿਪਾਹਸਲਾਰ ਹੈਂ ਤੂੰ।
ਰਾਖਾ ਤੂੰ ਏਂ ਅਮਨ ਤੇ ਏਕਤਾ ਦਾ
ਸਾਰੇ ਵਿਸ਼ਵ ਦਾ ਜਿਵੇਂ ਸਰਦਾਰ ਹੈਂ ਤੂੰ।[23]

ਏਥੇ ਕਾਵਿ-ਨਾਇਕ ਲਈ ਚੰਨ, ਸਾਵਣ ਦਾ ਮੇਘਲਾ, ਫੁੱਲ, ਸਿਪਾਹਸਲਾਰ, ਸਰਦਾਰ ਦੀਆਂ ਰੂਪਕਾਂ ਦੀ ਅਤੇ ਮੈਂ-ਪਾਤਰ ਲਈ ਚਕੋਰ, ਮੋਰ, ਭੌਰ ਆਦਿ ਰੂਪਕਾਂ ਦੀ ਸਿਰਜਣਾ ਹੋਈ ਹੈ। ਰੂਪਕ ਸਿਰਜਣਾ ਦੇ ਨਾਲ ਹੀ ਉਪਮਾ ਅਲੰਕਾਰ ਦੀ ਸਿਰਜਣਾ ਦੀਆਂ ਵੀ ਸੁੰਦਰ ਮਿਸਾਲਾਂ ਇਸ ਕਵਿਤਾ ਵਿਚ ਉਪਲਬਧ ਹਨ। ਇਸ ਸੰਦਰਭ ਵਿਚ ਸੁਖਜੀਤ ਦੀ ਕਵਿਤਾ 'ਪੰਜ ਭਾਦਰੋਂ', ਇਕਬਾਲ ਸਿੰਘ ਮਨਚੰਦਾ ਦਾ ਬਾਰਾਂਮਾਹ (ਮੱਘਰ ਮਹੀਨੇ ਦਾ ਵਰਣਨ), ਸੁਰਿੰਦਰ ਖਰਲ ਦੀ ਕਵਿਤਾ 'ਬਸ ਤੂੰ ਹੀ ਤੂੰ', ਪ੍ਰੀਤਮ ਸਿੰਘ ਕਵੀ ਦੀਆਂ ਰੁਬਾਈਆਂ, ਕਰਤਾਰ ਸਿੰਗ ਪੰਛੀ ਦੀ ਕਵਿਤਾ 'ਯਾਦ ਰਹੇਗਾ ਸਦਾ ਪਿਆਰ ਤੇਰਾ' ਆਦਿ ਵਰਣਨਯੋਗ ਹਨ। ਏਥੇ ਕਰਤਾਰ ਸਿੰਘ ਪੰਛੀ ਦੀ ਕਵਿਤਾ 'ਯਾਦ ਰਹੇਗਾ ਸਦਾ ਪਿਆਰ ਤੇਰਾ' ਦੀਆਂ ਕੁਝ ਸਤਰਾਂ ਪੇਸ਼ ਹਨ, ਜਿਨ੍ਹਾਂ ਵਿਚ ਉਸ ਨੇ ਗੁਰੂ ਪ੍ਰਤਾਪ

ਸਿੰਘ ਦੀ ਉਸਤਤ ਲਈ ਉਪਮਾਮੂਲਕ ਅਲੰਕਾਰ ਦੀ ਜੁਗਤ ਸਿਰਜੀ ਹੈ:

ਰੱਬੀ ਨੂਰ 'ਪ੍ਰਤਾਪ' ਪਰਤਾਪ ਵਾਲੇ
ਮਾਹੀ ਵਾਂਗ ਨਗੀਨੇ ਤੂੰ ਦਗਦਾ ਸੈਂ।
ਨਾਮਧਾਰੀ ਤਾਂ ਤੈਨੂੰ ਮਹਿਬੂਬ ਆਖਣ
ਐਪਰ ਯਾਰ ਤੂੰ ਸਾਰੇ ਜੱਗ ਦਾ ਸੈਂ।
ਲੋਕੀ ਚੰਨ ਨੂੰ ਬੜਾ ਹੁਸੀਨ ਸਮਝਣ
ਸਾਨੂੰ ਚੰਨ ਤੋਂ ਸੋਹਣਾ ਤੂੰ ਲਗਦਾ ਸੈਂ।
ਚੰਨ ਤਾਰਿਆਂ ਵਿਚ ਕੀ ਸੋਭ ਸਕਦੈ
ਜਿੰਨਾ ਸੰਗਤਾਂ ਵਿਚ ਤੂੰ ਫੱਬਦਾ ਸੈਂ।[24]

ਏਸੇ ਤਰ੍ਹਾਂ ਪ੍ਰੀਤਮ ਸਿੰਘ ਕਵੀ ਕਾਵਿ-ਨਾਇਕ ਦੀ ਤੁਲਨਾ ਕੰਵਲ ਦੇ ਫੁੱਲ ਨਾਲ ਕਰਦਿਆਂ ਉਪਮਾ ਅਲੰਕਾਰ ਦੀ ਖ਼ੂਬਸੂਰਤ ਮਿਸਾਲ ਪੇਸ਼ ਕਰਦਾ ਹੈ। ਉਹ ਲਿਖਦਾ ਹੈ:

ਤੱਕ ਉਸ ਨੂੰ, ਉਹ ਚਿੱਕੜ ਵਿਚ ਰਹਿ
ਕੰਵਲ ਵਾਂਗ ਮੁਸਕਾਂਦਾ।[25]

ਨਾਮਧਾਰੀ-ਕਾਵਿ ਵਿਚ ਉਪਮਾ ਅਲਮਕਾਰ ਦੇ ਨਾਲ ਹੀ ਅਤਿਕਥਨੀ ਅਲੰਕਾਰ ਸਿਰਜਣਾ ਵੀ ਅਰਥ ਚਮਤਕਾਰ ਪੈਦਾ ਕਰਨ ਦੀ ਜੁਗਤ ਹੈ। ਅਤਿਕਥਨੀ ਅਲੰਕਾਰ ਦੀ ਸਿਰਜਣਾ ਲਈ ਕਵੀ ਕਿਸੇ ਤੱਥ ਨੂੰ ਲੋਕ-ਮਾਨਤਾ ਦੇ ਉਲਟ ਵਧਾ - ਚੜ੍ਹਾ ਕੇ ਪੇਸ਼ ਕਰਦਾ ਹੈ। ਨਾਮਧਾਰੀ - ਕਾਵਿ ਵਿਚ ਕਾਵਿ-ਵਕਤਾ ਦੀ ਪ੍ਰੀਤਮ-ਵਿਯੋਗ ਦੀ ਮਨੋਸਥਿਤੀ ਦੀ ਪੇਸ਼ਕਾਰੀ ਬਹੁਤ ਥਾਈਂ ਅਤਿਕਥਨੀ ਅਲੰਕਾਰ ਦੀ ਸਿਰਜਣਾ ਦੁਆਰਾ ਹੋਈ ਹੈ। ਇਸ ਸੰਬੰਧ ਵਿਚ ਏਥੇ ਇਕਬਾਲ ਸਿੰਘ ਮਨਚੰਦਾ ਦੇ ਬਾਰਾਂਮਾਹ ਵਿਚੋਂ ਮਿਸਾਲ ਪੇਸ਼ ਕੀਤੀ ਜਾ ਸਕਦੀ ਹੈ:

ਪੋਹ ਲਿਖੀ ਪਾਤੀ ਪੀਆ ਯਾਦ ਨੇ ਸਤਾਇਆ ਮੈਨੂੰ
ਲਿਖਦਿਆਂ-ਲਿਖਦਿਆਂ ਕਾਨੀ ਮੇਰੀ ਰੁਕ ਗਈ।
ਨੈਣਾਂ ਵਿਚੋਂ ਨੀਰ ਦੇ ਫੁਹਾਰੇ ਮੇਰੇ ਵਗੇ ਵੇਖ
ਗੰਗਾ ਤੇ ਜਮਨਾ ਦੀ ਧਾਰ ਵਹਿਣੋਂ ਸੁਕ ਗਈ।
ਬਿਰਹਾ ਅੰਗਾਰੇ ਐਸੇ ਭਖੇ ਮੇਰੇ ਸੀਨੇ ਵਿਚ
ਜੀਹਦੇ ਨਾਲ ਬਰਫ਼ ਹਿਮਾਲੇ ਦੀ ਮੁਕ ਗਈ।[26]

ਨੈਣਾਂ ਵਿਚੋਂ ਵਗਦੇ ਨੀਰ ਨੂੰ ਵੇਖ ਕੇ ਗੰਗਾ ਜਮਨਾ ਦਾ ਵਹਿਣੋਂ ਰੁਕ ਜਾਣਾ ਜਾਂ ਸੀਨੇ ਭਖਦੇ ਬਿਰਹਾ ਅੰਗਾਰਿਆਂ ਨਾਲ ਹਿਮਾਲੇ ਦੀ ਬਰਫ਼ ਦਾ ਮੁਕ ਜਾਣਾ ਅਤਿਕਥਨੀਮੂਲਕ ਅਲੰਕਾਰ ਸਿਰਜਣਾ ਦਾ ਨਮੂਨਾ ਹੈ।

ਨਾਮਧਾਰੀ-ਕਾਵਿ ਵਿਚ ਦ੍ਰਿਸ਼ਟਾਂਤ ਦੀ ਸਿਰਜਣਾ ਦੀ ਅਰਥ ਚਮਤਕਾਰ ਪੈਦਾ ਕਰਦੀ ਹੈ। ਪ੍ਰੀਤਮ ਸਿੰਘ ਕਵੀ ਦੀ ਵਧੇਰੇ ਕਾਵਿ-ਰਚਨਾ ਦ੍ਰਿਸ਼ਟਾਂਤ ਦੀ ਜੁਗਤ ਵਿਚ ਰਚੀ ਹੋਈ ਹੈ। ਇਸ ਤੋਂ ਇਲਾਵਾ ਅਜੀਤ ਸਿੰਘ ਚੀਮਾ, ਚੰਦਾ ਸਿੰਘ, ਕਾਲਾ ਸਿੰਘ, ਸੁਰਿੰਦਰ ਕੌਰ ਖਰਲ ਦੀਆਂ ਕਾਵਿ-ਰਚਨਾਵਾਂ ਵਿਚ ਦ੍ਰਿਸ਼ਟਾਂਤ ਦੀ ਜੁਗਤ ਕਾਵਿ-ਵਸਤੂ ਨੂੰ ਗ੍ਰਹਿਣਯੋਗ ਬਣਾਉਂਦੀ ਹੈ। ਪ੍ਰੀਤਮ ਸਿੰਘ ਕਵੀ ਲਿਖਦਾ ਹੈ:

ਪ੍ਰੀਤਮ ਜੀ ਮੈਂ ਪਲ-ਪਲ, ਸਿਮਰਾ ਛਿਣ-ਛਿਣ ਲੈਂਦੀ ਵੌਂੜਾ
ਰੋਗੀ ਤਨ ਨੂੰ ਯਾਦ ਤੁਹਾਡੀ ਜਿਉ ਧਰਤੀ ਨੂੰ ਔੜਾ

ਜਿਉਂ ਜਿਉਂ ਸੇਕ ਹਿਜਰ ਦਾ ਸਾੜੇ, ਤਿਉਂ ਤਿਉਂ ਪੈਣ ਕੁੜੱਲਾਂ
ਬਦਲੀ ਬਣ ਕਦ ਬਰਸੋਗੇ, ਜਦ ਮੁਕਣ ਦੁਖ ਧਰੋੜਾਂ।[27]

ਨਾਮਧਾਰੀ ਕਾਵਿ ਵਿਚ ਕਾਵਿ-ਨਾਇਕ ਦੀ ਵਿਯੋਗਮਈ ਮਨੋਦਸ਼ਾ ਨੂੰ ਵਿਰੋਧਾਭਾਸ ਦੀ ਜੁਗਤ ਵੀ ਅਭਿਵਿਅਕਤ ਕਰਦੀ ਹੈ। ਪ੍ਰੀਤਮ-ਵਿਯੋਗ ਵਿਚ ਉਸ ਦੇ ਲਈ ਸੰਸਾਰਕ ਪਦਾਰਥ ਅਤੇ ਪ੍ਰਕਿਰਤਕ ਖ਼ੂਬਸੂਰਤੀ ਸੁਖ ਦੇਣ ਦੀ ਥਾਂ ਦੁਖ ਦੇਣ ਦਾ ਕਾਰਣ ਬਣਦੀ ਹੈ। ਕਾਵਿ-ਨਾਇਕਾ ਦੀ ਇਸੇ ਤਰ੍ਹਾਂ ਦੀ ਮਨੋਅਵਸਥਾ ਨੂੰ ਕੁਲਜੀਤ ਸਿੰਘ ਜੀਤ ਦੀ ਕਵਿਤਾ 'ਬੇਦਰਦ ਵਿਛੋੜੇ ਕੀ ਕੀਤਾ' ਇਸ ਤਰ੍ਹਾਂ ਅਭਿਵਿਅਕਤ ਕਰਦੀ ਹੈ:

ਕੋਇਲ ਦੀ ਕੂ-ਕੂ ਦਿਲ ਮੇਰੇ ਨੂੰ
ਘਾਇਲ ਕਰਦੀ ਜਾਂਦੀ ਹੈ।
ਤੇਰੇ ਬਿਨ ਲੇਫ ਤਲਾਈਆਂ ਦੀ
ਸੇਜਾ ਪਈ ਵੱਢ ਵੱਢ ਖਾਂਦੀ ਹੈ।
ਰੁੱਤ ਸੋਹਣੀ ਹਾਰ ਸ਼ਿੰਗਾਰ ਦੀ
ਬਿਨ ਤੇਰੇ ਜੀ ਤੜਫਾਂਦੀ ਹੈ।
ਘਨਘੋਰ ਘਟਾ ਮਨਮੋਹਣੀ ਇਹ
ਸੋਂਹਦੀ ਨਹੀਂ ਸਗੋਂ ਡਰਾਂਦੀ ਹੈ।[28]

ਨਾਮਧਾਰੀ ਕਾਵਿ ਵਿਚ ਸਦਾਚਾਰਕ ਅਤੇ ਧਾਰਮਿਕ ਵਿਚਾਰਾਂ ਦੀ ਪੇਸ਼ਕਾਰੀ ਲਈ ਮਾਨਵੀਕਰਣ ਦੀ ਜੁਗਤ ਵੀ ਸਿਰਜੀ ਗਈ ਹੈ। ਅਜੀਤ ਸਿੰਘ ਚੀਮਾ ਦੀਆਂ ਰਚਨਾਵਾਂ 'ਗੋਲ ਮੰਦਰ' ਅਤੇ 'ਖੂਹ' ਵਿਚ ਪ੍ਰਸ਼ਨ-ਉੱਤਰੀ ਸ਼ੈਲੀ ਵਿਚ ਖੂਹ ਅਤੇ ਗੋਲ ਮੰਦਰ ਦਾ ਮਾਨਵੀਕਰਣ ਕੀਤਾ ਗਿਆ ਹੈ। ਪ੍ਰੀਤਮ ਸਿੰਘ ਕਵੀ ਦੀਆਂ ਰਚਨਾਵਾਂ ਵਿਚ ਵੀ ਮਾਨਵੀਕਰਨ ਦੀ ਜੁਗਤ ਦੀਆਂ ਉੱਤਮ ਮਿਸਾਲਾਂ ਹਨ। ਮਿਸਲਾ ਦੇ ਤੌਰ 'ਤੇ ਕਵੀ ਲਿਖਦਾ ਹੈ:

ਖੇਤਾਂ ਦੇ ਤਿਲ ਮਸਤੇ ਕਹਿੰਦੇ "ਆ ਗਏ ਸਾਨੂੰ ਫੁੱਲ ਓ
ਕੱਲ੍ਹ ਸਾਂ ਅਸੀਂ ਨਿਤਾਣੇ ਜੇਹੇ, ਕੌਣ ਸਾਡੇ ਅੱਜ ਤੁੱਲ ਓ?
ਬੋਲੀ ਧਰਤੀ "ਨਾ ਮਾਣ ਗੁਆਚੋ, ਜੇ ਬਰਸਾਤ ਨ ਹੁੰਦੀ
ਸੜ ਬਲ ਜਾਣਾ ਸੀ ਬਦਸਖ਼ਤੋ! ਰਹਿਮਤ ਨੂੰ ਰਹੇ ਭੁੱਲ ਓ।[29]

ਏਥੇ ਕਵੀ ਨੇ ਆਪਣੀ ਕਲਪਨਾ ਸ਼ਕਤੀ ਨਾਲ ਤਿਲਾਂ ਦੇ ਬੂਟਿਆਂ ਅਤੇ ਧਰਤੀ ਦਾ ਮਾਨਵੀਕਰਣ ਕੀਤਾ ਹੈ। ਏਸੇ ਤਰ੍ਹਾਂ ਮੈਂ ਪਾਤਰ ਦੀ ਵਿਯੋਗਮਈ ਮਨੋਅਵਸਥਾ ਨੂੰ ਪੇਸ਼ ਕਰਨ ਲਈ ਸੰਤ ਰਾਮ ਉਦਾਸੀ ਕਲੀਆਂ ਦਾ ਮਾਨਵੀਕਰਨ ਕਰਦਾ ਹੋਇਆ ਲਿਖਦਾ ਹੈ:

ਸੋਹਣੀ ਸੋਹਣੀ ਫੁੱਲਾਂ ਤੇ ਬਹਾਰ
ਕਈ ਵੇਰ ਮੁੜ ਗਈ ਆਣ ਕੇ ਬਸੰਤ ਤੇਰੀ
ਪਰ ਤੂੰ ਨਾ ਆਇਓਂ ਇਕ ਵਾਰ
ਤੇਰੀਆਂ ਕਹਾਣੀਆਂ ਮੈਂ ਕਲੀਆਂ ਨੂੰ ਦੱਸੀਆਂ
ਮੇਰੇ ਹਾਲ ਉੱਤੇ ਉਹ ਵੀ ਖਿੜ-ਖਿੜ ਹੱਸੀਆਂ।[30]

ਨਾਮਧਾਰੀ - ਕਾਵਿ ਦੀ ਪ੍ਰਸਤੁਤੀ-ਵਿਧੀ ਦਾ ਅਧਿਐਨ ਕਰਦਿਆਂ ਪ੍ਰਤੀਕ ਸਿਰਜਣਾ ਦੀ ਜੁਗਤ ਵੀ ਇਕ ਮਹੱਤਵਪੂਰਨ ਜੁਗਤ ਵਜੋਂ ਦ੍ਰਿਸ਼ਟੀਗੋਚਰ ਹੁੰਦੀ ਹੈ।

ਪ੍ਰਤੀਕਾਂ ਦੀ ਜੁਗਤ ਅਪ੍ਰਤੱਖ ਭਾਵਾਂ ਨੂੰ ਪ੍ਰਤੱਖ ਬਣਾਉਂਦੀ ਹੈ। ਪ੍ਰਤੀਕ ਸਿਰਜਣਾ ਬਾਰੇ ਸਤਿੰਦਰ ਸਿੰਘ ਦਾ ਮਤ ਹੈ ਕਿ :

ਕਵੀ ਆਪਣੇ ਵਰਣਨਗੋਚਰੇ ਵਿਸ਼ੈ ਨੂੰ ਆਪਣੀ ਕਲਾ ਦੁਆਰਾ ਇਸ ਤਰ੍ਹਾਂ ਪ੍ਰਗਟਾਉਂਣਾ ਚਾਹੁੰਦਾ ਹੈ ਕਿ ਉਸ ਦਾ ਜੋ ਸੂਖ਼ਮ ਅਨੁਭਵ ਹੈ, ਉਹ ਹੂਬਹੂ ਕਵਿਤਾ ਵਿਚ ਪੇਸ਼ ਹੋ ਕੇ ਪਾਠਕਾਂ ਤਕ ਪੁੱਜ ਜਾਵੇ। ਇਸ ਪ੍ਰਗਟਾਉ ਲਈ ਉਹ ਪ੍ਰਤੀਕਾਂ ਦੀ ਵਰਤੋਂ ਇਕ ਪ੍ਰਭਾਵਸ਼ਾਲੀ ਸਾਧਨ ਦੇ ਤੌਰ ਤੇ ਕਰਦਾ ਹੈ ਤਾਂ ਜੋ ਉਸ ਦੇ ਸੂਖ਼ਮ ਤੇ ਨਿੱਜੀ ਭਾਵ/ਭਾਵਨਾਵਾਂ ਸਥੂਲ ਪ੍ਰਤੀਕਾਂ ਦਾ ਸਹਾਰਾ ਲੈ ਕੇ ਕਲਾਮਈ ਰੂਪ ਧਾਰ ਸਕਣ।[31]

ਨਾਮਧਾਰੀ ਕਵੀਆਂ ਨੇ ਆਪਣੇ ਸੂਖ਼ਮ ਅਨੁਭਵ ਅਤੇ ਵਿਅਕਤੀਗਤ/ਸਮੂਹਿਕ ਭਾਵਾਂ ਦੀ ਪੇਸ਼ਕਾਰੀ ਵਿਭਿੰਨ ਪ੍ਰਕਾਰ ਦੇ ਪ੍ਰਤੀਕ ਸਿਰਜ ਕੇ ਕੀਤੀ ਹੈ। ਨਾਮਧਾਰੀ - ਕਾਵਿ ਵਿਸ਼ਵਵਿਆਪੀ, ਸਥਾਨਕ, ਅਧਿਆਤਮਕ, ਇਤਿਹਾਸਕ ਅਤੇ ਵਿਅਕਤੀਗਤ ਪ੍ਰਤੀਕਾਂ ਦੀ ਸਿਰਜਣਾ ਦੀਆਂ ਮਿਸਾਲਾਂ ਪੇਸ਼ ਕਰਦਾ ਹੈ। ਇਸ ਕਾਵਿ ਵਿਚ ਨਾਮਧਾਰੀ ਗੁਰੂਆਂ ਖ਼ਾਸ ਕਰਕੇ ਗੁਰੂ ਰਾਮ ਸਿੰਘ ਜੀ ਲਈ ਚੀਨੀ ਵਾਲਾ, ਪੀਆ, ਪ੍ਰੀਤਮ, ਮਾਹੀ, ਸੰਤ ਸਿਪਾਹੀ, ਸ੍ਵਾਂਤੀ ਆਦਿ ਅਤੇ ਕਾਵਿ-ਨਾਇਕਾ (ਨਾਮਧਾਰੀ ਸੰਗਤ) ਲਈ ਪ੍ਰੇਮਿਕਾ, ਦੁਖਿਆਰੀ, ਵਿਯੋਗਣ, ਚਾਂਤ੍ਰਿਕ, ਭਿਖਾਰਨ ਆਦਿ ਪ੍ਰਤੀਕ ਸਿਰਜੇ ਗਏ ਹਨ। ਅੰਗਰੇਜ਼ ਸਰਕਾਰ ਲਈ ਹਾਕਮ, ਬਿੱਲੇ, ਸ਼ੈਤਾਨ, ਗੋਰੇ, ਲੋਟੂ ਆਦਿ ਪ੍ਰਤੀਕ ਸਿਰਜੇ ਗਏ ਹਨ। ਪ੍ਰਤੀਕ ਸਿਰਜਣਾ ਦੇ ਸੰਦਰਭ ਵਿਚ ਪ੍ਰੀਤਮ ਸਿੰਘ ਕਵੀ, ਸੁਰਿੰਦਰ ਕੌਰ ਖਰਲ, ਕਾਲਾ ਸਿੰਘ, ਸੁਖਜੀਤ, ਕਰਤਾਰ ਸਿੰਘ ਪੰਛੀ, ਹਰਿਭਜਨ ਸਿੰਘ ਅਤੇ ਸੰਤ ਰਾਮ ਉਦਾਸੀ ਦੀਆਂ ਰਚਨਾਵਾਂ ਵਿਸ਼ੇਸ਼ ਤੌਰ 'ਤੇ ਜ਼ਿਕਰ ਕਰਨਯੋਗ ਹਨ। ਇਸ ਸੰਦਰਭ ਵਿਚ ਹਰਿਭਜਨ ਸਿੰਘ ਦੀ ਕਵਿਤਾ 'ਹਰਿ ਜੂ ਹਰਿਮੰਦਰ ਆਵਹਿੰਗੇ' ਦਾ ਅਧਿਐਨ ਕੀਤਾ ਜਾ ਸਕਦਾ ਹੈ, ਜਿਸ ਵਿਚ ਅਧਿਆਤਮਕ ਪ੍ਰਤੀਕਾਂ ਦੀ ਸਿਰਜਣਾ ਹੋਈ ਹੈ। ਮਿਸਾਲ ਪੇਸ਼ ਹੈ:

ਪ੍ਰਭੂ ਜੀ ਤੁਰ ਗਿਆ ਨੂੰ ਲੰਮਾ ਕਾਲ ਵਿਹਾਇਆ
ਮੁੜ ਆਵਣ ਦਾ ਕਿਉਂ ਵੇਲਾ ਅਜੇ ਨਾ ਆਇਆ
ਹੈ ਚਾਤ੍ਰਿਕ ਸ੍ਵਾਂਤੀ ਲਈ ਤਿਰਹਾਇਆ
ਪ੍ਰਭ ਜੀ ਕਦ ਆ ਕੇ ਸਾਡੀ ਦਰਸ਼ਨ-ਪਿਆਸ ਬੁਝਾਵਹਿੰਗੇ।[32]

ਨਾਮਧਾਰੀ-ਕਾਵਿ ਵਿਚ ਅੰਗਰੇਜ਼ ਸਰਕਾਰ ਦੀ ਦਮਨਕਾਰੀ ਨੀਤੀ ਨੂੰ ਵਿਭਿੰਨ ਪ੍ਰਤੀਕਾਂ ਦੀ ਜੁਗਤ ਵਿਚ ਅਭਿਵਿਅਕਤ ਕੀਤਾ ਗਿਆ ਹੈ। ਇਸ ਸੰਦਰਭ ਵਿਚ ਨਿਮਨਅੰਕਿਤ ਸਤਰਾਂ ਅਧਿਐਨਯੋਗ ਹਨ:

ਜ਼ੁਲਮ ਦੀਆਂ ਕਾਂਗਾਂ ਚੜ੍ਹ ਆਈਆਂ
ਢਾਹ ਦਿੱਤੇ ਬੰਨੇ ਚੰਨੇ।
ਬਰਬਾਦ ਕਰ ਦਿੱਤਾ
ਲਹਿ ਲਹਿ ਕਰਦਾ ਬਾਗ
ਜਬਰ ਦਾ ਤੂਫ਼ਾਨ ਉਠ ਖਲੋਤਾ।
ਧਾੜ, ਧਾੜ ਰੁੱਖ ਡਿਗੇ
ਰੁੰਡ ਮੁੰਡ ਹੋ ਗਏ ਟਹਿ ਟਹਿ ਕਰਦੇ ਬੋਹੜ ਪਿਪਲ ਟਾਹਲੀਆਂ
ਧੱਕੇ ਦੀਆਂ ਕਾਲੀਆਂ ਘਟਾਵਾਂ
ਘੇਰ ਲਿਆ ਕੂਕਿਆਂ ਦੇ ਆਕਾਸ਼ ਨੂੰ।[33]

ਕਵੀ ਨੇ ਨਾਮਧਾਰੀ ਲਹਿਰ ਪ੍ਰਤਿ ਅੰਗਰੇਜ਼ ਸਰਕਾਰ ਦੀ ਦਮਨਕਾਰੀ ਨੀਤੀ ਨੂੰ ਜ਼ੁਲਮ ਦੀਆਂ ਕਾਂਗਾਂ ਅਤੇ ਜ਼ਬਰ ਦੇ ਤੂਫ਼ਾਨ ਆਦਿ ਦੇ ਪ੍ਰਤੀਕ ਸਿਰਜ ਕੇ ਅਭਿਵਿਅਕਤ ਕੀਤਾ ਹੈ। ਏਥੇ ਬਾਗ਼ ਨਾਮਧਾਰੀ ਸੰਗਠਨ ਦਾ ਪ੍ਰਤੀਕ ਹੈ ਅਤੇ ਰੁੱਖ, ਬੋਹੜ, ਪਿੱਪਲ ਅਤੇ ਟਾਹਲੀਆਂ ਨਾਮਧਾਰੀ ਪੈਰੋਕਾਰਾਂ ਦੇ ਪ੍ਰਤੀਕ ਹਨ ਜੋ ਜ਼ਬਰ ਦੇ ਤੂਫ਼ਾਨ ਅਰਥਾਤ ਅੰਗਰੇਜ਼ ਸਰਕਾਰ ਦੀਆਂ ਦਮਨਕਾਰੀ ਨੀਤੀਆਂ ਦਾ ਸ਼ਿਕਾਰ ਹੋ ਕੇ ਖ਼ਤਮ ਹੋ ਗਏ ਸਨ।

ਪਿਛਲਝਾਤ ਦੀ ਜੁਗਤ ਇਸ ਕਵਿਤਾ ਦੀ ਇਕ ਹੋਰ ਪ੍ਰਮੁੱਖ ਜੁਗਤ ਹੈ। ਬੀਤ ਚੁੱਕੇ ਨੂੰ ਪਿਛਲਝਾਤ ਜੁਗਤ ਰਾਹੀਂ ਯਾਦ ਕਰਦਿਆਂ ਨਾਮਧਾਰੀ ਗੁਰੂ ਰਾਮ ਸਿੰਘ ਦੇ ਦੇਸ਼-ਨਿਕਾਲੇ ਦੀ ਘਟਨਾ ਦਾ ਕਾਵਿ-ਰੂਪਾਂਤਰਣ ਕੀਤ ਗਿਆ ਹੈ। ਕਾਵਿ-ਨਾਇਕਾ (ਸੰਗਤ) ਨਾਇਕ (ਗੁਰੂ) ਨਾਲੋਂ ਵਿਛੋੜੇ ਦੀ ਸਥਿਤੀ ਵਿਚ ਹੈ ਅਤੇ ਉਹ ਵਸਲ ਦੇ ਦਿਨਾਂ ਨੂੰ ਪਿਛਲਝਾਤ ਰਾਹੀਂ ਯਾਦ ਕਰਦੀ ਹੈ। ਮਿਸਾਲ ਵਜੋਂ ਕਵੀ ਮੀਹਾਂ ਸਿੰਘ ਬਾਰਾਂਮਾਹ ਵਿਚ ਲਿਖਦਾ ਹੈ:

ਆਇਆ ਮੱਘਰ ਚਿਤ ਉਦਾਸ ਹੋਇਆ
ਪੀਆ ਪਲੰਘ ਤੇ ਨਜ਼ਰ ਨਾ ਆਵਦੇ ਸੀ।
ਰਾਮਸਰ ਦੇ ਵਿਚ ਦੀਵਾਨ ਲਾ ਕੇ
ਜੇਹੜੇ ਸੰਗਤਾਂ ਵਿਚ ਸੁਹਾਵਦੇ ਸੀ।
ਮੁਖੋਂ ਬਚਨ ਕਰਦੇ ਜਾਣੋ ਫੁੱਲ ਕਿਰਦੇ
ਅਜੇ ਫੁੱਲ ਵੀ ਵੇਖ ਸ਼ਰਮਾਵਦੇ ਸੀ।
ਫੁੱਲ ਰੁੱਤਾਂ ਸਿਰ ਹੋਣ ਬਗੀਚਿਆਂ ਦੇ
ਸਤਿਗੁਰ ਨਿਤ ਨਵੀਂ ਸੋਭਾ ਪਾਂਵਦੇ ਸੀ।[34]

ਏਥੇ ਪਿਛਲਝਾਤ ਦੀ ਜੁਗਤ ਸਿਰਜ ਕੇ ਕਾਵਿ-ਨਾਇਕਾ ਦੇ ਗੁਰੂ ਨਾਲ ਮਿਲਾਪ ਦੇ ਬੀਤ ਚੁੱਕੇ ਦਿਨਾਂ ਨੂੰ ਅਭਿਵਿਅਕਤ ਕੀਤਾ ਗਿਆ ਹੈ। ਏਸੇ ਤਰ੍ਹਾਂ ਦੀ ਇਕ ਹੋਰ ਜੁਗਤ 'ਸੁਪਨ-ਜੁਗਤ' ਹੈ। ਕਾਵਿ-ਨਾਇਕਾ ਗੁਰੂ-ਵਿਛੋੜੇ ਦੇ ਅਤਿਅੰਤ ਵਿਯੋਗਮਈ ਅਨੁਭਵ ਵਿਚੋਂ ਲੰਘਦਿਆਂ ਉਸ ਦੀ ਪ੍ਰਾਪਤੀ ਦੀ ਇੱਛਾ ਰੱਖਦੀ ਹੈ ਅਤੇ ਉਸ ਨਾਲ ਪੁਨਰ ਮਿਲਾਪ ਦੇ ਸੁਪਨੇ ਲੈਂਦੀ ਹੈ। ਇਸ ਪ੍ਰਸੰਗ ਵਿਚ ਹਰਿਭਜਨ ਸਿੰਘ ਦੀ ਕਵਿਤਾ 'ਹਰਿ ਜੂ ਹਰਿਮੰਦਰ ਆਵਹਿੰਗੇ' ਅਧਿਐਨਯੋਗ ਹੈ। ਕਵੀ ਲਿਖਦਾ ਹੈ:

ਜਦ ਰਾਤ ਹਨੇਰੀ ਬੂਹੇ ਦਸਤਕ ਹੋਏ
ਇਉਂ ਜਾਪੇ ਸਤਿਗੁਰੂ ਆਏ ਬਾਹਰ ਖਲੋਏ
ਜੀ ਚਾਹੇ ਵੇਖਾਂ ਸਤਿਗੁਰ ਜਾ ਲੋਏ
ਕਦ ਮੇਰੇ ਸੁਪਨੇ ਸੱਚੇ ਤੇ ਪਰਤਖ ਹੋ ਜਾਵਹਿੰਗੇ।[35]

ਨਾਮਧਾਰੀ-ਕਾਵਿ ਵਿਚ ਪ੍ਰਭਾਵ-ਏਕਤਾ ਲਈ ਦਮੋਦਰ ਵਾਲੀ 'ਅੱਖੀ ਡਿੱਠਾ' ਕਾਵਿ-ਜੁਗਤ ਵੀ ਸਿਰਜੀ ਗਈ ਹੈ। ਕਵੀ ਇਹ ਜੁਗਤ ਸਿਰਜ ਕੇ ਪੇਸ਼ ਕੀਤੇ ਗਏ ਕਾਵਿਕ-ਤੱਥਾਂ ਦੇ ਇਤਿਹਾਸਕ ਹੋਣ ਦਾ ਪ੍ਰਭਾਵ ਪਾਠਕ ਵਰਗ ਤੇ ਪਾਉਂਦਾ ਹੈ। ਨਾਮਧਾਰੀ ਕਵਿਤਾ ਵਿਚ 'ਅੱਖੀ ਡਿੱਠਾ' ਦੀ ਜੁਗਤ ਗੁਰੂ ਰਾਮ ਸਿੰਘ ਅਤੇ ਨਾਮਧਾਰੀ ਸ਼ਹੀਦੀਆਂ ਦੇ ਜੀਵਨੀਮੂਲਕ ਤੱਥਾਂ ਨੂੰ ਅਭਿਵਿਅੰਜਤ ਕਰਦੀ ਹੈ। ਗਿਆਨੀ ਗਿਆਨ ਸਿੰਘ, ਮਲੇਰਕੋਟਲੇ ਦੀ ਇਤਿਹਾਸਕ ਘਟਨਾ ਦੀ ਅਭਿਵਿਅਕਤੀ ਅੱਖੀ ਡਿੱਠਾ ਜੁਗਤ ਸਿਰਜ ਕੇ ਇਸ ਪ੍ਰਕਾਰ ਕਰਦਾ ਹੈ:

ਸੰਮਤ ਉਨੀਸੈ ਅਠਾਈ
ਕੂਕੇ ਸਿੰਘ ਮਿਲੇ ਤਬ ਆਈ
ਜੋ ਬੁਚੜ ਗਊਆਂ ਥੇ ਮਾਰਤ
ਤਿਨਕੋ ਸਿੰਘ ਭਏ ਬਿਦਾਰਤ।
ਜਬ ਸਿੰਘ ਸਾਠਕ ਪਕੜੇ ਗਏ
ਫੜੇ ਮਲੇਰਕੋਟਲੇ ਆਏ।
ਉਨ ਹਿਤ ਹੁਕਮ ਅੰਗਰੇਜ਼ੀ ਆਯੋ
ਇਨ ਕੋ ਤੋਪਨ ਸੰਗ ਉਡਾਯੋ
ਜਬ ਇਹੁ ਹੁਕਮ ਓਨੈ ਸੁਨ ਪਾਯੋ
ਖੁਸੀ ਭਏ ਆਤਿ ਹੀਯ ਹੁਲਸਾਣੋ।
ਮੁਖ ਪਰ ਲਾਲੀ ਚੜੀ ਬਥੇਰੇ
ਗਾਵਤ ਗੁਰ ਕੇ ਸ਼ਬਦ ਉਚੇਰੇ।
ਦੀਵੇ ਪਰ ਜਯੋਂ ਆਇ ਪਤੰਗੇ
ਤਯੋਂ ਤੋਪਨ ਦਿਸ ਜਾਇ ਨਿਸੰਗੇ।
ਉਡੇ ਖੁਸ਼ੀ ਹ੍ਵੈ ਹ੍ਵੈ ਕਰ ਸਾਰੇ
ਜਰਾ ਨਾ ਕੀਨੇ ਪਰਾਨ ਪਯਾਰੇ।
ਇਹ ਹਮ ਨੇ ਖ਼ੁਦ ਨੈਨ ਨਿਹਾਰੇ
ਦੇਖਤ ਥੇ ਜੋ ਲੋਗ ਅਪਾਰੇ।
ਰਹੇ ਹਿਰਾਨ ਤਿਨੈ ਪਿਖ ਸਾਰੇ
ਇਹੁ ਸਿੰਘਨ ਕੀ ਰੀਤ ਵਰਹੈ।[36]

ਏਥੇ ਕਵੀ ਨੇ ਨਾਮਧਾਰੀ ਪੈਰੋਕਾਰਾਂ ਦੀ ਦੇਸ਼-ਪ੍ਰੇਮ ਦੀ ਭਾਵਨਾ ਨੂੰ ਉਜਾਗਰ ਕੀਤਾ ਹੈ, ਜਿਸ ਤੋਂ ਪ੍ਰੇਰਿਤ ਹੋ ਕੇ ਉਹਨਾਂ ਨੇ ਸੂਰਬੀਰਤਾ ਅਤੇ ਨਿਡਰਤਾ ਨਾਲ ਮੌਤ ਨੂੰ ਕਬੂਲ ਕੀਤਾ ਸੀ। ਇਸ ਭਾਵਨਾ ਦੇ ਪ੍ਰਭਾਵ ਨੂੰ ਤੀਖਣ ਕਰਨ ਲਈ 'ਅੱਖੀ ਡਿੱਠਾ' ਜੁਗਤ ਦੀ ਸਿਰਜਣਾ ਕੀਤੀ ਗਈ ਹੈ। ਗਿਆਨੀ ਗਿਆਨ ਸਿੰਘ ਦੀ ਕਾਵਿ-ਰਚਨਾ ਨਾਮਧਾਰੀ ਸਿੰਘ ਸੰਖੇਪ ਵਿਵਰਨ ਦੀ ਅੰਕਿਤਾ ਵਿਚ ਅੰਕਿਤ ਦੋਹਿਰੇ ਵਿਚ ਵੀ ਇਸ ਜੁਗਤ ਦੀ ਸਿਰਜਣਾ ਦੀ ਮਿਸਾਲ ਮਿਲਦੀ ਹੈ। ਉਹ ਲਿਖਦਾ ਹੈ:

ਉਨ ਸਿੰਘਨ ਕਾ ਹਾਲ ਜੋ
ਲਿਖਿਓ ਕਿਤਾਬਨ ਮਾਂਹਿ।
ਹਮ ਨਿਜ ਨੈਨਨ ਜੋ ਪਿਖਿਓ
ਸੋ ਸਭ ਸਾਚ ਸੁਨਾਹਿ।[37]

'ਅੱਖੀ ਡਿੱਠਾ' ਜੁਗਤ ਪਾਠਕਾਂ ਤੇ ਇਹ ਪ੍ਰਭਾਵ ਸਿਰਜਦੀ ਹੈ ਕਿ ਕਵੀ ਨੇ ਤੱਥ ਆਪਣੀ ਰਚਨਾ ਵਿਚ ਵਿਅਕਤ ਕੀਤੇ ਹਨ, ਉਨ੍ਹਾਂ ਨੂੰ ਉਸ ਨੇ ਵਿਅਕਤੀਗਤ ਪੱਧਰ 'ਤੇ ਦੇਖਣ ਅਤੇ ਅਨੁਭਵ ਕਰਨ ਤੋਂ ਬਾਅਦ ਹੀ ਪ੍ਰਸਤੁਤ ਕੀਤਾ ਹੈ।

ਨਾਮਧਾਰੀ-ਕਾਵਿ ਵਿਚ ਸੁਹਜਾਤਮਿਕਤਾ ਅਤੇ ਸੰਚਾਰ ਪੈਦਾ ਕਰਨ ਲਈ ਮਿਥਿਹਾਸਕ ਵੇਰਵਿਆਂ ਨੂੰ ਵੀ ਇਕ ਜੁਗਤ ਵਜੋਂ ਵਰਤਿਆ ਗਿਆ ਹੈ। ਇਹ ਜੁਗਤ ਕਾਵਿ-ਵਸਤੂ ਨੂੰ ਵਧੇਰੇ ਸਪਸ਼ਟ ਅਤੇ ਵਿਸਤਾਰ ਪ੍ਰਦਾਨ ਕਰਨ ਵਾਲੀ ਹੈ। ਇਸ ਜੁਗਤ

ਦੀ ਮਿਸਾਲ ਵਜੋਂ ਚੰਦਾ ਸਿੰਘ ਦੇ ਬਾਰਾਂਮਾਹ ਦਾ ਵਿਸ਼ੇਸ਼ ਤੌਰ ਤੇ ਉਲੇਖ ਕੀਤਾ ਜਾ ਸਕਦਾ ਹੈ। ਇਹ ਬਾਰਾਂਮਾਹ ਵਿਭਿੰਨ ਮਿਥਿਹਾਸਕ ਵੇਰਵਿਆਂ ਨੂੰ ਸਮਕਾਲੀ ਘਟਨਾਵਾਂ ਨਾਲ ਤੁਲਨਾਤਮਕ ਦ੍ਰਿਸ਼ਟੀ ਤੋਂ ਅਭਿਵਿਅਕਤ ਕਰਦਾ ਹੈ। ਇਸ ਵਿਚ ਨਾਮਧਾਰੀ ਗੁਰੂ ਦੇ ਦੇਸ਼-ਨਿਕਾਲੇ ਦੀ ਇਤਿਹਾਸਕ ਘਟਨਾ ਦੀ ਤੁਲਨਾ ਮਿਥਿਹਾਸਕ ਘਟਨਾ 'ਰਾਮ ਬਨਵਾਸ' ਨਾਲ ਕੀਤੀ ਗਈ ਹੈ। ਕਵੀ ਚੰਦਾ ਸਿੰਘ ਲਿਖਦਾ ਹੈ:

ਮਹੀਨੇ ਫੱਗਣ ਕੀਆ ਪਰਵਾਸ
ਸਤਿਗੁਰ ਕੀਤਾ ਚਿਤ ਉਦਾਸ
ਜਿਵੇਂ ਰਾਮ ਚਲੇ ਬਨਵਾਸ
ਸੀਤਾ ਲਛਮਣ ਲੈ ਗਏ ਨਾਲ
ਏਥੋਂ ਨਾਨੂੰ ਸਿੰਘ ਨੂੰ ਲੈ ਗਏ
ਪਿਛੋਂ ਵਾਂਗ ਭਰਤ ਭਾਈ ਰਹੇ
ਦੁਖ ਸੁਖ ਜਿਸ ਤੇ ਸੰਗਤ ਕਹੇ
ਮੈਂ ਬਲਿਹਾਰੀਆ।

ਸਤਿਗੁਰ ਬਹੁਤੇ ਬਰਸ ਗੁਜ਼ਾਰੇ
ਸਾਨੂੰ ਦੇ ਕੇ ਘਲਦੇ ਲਾਰੇ
ਅਸੀਂ ਔਗੁਣ ਕੀਤੇ ਭਾਰੇ
ਸਾਥੋਂ ਵਿਛੜੇ ਸਤਿਗੁਰ ਪਿਆਰੇ
ਸੰਗਤ ਸਾਧ ਉਡੀਕਣ ਸਾਰੇ
ਜਿਉਂ ਅਯੁਧਿਆ ਰਾਮ ਨੂੰ।
ਗੁਰ ਦੀ ਜੁਗ ਜੁਗ ਜੋਤ ਸਵਾਈ
ਹੁਣ ਤਾਂ ਰੁਤ ਮਿਲਣੇ ਦੀ ਆਈ
ਸੰਗਤ ਦਰਸ਼ਨ ਦੀ ਸਰਧਾਈ
ਭਰਤ ਵਾਂਗ ਉਡੀਕੇ ਭਾਏ
ਕਿਰਪਾ ਧਾਰੇ ਕੇ।[38]

ਕਵੀ ਨੇ ਨਾਮਧਾਰੀ ਗੁਰੂ ਰਾਮ ਸਿੰਘ ਦੀ ਰਾਮਚੰਦਰ ਨਾਲ ਸੇਵਕ ਨਾਨੂੰ ਸਿੰਘ ਦੀ ਸੀਤਾ ਅਤੇ ਲਛਮਣ ਨਾਲ, ਗੁਰੂ ਹਰੀ ਸਿੰਘ ਦੀ ਭਰਤ ਨਾਲ ਸਮਾਨਤਾ ਦਰਸਾਈ ਹੈ। ਰਾਮ-ਬਨਵਾਸ ਦੇ ਮਿਥਿਹਾਸਕ ਘਟਨਾਕ੍ਰਮ ਦੀ ਗੁਰੂ ਰਾਮ ਸਿੰਘ ਦੇ ਦੇਸ਼-ਨਿਕਾਲੇ ਦੀ ਇਤਿਹਾਸਕ ਘਟਨਾ ਨਾਲ ਤੁਲਨਾ ਕੀਤੀ ਗਈ ਹੈ। ਏਸੇ ਤਰ੍ਹਾਂ ਇਸ ਕਾਵਿ ਵਿਚ ਪੰਜਾਬੀ ਵਾਰ-ਕਾਵਿ ਪਰੰਪਰਾ ਦੇ ਦੋ ਮਿਥਿਹਾਸਕ ਪਾਤਰਾਂ ਕਲ ਅਤੇ ਨਾਰਦ ਨੂੰ ਵੀ ਪੇਸ਼ ਕੀਤਾ ਗਿਆ ਹੈ। ਇਨ੍ਹਾਂ ਨੂੰ ਜੰਗ/ਯੁੱਧ ਦਾ ਮੁੱਢ ਬੰਨ੍ਹਣ ਵਾਲੇ ਪਾਤਰਾਂ ਵਜੋਂ ਹੀ ਪੇਸ਼ ਕੀਤਾ ਗਿਆ ਹੈ। ਕਵੀ ਚੰਦਾ ਸਿੰਘ ਕਲ ਅਤੇ ਨਾਰਦ ਦੇ ਮਿਥਿਹਾਸਕ ਪਾਤਰਾਂ ਦੇ ਹਵਾਲੇ ਨਾਲ ਰੂਸ ਦੇ ਅੰਗਰੇਜ਼ ਸਰਕਾਰ ਨਾਲ ਕਾਲਪਨਿਕ ਯੁੱਧ ਦਾ ਵਰਣਨ ਕਰਦਾ ਹੈ। ਪਾਤਰ 'ਕਲ' ਨੂੰ ਇਸ ਯੁੱਧ ਦਾ ਵਰਦਾਨ ਨਾਮਧਾਰੀ ਗੁਰੂ ਤੋਂ ਮੰਗਦਿਆਂ ਦਰਸਾਇਆ ਗਿਆ ਹੈ। ਕਵੀ ਲਿਖਦਾ ਹੈ:

ਇਕ ਦਿਨ ਸ੍ਰੀ ਸਤਿਗੁਰੂ

ਬੈਠੇ ਵਿਚ ਦਿਆਨ।
ਕਲ ਮਾਤਾਂ ਹਥ ਬੰਨ੍ਹ ਕੇ
ਪਾਸ ਖਲੋਤੀ ਆਣ।
ਆਖੇ ਮੇਰੀ ਬੇਨਤੀ
ਸੁਣੋ ਗੁਰੂ ਮਿਹਰਵਾਨ।
ਫੌਜਾਂ ਮੇਰੀਆਂ ਭੁਖੀਆਂ
ਮੰਗਦੀਆਂ ਪਹਿਨਣ ਖਾਨ।
ਕਲ ਮਾਤਾ ਨੂੰ ਫੁਰਮਾਇਆ
ਤੂੰ ਵਿਚ ਪਠਾਣਾਂ ਜਾਹਿ।
ਨਾਰਦ ਡਉਰੂ ਵਾਇਗਾ
ਤੂੰ ਸੁੱਤੀ ਕਲਾ ਜਗਾਇ।[39]

ਏਥੇ ਮਿਥਿਹਾਸਕ ਪਾਤਰਾਂ ਦੇ ਪ੍ਰਵੇਸ਼ ਨਾਲ ਯੁੱਧ ਆਰੰਭ ਕਰਨ ਦੀ ਵਾਰ-ਕਾਵਿ ਵਾਲੀ ਰੂੜ੍ਹੀ ਇਕ ਕਾਵਿ -ਜੁਗਤ ਬਣ ਜਾਂਦੀ ਹੈ। ਉਪਰ ਅੰਕਿਤ ਪਹਿਲੇ ਦੋਹਰੇ ਵਿਚ 'ਕਲ' ਨਾਮਧਾਰੀ ਗੁਰੂ ਤੋਂ ਜੰਗ ਦਾ ਵਰਦਾਨ ਮੰਗਦੀ ਹੈ। ਦੂਸਰੇ ਦੋਹਰੇ ਵਿਚ ਉਸਦੀ ਬੇਨਤੀ ਦੇ ਪ੍ਰਤੀਕਰਮ ਵਜੋਂ ਗੁਰੂ ਜੀ ਦੇ ਉੱਤਰ ਨੂੰ ਕਾਵਿਬੱਧ ਕੀਤਾ ਗਿਆ ਹੈ, ਜਿਸ ਨਾਲ ਅੰਗਰੇਜ਼ ਹਕੂਮਤ ਅਤੇ ਰੂਸੀ ਫ਼ੌਜ ਵਿਚਕਾਰ ਕਾਲਪਨਿਕ-ਯੁੱਧ ਦਾ ਮੁੱਢ ਬੱਝਦਾ ਹੈ।

ਨਾਮਧਾਰੀ-ਕਾਵਿ ਵਿਚ ਮਿਥਿਹਾਸਕ ਪਾਤਰਾਂ ਨੂੰ ਪੇਸ਼ ਕਰਨ ਦੀ ਜੁਗਤ ਗੁਰੂਆਂ ਪ੍ਰਤਿ ਸ਼ਰਧਾ, ਅਟੁੱਟ-ਵਿਸ਼ਵਾਸ ਅਤੇ ਪ੍ਰੇਮ ਦੀ ਭਾਵਨਾ ਨੂੰ ਵੀ ਅਭਿਵਿਅਕਤ ਕਰਦੀ ਹੈ। ਕਾਵਿ-ਵਕਤਾ ਆਪਣੇ ਗੁਰੂ ਪ੍ਰਤਿ ਜਿਸ ਤਰ੍ਹਾਂ ਦੇ ਅਟੁੱਟ ਪ੍ਰੇਮ ਨੂੰ ਅਨੁਭਵ ਕਰਦਾ ਹੈ, ਉਹ ਉਸ ਅਨੁਭਵ ਦੀ ਪੇਸ਼ਕਾਰੀ ਮਿਥਿਹਾਸਕ ਪਾਤਰਾਂ ਦੇ ਹਵਾਲੇ, ਨਾਲ ਕਰਦਾ ਹੈ। ਉਹ ਆਪਣੇ ਅਤੇ ਕਾਵਿ-ਨਾਇਕ ਦੇ ਪ੍ਰੇਮ ਦੀ ਤੁਲਨਾ ਮਿਥਿਹਾਸਕ 'ਪ੍ਰੀਤ-ਜੋੜੀਆਂ' ਜਿਵੇਂ ਸੀਤਾ-ਰਾਮ, ਰਾਧਾ-ਕ੍ਰਿਸ਼ਨ ਆਦਿ ਦੇ ਪ੍ਰੇਮ ਨਾਲ ਕਰਦਾ ਹੈ। ਇਸ ਸੰਦਰਭ ਵਿਚ ਨਾਮਧਾਰੀ ਕਵੀ ਕਰਮ ਸਿੰਘ ਬਾਲਮ ਦੀ ਕਵਿਤਾ 'ਯਾਦ ਰਹੇਗਾ ਸਦਾ ਪਿਆਰ ਤੇਰਾ' ਦਾ ਹਵਾਲਾ ਦਿੱਤਾ ਜਾ ਸਕਦਾ ਹੈ:

ਪਿਆਰ ਵਿਸ਼ਨੂੰ ਦਾ ਲਛਮੀ ਭੁੱਲ ਜਾਏ
ਸਤੀ ਸੀਤਾ ਨੂੰ ਰਾਮ ਅਵਤਾਰ ਭੁੱਲੇ।
ਉਰਵਸ਼ੀ ਦਾ ਭੁਲੇ ਪ੍ਰੇਮ ਇੰਦਰ
ਰੋਂਦੀ ਰਾਧਾ ਨੂੰ ਕ੍ਰਿਸ਼ਨ ਮੁਰਾਰ ਭੁਲੇ।
ਪਾਰਬਤੀ ਦਾ ਛਡੇ ਪਿਆਰ ਸ਼ੰਕਰ
ਕਾਮੀ ਪੁਰਸ਼ ਨੂੰ ਪਦਮਨੀ ਨਾਰ ਭੁਲੇ।
ਛਡੇ ਫਾਤਮਾ ਚੰਦ ਦੀ ਸੇਜ ਬੇਸ਼ਕ
ਬ੍ਰਾਹਮਣ ਗੈਆ ਤੇ ਹਰੀਦੁਆਰ ਭੁਲੇ।
ਇਹ ਭੁਲ ਜਾਵਣ ਸੌ ਸੌ ਜਨਮ ਭਾਵੇਂ
ਚੇਤਾ ਸਾਨੂੰ ਹੈ ਸਦਾ ਕਰਤਾਰ ਤੇਰਾ।
ਸਾਨੂੰ ਆਪਣੀ ਯਾਦ ਨਾ ਰਹੇ ਬੇਸ਼ਕ
ਯਾਦ ਰਹੇਗਾ ਸਦਾ ਪਿਆਰ ਤੇਰਾ।[40]

ਏਥੇ ਗੁਰੂ ਪ੍ਰਤਿ ਪਿਆਰ ਦੇ ਅਟੁੱਟ ਭਾਵ ਦੀ ਪੇਸ਼ਕਾਰੀ ਲਈ ਮਿਥਿਹਾਸਕ ਪਾਤਰਾਂ ਦੇ ਆਪਣੀ ਪ੍ਰੇਮ-ਭਾਵਾਂ ਨੂੰ ਆਧਾਰ ਬਣਾਇਆ ਗਿਆ ਹੈ। ਕਾਵਿ-ਵਕਤਾ ਕਾਵਿ-ਨਾਇਕ ਨੂੰ ਪੂਰੀ ਸ਼ਿੱਦਤ ਨਾਲ ਯਾਦ ਕਰਦਾ ਹੈ। ਉਸ ਅਨੁਸਾਰ ਵਿਸ਼ਨੂੰ, ਸੀਤਾ, ਰਾਧਾ, ਇੰਦਰ, ਸ਼ੰਕਰ ਆਦਿ ਪਾਤਰ ਤਾਂ ਆਪਣੇ ਪਿਆਰੇ ਨੂੰ ਭੁੱਲ ਸਕਦੇ ਹਨ, ਪਰ ਉਹ ਆਪਣੇ ਗੁਰੂ (ਪਿਆਰੇ) ਨੂੰ ਭੁਲਾ ਨਹੀਂ ਸਕਦਾ।

ਛੰਦ-ਯੋਜਨਾ ਵੀ ਕਾਵਿ ਦੀ ਪ੍ਰਸਤੁਤੀ-ਵਿਧੀ ਦੀ ਇਕ ਪ੍ਰਮੁੱਖ ਜੁਗਤ ਹੈ। ਨਾਮਧਾਰੀ ਕਾਵਿ ਛੰਦਬੱਧ ਵੀ ਹੈ ਅਤੇ ਛੰਦ-ਮੁਕਤ ਵੀ ਹੈ। ਪਹਿਲੇ ਪੜਾਅ ਦੀ ਸਮੁੱਚੀ ਨਾਮਧਾਰੀ ਕਵਿਤਾ ਛੰਦਬੱਧ ਹੈ। ਦੂਸਰੇ ਪੜਾਅ ਦੀ ਨਾਮਧਾਰੀ ਕਵਿਤਾ ਵਿਚ ਛੰਦਬੱਧ ਅਤੇ ਛੰਦ-ਮੁਕਤ ਦੋਵੇਂ ਪ੍ਰਕਾਰ ਦੀ ਕਵਿਤਾ ਸ਼ਾਮਿਲ ਹੈ। ਛੰਦ-ਮੁਕਤ ਕਵਿਤਾ ਵਿਚ ਛੰਦਾਬੰਦੀ ਅਤੇ ਤੁਕਾਂਤ ਦਾ ਪ੍ਰਯੋਗ ਨਹੀਂ ਹੁੰਦਾ। ਇਸ ਵਿਚ ਕਾਵਿ-ਵਸਤੂ ਨੂੰ ਸੰਗੀਤਕ ਲੈਅ ਵਿਚ ਪੇਸ਼ ਕੀਤਾ ਜਾਂਦਾ ਹੈ। ਸੁਰਿੰਦਰ ਕੌਰ ਖਰਲ, ਕਰਤਾਰ ਸਿੰਘ ਪੰਛੀ, ਮਾ. ਨਿਹਾਲ ਸਿੰਘ, ਤਾਰਾ ਸਿੰਘ ਅਨਜਾਣ ਅਤੇ ਮਾ. ਅਮਰੀਕ ਸਿੰਘ ਆਦਿ ਕਵੀਆਂ ਨੇ ਛੰਦ-ਮੁਕਤ ਕਵਿਤਾ ਦੀ ਰਚਨਾ ਕੀਤੀ ਹੈ। ਮਿਸਾਲ ਦੇ ਤੌਰ 'ਤੇ ਖਰਲ ਦੀ ਕਵਿਤਾ 'ਮੇਰੇ ਅਹਿਸਾਸ ਦੇ ਸਮੁੰਦਰ ਤੇ' ਨੂੰ ਏਥੇ ਅੰਕਿਤ ਕੀਤਾ ਜਾ ਰਿਹਾ ਹੈ:

ਤੇਰੀ ਮੁਸਕਾਨ ਤੱਕ ਜਾਪਦਾ ਹੈ
ਜਿਵੇਂ ਟਿਕੀ ਰਾਤ 'ਚ ਅੰਬਰ 'ਤੇ
ਤਾਰੇ ਟਹਿਕਦੇ ਹੋਣ।
ਤੂੰ ਹਸਦਾ ਹੈ ਤਾਂ ਲਗਦੈ
ਦੂਰ-ਦੂਰ ਤਕ
ਨੂਰ ਦੇ ਫੁੱਲ ਖਿੜ ਪਏ ਹੋਣ।
ਤੇਰੀ ਚੁੱਪ
ਸੰਨਾਟੇ ਦੀ ਖ਼ਾਮੋਸ਼ ਗੂੰਜ ਬਣ
ਧੁਰ ਅੰਦਰ ਜਾ ਲਹਿੰਦੀ ਹੈ।
ਤੇਰੀ ਉਦਾਸੀ
ਦਿਲ ਤੇ ਕਹਿਰ ਬਣ ਟੁੱਟਦੀ ਹੈ
ਤੇਰੇ ਬਦਲਦੇ ਭਾਵਾਂ ਦੇ ਨਾਲ ਨਾਲ
ਜਾਪਦੈ ਮੌਸਮ ਵੀ ਬਦਲ ਰਿਹੈ।
ਮੇਰੇ ਅਹਿਸਾਸ ਦੇ ਸਮੁੰਦਰ ਤੇ
ਤੇਰੇ ਮੁਖ ਦੇ ਭਾਵ ਲਹਿਰਾਂ ਬਣ ਜਾਂਦੇ ਨੇ
ਤੇ ਮੈਂ ਸਮੁੰਦਰ ਦੇ ਕਿਨਾਰੇ ਬੈਠੀ
ਇਨ੍ਹਾਂ ਲਹਿਰਾਂ ਨੂੰ ਗਿਣਦੀ ਰਹਿੰਦੀ ਹਾਂ।[41]

ਇਹ ਕਵਿਤਾ ਭਾਵੇਂ ਪਰੰਪਰਕ ਛੰਦ ਦੀ ਪਾਬੰਦੀ ਵਿਚ ਨਹੀਂ ਬੱਝਦੀ ਪਰ ਇਹ ਬਿੰਬਾਤਮਕ ਵਿਧੀ ਵਿਚ ਭਾਵਾਂ ਅਤੇ ਵਿਚਾਰਾਂ ਨੂੰ ਮੂਰਤੀਮਾਨ ਕਰਦੀ ਹੈ। ਇਸਦੀ ਸੰਗੀਤਕ ਧੁਨ ਅਤੇ ਸ਼ਾਬਦਿਕ ਲੈਅ ਰਚਨਾ ਨੂੰ ਇਕ ਸੰਗਠਨ ਵਿਚ ਬੰਨ੍ਹਦੀ ਹੈ।

ਸਮੁੱਚੇ ਨਾਮਧਾਰੀ-ਕਾਵਿ ਦਾ ਅਧਿਐਨ ਕਰੀਏ ਤਾਂ ਪਤਾ ਲਗਦਾ ਹੈ ਕਿ ਇਸ ਵਿਚ ਬਹੁਗਿਣਤੀ ਕਾਵਿ-ਰਚਨਾਵਾਂ ਛੰਦ-ਬੱਧ ਹਨ। ਹਰਨਾਮ ਸਿੰਘ, ਸੰਤੋਖ ਸਿੰਘ,

ਕਾਹਲਾ ਸਿੰਘ, ਗਿਆਨੀ ਗਿਆਨ ਸਿੰਘ, ਚੰਦਾ ਸਿੰਘ, ਧਿਆਨ ਸਿੰਘ, ਨਿਹਾਲ ਸਿੰਘ, ਪ੍ਰੀਤਮ ਸਿੰਘ ਕਵੀ, ਕਿਰਪਾਲ ਸਿੰਘ ਕਸੇਲ, ਕਰਤਾਰ ਸਿੰਘ ਪੰਛੀ, ਬਿਸ਼ਨ ਸਿੰਘ, ਸੁਖਵੰਤ ਸਿੰਘ ਕੰਗ, ਗੁਰਦੇਵ ਸਿੰਘ ਰਾਏ ਆਦਿ ਕਵੀਆਂ ਦੀਆਂ ਰਚਨਾਵਾਂ ਛੰਦ-ਬੱਧ ਹਨ। ਇਨ੍ਹਾਂ ਕਵੀਆਂ ਨੇ ਮਾਤ੍ਰਿਕ ਅਤੇ ਵਰਣਿਕ ਛੰਦਾਂ ਦੀ ਵਰਤੋਂ ਕੀਤੀ ਹੈ। ਮਾਤ੍ਰਿਕ ਛੰਦਾਂ ਵਿਚੋਂ ਦੋਹਿਰਾ, ਸੋਰਠਾ, ਚੌਪਈ ਆਦਿ ਅਤੇ ਵਰਣਿਕ ਛੰਦਾਂ ਵਿਚੋਂ ਕਬਿੱਤ ਦਾ ਪ੍ਰਯੋਗ ਕੀਤਾ ਗਿਆ ਹੈ। ਦੋਹਿਰਾ ਛੰਦ ਨਾਮਧਾਰੀ ਕਵਿਤਾ ਦਾ ਪ੍ਰਧਾਨ ਛੰਦ ਹੈ। ਪੰਜਾਬੀ ਕਵਿਤਾ ਵਿਚ ਇਸ ਛੰਦ ਦੀ ਅਮੀਰ ਕਾਵਿ-ਪਰੰਪਰਾ ਹੈ। ਇਹ ਪਰੰਪਰਾ ਗੁਰਬਾਣੀ ਤੋਂ ਲੈ ਕੇ ਆਧੁਨਿਕ ਪੰਜਾਬੀ ਕਵਿਤਾ ਤਕ ਪ੍ਰਵਾਹਮਾਨ ਹੈ। ਦੋਹਿਰਾ ਇਕ ਮਾਤ੍ਰਿਕ ਛੰਦ ਹੈ ਜਿਸ ਵਿਚ ਦੋ ਤੁਕਾਂ ਹੁੰਦੀਆਂ ਹਨ ਅਤੇ ਚਾਰ ਚਰਣ ਹੁੰਦੇ ਹਨ। ਹਰ ਤੁਕ ਵਿਚ ਚੌਵੀ ਮਾਤ੍ਰਾਵਾਂ ਹੁੰਦੀਆਂ ਹਨ। ਪਹਿਲਾ ਬਿਸਰਾਮ ਤੇਰਾਂ ਮਾਤ੍ਰਾਵਾਂ ਉੱਤੇ ਹੁੰਦਾ ਹੈ। ਪਹਿਲੇ ਪੜਾਅ ਦੀ ਕਵਿਤਾ ਵਿਚ ਬਾਬਾ ਚੰਦਾ ਸਿੰਘ ਦੀ ਰਚਨਾ ਬਾਰਾਂਮਾਹ ਅਤੇ ਧਿਆਨ ਸਿੰਘ ਕਾਦਰਾਬਾਦੀ ਦੀ ਰਚਨਾ **ਸ੍ਰੀ ਸਤਿਗੁਰੂ ਬਿਲਾਸ** ਦੋਹਿਰਾ ਛੰਦ ਦੀ ਵਰਤੋਂ ਦੀਆਂ ਸੁੰਦਰ ਮਿਸਾਲਾਂ ਹਨ। ਦੂਜੇ ਪੜਾਅ ਦੀ ਨਾਮਧਾਰੀ ਕਵਿਤਾ ਵਿਚ ਚਤਰ ਸਿੰਘ ਬੀਰ ਦੀ ਰਚਨਾ ਬਾਰਾਂਮਾਹ ਅਤੇ ਤੇਜਾ ਸਿੰਘ ਸੋਖਲ ਦੀ ਰਚਨਾ ਬਾਰਾਂਮਾਹ ਵਿਚ ਵੀ ਪ੍ਰਧਾਨ ਛੰਦ ਦੋਹਰਾ ਹੈ। ਏਥੇ ਚਤਰ ਸਿੰਘ ਬੀਰ ਦੀ ਰਚਨਾ ਬਾਰਾਂਮਾਹ ਦਾ ਜ਼ਿਕਰ ਵਿਸ਼ੇਸ਼ ਤੌਰ 'ਤੇ ਕੀਤਾ ਜਾ ਸਕਦਾ ਹੈ, ਕਿਉਂਕਿ ਇਹ ਸਾਰੀ ਦੀ ਸਾਰੀ ਦੋਹਿਰਾ ਛੰਦ ਵਿਚ ਰਚੀ ਗਈ ਹੈ। ਚੇਤਰ ਮਹੀਨੇ ਦੇ ਵਰਣਨ ਤੋਂ ਲੈ ਕੇ ਮਾਘ ਮਹੀਨੇ ਦੇ ਵਰਣਨ ਤਕ ਗਿਆਰਾਂ ਦੋਹਿਰੇ ਅਤੇ ਫੱਗਣ ਮਹੀਨੇ ਦੇ ਵਰਣਨ ਲਈ ਤਿੰਨ ਦੋਹਿਰੇ ਸਿਰਜੇ ਗਏ ਹਨ। ਇਨ੍ਹਾਂ ਵਿਚ ਦੋਹਿਰਾ ਛੰਦ ਦੇ ਪਰੰਪਰਕ ਨਿਯਮ-ਵਿਧਾਨ ਦੀ ਪਾਲਣਾ ਕੀਤੀ ਗਈ ਹੈ। ਮਿਸਲਾ ਦੇ ਤੌਰ 'ਤੇ ਚਤਰ ਸਿੰਘ ਬੀਰ ਲਿਖਦਾ ਹੈ:

ਅੱਸੂ ਆਸ ਹਮੇਸ਼ ਹੈ
ਸਾਡੇ ਦਿਲ ਵਿਚਕਾਰ।
ਸੱਦਣ ਤੈਨੂੰ ਸਦਾ ਹੀ
ਕੂਕੇ ਕੂਕਾ ਮਾਰ।[42]

ਇਸ ਦੋਹਿਰੇ ਦੀਆਂ ਦੋਹਾਂ ਤੁਕਾਂ ਵਿਚ ਚੌਵੀ-ਚੌਵੀ ਮਾਤ੍ਰਾਵਾਂ ਹਨ ਅਤੇ ਪਹਿਲਾ ਬਿਸਰਾਮ ਤੇਰਾਂ ਮਾਤ੍ਰਾਵਾਂ ਉੱਤੇ ਹੈ। ਚੰਦਾ ਸਿੰਘ ਅਤੇ ਧਿਆਨ ਸਿੰਘ ਰਚਿਤ ਦੋਹਰਿਆਂ ਦੀਆਂ ਮਾਤ੍ਰਾਵਾਂ ਦੀ ਗਿਣਤੀ ਨਿਸ਼ਚਿਤ ਨਹੀਂ ਹੈ। ਇਨ੍ਹਾਂ ਦੋਹਰਿਆਂ ਦੀ ਮਾਤ੍ਰਾਵਾਂ ਦੀ ਗਿਣਤੀ ਚੌਵੀ ਤੋਂ ਵੱਧ ਜਾਂ ਘੱਟ ਹੈ। ਇਸ ਸੰਦਰਭ ਵਿਚ ਦੋ ਦੋਹਿਰੇ ਨਿਮਨਅੰਕਿਤ ਹਨ:

- ਸਿੰਘ ਸ਼ਹੀਦੀ ਪਾ ਗਏ
  ਸਤਿਗੁਰ ਚਲੇ ਪਰਦੇਸ।
  ਸੰਗਤਾਂ ਮੁੜ ਘਰ ਤੋਰੀਆਂ
  ਆਪੋ ਆਪਣੇ ਦੇਸ।
- ਵਜਿਆ ਧੌਸਾਂ ਧਰਮ ਦਾ
  ਸਤਿਗੁਰ ਦੇ ਦਰਬਾਰ।
  ਧਰਮ ਚਲੇਗਾ ਜਗਤ ਵਿਚ
  ਬੋਲੋ ਸਭ ਅਕਾਲ।[43]

ਸਪਸ਼ਟ ਹੈ ਕਿ ਇਨ੍ਹਾਂ ਉਪਰ ਅੰਕਿਤ ਦੋਹਰਿਆਂ ਵਿਚੋਂ ਪਹਿਲੇ ਵਿਚ ਮਾਤ੍ਰਾਵਾਂ ਦੀ ਗਿਣਤੀ ਵਧਦੀ ਹੈ ਅਤੇ ਦੂਜੇ ਵਿਚ ਮਾਤ੍ਰਾਵਾਂ ਦੀ ਗਿਣਤੀ ਘਟਦੀ ਹੈ।

ਨਾਮਧਾਰੀ ਕਾਵਿ ਵਿਚ ਚੌਪਈ ਛੰਦ ਦਾ ਪ੍ਰਯੋਗ ਵੀ ਹੋਇਆ ਹੈ। ਚੌਪਈ ਵੀ ਮਾਤ੍ਰਿਕ ਛੰਦ ਹੈ। ਚੌਪਈ ਮੱਧਕਾਲੀ ਪੰਜਾਬੀ ਕਾਵਿ ਖ਼ਾਸ ਕਰਕੇ ਬੀਰ-ਰਸੀ ਕਾਵਿ ਦਾ ਹਰਮਨਪਿਆਰਾ ਛੰਦ ਹੈ। ਨਾਮਧਾਰੀ ਕਾਵਿ ਵਿਚ ਧਿਆਨ ਸਿੰਘ ਕਾਦਰਾਬਾਦੀ ਨੇ ਸ੍ਰੀ ਸਤਿਗੁਰੂ ਬਿਲਾਸ ਵਿਚ ਚੌਪਈ ਛੰਦ ਦਾ ਪ੍ਰਯੋਗ ਕੀਤਾ ਹੈ। ਮਿਸਾਲ ਵਜੋਂ:

ਵਿਦਵਨ ਕੋ ਦੇਸ਼ ਬਿਦੇਸ਼।
ਮਿਲਤੇ ਸੁਖ ਹਮੇਸ਼ ਵਿਸ਼ੇਸ਼।
ਬਿਨ ਵਿਦਿਆ ਕੇ ਦੇਸ਼ ਕਲੇਸ਼।
ਰਾਡੀ ਜਿਵ ਸਦ ਮੈਲੇ ਵੇਸ।[44]

ਉਪਰ ਅੰਕਿਤ ਚੌਪਈ ਵਿਚ ਚਾਰ ਚਰਣ ਹਨ ਅਤੇ ਹਰ ਚਰਣ ਵਿਚ ਪੰਦਰਾਂ-ਪੰਦਰਾਂ ਮਾਤ੍ਰਾਵਾਂ ਹਨ। ਨਾਮਧਾਰੀ ਕਵੀਆਂ ਨੇ ਚੌਪਈ ਛੰਦ ਦੇ ਨਿਯਮ-ਵਿਧਾਨ ਨੂੰ ਪੂਰੀ ਪਾਬੰਦੀ ਨਾਲ ਨਹੀਂ ਨਿਭਾਇਆ। ਬਹੁਤੀ ਥਾਈਂ ਚੌਪਈ ਛੰਦ ਦੀਆਂ ਮਾਤ੍ਰਾਵਾਂ ਦੀ ਗਿਣਤੀ ਵਧਦੀ-ਘਟਦੀ ਹੈ। ਬਾਬਾ ਚੰਧਾ ਸਿੰਘ ਦੀ ਨਿਮਨਅੰਕਿਤ ਚੌਪਈ ਨੂੰ ਮਿਸਾਲ ਦੇ ਤੌਰ 'ਤੇ ਦੇਖਿਆ ਜਾ ਸਕਦਾ ਹੈ:

ਚੜ੍ਹਦੇ ਚੇਤਰ ਚਿਤ ਉਦਾਸ।
ਚਲੀਏ ਸਤਿਗੁਰਾਂ ਦੇ ਪਾਸ।
ਕਰੀਏ ਹਥ ਜੋੜ ਅਰਦਾਣ।
ਸਾਨੂੰ ਰੱਖੋ ਆਪਣੇ ਪਾਸ।[45]

ਇਸ ਚੌਪਈ ਦੇ ਪਹਿਲੇ ਚਰਣ ਵਿਚ ਚੌਦਾਂ, ਦੂਜੇ ਅਤੇ ਤੀਜੇ ਚਰਣ ਵਿਚ ਪੰਦਰਾਂ-ਪੰਦਰਾਂ ਅਤੇ ਚੌਥੇ ਚਰਣ ਵਿਚ ਸੋਲਾਂ ਮਾਤ੍ਰਾਵਾਂ ਹਨ।

ਨਾਮਧਾਰੀ ਕਵੀਆਂ ਨੇ ਬੈਂਤ ਛੰਦ ਦਾ ਪ੍ਰਯੋਗ ਕੀਤਾ ਹੈ ਜੋ ਕਿ ਇਕ ਮਾਤ੍ਰਿਕ ਛੰਦ ਹੀ ਹੈ। ਹਰਨਾਮ ਸਿੰਘ, ਕਰਤਾਰ ਸਿੰਘ ਪੰਛੀ, ਕਿਰਪਾਲ ਸਿੰਘ ਕਸੇਲ, ਗੁਰਦੇਵ ਸਿੰਘ ਰਾਏ, ਸੰਤੋਖ ਸਿੰਘ ਸਫਰੀ ਅਤੇ ਅਜੀਤ ਸਿੰਘ ਚੀਮਾ ਦੀ ਕਵਿਤਾ ਬੈਂਤ ਛੰਦ ਦੇ ਪ੍ਰਯੋਗ ਦੀ ਮਿਸਾਲ ਪੇਸ਼ ਕਰਦੀ ਹੈ। ਇਸ ਸੰਬੰਧ ਵਿਚ ਹਰਨਾਮ ਸਿੰਘ ਦੀ ਕਾਵਿ-ਰਚਨਾ ਵਿਸ਼ੇਸ਼ ਤੌਰ 'ਤੇ ਅਧਿਐਨਯੋਗ ਹੈ, ਜਿਸ ਵਿਚੋਂ ਇਕ ਬੈਂਤ ਨਿਮਨਅੰਕਿਤ ਹੈ:

ਉਚੀ ਬੋਲ ਕੇ ਜਥੇ ਨੂੰ ਕਹਿਣ ਲਗਾ
ਬਚਨ ਸੁਣੋ ਸਾਡਾ ਕਰਕੇ ਖਿਆਲ ਸਿੰਘੋ।
ਜ਼ਾਲਮ ਜ਼ੁਲਮ ਕਰਨ ਵਾਲੇ ਕੋਟਲੇ ਦੇ
ਬੁਚੜ ਮਾਰਨੇ ਅਸਾਂ ਚੰਡਾਲ ਸਿੰਘੋ।
ਚੀਜ਼ ਚੁਕਣੀ ਕਿਸੇ ਦੀ ਗਾਇ ਦੀ
ਰੱਤ ਸਾਨੂੰ ਧੰਨ ਤੇ ਮਾਲ ਸਿੰਘੋ।
ਮਾਂ ਤੇ ਭੈਣ ਸਮਝੋ ਨਾਰੀ ਦੁਸ਼ਮਣਾਂ ਦੀ
ਦੇਣੀ ਮੂੰਹੋਂ ਨਾ ਕਿਸੇ ਨੂੰ ਗਾਲ ਸਿੰਘੋ।[46]

ਨਾਮਧਾਰੀ-ਕਾਵਿ ਵਿਚ ਇਕ ਹੋਰ ਮਾਤ੍ਰਿਕ ਛੰਦ ਸੋਰਠਾ ਦਾ ਪ੍ਰਯੋਗ ਵੀ ਕੀਤਾ ਗਿਆ ਹੈ। ਇੰਦਰ ਸਿੰਘ ਚਕ੍ਰਵਰਤੀ ਦੀ ਰਚਨਾ ਮਾਲਵੇਂਦ੍ਰ, ਬਿਸ਼ਨ ਸਿੰਘ ਦੀ ਅਣਖੀ

ਮਸਤਾਨੇ ਵਿਚ ਅਤੇ ਧਿਆਨ ਸਿੰਘ ਕਾਦਰਾਬਾਦੀ ਦੀ ਸ੍ਰੀ ਸਤਿਗੁਰੂ ਬਿਲਾਸ ਵਿਚ ਇਸ ਛੰਦ ਦੀ ਵਰਤੋਂ ਕੀਤੀ ਗਈ ਹੈ। ਮਿਸਾਲ ਵਜੋਂ:

ਸਿਖੀ ਗੁਰ ਹਰਿ ਰਾਮ ਰਾਖੀ ਹਿੰਦ ਗੁਬਿੰਦ ਗੁਰ
ਟੂਟੀ ਗਾਂਢਨ ਹਾਰ ਜਿਨੋਂ ਨਮੋਂ ਗੁਰ ਹਰੀ ਹਰਿ।[47]

ਨਾਮਧਾਰੀ ਕਵੀਆਂ ਦਾ ਇਕ ਹੋਰ ਹਰਮਨ ਪਿਆਰਾ ਛੰਦ ਕਬਿੱਤ ਹੈ। ਨਾਮਧਾਰੀ ਕਵੀ ਕਾਹਲਾ ਸਿੰਘ ਦੀ ਰਚਨਾ ਉਸਤਤਨਾਮਾ ਅਤੇ ਗਿਆਨੀ ਗਿਆਨ ਸਿੰਘ ਦੀ ਰਚਨਾ ਨਾਮਧਾਰੀ ਸਿਖ ਸੰਖੇਪ ਵਿਵਰਨ ਕਬਿੱਤ ਛੰਦ ਵਿਚ ਰਚੀ ਹੋਈ ਹੈ। ਕਬਿੱਤ ਵਰਣਿਕ ਛੰਦ ਹੈ ਜਿਸ ਵਿਚ ਚਾਰ ਦੀਰਘ ਆਕਾਰੀ ਤੁਕਾਂ ਹੁੰਦੀਆਂ ਹਨ ਅਤੇ ਹਰ ਤੁਕ ਵਿਚ ਚਾਰ ਬਿਸਰਾਮ ਹੁੰਦੇ ਹਨ। ਏਥੇ ਮਿਸਾਲ ਦੇ ਤੌਰ 'ਤੇ ਗਿਆਨੀ ਗਿਆਨ ਸਿੰਘ ਦਾ ਇਕ ਕਬਿੱਤ ਅੰਕਿਤ ਕੀਤਾ ਜਾ ਰਿਹਾ ਹੈ:

ਪੰਥ ਖਾਲਸੇ ਮੈਂ ਏਕ ਸ਼ਾਖ ਕੂਕੇ ਸਿੰਘਨ ਕੀ,
ਤੀਸਰ ਬਰਸ ਤੈ ਜੋ ਬਿਦਤੇ ਮਹਾਨ ਹੈਂ।
ਸ਼ਬਦ ਕੀ ਮਸਤੀ ਮੈਂ ਹਾਲ ਤੇ ਬਿਹਾਲ ਹੋਇ,
ਸਿਰ ਤੈ ਉਤਰ ਜਾਤ ਦਸਤਾਰ ਤਾਨ ਹੈਂ।
ਸਹੀ ਨਾਮ ਨਾਮਧਾਰੀ ਆਹਿ ਤਿਨ ਕਾ ਉਦਾਰੀ,
ਕੂਕੇ ਮਾਰਨੇ ਤੈ ਕੂਕੇ ਜਗਤ ਬਖਾਨ ਹੈਂ।
ਏਕ ਦਸਤਾਰ ਕੇ ਉਤਾਰ ਬਿਨ ਔਰ ਰੀਤ
ਚਾਹੀਯਤ ਜੈਸੀ ਤੈਸੀ ਤਿਨ ਮੈਂ ਪ੍ਰਧਾਨ ਹੈ।[48]

ਇਸ ਕਬਿੱਤ ਦੀ ਹਰ ਤੁਕ ਵਿਚ ਇਕੱਤੀ-ਇਕੱਤੀ ਵਰਣ ਹਨ ਅਤੇ ਚਾਰਾਂ-ਤੁਕਾਂ ਵਿਚ ਤੁਕਾਂਤ ਮੇਲ ਹੈ।


ਉਪਰ ਵਰਣਿਤ ਛੰਦਾਂ ਤੋਂ ਇਲਾਵਾ ਨਾਮਧਾਰੀ ਕਵੀਆਂ ਨੇ ਸਵੈਯਾ, ਕੋਰੜਾ ਆਦਿ ਛੰਦਾਂ ਵਿਚ ਵੀ ਕਵਿਤਾ ਰਚੀ ਹੈ, ਭਾਵੇਂ ਕਿ ਅਜਿਹੀ ਕਵਿਤਾ ਦੀ ਗਿਣਤੀ ਥੋੜ੍ਹੀ ਹੈ।

(ਅ) ਨਾਮਧਾਰੀ ਕਵਿਤਾ ਦੇ ਰੂਪਾਕਾਰ :

ਨਾਮਧਾਰੀ-ਕਾਵਿ ਵਿਭਿੰਨ ਰੂਪਾਕਾਰਾਂ ਵਿਚ ਰਚਿਆ ਹੋਇਆ ਹੈ। ਇਨ੍ਹਾਂ ਵਿਚ ਮਹਾਂਕਾਵਿ, ਬਾਰਾਂਮਾਹ, ਗ਼ਜ਼ਲ, ਪ੍ਰਗੀਤ, ਰੁਬਾਈ ਅਤੇ ਮੋਨੋਲਾਗ ਪ੍ਰਮੁੱਖ ਹਨ। ਇਹ ਰੂਪਾਕਾਰ ਬਿਰਤਾਂਤਕ ਤੇ ਵਰਣਨਾਤਮਕ ਵੀ ਹਨ, ਪ੍ਰਗੀਤਕ ਵੀ ਅਤੇ ਨਾਟਕੀ ਵੀ ਹਨ।

ਕਾਵਿ ਦੀਆਂ ਪਰੰਪਰਾਗਤ ਅਤੇ ਆਧੁਨਿਕ ਅਧਿਐਨ-ਪ੍ਰਣਾਲੀਆਂ ਵਿਭਿੰਨ ਆਧਾਰਾਂ 'ਤੇ ਕਾਵਿ ਦਾ ਵਰਗੀਕਰਨ ਕਰਦੀਆਂ ਹਨ। ਵਿਸ਼ੇ ਦੇ ਆਧਾਰ ਤੇ ਕਾਵਿ ਨੂੰ ਧਾਰਮਿਕ ਕਾਵਿ, ਰਾਜਨੀਤਿਕ ਕਾਵਿ, ਇਤਿਹਾਸਕ ਕਾਵਿ ਆਦਿ ਵਰਗਾਂ ਵਿਚ ਵਰਗੀਕ੍ਰਿਤ ਕੀਤਾ ਗਿਆ ਹੈ। ਰੂਪਾਕਾਰਕ ਆਧਾਰ 'ਤੇ ਪੱਛਮੀ ਵਿਦਵਾਨਾਂ ਨੇ ਕਾਵਿ ਨੂੰ ਤਿੰਨ ਵਰਗਾਂ ਮਹਾਂਕਾਵਿ, ਨਾਟਕ ਅਤੇ ਗੀਤ ਕਾਵਿ ਵਿਚ ਵਰਗੀਕ੍ਰਿਤ ਕੀਤਾ ਹੈ। ਭਾਰਤੀ ਕਾਵਿ-ਸ਼ਾਸਤਰ ਵਿਚ ਕਾਵਿ ਦਾ ਵਰਗੀਕਰਨ ਦੋ ਆਧਾਰਾਂ - ਰੂਪ ਅਤੇ ਅਰਥ ਉੱਤੇ ਕੀਤਾ ਗਿਆ ਹੈ। ਭਾਰਤੀ ਕਾਵਿ ਸ਼ਾਸਤਰੀ ਅਰਥ ਦੀ ਦ੍ਰਿਸ਼ਟੀ ਤੋਂ ਕਾਵਿ ਨੂੰ ਤਿੰਨ ਵਰਗਾਂ ਉੱਤਮ, ਮੱਧਮ ਅਤੇ ਅਧਮ ਕਾਵਿ ਦੇ ਅੰਤਰਗਤ ਵਰਗੀਕ੍ਰਿਤ ਕਰਦੇ ਹਨ, ਜਦਕਿ ਰੂਪ ਦੇ ਆਧਾਰ ਤੇ ਕਾਵਿ ਦਾ ਵਰਗੀਕਰਨ ਨਿਮਨਅੰਕਿਤ (ਰੇਖਾ-ਚਿੱਤਰ) ਖਾਕੇ ਅਨੁਸਾਰ

ਕੀਤਾ ਗਿਆ ਹੈ:



ਹਰ ਕਾਵਿ-ਕਿਰਤ ਦੀ ਆਪਣੀ ਵਿਲੱਖਣ ਹੋਂਦ ਹੁੰਦੀ ਹੈ, ਪਰੰਤੂ ਇਸ ਦੇ ਬਾਵਜੂਦ ਵੀ ਉਸ ਵਿਚ ਕੁਝ ਅਜਿਹੇ ਲੱਛਣ ਵੀ ਹੁੰਦੇ ਹਨ, ਜੋ ਹੋਰਨਾਂ ਕਾਵਿ-ਕਿਰਤਾਂ ਨਾਲ ਸਾਂਝੇ ਹੁੰਦੇ ਹਨ। ਅਜਿਹੇ ਸਾਂਝੇ ਲੱਛਣਾਂ ਸਦਕਾ ਉਹ ਕਿਸੇ ਨਾ ਕਿਸੇ ਕਾਵਿ-ਵਰਗ ਨਾਲ ਸੰਬੰਧਿਤ ਹੁੰਦੀ ਹੈ। ਅਜਿਹੇ ਲੱਛਣਾਂ ਦੀ ਸਾਂਝ ਦੇ ਆਧਾਰ 'ਤੇ ਕਾਵਿ ਦਾ ਵਰਗੀਕਰਨ ਨਿਮਨਅੰਕਿਤ ਤਿੰਨ ਪ੍ਰਵਰਗਾਂ ਵਿਚ ਕੀਤਾ ਜਾ ਸਕਦਾ ਹੈ:

1. ਬਿਰਤਾਂਤਕ ਤੇ ਵਰਣਨਾਤਮਕ ਕਾਵਿ
2. ਨਾਟਕੀ ਕਾਵਿ
3. ਪ੍ਰਗੀਤ ਕਾਵਿ

ਬਿਰਤਾਂਤਕ ਕਾਵਿ ਵਿਚ ਪੇਸ਼ਕਾਰੀ ਦਾ ਆਧਾਰ ਮੌਖਿਕ ਸੰਬੋਧਨ ਹੁੰਦਾ ਹੈ। ਕਵੀ ਪਾਠਕਾਂ/ਸਰੋਤਿਆਂ ਨੂੰ ਸਿੱਧਾ ਸੰਬੋਧਨ ਕਰਦਾ ਹੋਇਆ ਵਿਸ਼ੈ ਦੀ ਪੇਸ਼ਕਾਰੀ ਕਰਦਾ ਹੈ। ਨਾਮਧਾਰੀ ਕਵਿਤਾ ਦੀਆਂ ਪਹਿਲੇ ਪੜਾਅ ਦੀਆਂ ਬਹੁਗਿਣਤੀ ਰਚਨਾਵਾਂ ਨੂੰ ਬਿਰਤਾਂਤਕ-ਕਾਵਿ ਦੇ ਪ੍ਰਵਰਗ ਵਿਚ ਰੱਖਿਆ ਜਾ ਸਕਦਾ ਹੈ। ਇਸ ਪ੍ਰਵਰਗ ਵਿਚ ਪਹਿਲੇ ਪੜਾਅ ਦੀਆਂ ਨਿਮਨਅੰਕਿਤ ਰਚਨਾਵਾਂ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ:

ੳ. ਹਰਨਾਮ ਸਿੰਘ : ਸੰਤ ਖ਼ਾਲਸਾ
ਅ. ਸੰਤੋਖ ਸਿੰਘ : ਸ੍ਰੀ ਸਤਿਗੁਰੂ ਬਿਲਾਸ
ੲ. ਕਾਹਲਾ ਸਿੰਘ : ਉਸਤਤਨਾਮਾ
ਸ. ਕਾਹਲਾ ਸਿੰਘ : ਸ਼ਹੀਦ ਬਿਲਾਸ
ਹ. ਧਿਆਨ ਸਿੰਘ ਕਾਦਰਾਬਾਦੀ : ਸ੍ਰੀ ਸਤਿਗੁਰੂ ਬਿਲਾਸ

ਦੂਜੇ ਪੜਾਅ ਦੀ ਨਾਮਧਾਰੀ ਕਵਿਤਾ ਦੀਆਂ ਨਿਮਨਅੰਕਿਤ ਕਾਵਿ-ਰਚਨਾਵਾਂ ਬਿਰਤਾਂਤਕ-ਕਾਵਿ ਦੇ ਅੰਤਰਗਤ ਸ਼ਾਮਿਲ ਕੀਤੀਆਂ ਜਾ ਸਕਦੀਆਂ ਹਨ:

ੳ. ਇੰਦਰ ਸਿੰਘ ਚਕਰਵਰਤੀ : ਮਾਲਵੇਂਦ੍ਰ
ਅ. ਕਿਰਪਾਲ ਸਿੰਘ ਕਸੇਲ: ਜੈਸਾ ਸਤਿਗੁਰ ਸੁਣੀਂਦਾ
ੲ. ਕਿਰਪਾਲ ਸਿੰਘ ਕਸੇਲ: ਚਾਲੀਸਾ ਸ੍ਰੀ ਸਤਿਗੁਰੂ ਜਗਜੀਤ ਸਿੰਘ
ਸ. ਬਿਸ਼ਨ ਸਿੰਘ : ਅਣਖੀ ਮਸਤਾਨੇ

ਹ. ਜਗੀਰ ਸਿੰਘ : **ਸਾਧ ਕੀ ਮਹਿਮਾ ਬੇਦ ਨਾ ਜਾਨਹਿ**

ਨਾਮਧਾਰੀ-ਕਾਵਿ ਵਿਚ ਦੀਰਘ ਬਿਰਤਾਂਤ ਨਾਲ ਸੰਬੰਧਿਤ ਦੋ ਰੂਪਾਕਾਰਾਂ ਮਹਾਂਕਾਵਿ ਅਤੇ ਖੰਡ-ਕਾਵਿ ਦੀਆਂ ਵੰਨਗੀਆਂ ਉਪਲਬਧ ਹਨ। ਇੰਦਰ ਸਿੰਘ ਚਕਰਵਰਤੀ, ਧਿਆਨ ਸਿੰਘ ਕਾਦਰਾਬਾਦੀ, ਸੰਤੋਖ ਸਿੰਘ, ਕਿਰਪਾਲ ਸਿੰਘ ਕਸੇਲ ਅਤੇ ਗੁਰਦੇਵ ਸਿੰਘ ਰਾਏ ਨੇ ਮਹਾਂਕਾਵਿ ਰਚੇ ਹਨ, ਜੋ ਨਿਮਨਅੰਕਿਤ ਹਨ:

ੳ. **ਸ੍ਰੀ ਸਤਿਗੁਰੂ ਬਿਲਾਸ**
ਅ. **ਮਾਲਵੇਂਦ੍ਰ**
ੲ. **ਜੈਸਾ ਸਤਿਗੁਰ ਸੁਣੀਂਦਾ**
ਸ. **ਅਦੁੱਤੀ ਰਹਿਬਰ**

ਇਨ੍ਹਾਂ ਵਿਚੋਂ ਸ੍ਰੀ ਸਤਿਗੁਰੂ ਬਿਲਾਸ ਦੀ ਪ੍ਰਸਤੁਤੀ ਵਿਧੀ ਦਾ ਆਧਾਰ ਸੁਣੇ ਹੋਏ ਨੂੰ ਸੁਣਾਉਣ ਦਾ ਹੈ। ਇਸ ਰਚਨਾ ਵਿਚ ਕਵੀ ਪਾਠਕਾਂ/ਸਰੋਤਿਆਂ ਨੂੰ ਸੰਬੋਧਨ ਕਰਦਾ ਹੈ। ਮਿਸਲਾ ਦੇ ਤੌਰ ਤੇ ਇਸ ਕਾਵਿ-ਰਚਨਾ ਵਿਚੋਂ ਕੁਝ ਕਾਵਿ-ਸਤਰਾਂ ਅੰਕਿਤ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਵਿਚ ਕਵੀ ਭਾਈ ਹਰਮੀਤ ਸਿੰਘ ਦੁਆਰਾ ਗੁਰੂ ਰਾਮ ਸਿੰਘ ਸੰਬੰਧੀ ਜਾਣਕਾਰੀ ਦੇਣ ਸੰਬੰਧੀ ਸਰੋਤਿਆਂ/ਪਾਠਕਾਂ ਨੂੰ ਸੰਬੋਧਨ ਕਰਦਾ ਹੋਇਆ ਲਿਖਦਾ ਹੈ:

ਅਬ ਜਿਸ ਸਤਿਗੁਰ ਕਥਾ ਸੁਣਾਈ॥
ਨਾਮ ਠਾਂਮ ਦਿਉ ਤਾਹਿ ਬਤਾਈ॥
ਸਾਂਦੇ ਵਾਲਾ ਹੈ ਇਕ ਗਰਾਮ॥
ਤਹਾਂ ਭਾਈ ਹਰਿਮੀਤ ਸਿੰਘ ਨਾਮ॥ [49]

ਸ੍ਰੀ ਸਤਿਗੁਰੂ ਬਿਲਾਸ ਨਾਮਧਾਰੀ ਲਹਿਰ ਦੇ ਇਤਿਹਾਸ ਦਾ ਵਸਤੂਨਿਸ਼ਠ ਰੂਪਾਂਤਰਣ ਹੈ। ਕਵੀ ਨਾਮਧਾਰੀ ਗੁਰੂ ਅਤੇ ਨਾਮਧਾਰੀ ਲਹਿਰ ਦੀਆਂ ਮਹੱਤਵਪੂਰਨ ਘਟਨਾਵਾਂ ਨੂੰ ਮੌਖਿਕ ਅਤੇ ਸੰਬੋਧਨੀ ਸੁਰ ਰਾਹੀਂ ਅਭਿਵਿਅਕ ਕਰਦਾ ਹੈ। ਮਲੇਰਕੋਟਲੇ ਦੀ ਬੁੱਚੜਬਧ ਘਟਨਾ ਤੋਂ ਪਹਿਲਾਂ ਦੀ ਇਤਿਹਾਸਕ ਸਥਿਤੀ ਦਾ ਕਾਵਿ ਰੂਪਾਂਤਰਣ ਕਵੀ ਧਿਆਨ ਸਿੰਘ ਕਾਦਰਾਬਾਦੀ ਨੇ ਨਿਮਨਅੰਕਿਤ ਸਤਰਾਂ ਵਿਚ ਵਸਤੂਨਿਸ਼ਠ ਢੰਗ ਨਾਲ ਕੀਤਾ ਹੈ:

ਉਨੀ ਸੌ ਅਠਾਈ ਜਬ ਸਿਆਲ ਰੁਤ ਆਈ
ਤਬ ਆਦਿ ਸਰਦਾਸ ਸਿੰਘ ਨਾਮ ਸੋ ਸੁਨਾਹਿ ਹੈ।
ਲਹਿਣਾ ਸਿੰਘ ਹੀ੍ਰ ਹਰਿ ਅਤ੍ਰ ਸਿੰਘ ਆਨ ਕੇ ਤੇ
ਪਾਇ ਕੇ ਦਰਸ ਵੈ ਅਕਾਲ ਬੁੰਗੇ ਜਾਇ ਹੈ।
ਕੀਓ ਤਿਹ ਅਵਾਸ ਡੇਢ ਮਾਸ ਸੁਖ ਰਾਸ ਦੇਰਾ ਅੰਨ ਸੁਖਾ ਪਾਸ
ਹੂੰ ਸੇ ਸਭ ਕੋ ਅਚਾਇ ਹੈ, ਹੋਤੇ ਮਸਤਾਨੇ ਦਿਬ ਦ੍ਰਿਸ਼ਟੀ ਸੇ ਜਾਨੇ
ਪ੍ਰੇਰੇ ਗੁਰੂ ਭਗਵਾਨੇ ਗਊਆਂ ਬੁਚੜ ਸਤਾਇ ਹੈ। [50]

ਨਾਮਧਾਰੀ ਕਵੀਆਂ ਦੀਆਂ ਰਚੀਆਂ ਹੋਈਆਂ ਚਾਰੇ ਮਹਾਕਾਵਿ ਰਚਨਾਵਾਂ **ਸ੍ਰੀ ਸਤਿਗੁਰ ਬਿਲਾਸ, ਮਾਲਵੇਂਦ੍ਰ, ਜੈਸਾ ਸਤਿਗੁਰ ਸੁਣੀਂਦਾ** ਅਤੇ **ਅਦੁੱਤੀ ਰਹਿਬਰ** ਦਾ ਕਥਾਨਕ ਨਾਮਧਾਰੀ ਲਹਿਰ ਦੇ ਇਤਿਹਾਸ ਦੀਆਂ ਪ੍ਰਮੁੱਖ ਘਟਨਾਵਾਂ ਨਾਲ ਸੰਬੰਧਿਤ ਹੈ। ਇਹ ਰਚਨਾਵਾਂ ਨਾਮਧਾਰੀ ਲਹਿਰ ਦੀਆਂ ਇਤਿਹਾਸਕ ਘਟਨਾਵਾਂ ਨੂੰ ਲੜੀਵਾਰ ਤੇ ਬੱਝਵੇਂ ਰੂਪ ਵਿਚ ਪੇਸ਼ ਕਰਦੀਆਂ ਹਨ, ਜਿਸ ਕਾਰਨ ਘਟਨਾਵਾਂ ਵਿਚ ਗਤੀਸ਼ੀਲਤਾ ਬਣੀ ਰਹਿੰਦੀ

ਹੈ। ਹਰ ਘਟਨਾ ਦਾ ਦੂਜੀ ਘਟਨਾ ਨਾਲ ਸੰਬੰਧ ਸਥਾਪਤ ਹੁੰਦਾ ਹੈ ਅਤੇ ਸਾਰੀਆਂ ਘਟਨਾਵਾਂ ਇਕ ਸੰਘਠਨ ਵਿਚ ਬੱਝੀਆਂ ਹੋਈਆਂ ਹਨ। ਇਨ੍ਹਾਂ ਰਚਨਾਵਾਂ ਦੀ ਕਾਵਿ-ਵਸਤੂ ਦੈਵੀ ਅਤੇ ਮਾਨਵੀ ਦੋ ਰੂਪਾਂ ਵਿਚ ਅਭਿਵਿਅਕਤ ਹੋਈ ਹੈ। ਮਾਲਵੇਂਦ੍ਰ ਮਹਾਕਾਵਿ ਦੇ ਕਥਾਨਕ ਬਾਰੇ ਸਤਿੰਦਰ ਸਿੰਘ ਦਾ ਮਤ ਹੈ ਕਿ:

... ਮਾਲਵੇਂਦ੍ਰ ਵਿਚ ਕਥਾਨਕ ਦੀ ਵਸਤੂ ਨੂੰ ਦੈਵੀਕਰਨ ਤੇ ਮਾਨਵੀਕਰਨ ਦੇ ਦੋ ਢੰਗਾਂ ਰਾਹੀਂ ਪੇਸ਼ ਕੀਤਾ ਗਿਆ ਹੈ। ਇਨ੍ਹਾਂ ਵਿਚਲੀ ਕਾਵਿ ਵਸਤੂ ਦੇ ਦੋ ਰੂਪ ਹਨ: ਦੈਵੀ ਵਸਤੂ ਤੇ ਮਾਨਵੀ ਵਸਤੂ।[51]

ਇਹ ਗੱਲ ਬਾਕੀ ਤਿੰਨ ਮਹਾਕਾਵਿ-ਰਚਨਾਵਾਂ ਸ੍ਰੀ ਸਤਿਗੁਰੂ ਬਿਲਾਸ, ਅਦੁੱਤੀ ਰਹਿਬਰ ਅਤੇ ਜੈਸਾ ਸਤਿਗੁਰ ਸੁਣੀਦਾ ਦੀ ਕਾਵਿ-ਵਸਤੂ ਬਾਰੇ ਵੀ ਸਹੀ ਹੈ। ਇਨ੍ਹਾਂ ਰਚਨਾਵਾਂ ਦੀ ਦੈਵੀ-ਵਸਤੂ ਦਾ ਸੰਬੰਧ ਧਾਰਮਿਕ ਸ਼ਰਧਾ ਅਤੇ ਵਿਸ਼ਵਾਸ ਨਾਲ ਹੈ, ਜਦਕਿ ਮਾਨਵੀ ਵਸਤੂ ਦਾ ਸੰਬੰਧ ਬਿਰਤਾਂਤਕ ਅਤੇ ਭਾਸ਼ਕ ਜੁਗਤਾਂ ਨਾਲ ਹੈ।

ਅਧਿਐਨ ਅਧੀਨ ਇਨ੍ਹਾਂ ਚਹੁੰ ਕਾਵਿ-ਰਚਨਾਵਾਂ ਦੀ ਸਾਂਝੀ ਵਿਸ਼ੇਸ਼ਤਾ ਇਹ ਹੈ ਕਿ ਇਨ੍ਹਾਂ ਦਾ ਨਾਇਕ ਗੁਰੂ ਰਾਮ ਸਿੰਘ ਹੈ, ਜਿਸ ਨੂੰ ਮਨ, ਬਚਨ ਅਤੇ ਕਰਮ ਦੀ ਸਿੱਧੀ ਪ੍ਰਾਪਤ ਹੈ। ਕਾਵਿ-ਨਾਇਕ ਅੰਗਰੇਜ਼ ਹਕੂਮਤ ਨਾਲ ਸਿੱਧੀ ਟੱਕਰ ਲੈਣ ਦੇ ਫ਼ਲਸਰੂਪ ਬਹਾਦਰ ਯੋਧੇ ਦੇ ਰੂਪ ਵਿਚ ਪਾਠਕਾਂ ਸਾਹਮਣੇ ਆਉਂਦਾ ਹੈ। ਇਸ ਦੇ ਨਾਲ ਹੀ ਉਹ ਸਮਾਜ-ਸੁਧਾਰਕ ਅਤੇ ਧਾਰਮਿਕ ਆਗੂ ਵੀ ਹੈ। ਆਪਣੀ ਸ਼ਖ਼ਸੀਅਤ ਦੇ ਇਨ੍ਹਾਂ ਗੁਣਾਂ ਕਾਰਣ ਹੀ ਉਹ ਆਮ ਲੋਕਾਂ ਦੀਆਂ ਮੁਸੀਬਤਾਂ ਨੂੰ ਦੂਰ ਕਰਦਾ ਹੈ।

ਅਧਿਐਨ ਅਧੀਨ ਇਨ੍ਹਾਂ ਰਚਨਾਵਾਂ ਦੀ ਸੁਰ ਵੱਖਰੀ-ਵੱਖਰੀ ਹੈ। ਸ੍ਰੀ ਸਤਿਗੁਰੂ ਬਿਲਾਸ ਦੀ ਸੁਰ ਬੀਰਤਾ ਭਰਪੂਰ, ਸ਼ਾਂਤ ਰਸੀ ਅਤੇ ਕਰੁਣਾਮਈ ਹੈ। ਮਾਲਵੇਂਦ੍ਰ ਦੀ ਸੁਰ ਬੀਰ ਰਸੀ, ਉਪਦੇਸ਼ਾਤਮਕ ਅਤੇ ਕਰੁਣਾਮਈ ਹੈ। ਜੈਸਾ ਸਤਿਗੁਰ ਸੁਣੀਦਾ ਦੀ ਸੁਰ ਧਾਰਮਿਕ ਰੰਗਣ ਵਾਲੀ ਸ਼ਾਂਤਰਸੀ, ਉਪਦੇਸ਼ਾਤਮਕ ਅਤੇ ਬੀਰਰਸੀ ਹੈ। ਅਦੁੱਤੀ ਰਹਿਬਰ ਦੀ ਪ੍ਰਧਾਨ ਸੁਰ ਬੀਰ ਰਸੀ ਹੈ। ਇਸ ਵਿਚ ਨਾਮਧਾਰੀ ਸ਼ਹੀਦੀਆਂ ਦੀਆਂ ਘਟਨਾਵਾਂ ਨੂੰ ਬੀਰ ਰਸੀ ਸੁਰ ਵਿਚ ਅਭਿਵਿਅਕਤ ਕਰਦਾ ਹੋਇਆ ਕਵੀ ਲਿਖਦਾ ਹੈ:

ਸ਼ੇਰ ਜਿਉਂ ਕਰ ਬੋਲਿਆ ਸਿੰਘ ਜਾਪਣ ਸਾਰੇ।
ਸਭਨਾਂ ਬੰਨ੍ਹੇ ਸਿਰਾਂ ਤੇ ਸਿੱਧੇ ਦਸਤਾਰੇ।
ਚਿਹਰਿਆਂ ਉੱਤੇ ਤੇਜ ਸੀ, ਜਿਉਂ ਚਮਕਣ ਤਾਰੇ।
ਰੋਹ ਵਿਚ ਭਖਦੀਆਂ ਲਾਲੀਆਂ ਜਿਉਂ ਭਖਣ ਅੰਗਾਰੇ।
ਆਏ ਤੋਪਾਂ ਸਾਹਮਣੇ ਜਾਂ ਵਾਰੋ ਵਾਰੇ।
ਸਭਨਾਂ ਸਿਰੀ ਅਕਾਲ ਦੇ ਛੱਡੇ ਜੈਕਾਰੇ।[52]

ਬਿਰਤਾਂਤਕ - ਰੂਪਾਕਾਰ ਦੀ ਦੂਜੀ ਵੰਨਗੀ ਖੰਡ - ਕਾਵਿ ਹੈ। ਖੰਡ-ਕਾਵਿ ਵਿਚ ਕਿਸੇ ਇਕ ਘਟਨਾ ਨੂੰ ਵਿਸ਼ੈ ਬਣਾਇਆ ਜਾਂਦਾ ਹੈ। ਮਹਾਂਕਾਵਿ ਅਤੇ ਖੰਡ-ਕਾਵਿ ਵਿਚ ਉਹੋ ਅੰਤਰ ਹੈ ਜੋ ਨਾਵਲ ਅਤੇ ਕਹਾਣੀ ਵਿਚ, ਨਾਟਕ ਅਤੇ ਇਕਾਂਗੀ ਵਿਚ ਹੈ। ਖੰਡ-ਕਾਵਿ ਵਿਚ ਸਮੁੱਚੇ ਜੀਵਨ ਦੀ ਥਾਂ ਜੀਵਨ ਦੇ ਕਿਸੇ ਇਕ ਖੰਡ ਨੂੰ ਵਿਸ਼ੈ ਬਣਾਇਆ ਜਾਂਦਾ ਹੈ, ਜੋ ਪੇਸ਼ਕਾਰੀ ਦੇ ਪੱਧਰ 'ਤੇ ਆਪਣੇ ਆਪ ਵਿਚ ਸੰਪੂਰਨ ਹੁੰਦਾ ਹੈ। ਖੰਡ-ਕਾਵਿ ਸੰਬੰਧੀ ਸਤਿੰਦਰ ਸਿੰਘ ਦਾ ਵਿਚਾਰ ਹੈ ਕਿ:

ਇਸ ਰੂਪਾਕਾਰ ਵਿਚ ਅਨਭੂਤੀ ਦਾ ਬਿੰਦੂ ਜੀਵਨ ਦੇ ਇਕ ਪੱਖ ਵਿਚ ਜਾ ਕੇ

ਸਥਿਰ ਹੋ ਜਾਂਦਾ ਹੈ। ਇਸ ਵਿਚ ਜੀਵਨ ਦੇ ਇਕ-ਪੱਖੀ ਵਿਸਤਾਰ ਦੇ ਅਨੁਰੂਪ ਅਭਿਵਿਅਕਤੀ ਦਾ ਰੂਪ ਵੀ ਬਹੁਤਾ ਵਿਸਤ੍ਰਿਤ ਨਹੀਂ ਹੋ ਸਕਦਾ। ਇਸੇ ਲਈ ਖੰਡ-ਕਾਵਿ ਦਾ ਆਕਾਰ ਆਮ ਤੌਰ ਤੇ ਘੱਟ ਦੀਰਘ ਹੁੰਦਾ ਹੈ।[53]

ਨਾਮਧਾਰੀ ਕਾਵਿ ਦੀਆਂ ਹੇਠ ਲਿਖੀਆਂ ਦੋ ਰਚਨਾਵਾਂ ਖੰਡ-ਕਾਵਿ ਦੀ ਵੰਨਗੀ ਵਜੋਂ ਵਰਣਨਯੋਗ ਹਨ:

ੳ. ਕਾਹਲਾ ਸਿੰਘ, **ਉਸਤਤਨਾਮਾ**

ਅ. ਬਿਸ਼ਨ ਸਿੰਘ, **ਅਣਖੀ ਮਸਤਾਨੇ**

ਕਾਹਲਾ ਸਿੰਘ ਦੀ ਰਚਨਾ ਉਸਤਤਨਾਮਾ ਨਾਮਧਾਰੀ ਲਹਿਰ ਦੀ ਇਤਿਹਾਸਕ ਘਟਨਾ 'ਸੰਤ ਖ਼ਾਲਸੇ' ਦੀ ਸਿਰਜਣਾ ਦਾ ਕਾਵਿ-ਰੂਪਾਂਤਰਣ ਹੈ। ਕਵੀ ਨੇ ਸੰਤ ਖ਼ਾਲਸੇ ਦੀ ਪੇਸ਼ਕਾਰੀ ਕਰਨ ਲਈ ਮਿਥਿਹਾਸਕ ਵੇਰਵਿਆਂ ਨੂੰ ਪਿੱਠਭੂਮੀ ਵਜੋਂ ਪੇਸ਼ ਕੀਤਾ ਹੈ। ਬਿਸ਼ਨ ਸਿੰਘ ਦੀ ਰਚਨਾ ਅਣਖੀ ਮਸਤਾਨੇ ਮਲੇਰਕੋਟਲੇ ਵਿਚ ਵਾਪਰੇ ਇਤਿਹਾਸਕ ਘਟਨਾਕ੍ਰਮ ਦੀ ਕਾਵਿ ਪ੍ਰਸਤੁਤੀ ਹੈ।

ਇਨ੍ਹਾਂ ਦੋਹਾਂ ਰਚਨਾਵਾਂ ਦੀ ਪੇਸ਼ਕਾਰੀ ਵਿਧੀ 'ਮੌਖਿਕ-ਸੰਬੋਧਨ' ਦੀ ਹੈ। ਇਨ੍ਹਾਂ ਰਚਨਾਵਾਂ ਦੇ ਰਚਣਾਹਾਰਿਆਂ ਨੇ ਅਚੇਤ ਅਤੇ ਸੁਚੇਤ ਪੱਧਰ 'ਤੇ ਪਾਠਕਾਂ/ਸਰੋਤਿਆਂ ਨੂੰ ਧਿਆਨ ਵਿਚ ਰੱਖਿਆ ਹੈ। ਕਈ ਥਾਵਾਂ ਤੇ ਪਾਤਰਾਂ ਦੇ ਆਪਣੀ ਵਾਰਤਾਲਾਪ ਰਾਹੀਂ ਵੀ ਨਾਟਕੀ ਮੌਕੇ ਪੈਦਾ ਕੀਤੇ ਗਏ ਹਨ। ਇਸ ਸੰਦਰਭ ਵਿਚ ਅਣਖੀ ਮਸਤਾਨੇ ਦੀਆਂ ਨਿਮਨਅੰਕਿਤ ਸਤਰਾਂ ਅਧਿਐਨਯੋਗ ਹਨ, ਜਿਨ੍ਹਾਂ ਵਿਚ ਕਵੀ ਨੇ ਇਸਤਰੀ-ਪਾਤਰ ਇੰਦ ਕੌਰ ਦੀ ਵਾਰਤਾਲਾਪ ਰਾਹੀਂ ਮਲੇਰਕੋਟਲੇ ਦੀ ਘਟਨਾ ਦੇ ਮੁੱਖ ਕਾਰਨਾਂ ਨੂੰ ਸਪਸ਼ਟ ਕੀਤਾ ਹੈ:

ਜਥੇਦਾਰਨੀ ਬੋਲਦੀ ਮਾਈ ਮਸਤਾਨੀ
ਆਵੋ ਸਿੰਘੋ ਨਿਤਰੋ ਜੋ ਸਿਰ ਦਾ ਦਾਨੀ।
ਸ਼ਹੀਦੀ ਜਹਾਜ ਤਿਆਰ ਹੈ ਬਣ ਚੜੋ ਪਰਵਾਨੇ
ਮਰਨਾ ਧਰਮ ਤੇ ਦੇਸ਼ ਹਿਤ, ਬੰਨੋ ਮੌਤ ਦੇ ਗਾਨੇ।
ਕਢੋ ਗੋਰੇ ਹਿੰਦ ਤੋਂ ਰਾਜ ਸਿੰਘਾਂ ਕਰਨਾ
ਫਰੰਗੀ ਕਢੋ ਦੇਸ਼ ਤੋਂ ਮਰਨੋਂ ਕੀ ਡਰਨਾ।
ਹੁਕਮ ਗੁਰਾਂ ਦੇ ਲੈ ਕੇ ਅਜ ਕਰੋ ਤਿਆਰੇ
ਮਸਤਾਨੇ ਹੋ ਗਏ ਰੰਗ ਵਿਚ ਜੋਸ਼ੀਲੇ ਭਾਰੇ।[54]

ਅਣਖੀ ਮਸਤਾਨੇ ਦਾ ਨਾਇਕ ਹੀਰਾ ਸਿੰਘ ਹੈ ਅਤੇ ਉਸਤਤਨਾਮਾ ਦੇ ਨਾਇਕ ਗੁਰੂ ਰਾਮ ਸਿੰਘ ਹਨ। ਇਨ੍ਹਾਂ ਦੋਹਾਂ ਕਾਵਿ-ਰਚਨਾਵਾਂ ਦੇ ਕਥਾ-ਵਸਤੂ ਦਾ ਸੰਬੰਧ ਨਾਮਧਾਰੀ ਲਹਿਰ ਦੇ ਇਤਿਹਾਸ ਦੀਆਂ ਗੌਰਵਮਈ ਘਟਨਾਵਾਂ ਨਾਲ ਹੈ। ਇਨ੍ਹਾਂ ਇਤਿਹਾਸਕ ਘਟਨਾਵਾਂ ਨੂੰ ਵਸਤੂਨਿਸ਼ਠ ਢੰਗ ਨਾਲ ਅਭਿਵਿਅੰਜਤ ਕੀਤਾ ਗਿਆ ਹੈ। ਉਸਤਤਨਾਮਾ ਕਥਾ-ਵਸਤੂ ਦੀ ਸੰਜਮੀ ਅਤੇ ਸੰਖੇਪ ਪੇਸ਼ਕਾਰੀ ਹੈ, ਜਦਕਿ ਅਣਖੀ ਮਸਤਾਨੇ ਮਲੇਰਕੋਟਲੇ ਦੇ ਘਟਨਾਕ੍ਰਮ ਦਾ ਬਹੁਤ ਵਿਸਤ੍ਰਿਤ ਵਰਣਨ ਹੈ। ਏਸੇ ਕਰਕੇ ਅਣਖੀ ਮਸਤਾਨੇ ਕਾਫ਼ੀ ਵੱਡ-ਆਕਾਰੀ ਰਚਨਾ ਹੈ, ਫਿਰ ਵੀ ਇਹ ਖੰਡ-ਕਾਵਿ ਦਾ ਹੀ ਇਕ ਨਮੂਨਾ ਹੈ।
ਨਾਮਧਾਰੀ ਕਵੀਆਂ ਨੇ ਵਰਣਨਾਤਮਕ ਕਾਵਿ-ਰਚਨਾ ਵੀ ਕੀਤੀ ਹੈ। ਇਸ ਵੰਨਗੀ ਦੀ

ਕਵਿਤਾ ਵਿਚ ਕਥਾ-ਵਰਣਨ ਦੀ ਥਾਂ ਕਿਸੇ ਵਸਤੂ, ਦ੍ਰਿਸ਼ ਜਾਂ ਸਥਾਨ ਦਾ ਵਰਣਨ ਕੀਤਾ ਗਿਆ ਹੈ। ਇਸ ਕਵਿਤਾ ਵਿਚ ਪ੍ਰਕਿਰਤੀ ਚਿਤਰਣ ਵੀ ਹੋਇਆ ਹੈ। ਮਾਨਵੀਕਰਣ ਦੀ ਜੁਗਤ ਰਾਹੀਂ ਪ੍ਰਕਿਰਤਕ ਦ੍ਰਿਸ਼ਾਂ ਦਾ ਚਿਤਰਣ ਭਾਵਾਂ ਅਤੇ ਵਿਚਾਰਾਂ ਨੂੰ ਪੇਸ਼ ਕਰਨ ਲਈ ਕੀਤਾ ਗਿਆ ਹੈ। ਵਰਣਨਾਤਮਕ ਕਾਵਿ ਦੀ ਵੰਨਗੀ ਵਜੋਂ ਅਜੀਤ ਸਿੰਘ ਚੀਮਾ, ਹਰਭਜਨ ਸਿੰਘ ਰਤਨ, ਕਰਤਾਰ ਸਿੰਘ ਪੰਛੀ, ਆਦਿ ਦੀਆਂ ਰਚਨਾਵਾਂ ਜ਼ਿਕਰਯੋਗ ਹਨ। ਅਜੀਤ ਸਿੰਘ ਦੀਆਂ ਕਵਿਤਾਵਾਂ 'ਗੋਲ ਮੰਦਰ', 'ਖੂਹ', ਰਾਮਸਰ', 'ਜੀਵਨ ਨਗਰ' ਅਤੇ 'ਅਕਾਲ ਬੁੰਗਾ' ਵਿਚ ਵਰਣਨ ਸੰਦੇਸ਼/ਉਪਦੇਸ਼ ਦੇ ਸਹਾਇਕ ਵਜੋਂ ਆਉਂਦਾ ਹੈ ਅਤੇ ਇਹ ਕਿਸੇ ਨਾ ਕਿਸੇ ਨਤੀਜੇ ਤੇ ਪਹੁੰਚਣ ਤੋਂ ਬਾਅਦ ਹੀ ਖ਼ਤਮ ਹੁੰਦਾ ਹੈ। ਇਨ੍ਹਾਂ ਰਚਨਾਵਾਂ ਵਿਚ ਸਰੋਤਾ/ਦਰਸ਼ਕ ਨੂੰ ਸਿੱਧਾ ਸੰਬੋਧਨ ਕੀਤਾ ਗਿਆ ਹੈ।

ਨਾਮਧਾਰੀ ਕਵੀਆਂ ਦੁਆਰਾ ਰਚਿਤ ਵਰਣਨਾਤਮਕ ਕਾਵਿ ਵਿਚ ਕਾਵਿ-ਵਕਤਾ ਪ੍ਰਕਿਰਤਕ ਅਤੇ ਸਥੂਲ ਵਸਤੂਆ ਦਾ ਪ੍ਰਸ਼ਨੋਤਰੀ ਸ਼ੈਲੀ ਰਾਹੀਂ ਮਾਨਵੀਕਰਨ ਕਰਦਾ ਹੈ, ਜਿਸ ਕਾਰਣ ਕਾਵਿ-ਵਰਣਨ ਨਾਟਕੀ ਗੁਣ ਗ੍ਰਹਿਣ ਕਰਦਾ ਹੈ। ਅਜੀਤ ਸਿੰਘ ਚੀਮਾ ਦੀਆਂ ਕਵਿਤਾਵਾਂ 'ਗੋਲ-ਮੰਦਰ' ਅਤੇ 'ਖੂਹ' ਵਿਚ ਅਜਿਹੇ ਮਾਨਵੀਕਰਣ ਦੀਆਂ ਮਿਸਾਲਾਂ ਉਪਲਬਧ ਹਨ। 'ਖੂਹ' ਕਵਿਤਾ ਵਿਚ ਕਵੀ ਲਿਖਦਾ ਹੈ:

ਇਕ ਦਿਨ ਸਾਂ ਮੈਂ ਤੁਰਿਆ ਜਾਂਦਾ
ਠੇਡਾ ਲੱਗ ਕੇ ਗਿਆ ਖਲੋ।
ਸੋਚਾਂ ਦੇ ਮੈਂ ਖੂਹ ਵਿਚ ਡੁੱਬਾ
ਦਿਲ ਦੇ ਗਮ ਨੂੰ ਰਿਹਾ ਲੁਕੋ।
ਇਕ ਇਕ ਖੂਹ ਦੀ ਟੁੱਟੀ ਮਣ ਸੀ
ਆਉਂਦੀ ਖੂਹ 'ਚੋਂ ਸੀ ਬਦਬੋ।
ਮੈਨੂੰ ਏਦਾਂ ਭਾਸ ਰਿਹਾ ਸੀ
ਹੌਲੀ-ਹੌਲੀ ਰਿਹਾ ਕੋਈ ਰੋ।
ਦਰਦ ਭਰੀ ਏ ਸਿਸਕੀ ਸੁਣ ਕੇ
ਦਿਲ ਮੇਰੇ ਨੂੰ ਪੈ ਗਈ ਧੂਹ।
ਮੈਂ ਪੁੱਛਿਆ ਤੇ ਉਸ ਨੇ ਦੱਸਿਆ
ਮੈਂ ਪੁਰਾਣਾ ਪਿੰਡ ਦਾ ਖੂਹ।[55]

ਨਾਮਧਾਰੀ ਕਵੀਆਂ ਦੀ ਵਧੇਰੇ ਵਰਣਨਾਤਮਕ ਕਵਿਤਾਵਾਂ ਦੀ ਸੰਰਚਨਾ ਵਿਚ ਪ੍ਰਗੀਤ ਅਤੇ ਨਾਟਕ ਦੇ ਤੱਤ ਮਿਸ਼ਰਿਤ ਰੂਪ ਵਿਚ ਉਪਲਬਧ ਹਨ। ਇਨ੍ਹਾਂ ਰਚਨਾਵਾਂ ਦਾ ਵਰਣਨ ਖ਼ਾਸ ਉਦੇਸ਼/ਮਨੋਰਥ ਦੀ ਪੂਰਤੀ ਕਰਦਾ ਹੈ। 'ਖੂਹ' ਕਵਿਤਾ ਆਧੁਨਿਕ ਮਨੁੱਖ ਦੇ ਸਵੈ-ਸੁਰੱਖਿਆ ਅਤੇ ਸਵਾਰਥੀ ਸੁਭਾਅ ਦੀ ਪੇਸ਼ਕਾਰੀ ਖੂਹ ਦੇ ਬਿੰਬ ਰਾਹੀਂ ਕਰਦੀ ਹੈ। ਖੂਹ ਦਾ ਮਾਨਵੀਕਰਨ ਕਰਦਾ ਹੋਇਆ ਕਵੀ ਲਿਖਦਾ ਹੈ:

ਮੈਂ ਖੂਹ ਨੂੰ ਇਉਂ ਆਖ ਸੁਣਾਇਆ
ਗਿਰਿਆ ਜ਼ਾਰੀ ਕਰਨੈ ਕਿਉਂ।

ਫੱਟਾਂ ਉਤੇ ਲੂਣ ਨੇ ਪਾਂਦੇ
ਜ਼ਖ਼ਮਾਂ ਤੇ ਕੋਈ ਮਰ੍ਹਮ ਨਹੀਂ ਲਾਂਦਾ।

ਬਿਨਾਂ ਸਵਾਰਥ ਇਸ ਦੁਨੀਆ ਵਿਚ
ਖੋਤੇ ਨੂੰ ਨਹੀਂ ਬਾਪ ਬਣਾਂਦਾ।
ਬੰਦ ਕਰਦੇ ਇਹ ਦਰਦ ਕਹਾਣੀ
ਲੁਕ ਜਾ ਚੀਮਾ ਜੰਗਲ ਜੂਹ।
ਏਥੇ ਬੁੱਢੀਆਂ ਮਾਵਾਂ ਰੁਲਦੀਆਂ
ਤੂੰ ਤਾਂ ਪਿੰਡ ਦਾ ਉਜੜਿਆ ਖੂਹ।[56]

ਨਾਮਧਾਰੀ ਕਵੀਆਂ ਨੇ ਨਾਟਕੀ ਕਾਵਿ ਦੀ ਵੰਨਗੀ ਨਾਲ ਸੰਬੰਧਿਤ ਨਾਟਕੀ ਮੋਨੋਲਾਗ ਵੀ ਰਚੇ ਹਨ। ਮੋਨੋਲਾਗ ਉਹ ਕਾਵਿ ਰੂਪਾਕਾਰ ਹੈ ਜਿਸ ਵਿਚ ਪ੍ਰਸਤੁਤ ਪਾਤਰ/ਵਕਤਾ ਕਿਸੇ ਦਿੱਖ/ਅਦਿੱਖ ਪਾਤਰ ਨੂੰ ਸੰਬੋਧਨ ਕਰਦਾ ਹੋਇਆ ਸਵੈ-ਵਾਰਤਾਲਾਪ ਕਰਦਾ ਹੈ। ਮੋਨੋਲਾਗ ਨਾਟਕੀ ਸਥਿਤੀ ਸਿਰਜ ਕੇ ਪਾਤਰ ਦੀ ਮਾਨਸਿਕਤਾ ਦੀ ਅਭਿਵਿਅਕਤੀ ਕਰਦਾ ਹੈ। ਕਾਵਿ - ਵਕਤਾ ਦੇ ਸਵੈ-ਬੋਲਾਂ ਰਾਹੀਂ ਉਸ ਦੀ ਮਾਨਸਿਕਤਾ ਦੀਆਂ ਵੱਖ-ਵੱਖ ਪਰਤਾਂ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ। ਇਸ ਪ੍ਰਕਿਰਿਆ ਦੌਰਾਨ ਕਾਵਿ-ਵਕਤਾ ਦੇ ਅੰਤਰ-ਦਵੰਦ ਅਤੇ ਤਨਾਉ ਦਾ ਨਾਟਕੀ ਚਿਤਰਣ ਹੋ ਜਾਂਦਾ ਹੈ। ਪੰਜਾਬੀ ਕਾਵਿ ਵਿਚ ਮੋਹਨ ਸਿੰਘ, ਬਾਵਾ ਬਲਵੰਤ, ਹਰਿਭਜਨ ਸਿੰਘ ਆਦਿ ਕਵੀਆਂ ਦੇ ਨਾਟਕੀ ਮੋਨੋਲਾਗ ਪ੍ਰਸਿੱਧ ਹਨ।

ਨਾਮਧਾਰੀ ਕਵੀਆਂ ਵਿਚੋਂ ਸੁਰਿੰਦਰ ਕੌਰ ਖਰਲ ਦੇ ਨਾਟਕੀ ਮੋਨੋਲਾਗ ਵਰਣਨਯੋਗ ਹਨ। ਇਹ ਮਨੋ-ਯਥਾਰਥ ਪ੍ਰਧਾਨ ਮੋਨੋਲਾਗ ਹਨ, ਜਿਨ੍ਹਾਂ ਵਿਚ ਕਾਵਿ-ਵਕਤਾ ਦੀ ਮਾਨਸਿਕਤਾ ਨੂੰ ਅਤਿ-ਯਥਾਰਥ ਦੀ ਸਥਿਤੀ ਤੋਂ ਪੇਸ਼ ਕੀਤਾ ਗਿਆ ਹੈ। ਖਰਲ ਦੇ ਕਾਵਿ ਸੰਗ੍ਰਹਿ ਬਖ਼ਸ਼ਿਸ਼ ਦੀਆਂ ਕਵਿਤਾਵਾਂ 'ਘੁਟਨ', 'ਇਕ ਖ਼ਿਆਲ', 'ਇੱਕਲ ਤੇ ਤੇਰੀ ਹੋਂਦ', 'ਗਿਲੇ-ਸ਼ਿਕਵੇ', 'ਇਕ ਮਕਸਦ', 'ਤੇਰਾ ਅਹਿਸਾਸ', 'ਮੇਰੀ ਹੋਂਦ ਹੁਣ ਕੀ ਕਰੇ?' ਆਦਿ ਨਾਟਕੀ ਮੋਨੋਲਾਗ ਦਾ ਨਮੂਨਾ ਹਨ। ਇਹ ਕਾਵਿ-ਰਚਨਾਵਾਂ ਵਕਤਾ ਦੇ ਮਨੋਯਥਾਰਥ ਨੂੰ ਸਵੈ-ਬੋਲਾਂ ਰਾਹੀਂ ਅਭਿਵਿਅੰਜਤ ਕਰਦੀਆਂ ਹਨ। ਉਸ ਦੇ ਅਣਦਿਸਦੇ ਮਨੋ-ਯਥਾਰਥ ਨੂੰ ਇਨ੍ਹਾਂ ਕਵਿਤਾਵਾਂ ਦੀ ਆਧਾਰ-ਵਸਤੂ ਬਣਾਇਆ ਗਿਆ ਹੈ। ਅਨੁਭਵ ਨੂੰ ਸਵੈ-ਸੰਵਾਦਾਂ ਦੇ ਰੂਪ ਵਿਚ ਏਕਾਲਾਪ ਦੀ ਵਿਧੀ ਰਾਹੀਂ ਪ੍ਰਸਤੁਤ ਕੀਤਾ ਗਿਆ ਹੈ। ਖਰਲ ਦੀਆਂ ਉਪਰ ਵਰਣਿਤ ਰਚਨਾਵਾਂ ਵਿਚ ਇਕ ਇਸਤਰੀ-ਪਾਤਰ ਮਰਦ-ਪਾਤਰ ਨੂੰ ਸੰਬੋਧਨ ਕਰਦੀ ਹੈ। ਇਹ ਮਰਦ-ਪਾਤਰ ਸਾਧਾਰਨ ਮਨੁੱਖ ਨਹੀਂ ਹੈ, ਉਹਸਾਧਾਰਨ ਮਨੁੱਖ ਤੋਂ ਵੱਧ ਸ਼ਕਤੀਸ਼ਾਲੀ ਹੈ, ਪਰ ਕਈ ਸਥਿਤੀਆਂ ਵਿਚ ਉਹ ਵੀ ਆਧੁਨਿਕ ਜੀਵਨ ਦੀਆਂ ਉਲਝਣਾਂ ਵਿਚ ਉਲਝਿਆ ਹੋਇਆ ਪ੍ਰਤੀਤ ਹੁੰਦਾ ਹੈ। ਖਰਲ ਦੇ ਸਵੈਅਲਾਪੀ ਮੋਨੋਲੋਗ ਆਧੁਨਿਕ ਜੀਵਨ ਦੀ ਜਟਿਲਤਾ ਅਤੇ ਕਠੋਰਤਾ ਨੂੰ ਪ੍ਰਸਤੁਤ ਕਰਦੇ ਹਨ। ਕਵਿੱਤਰੀ ਨੇ 'ਘੁੱਟਨ' ਰਚਨਾ ਵਿਚ ਸਵੈ-ਸੰਵਾਦ ਦੀ ਵਿਧੀ ਰਾਹੀਂ ਆਧੁਨਿਕ ਜੀਵਨ ਦੀਆਂ ਕਠੋਰ ਅਤੇ ਪ੍ਰਤਿਕੂਲ ਪਰਿਸਥਿਤੀਆਂ ਨੂੰ ਪੇਸ਼ ਕੀਤਾ ਹੈ, ਜਿਨ੍ਹਾਂ ਦੇ ਕਾਰਣ ਮਨੁੱਖ ਦੀ ਹਸਤੀ ਸੁੰਗੜ ਗਈ ਹੈ। ਕਾਵਿ-ਵਕਤਾ ਅਦਿੱਖ ਮਰਦ ਪਾਤਰ ਨੂੰ ਸੰਬੋਧਨ ਕਰਦੀ ਹੋਈ ਕਹਿੰਦੀ ਹੈ:

ਘੁਟਨ ਭਰੀ ਜ਼ਿੰਦਗੀ ਤੋਂ
ਘੁਟੇ ਘੁਟੇ ਮਾਹੌਲ ਤੋਂ
ਬੰਦਾ ਉਕਤਾ ਤਾਂ ਜਾਂਦੈ

ਬੰਦਾ ਹੀ ਹੈ ਆਖਰ
ਰੱਬ ਤਾਂ ਨਹੀਂ
ਤੂੰ ਮੇਰਾ ਮਹਿਰਮ ਸਹੀਂ
ਪਰ ਮੇਰੀ ਘੁਟਨ ਤੂੰ
ਦੂਰ ਨਹੀਂ ਕਰ ਸਕਦਾ
ਕਿਉਂਕਿ ਆਪਣੀ ਰੁਝੇਵਿਆਂ ਭਰੀਂ ਜ਼ਿੰਦਗੀ 'ਚ
ਤੂੰ ਖ਼ੁਦ ਵੀ ਘੁਟ ਰਿਹੈ ਹੈਂ।
ਤੇਰੇ ਸ਼ਹਿਰ ਦੇ ਭੀੜੇ ਬਜ਼ਾਰ 'ਚ
ਪਰ ਕਟੇ ਪੰਛੀ ਵਾਂਗ
ਉਡਣਾ ਤਾਂ ਚਾਹੁੰਦੀ ਹਾਂ ਆਕਾਸ਼ 'ਚ
ਪਰ ਫੜਫੜਾ ਕੇ ਡਿੱਗ ਪੈਂਦੀ ਹਾਂ।[57]

ਇਸ ਮੋਨੋਲਾਗ ਦੇ ਆਰੰਭ ਵਿਚ ਆਧੁਨਿਕ ਜੀਵਨ ਦੀਆਂ ਉਨ੍ਹਾਂ ਕਠਿਅਨਾਈਆਂ ਦੀ ਗੱਲ ਕੀਤੀ ਹੈ, ਜਿਨ੍ਹਾਂ ਵਿਚ ਕਾਵਿ-ਵਕਤਾ ਦੀ ਹੋਂਦ ਦਬ ਕੇ ਰਹਿ ਗਈ ਹੈ। ਕਾਵਿ-ਵਕਤਾ ਇਸ ਮਾਨਸਿਕ ਪਰੇਸ਼ਾਨੀਆਂ ਦੇ ਘੁਟਨ ਭਰੇ ਮਾਹੌਲ ਤੋਂ ਤੰਗ ਹੈ। ਉਹ ਸਵੈ-ਵਾਰਤਾਲਾਪ ਦੀ ਵਿਧੀ ਰਾਹੀਂ ਮਰਦ ਪਾਤਰ ਨੂੰ ਵੀ ਉਸ ਦੀ ਦੁਨੀਆਂ ਦੀਆਂ ਪਰੇਸ਼ਾਨੀਆਂ ਵਿਚ ਉਲਝਿਆ ਦਿਖਾਉਂਦੀ ਹੈ, ਜਿਸ ਕਾਰਣ ਉਹ ਕਾਵਿ-ਵਕਤਾ ਦੀਆਂ ਉਲਝਣਾਂ ਨੂੰ ਦੂਰ ਨਹੀਂ ਕਰ ਸਕਦਾ। ਸਮਾਜ ਦੀਆਂ ਪ੍ਰਤਿਕੂਲ ਪਰਿਸਥਿਤੀਆਂ ਵਿਚ ਦੋਵੇਂ ਪਾਤਰ ਹੀ ਬੇਬਸ ਹਨ।

ਨਾਮਧਾਰੀ - ਕਾਵਿ ਦੀ ਵੱਡੀ ਗਿਣਤੀ ਪ੍ਰਗੀਤਕ ਸੁਭਾਅ ਵਾਲੀ ਹੈ। ਪ੍ਰਗੀਤਕ ਰਚਨਾਵਾਂ ਵਿਚ ਬਾਰਾਂਮਾਹ, ਗ਼ਜ਼ਲ, ਰੁਬਾਈ ਆਦਿ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ। ਪ੍ਰਗੀਤ ਕਾਵਿ ਆਤਮ-ਅਭਿਵਿਅਕਤੀ ਪ੍ਰਧਾਨ ਕਾਵਿ ਹੈ। ਇਸ ਵਿਚ ਕਵੀ ਦੀਆਂ ਨਿੱਜੀ ਭਾਵਨਾਵਾਂ ਅਤੇ ਵਿਚਾਰਾਂ ਦੀ ਅਭਿਵਿਅਕਤੀ ਹੁੰਦੀ ਹੈ। "ਇਸ ਵਿਚ ਹਉਂ ਦੀ ਪ੍ਰਧਾਨਤਾ ਰਹਿੰਦੀ ਹੈ। ਕਵੀ ਦਾ ਦੁਖ-ਸੁਖ, ਆਸ਼ਾ-ਨਿਰਾਸ਼ਾ, ਉਤਸ਼ਾਹ-ਉਤਕੰਠਾ, ਪ੍ਰੇਮ-ਘਿਰਣਾਂ ਆਦਿ ਹਾਰਦਿਕ ਅਨੁਭੂਤੀਆਂ ਪ੍ਰਗੀਤ ਦੇ ਮਾਧਿਅਮ ਰਾਹੀਂ ਅਭਿਵਿਅਕਤ ਹੁੰਦੀਆਂ ਰਹਿੰਦੀਆਂ ਹਨ।"[58] ਪ੍ਰਗੀਤ ਸ਼ਬਦ ਦੇ ਕੋਸ਼ਗਤ ਅਰਥ ਹਨ: "ਸੰਗੀਤਕ ਗਾਈ ਜਾਣ ਵਾਲੀ ਰਚਨਾ।"[59] ਇਸ ਦਾ ਮੁੱਖ ਲੱਛਣ ਹੈ, ਨਿੱਜੀ ਭਾਵਨਾਵਾਂ ਦੀ ਬਿੰਬਾਂ ਦੇ ਮਾਧਿਅਮ ਰਾਹੀਂ ਤੀਬਰ ਤਾਲ ਦੁਆਰਾ ਅਭਿਵਿਅੰਜਤ ਕੀਤਾ ਜਾਂਦਾ ਹੈ। ਵਿਭਿੰਨ ਭਾਸ਼ਾਈ ਜੁਗਤਾਂ ਸਿਰਜ ਕੇ ਸੁਹਜ ਉਦੈ ਕਰਨਾ ਪ੍ਰਗੀਤ ਦਾ ਵਿਸ਼ੇਸ਼ ਲੱਛਣ ਹੈ। ਨਾਮਧਾਰੀ ਕਵੀਆਂ ਵਿਚੋਂ ਚੰਦਾ ਸਿੰਘ, ਕਾਲਾ ਸਿੰਘ, ਮੀਹਾਂ ਸਿੰਘ, ਚਤਰ ਸਿੰਘ ਬੀਰ, ਸ. ਅਮਰੀਕ ਸਿੰਘ, ਕਰਤਾਰ ਸਿੰਘ ਪੰਛੀ, ਸੁਰਿੰਦਰ ਕੌਰ ਖਰਲ, ਪ੍ਰੀਤਮ ਸਿੰਘ ਕਵੀ, ਕਰਮ ਸਿੰਘ ਬਾਲਮ, ਹਰਿਭਜਨ ਸਿੰਘ, ਬਲਬੀਰ ਸਿੰਘ ਢਿੱਲੋਂ ਆਦਿ ਕਵੀਆਂ ਨੇ ਪ੍ਰਗੀਤਕ ਕਾਵਿ ਦੀ ਰਚਨਾ ਕੀਤੀ ਹੈ। ਇਸ ਲਹਿਰ ਦੀ ਪਹਿਲੇ ਪੜਾਂਅ ਦੀ ਪ੍ਰਗੀਤਕ ਰਚਨਾ ਵਿਚ ਚੰਦਾ ਸਿੰਘ, ਨਿਹਾਲ ਸਿੰਘ ਅਤੇ ਕਾਲਾ ਸਿੰਘ ਦੀਆਂ ਰਚਨਾਵਾਂ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ। ਦੂਜੇ ਪੜਾਅ ਦੀ ਕਵਿਤਾ ਵਿਚ ਗੁਣਾਤਮਕ ਤੇ ਗਿਣਨਾਤਮਕ ਦੋਹਾਂ ਪੱਧਰਾਂ ਤੋਂ ਵੱਡੀ ਗਿਣਤੀ ਵਿਚ ਪ੍ਰਗੀਤਕ ਕਾਵਿ ਦੀ ਰਚਨਾ ਹੋਈ ਹੈ। ਇਨ੍ਹਾਂ ਕਵੀਆਂ ਨੇ ਪ੍ਰਗੀਤ-ਰੂਪਾਕਾਰ ਵਿਚ ਆਪਣੇ ਸਤਿਗੁਰੂ (ਕਾਵਿ-ਨਾਇਕ) ਨਾਲ ਸੰਬੰਧਿਤ ਸੰਜੋਗ ਅਤੇ ਵਿਯੋਗ ਦੇ ਭਾਂਵਾਂ ਨੂੰ

ਅਨੁਭਵ ਦੀ ਪੱਧਰ ਤੇ ਪੇਸ਼ ਕੀਤਾ ਹੈ। ਏਥੇ ਅਸੀਂ ਕੁਲਜੀਤ ਸਿੰਘ ਜੀਤ ਦੀ ਰਚਨਾ 'ਬੇਦਰਦ ਵਿਛੋੜੇ ਕੀ ਕੀਤਾ' ਨੂੰ ਪ੍ਰਗੀਤ-ਕਾਵਿ ਦੀ ਇਕ ਵੰਨਗੀ ਵਜੋਂ ਅੰਕਿਤ ਕਰ ਰਹੇ ਹਾਂ:

ਬੇਦਰਦ ਵਿਛੋੜੇ ਕੀ ਕੀਤਾ,
ਬਿਰਹੋਂ ਦੀਆਂ ਤਾਣੀਆਂ ਤਣੀਆਂ ਨੇ।
ਦਰਦਾਂ ਨੇ ਸੀਨਾ ਵਿੰਨ੍ਹ ਸੁਟਿਆ
ਘਾਇਲ ਦਿਲ ਕੀਤ ਅਣੀਆਂ ਨੇ।
ਮੁੱਕੀਆਂ ਨਹੀਂ ਅਜੇ ਵਿਯੋਗ ਦੀਆਂ
ਘੜੀਆਂ ਇਹ ਏਨੀਆਂ ਘਣੀਆਂ ਨੇ।
ਛਮ ਛਮ ਜੋ ਕਿਰਦੇ ਅੱਖੀਆਂ ਚੋਂ
ਅੱਥਰੂ ਨਹੀਂ ਮੁਲ ਦੀਆਂ ਮਣੀਆਂ ਨੇ।
ਇਹ ਟੀਸ ਹੈ ਮੇਰੇ ਹੰਝੂਆਂ ਦੀ
ਲੋਕਾਂ ਲਈ ਮੀਂਹ ਦੀਆਂ ਕਣੀਆਂ ਨੇ।
ਵੇਖੋ ਤੇ ਸਹੀ ਪ੍ਰਤਾਪ ਪ੍ਰਭੂ
ਅੱਜ ਅੱਖੀਆਂ ਸਾਵਣ ਬਣੀਆਂ ਨੇ।

ਕੋਇਲ ਦੀ ਕੂ-ਕੂ ਦਿਲ ਮੇਰੇ ਨੂੰ
ਘਾਇਲ ਕਰਦੀ ਜਾਂਦੀ ਹੈ।
ਤੇਰੇ ਬਿਨ ਲੇਫ ਤਲਾਈਆਂ ਦੀ
ਸੇਜਾਂ ਪਈ ਵੱਢ ਵੱਢ ਖਾਂਦੀ ਹੈ।
ਰੁੱਤ ਸੋਹਣੀ ਹਾਰ ਸ਼ਿੰਗਾਰਾਂ ਦੀ
ਬਿਨ ਤੇਰੇ ਜੀ ਤੜਫਾਂਦੀ ਹੈ।
ਘਨਘੋਰ ਘਟਾ ਮਨਮੋਹਨੀ ਇਹ
ਸੋਂਹਦੀ ਨਹੀਂ ਸਗੋਂ ਡਰਾਂਦੀ ਹੈ।
ਜਾਣੇ ਕੋਈ ਕਦਰ ਵਿਛੋੜੇ ਕੀ
ਕੀ ਜਾਨਣ ਜਣੀਆਂ ਖਣੀਆਂ ਨੇ।
ਸਾਵਣ ਨੇ ਸਾਵਣ ਬਣਨਾ ਕੀ
ਅੱਜ ਅੱਖੀਆਂ ਸਾਵਣ ਬਣੀਆਂ ਨੇ।

ਬੇਸ਼ਕ ਲੋਆਂ ਤੁਰ ਗਈਆਂ ਨੇ
ਬਰਸਾਤ ਪਿਆਰੀ ਆ ਗਈ ਏ।
ਬੇਸ਼ੱਕ ਪੱਤਿਆਂ ਮੂੰਹ ਧੋ ਲਏ ਨੇ
ਸ਼ਾਖੀ ਹਰਿਆਵਲ ਛਾ ਗਈ ਏ।
ਬੇਸ਼ਕ ਹਨ ਪੌਣਾਂ ਰੁਮਕ ਪਈਆਂ
ਮਸਤੀ ਵੀ ਖੁਦ ਨਸ਼ਿਆ ਗਈ ਏ।
ਪਰ ਯਾਦ ਵਿਛੋੜੇ ਤੇਰੇ ਦੀ

ਪਰਤਾਪ ਗੁਰੂ ਤੜਫ਼ਾ ਗਈ ਏ।
ਕੀ ਜਾਣਾ ਅਸਰ ਨਾ ਕੀਤਾ ਕਿਉਂ
ਮੇਰੇ ਜਾਦੂ ਮੰਤਰ ਮਣੀਆਂ ਨੇ।
ਸਾਵਣ ਤਾ ਸਾਵਣ ਪਹਿਲਾ ਸੀ
ਅੱਜ ਅੱਖੀਆਂ ਸਾਵਣ ਬਣੀਆਂ ਨੇ।

ਮਹਿਮਾ ਕੋਈ ਤੇਰੀ ਕੀ ਜਾਣੇ
ਤੇਰੇ ਸਭ ਚੋਜ ਨਿਰਾਲੇ ਨੇ।
ਉਹ ਬੁਝਣੇ ਨਹੀਂ ਬੁਝਾਇਆ ਵੀ
ਭਾਂਬੜ ਜੋ ਦਿਲ ਤੂੰ ਬਾਲੇ ਨੇ।
ਤਾਰੇ ਨਹੀਂ ਅਰਸ਼ੀ ਚਮਕਣ ਜੋ
ਇਹ ਦਿਲ ਮੇਰੇ ਦੇ ਛਾਲੇ ਨੇ।
ਉਹ ਕੂਕਾਂ ਦੇਂਦੇ ਫਿਰਦੇ ਨੇ
ਜੋ ਕੀਤੇ ਤੂੰ ਮਤਵਾਲੇ ਨੇ।
ਕਿਉਂ ਵੇਦਨ ਜੀਤ ਨਾ ਸੁਣਦੇ ਹੋ
ਮੁੜ ਮੁੜ ਅਰਜ਼ੋਈਆਂ ਭਣੀਆਂ ਨੇ।
ਸਤਿਗੁਰੂ ਜੀ ਵਿਚ ਵਿਛੋੜੇ ਦੇ
ਅੱਖੀਆਂ ਅੱਜ ਸਾਵਣ ਬਣੀਆਂ ਨੇ।[60]

ਸੰਬੋਧਨ-ਬਿਰਤੀ ਦੇ ਆਧਾਰ 'ਤੇ ਇਸ ਕਾਵਿ-ਰਚਨਾ ਦਾ ਰੂਪਾਕਾਰ ਪ੍ਰਗੀਤ ਹੈ। ਇਸ ਪ੍ਰਗੀਤ ਦਾ ਆਰੰਭ ਵਕਤਾ ਦੀ ਆਪਣੀ ਆਵਾਜ਼ ਰਾਹੀਂ ਹੋਇਆ ਹੈ ਅਤੇ ਇਹ ਆਵਾਜ਼ ਖ਼ੁਦ ਉਸ ਨੂੰ ਹੀ ਸੰਬੋਧਿਤ ਹੈ। ਪਹਿਲੇ ਕਾਵਿ-ਬੰਦ ਦੀ ਛੇਵੀਂ ਸਤਰ ਵਿਚ ਮੈਂ-ਪਾਤਰ ਦਾ ਸੰਬੋਧਨ ਤੂੰ-ਪਾਤਰ (ਤੇਰੇ, ਪ੍ਰਭੂ, ਪ੍ਰਤਾਪ) ਲਈ ਹੈ। ਸਾਰੀ ਰਚਨਾ ਵਿਚ ਮੈਂ ਅਤੇ ਤੂੰ ਵਿਚਕਾਰ ਸੰਬੋਧਨ-ਪਰਿਵਰਤਨ ਹੁੰਦਾ ਰਹਿੰਦਾ ਹੈ। ਇਸ ਤਰ੍ਹਾਂ ਮੈਂ-ਪਾਤਰ ਦੁਆਰਾ ਤੂੰ-ਪਾਤਰ (ਕਾਵਿ-ਨਾਇਕ) ਪ੍ਰਤਿ ਅਨੁਭਵ ਕੀਤੇ ਗਏ ਵਿਯੋਗ ਅਤੇ ਉਸ ਵਿਯੋਗ ਤੋਂ ਉਪਜੀ ਕਰੁਣਾ ਦੀ ਅਭਿਵਿਅਕਤੀ ਹੁੰਦੀ ਹੈ। ਕਾਵਿ-ਵਕਤਾ ਵਲੋਂ ਕਾਵਿ-ਨਾਇਕ ਪ੍ਰਤਿ ਅਨੁਭਵ ਕੀਤੇ ਗਏ ਵਿਯੋਗ ਭਾਵ ਨੂੰ ਸਾਰੀ ਰਚਨਾ ਵਿਚ ਆਦਿ ਤੋਂ ਅੰਤ ਤਕ ਫੈਲਾਅ ਕੇ ਬਿੰਬਮਾਨ ਕੀਤਾ ਗਿਆ ਹੈ। ਇਹ ਰਚਨਾ ਪਾਠਕ ਜਾਂ ਸਰੋਤੇ ਨੂੰ ਸੰਬੋਧਿਤ ਨਹੀਂ ਹੈ ਅਤੇ ਨਾ ਹੀ ਪ੍ਰਤੱਖ ਸੰਬੋਧਨ ਕੀਤਾ ਗਿਆ ਹੈ। ਪਾਠਕ/ਸਰੋਤਾ ਇਸ ਨੂੰ ਸੁਣਦਾ ਹੈ। ਇਸ ਪ੍ਰਗੀਤ ਦੇ ਚੌਥੇ ਬੰਦ ਵਿਚ ਕਾਵਿ-ਵਕਤਾ ਵਲੋਂ ਵਸਲ-ਪ੍ਰਾਪਤੀ ਦੀ ਅਰਦਾਸ/ਅਰਜ਼ੋਈ ਕਰਦੇ ਸਮੇਂ ਕਾਵਿ-ਨਾਇਕ ਨੂੰ ਸੰਬੋਧਨ ਕੀਤਾ ਗਿਆ ਹੈ। ਕਾਵਿ-ਵਕਤਾ ਦੀ ਵਿਯੋਗਮਈ ਮਨੋਅਵਸਥਾ ਨੂੰ ਸਾਰੀ ਰਚਨਾ ਵਿਚ ਵੱਖ-ਵੱਖ ਪ੍ਰਕਿਰਤਕ ਵੇਰਵਿਆਂ ਦੇ ਮਾਧਿਅਮ ਵਿਚ ਅਤੇ ਭਾਸ਼ਕ ਜੁਗਤਾਂ ਸਿਰਜ ਕੇ ਅਭਿਵਿਅਕਤ ਕੀਤਾ ਗਿਆ ਹੈ। ਇਹ ਪ੍ਰਗੀਤ ਅਧਿਆਤਮਕ ਵਿਛੋੜੇ ਦੇ ਅਨੁਭਵ ਦੀ ਲੈਅਮਈ ਪੇਸ਼ਕਾਰੀ ਹੈ। ਕਾਵਿ-ਵਕਤਾ ਪ੍ਰਗੀਤ ਦੇ ਸ਼ੁਰੂ ਤੋਂ ਅੰਤ ਤਕ ਵਿਯੋਗ ਤੋਂ ਵਿਯੋਗ ਤਕ ਦਾ ਸਫ਼ਰ ਤੈਅ ਕਰਦਾ ਹੈ ਅਤੇ ਇਸ ਤਰ੍ਹਾਂ ਭਾਵਨਾਤਮਿਕ ਸ਼ਿੱਦਤ ਦੀ ਸਥਿਤੀ ਨਿਰੰਤਰ ਬਣੀ ਰਹਿੰਦੀ ਹੈ।

ਬਾਰਾਂਮਾਹ ਵੀ ਪ੍ਰਗੀਤਕ-ਕਾਵਿ ਨਾਲ ਸੰਬੰਧਿਤ ਰੂਪਾਕਾਰ ਹੈ। ਇਸ ਵਿਚ

ਦੇਸੀ ਬਾਰਾਂ ਮਹੀਨਿਆ ਨੂੰ ਆਧਾਰ ਬਣਾ ਕੇ ਕਾਵਿ-ਵਕਤਾ ਦੇ ਆਪਣੇ ਪਿਆਰ-ਪਾਤਰ ਨਾਲੋਂ ਵਿਯੋਗ ਦੀ ਅਵਸਥਾ ਨਾਲ ਸੰਬੰਧਿਤ ਮਨੋਭਾਵਾਂ ਨੂੰ ਅਭਿਵਿਅਕਤ ਕੀਤਾ ਜਾਂਦਾ ਹੈ। ਬਾਰਾਂਮਾਹ ਪੰਜਾਬੀ ਕਾਵਿ ਦਾ ਮੌਲਿਕ ਲੋਕ ਕਾਵਿ-ਰੂਪ ਹੈ। ਪੰਜਾਬੀ ਬਾਰਾਂਮਾਹ ਦੀ ਪਰੰਪਰਾ ਅਨੁਸਾਰ ਬਾਰਾਂਮਾਹ ਦੀ ਨਾਇਕਾ ਨਾਇਕ ਦੇ ਵਿਯੋਗ ਤੋਂ ਸੰਯੋਗ ਤਕ ਦਾ ਸਫ਼ਰ ਤੈਅ ਕਰਦੀ ਹੈ। ਪੰਜਾਬੀ ਬਾਰਾਂਮਾਹ ਸੁਖਾਂਤਕ ਹਨ।

ਨਾਮਧਾਰੀ ਕਵੀਆਂ ਦੁਆਰਾ ਰਚਿਤ ਸੱਤ ਬਾਰਾਂਮਾਹ ਉਪਲਬਧ ਹਨ। ਇਨ੍ਹਾਂ ਬਾਰਾਂਮਾਹਿਆਂ ਦੀ ਪ੍ਰਕਿਰਤੀ ਪੰਜਾਬੀ ਬਾਰਾਂਮਾਹ ਕਾਵਿ-ਪਰੰਪਰਾ ਨਾਲੋਂ ਵੱਖਰੀ ਹੈ। ਬਾਰਾਂਮਾਹਿਆਂ ਵਿਚ ਕਾਵਿ-ਨਾਇਕਾ ਕਾਵਿ-ਨਾਇਕ ਨਾਲ ਸੰਯੋਗ ਤੋਂ ਵਿਯੋਗ ਤਕ ਜਾਂ ਵਿਯੋਗ ਤੋਂ ਵਿਯੋਗ ਤਕ ਦਾ ਸਫ਼ਰ ਤੈਅ ਕਰਦੀ ਹੈ। ਨਾਮਧਾਰੀ ਕਵੀਆਂ ਦੀਆਂ ਲਿਖੀਆਂ ਬਾਰਾਂਮਾਹ ਰਚਨਾਵਾਂ ਇਹ ਹਨ:

ੳ. ਬਾਬਾ ਚੰਦਾ ਸਿੰਘ ਦੁਆਰਾ ਰਚਿਤ ਬਾਰਾਂਮਾਹ
ਅ. ਸੰਤ ਨਿਹਾਲ ਸਿੰਘ ਦਾ ਬਾਰਾਂਮਾਹ
ੲ. ਕਾਲਾ ਸਿੰਘ ਦਾ ਬਾਰਾਂਮਾਹ
ਸ. ਮੀਹਾਂ ਸਿੰਘ ਦਾ ਬਾਰਾਂਮਾਹ
ਹ. ਤੇਜਾ ਸਿੰਘ ਸੋਖਲ ਦਾ ਬਾਰਾਂਮਾਹ
ਕ. ਇਕਬਾਲ ਸਿੰਘ ਦਾ ਬਾਰਾਂਮਾਹ
ਖ. ਚਤਰ ਸਿੰਘ ਬੀਰ ਦਾ ਬਾਰਾਂਮਾਹ

ਇਨ੍ਹਾਂ ਵਿਚੋਂ ਪਹਿਲੇ ਤਿੰਨ ਬਾਰਾਂਮਾਹ ਨਾਮਧਾਰੀ ਲਹਿਰ ਦੀ ਕਵਿਤਾ ਦੇ ਪਹਿਲੇ ਪੜਾਅ ਨਾਲ ਸੰਬੰਧਿਤ ਹਨ, ਜਦਕਿ ਮਗਰਲੇ ਚਾਰ ਬਾਰਾਂਮਾਹ ਇਸ ਕਵਿਤਾ ਦੇ ਦੂਜੇ ਪੜਾਅ ਨਾਲ ਸੰਬੰਧ ਰੱਖਦੇ ਹਨ। ਸਾਰੇ ਨਾਮਧਾਰੀ ਬਾਰਾਂਮਾਹਿਆਂ ਦੀ ਸਾਂਝੀ ਵਿਸ਼ੇਸ਼ਤਾ ਇਹ ਹੈ ਕਿ ਇਨ੍ਹਾਂ ਦਾ ਕਾਵਿ-ਨਾਇਕ ਨਾਮਧਾਰੀ ਗੁਰੂ ਰਾਮ ਸਿੰਘ ਹੈ। ਪਹਿਲੇ ਪੜਾਅ ਦੇ ਬਾਰਾਂਮਾਹਿਆਂ ਵਿਚ ਕਾਵਿ-ਨਾਇਕਾ ਕਾਵਿ-ਨਾਇਕ ਨਾਲ ਸੰਯੋਗ ਤੋਂ ਵਿਯੋਗ ਤਕ ਦਾ ਸਫ਼ਰ ਤੈਅ ਕਰਦੀ ਹੈ। ਇਹ ਬਾਰਾਂਮਾਹੇ ਦੁਖਾਂਤਕ ਪ੍ਰਕਿਰਤੀ ਵਾਲੇ ਹਨ। ਦੂਜੇ ਪੜਾਅ ਦੇ ਬਾਰਾਂਮਾਹਿਆਂ ਵਿਚ ਨਾਇਕਾ ਨਾਇਕ ਦੇ ਵਿਯੋਗ ਤੋਂ ਵਿਯੋਗ ਤਕ ਦਾ ਸਫ਼ਰ ਤੈਅ ਕਰਦੀ ਹੈ। ਇਨ੍ਹਾਂ ਬਾਰਾਂਮਾਹਿਆਂ ਦੀ ਪ੍ਰਕਿਰਤੀ ਵੀ ਦੁਖਾਂਤਕ ਹੈ। ਇਹ ਬਾਰਾਂਮਾਹੇ ਚੇਤਰ ਦੇ ਮਹੀਨੇ ਦੇ ਵਰਣਨ ਤੋਂ ਆਰੰਭ ਹੁੰਦੇ ਹਨ ਅਤੇ ਫੱਗਣ ਦੇ ਮਹੀਨੇ ਦੇ ਵਰਣਨ 'ਤੇ ਆ ਕੇ ਖ਼ਤਮ ਹੁੰਦੇ ਹਨ। ਬਾਰਾਂਮਾਹ ਬਾਬਾ ਚੰਦ ਸਿੰਘ ਤੋਂ ਇਲਾਵਾ ਬਾਕੀ ਸਾਰੇ ਬਾਰਾਂਮਾਹ ਬਾਰਾਂ-ਬਾਰਾਂ ਬੰਦਾਂ ਵਿਚ ਰਚੇ ਗਏ ਹਨ। ਬਾਬਾ ਚੰਦਾ ਸਿੰਘ ਦੇ ਬਾਰਾਂਮਾਹ ਦੀ ਪ੍ਰਕਿਰਤੀ ਕੁਝ ਵੱਖਰੀ ਹੈ। ਇਸ ਵਿੰਚ ਚੇਤਰ ਦੇ ਮਹੀਨੇ ਤੋਂ ਫੱਗਣ ਦੇ ਮਹੀਨੇ ਤਕ ਦੇ ਵਰਣਨ ਨਾਲ ਸੰਬੰਧਿਤ ਬਾਰਾਂ ਬੰਦਾਂ ਤੋਂ ਇਲਾਵਾ ਮੰਗਲਾਚਰਣ ਅਤੇ ਅੰਤਿਕਾ ਦੇ ਰੂਪ ਵਿਚ ਵੀ ਦੋਹਿਰੇ ਅੰਕਿਤ ਕੀਤੇ ਗਏ ਹਨ। ਮੰਗਲਾਚਰਣ ਦੇ ਰੂਪ ਵਿਚ ਚਾਰ ਦੋਹਿਰੇ ਅੰਕਿਤ ਕੀਤੇ ਗਏ ਹਨ, ਜਿਨ੍ਹਾਂ ਵਿਚ ਗੁਰੂ ਨੂੰ ਨਮਸਕਾਰ ਕੀਤੀ ਗਈ ਹੈ ਅਤੇ ਅੰਕਿਤਾ ਵਾਲੇ ਦੋਹਰਿਆਂ ਵਿਚ ਵੀ ਮਹਿਮਾ ਗਾਈ ਗਈ ਹੈ।

ਅਧਿਐਨ ਅਧੀਨ ਬਾਰਾਂਮਾਹਿਆਂ ਵਿਚ ਕਾਵਿ-ਨਾਇਕਾ ਦੇ ਮਨੋਭਾਵਾਂ ਅਤੇ ਵਿਚਾਰਾਂ ਨੂੰਅਨੁਭਵ ਦੇ ਪੱਧਰ ਤੇ ਅਭਿਵਿਅਕਤ ਕੀਤਾ ਗਿਆ ਹੈ। ਨਾਇਕਾ ਕਾਵਿ-

ਨਾਇਕ ਨੂੰ ਪ੍ਰਤੱਖ ਸੰਬੋਧਨ ਕਰਦੀ ਹੈ। ਇਨ੍ਹਾਂ ਬਾਰਾਂਮਾਹਿਆਂ ਦੀ ਸੁਰ ਬਿਰਹੋਂ--ਵੇਦਨਾ ਨਾਲ ਭਰਪੂਰ ਹੋਣ ਕਰਕੇ ਕਰੁਣਾਮਈ ਹੈ। ਵਿਯੋਗਣ ਨਾਇਕਾ ਦੀ ਮਨੋਸਥਿਤੀ ਦੀ ਪੇਸਕਾਰੀ ਲਈ ਪਿੱਠਭੂਮੀ ਦੀ ਇਕ ਜੁਗਤ ਵਜੋਂ ਪ੍ਰਕਿਰਤੀ-ਚਿਤਰਣ ਕੀਤਾ ਗਿਆ ਹੈ।

ਕੁਝ ਨਾਮਧਾਰੀ ਕਵੀਆਂ ਨੇ ਰੁਬਾਈ ਰੂਪਾਕਾਰ ਵਿਚ ਵੀ ਕਾਵਿ ਰਚਨਾ ਕੀਤੀ ਹੈ। ਇਹ ਰੂਪਾਕਾਰ ਪ੍ਰਗੀਤਕ ਕਾਵਿ ਦੀ ਇਕ ਵੰਨਗੀ ਹੈ। ਪ੍ਰੀਤਮ ਸਿੰਘ ਕਵੀ, ਕਰਤਾਰ ਸਿੰਘ ਪੰਛੀ, ਅਜੀਤ ਸਿੰਘ ਚੀਮਾ ਅਤੇ ਅਮਰੀਕ ਸਿੰਘ ਨੇ ਰੁਬਾਈਆਂ ਦੀ ਰਚਨਾ ਕੀਤੀ ਹੈ। ਰੁਬਾਈ ਮੁਢਲੇ ਤੌਰ ਤੇ ਫ਼ਾਰਸੀ ਦਾ ਕਾਵਿ-ਰੂਪ ਹੈ। 'ਰੁਬਾਈ' ਸ਼ਬਦ ਰੁੱਬਾ ਤੋਂ ਬਣਿਆ, ਜਿਸ ਦਾ ਅਰਥ ਹੈ'ਚਾਰ'। ਇਸ ਅਨੁਸਾਰ ਰੁਬਾਈ ਚਾਰ ਤੁਕਾਂ ਦੀ ਹੁੰਦੀ ਹੈ। ਇਸ ਦੀਆਂ ਪਹਿਲੀਆਂ ਦੋ ਤੁਕਾਂ ਅਤੇ ਚੌਥੀ ਤ ਅੰਤਿਮ ਤੁਕ ਦਾ ਕਾਫ਼ੀਆ ਮਿਲਦਾ ਹੈ। "ਰੁਬਾਈ ਅਤਿ ਲਘੂ ਕਾਵਿ ਰੂਪਾਕਾਰ ਹੈ। ਇਸੇ ਕਾਰਣ ਇਸ ਦੀ ਸੰਰਚਨਾ ਬੜੀ ਸੁਗਠਿਤ ਬਣ ਜਾਂਦੀ ਹੈ। .... ਇਸ ਰੂਪਾਕਾਰ ਦੀ ਲਘੂ ਸੰਰਚਨਾ ਨੂੰ ਸੁਭਾਵਕ ਹੀ ਦੋ ਅੰਗਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲਾ ਅੰਗ ਪਹਿਲੀਆਂ ਦੋ ਤੁਕਾਂ ਦਾ ਹੋ ਸਕਦੀ ਹੈ, ਜਿਹੜੀਆਂ ਸਾਰੰਸ਼ ਰੂਪ ਵਿਚ ਕਿਸੇ ਵਿਚਾਰ ਨੂੰ ਸੁਝਾਉਂਦੀਆਂ ਹਨ।"[61]

ਨਾਮਧਾਰੀ ਕਵੀਆਂ ਵਿਚੋਂ ਪ੍ਰੀਤਮ ਸਿੰਘ ਕਵੀ ਨੂੰ 'ਰੁਬਾਈਆਂ ਦਾ ਕਵੀ' ਕਿਹਾ ਜਾਂਦਾ ਹੈ। ਉਸ ਦੇ ਕਾਵਿ-ਸੰਗ੍ਰਹਿ ਸਿਮਰਨ ਵਿਚ ਇਕ ਸੌ ਵੀਹ ਰੁਬਾਈਆਂ ਦਰਜ ਹਨ। ਇਨ੍ਹਾਂ ਵਿਚੋਂ ਬਹੁਤੀਆਂ ਰੁਬਾਈਆਂ ਦੀ ਪਹਿਲੀ ਦੂਜੀ ਅਤੇ ਚੌਥੀ ਤੁਕ ਦਾ ਤੁਕਾਂਤ ਮਿਲਦਾ ਹੈ। ਏਥੇ ਮਿਸਾਲ ਦੇ ਤੌਰ 'ਤੇ ਇਕ ਰੁਬਾਈ ਅੰਕਿਤ ਕੀਤੀ ਜਾ ਰਹੀ ਹੈ:

ਪਿਆਰੇ-ਪਿਆਰੇ ਸਤਿਗੁਰ ਮੇਰੇ ਕੀ ਵਰਤਾਇਆ ਭਾਣਾ।
ਜਿਤਨਾ ਮੈਂ ਦਰਸ਼ਨ ਨੂੰ ਲੋਚਾ, ਉਤਨਾ ਦੂਰ ਟਿਕਾਣਾ।
ਤੇਰੀ ਸਿਹਤ ਰਹੇ ਸਦ ਸੁਥਰੀ ਹੇ ਜਗ ਦੇ ਸੁਖ ਦਾਤੇ।
ਤੇਰੇ ਨਾਲ ਬਹਾਰਾਂ ਸਾਨੂੰ ਤੂੰ ਸਤਿਗੁਰ ਮਨ-ਭਾਣਾ।[62]

ਪ੍ਰੀਤਮ ਸਿੰਘ ਕਵੀ ਨੇ ਕੁਝ ਅਜਿਹੀਆਂ ਰੁਬਾਈਆਂ ਦੀ ਰਚਨਾ ਵੀ ਕੀਤੀ ਹੈ, ਜਿਨ੍ਹਾਂ ਦੀਆਂ ਚਾਰੇ ਤੁਕਾਂ ਦਾ ਕਾਫ਼ੀਆਂ ਮਿਲਦਾ ਹੈ। ਇਨ੍ਹਾਂ ਰੁਬਾਈਆਂ ਦੀ ਅੰਤਿਮ ਤੁਕ ਪ੍ਰਸ਼ਨਮੂਲਕ ਵਿਧੀ ਵਿਚ ਰਚੀ ਹੋਈ ਹੈ। ਉਦਾਹਰਣ ਦੇ ਤੌਰ 'ਤੇ ਨਿਮਨਅੰਕਿਤ ਰੁਬਾਈ ਦੇਖੀ ਜਾ ਸਕਦੀ ਹੈ:

ਜੇਕਰ ਇਕ ਪਿਆਰਾ ਕਰ ਲੈ, ਲੱਖਾਂ ਪਿਆਰ ਪੁਗਾਵੇਂ।
ਉਸ ਇਕ ਲੱਖਾਂ ਵਿਚ ਤੱਕ ਦੇ ਸੁਆਦ ਸੁਆਦ ਹੋ ਜਾਵੇਂ।
ਜੀਕਰ ਜਲ ਘੜਿਆਂ ਵਿਚ ਸੂਰਜ, ਇਕ ਝਾਤੀ ਮਾਰੇ।
ਤਿਵੇਂ ਪ੍ਰੀਤਮ ਸਤਿਗੁਰ ਨੂੰ ਤਕ, ਤੂੰ ਕਾਹਨੂੰ ਪਛਤਾਵੇਂ?[63]

ਨਾਮਧਾਰੀ ਕਵੀਆਂ ਦੁਆਰਾ ਰਚਿਤ ਰੁਬਾਈਆਂ ਦੀ ਸ਼ੈਲੀ ਸੰਬੋਧਨੀ ਹੈ। ਸ਼ੈਲੀ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਮਾਨਵੀਕਰਨ ਦੀ ਜੁਗਤ ਵੀ ਸਿਰਜੀ ਗਈ ਹੈ। ਮਿਸਾਲ ਵਜੋਂ ਕਰਤਾਰ ਸਿੰਘ ਪੰਛੀ ਦੀ ਨਿਮਨਅੰਕਿਤ ਰੁਬਾਈ ਦਾ ਅਧਿਐਨ ਕੀਤਾ ਜਾ ਸਕਦਾ ਹੈ:

ਸੁਭਾ ਸਵੇਰੇ ਤ੍ਰੇਲ ਤੁਬਕਿਆਂ ਧਰਤੀ ਗਿੱਲੀ ਕੀਤੀ।
ਕੋਮਲ ਜਜ਼ਬੇ ਰਹਿ ਨਾ ਸੱਕੇ, ਪੁੱਛ ਬੈਠਾ ਹੱਡ ਬੀਤੀ।
ਲੁੱਛ-ਲੁੱਛ ਕਰਦਿਆਂ ਜਜ਼ਬਿਆਂ ਵਾਲੇ ਸੰਗਦੇ ਸੰਗਦੇ ਬੋਲੇ

ਮਾਹੀ ਖਾਤਰ ਮਿੱਟੀ ਰੁਲਣਾ ਇਹ ਪਿਆਰਾਂ ਦੀ ਰੀਤੀ।[64]

ਇਸ ਰੁਬਾਈ ਵਿਚ ਸੰਬੋਧਨੀ ਅਤੇ ਪ੍ਰਸ਼ਨੋਤਰੀ ਵਿਧੀ ਵਿਚ ਤ੍ਰੇਲ ਦੇ ਤੁਬਕਿਆਂ ਦਾ ਮਾਨਵੀਕਰਨ ਕੀਤਾ ਗਿਆ ਜਿਸ ਦੇ ਮਾਧਿਅਮ ਰਾਹੀਂ ਪ੍ਰਸਤੁਤ ਭਾਵ/ਵਿਚਾਰ ਵਧੇਰੇ ਗ੍ਰਹਿਣਯੋਗ ਬਣਿਆ ਹੈ।

ਕੁਝ ਨਾਮਧਾਰੀ ਕਵੀਆਂ ਨੇ ਗ਼ਜ਼ਲ ਵੀ ਲਿਖੀ ਹੈ। ਪੰਜਾਬੀ ਕਾਵਿ ਵਿਚ ਗ਼ਜ਼ਲ ਦਾ ਪ੍ਰਵੇਸ਼ ਫ਼ਾਰਸੀ ਗ਼ਜ਼ਲ ਦੇ ਪ੍ਰਭਾਵ ਅਧੀਨ ਹੋਇਆ। "ਗ਼ਜ਼ਲ ਕਾਫ਼ੀਏ-ਰਦੀਫ਼ ਦੀ ਪਾਬੰਧੀ ਨਿਭਾਉਣ ਵਾਲੇ, ਇਕ ਬਹਿਰ-ਵਜ਼ਨ ਵਿਚ ਰਚੇ ਗਏ ਸ਼ਿਅਰਾਂ ਦੀ ਮਾਲਾ ਹੁੰਦੀ ਹੈ, ਜਿਸ ਦਾ ਪਹਿਲਾ ਮਣਕਾ ਮਤਲਾ ਅਤੇ ਆਖ਼ਰੀ ਮਣਕਾ ਮਕਤਾ ਹੁੰਦਾ ਹੈ।"65 ਗ਼ਜ਼ਲ ਦਾ ਹਰ ਸ਼ਿਅਰ ਆਪਣੇ ਆਪ ਵਿਚ ਪੂਰਨ ਇਕਾਈ ਹੁੰਦਾ ਹੈ। ਹਰ ਸ਼ਿਅਰ ਦਾ ਭਾਵ ਵੱਖ-ਵੱਖ ਹੁੰਦਾ ਹੈ, ਪਰੰਤੂ ਗ਼ਜ਼ਲ ਦੇ ਸਾਰੇ ਸ਼ਿਅਰਾਂ ਵਿਚ ਇਕ ਕੜੀਮੂਲਕ ਸੰਬੰਧ ਬਣਿਆ ਹੁੰਦਾ ਹੈ। ਜਿਸ ਗ਼ਜ਼ਲ ਦੇ ਸਾਰੇ ਸ਼ਿਅਰਾਂ ਵਿਚ ਥੀਮ ਦੀ ਨਿਰੰਤਰਤਾ ਹੋਵੇ ਉਸ ਨੂੰ 'ਮੁਸੱਲਸਲ' ਗ਼ਜ਼ਲ ਕਿਹਾ ਜਾਂਦਾ ਹੈ।

ਨਾਮਧਾਰੀ ਕਵੀਆਂ ਵਿਚ ਅਮਰੀਕ ਸਿੰਘ, ਕਰਤਾਰ ਸਿੰਘ ਪੰਛੀ, ਅਜੀਤ ਸਿੰਘ ਚੀਮਾ, ਹਰਭਜਨ ਸਿੰਘ ਰਤਨ, ਸੁਖਵੰਤ ਸਿੰਘ ਕੰਗ, ਗੁਰਬਖ਼ਸ਼ ਸਿੰਘ ਸ਼ੌਕ ਆਦਿ ਕਵੀਆਂ ਦੀਆਂ ਗ਼ਜ਼ਲਾਂ ਉਪਲਬਧ ਹਨ। ਇਨ੍ਹਾਂ ਗ਼ਜ਼ਲ ਵਿਚ ਸਵੈ-ਸਬੋਧਨ ਤੋਂ ਇਲਾਵਾ ਕਾਵਿ-ਵਕਤਾ ਵੱਲੋਂ ਕਾਵਿ-ਨਾਇਕ (ਸਤਿਗੁਰੂ, ਪਾਤਸ਼ਾਹ, ਪ੍ਰੀਤਮ, ਚੀਨੇ ਵਾਲੇ) ਨੂੰ ਵੀ ਸੰਬੋਧਨ ਕੀਤਾ ਗਿਆ ਹੈ। ਸੰਬੋਧਿਤ ਧਿਰ ਉੱਘੜ ਕੇ ਸਾਹਮਣੇ ਆਉਂਦੀ ਹੈ। ਵਧੇਰੇ ਕਵੀਆਂ ਨੇ 'ਮੁਸੱਲਸਲ' ਗ਼ਜ਼ਲਾਂ ਦੀ ਰਚਨਾ ਕੀਤੀ ਹੈ। ਏਥੇ ਅਸੀਂ ਮਿਸਾਲ ਦੇ ਤੌਰ 'ਤੇ ਕਰਤਾਰ ਸਿੰਘ ਪੰਛੀ ਦੀ ਗ਼ਜ਼ਲ ਅੰਕਿਤ ਕਰ ਰਹੇ ਹਾਂ:

ਭਾਰਤ ਲਈ ਹੋਏ ਸ਼ਹੀਦਾਂ ਦਾ ਉਪਕਾਰ ਸੁਣਾਇਆ ਜਾਂਦਾ ਹੈ।
ਉਨ੍ਹਾਂ ਦੀਆਂ ਧਾਕਾਂ ਪਾਈਆਂ ਦਾ ਸਤਿਕਾਰ ਵਧਾਇਆ ਜਾਂਦਾ ਹੈ
ਮੈਂ ਭਾਵੇਂ ਮੜ੍ਹੀ ਮਸਾਣਾਂ ਨੂੰ ਪੂਜਣ ਦਾ ਹਰਗਿਜ਼ ਕਾਇਲ ਨਹੀਂ,
ਪਰ ਮੜ੍ਹੀ ਸ਼ਹੀਦਾਂ ਦੀ ਉਤੇ ਝੁਕ ਸੀਸ ਨਿਵਾਇਆ ਜਾਂਦਾ ਹੈ।
ਮੈਂ ਸਮਝਾਂ ਕੌਮ ਸ਼ਹੀਦਾਂ ਦੀ ਮੋਈ ਕੌਮ ਨੂੰ ਜਿੰਦਾ ਰੱਖਦੀ ਏ,
ਇਸੇ ਲਈ ਗੀਤ ਸ਼ਹੀਦਾਂ ਦਾ ਸ਼ਰਧਾ ਸੰਗ ਗਾਇਆ ਜਾਂਦਾ ਹੈ।
ਇਨ੍ਹਾਂ ਦੀ ਰਾਖ ਵੀ ਸੋਨਾ ਹੈ, ਹੱਡ ਕੋਹਨੂਰ ਤੋਂ ਮਹਿੰਗੇ ਨੇ,
ਹੀਰਿਆਂ ਦੇ ਪਰਉਪਕਾਰਾਂ ਦਾ, ਨਹੀਂ ਕਰਜ਼ ਚੁਕਾਇਆ ਜਾਂਦਾ ਹੈ।
ਇਹ ਅੰਮ੍ਰਿਤ-ਕੁੰਡ ਸ਼ਹੀਦਾਂ ਦਾ ਮੋਈ ਕੌਮ 'ਤੇ ਛਿੜਕਿਆ ਜਾਂਦਾ ਏ,
ਫ਼ਾਂਸੀ ਦੇ ਮਸਤ ਦੀਵਾਨਿਆਂ ਨੂੰ ਇਕ ਬੂੰਦ ਪਿਲਾਇਆ ਜਾਂਦਾ ਹੈ।
ਕਿਸੇ ਪੁੱਛਿਆ ਵੀਰ ਸ਼ਹੀਦਾਂ ਤੋਂ ਕਿਉਂ ਤੋਪ ਨੂੰ ਜੱਫੀਆਂ ਪਾਂਦੇ ਹੋ?
ਉਹ ਕਹਿੰਦੇ ਬੁੱਝੀਆਂ ਰੂਹਾਂ ਨੂੰ ਬਸ ਇਉਂ ਸੁਲਘਾਇਆ ਜਾਂਦਾ ਹੈ।
ਇਨ੍ਹਾਂ ਅਲਬੇਲਿਆਂ ਦੀ ਗਾਥਾ ਦਾ ਕੋਈ ਵਹਿਣ ਨਿਰੰਤਰ ਵਗਦਾ ਏ,
ਇਹ ਉਹ ਅਫਸਾਨਾ ਹੈ 'ਪੰਛੀ' ਹਰ ਰੋਜ਼ ਦੁਹਰਾਇਆ ਜਾਂਦਾ ਹੈ।[66]

ਉਪਰ ਅੰਕਿਤ ਗ਼ਜ਼ਲ ਦੇ ਸੱਤ ਸ਼ਿਅਰ ਇਕੋ ਵਿਸ਼ੈ ਨੂੰ ਉਸਾਰਦੇ ਹਨ। ਇਨ੍ਹਾਂ ਦਾ ਵਿਸ਼ੈ ਦੇਸ਼ ਤੋਂ ਕੁਰਬਾਨ ਹੋਏ ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਵਰਣਨ ਤੇ ਜਸ-ਗਾਇਨ ਕਰਨਾ ਹੈ। ਇਸ ਗ਼ਜ਼ਲ ਵਿਚ ਕਾਫ਼ੀਏ ਦੇ ਨਾਲ-ਨਾਲ ਰਦੀਫ਼ ਦੀ ਪਾਲਣਾ ਵੀ

ਕੀਤੀ ਗਈ ਹੈ। ਗ਼ਜ਼ਲ ਮੂਲ ਤੌਰ 'ਤੇ ਪਿਆਰ/ਇਸ਼ਕ ਦੇ ਭਾਵਾਂ ਨੂੰ ਪੇਸ਼ ਕਰਨ ਵਾਲਾ ਰੂਪਾਕਾਰ ਹੈ। ਨਾਮਧਾਰੀ ਕਵੀਆਂ ਦੀਆਂ ਗ਼ਜ਼ਲਾਂ ਵਿਚ ਨਾਮਧਾਰੀ ਗੁਰੂਆਂ ਪ੍ਰਤਿ ਪਿਆਰ-ਭਾਵਾਂ ਨੂੰ ਪੇਸ਼ ਕੀਤਾ ਗਿਆ ਹੈ। ਕੁਝ ਗ਼ਜ਼ਲਾਂ ਵਿਚ ਨਾਮਧਾਰੀ ਗੁਰੂਆਂ ਪ੍ਰਤਿ ਪਿਆਰ-ਭਾਵਾਂ ਨੂੰ ਪੇਸ਼ ਕੀਤਾ ਗਿਆ ਹੈ। ਕੁਝ ਗ਼ਜ਼ਲਾਂ ਨਾਮਧਾਰੀ ਸ਼ਹੀਦਾਂ ਦੀਆਂ ਸ਼ਹੀਦੀਆਂ ਪ੍ਰਤਿ ਪ੍ਰਸੰਸਾ ਦੇ ਭਾਵਾਂ ਦੀ ਅਭਿਵਿਅਕਤੀ ਹਨ ਅਤੇ ਕੁਝ ਗ਼ਜ਼ਲਾਂ ਸਮਕਾਲੀ ਸਮਾਜਕ ਸੰਕਟ ਨਾਲ ਸ਼ੰਬੰਧਿਤ ਵਿਚਾਰਾਂ ਨੂੰ ਵਿਸ਼ੈ ਬਣਾਉਂਦੀਆਂ ਹਨ। ਸਮਕਾਲੀਨ ਨਾਮਧਾਰੀ ਗ਼ਜ਼ਲ ਵਿਚ ਪੰਜਾਬ ਸੰਕਟ ਨਾਲ ਸੰਬੰਧਿਤ ਭਾਵਾਂ ਤੇ ਪ੍ਰਤਿਕਰਮਾਂ ਦੀ ਵੀ ਪੇਸ਼ਕਾਰੀ ਹੋਈ ਹੈ। ਏਥੇ ਸੁਖਵੰਤ ਸਿੰਘ ਕੰਗ ਦੀ ਪੰਜਾਬ-ਸੰਕਟ ਨਾਲ ਸੰਬੰਧਿਤ ਗ਼ਜ਼ਲ ਨਿਮਨਅੰਕਿਤ ਹੈ:

ਆਪਣੇ ਸੀ ਜੋ ਪਰਾਏ ਹੋ ਗਏ
ਲਹੂ ਪਿਆਸੇ ਮਾਂ-ਪਿਉ ਜਾਏ ਹੋ ਗਏ।
ਨਫ਼ਰਤਾਂ ਦੀ ਚੰਦਰੀ ਕੇਹੀ ਹਵਾ ਆਈ
ਪਿਆਰ ਦੇ ਪਲ ਸਾਰੇ ਹਵਾ ਹੋ ਗੇਏ।
ਨਹੁੰਆਂ ਨਾਲੋਂ ਮਾਸ ਹੈ ਅੱਜ ਲਹਿ ਗਿਆ
ਸਾਥੋਂ ਦੂਰ ਸਾਡੇ ਈ ਸਾਏ ਹੋ ਗਏ।
ਸੇਹ ਦਾ ਤੱਕਲਾ ਕਿਸਨੇ ਹੈ ਗੱਡਿਆ
ਮਨੁੱਖਤਾ ਦਾ ਖ਼ੂਨ ਨੇ ਕਿਹੜੇ ਚੋਅ ਗਏ।
ਹੱਸਦਾ ਵੱਸਦਾ ਨਗਰ ਸੀ ਜੋ ਪਹਿਲਾਂ
ਅੱਜ ਹਨ ਕਿਉਂ ਲੋਕ ਸਾਰੇ ਹੀ ਰੋ ਰਹੇ।
ਇਹ ਗੋਲੀ ਦੀ ਖੇਡ ਕਦ ਹੈ ਮੁੱਕਣੀ
ਕੋਈ ਦੇਵੇ ਨਾ ਜੁਆਬ ਸਾਰੇ ਔਹ ਗਏ।"[67]

ਨਾਮਧਾਰੀ ਕਵੀਆਂ ਵਿਚ ਗ਼ਜ਼ਲਾਂ ਨੂੰ ਸਿਰਲੇਖ ਦੇਣ ਦੀ ਪਰੰਪਰਾ ਵੀ ਹੈ। ਕਰਤਾਰ ਸਿੰਘ ਪੰਛੀ, ਅਜੀਤ ਸਿੰਘ ਚੀਮਾ ਆਦਿ ਕਵੀਆਂ ਨੇ ਆਪਣੀਆਂ ਗ਼ਜ਼ਲਾਂ ਨੂੰ 'ਨਾਮਧਾਰੀ ਸ਼ਹੀਦਾਂ ਦੇ ਨਾਂ', 'ਸਤਿਗੁਰੂ ਜਗਜੀਤ ਸਿੰਘ ਨੂੰ' ਆਦਿ ਸਿਰਲੇਖਾਂ ਹੇਠ ਅੰਕਿਤ ਕੀਤਾ ਹੈ।

ਰੂਪਾਕਾਰ ਦ੍ਰਿਸ਼ਟੀ ਤੋਂ ਨਾਮਧਾਰੀ-ਕਾਵਿ ਦਾ ਅਧਿਐਨ ਕਰਨ ਉਪਰੰਤ ਇਹ ਕਿਹਾ ਜਾ ਸਕਦਾ ਹੈ ਕਿ ਨਾਮਧਾਰੀ ਕਵੀਆਂ ਨੇ ਪੰਜਾਬੀ-ਕਾਵਿ ਪਰੰਪਰਾ ਵਿਚ ਮੌਜੂਦ ਵਿਭਿੰਨ ਰੂਪਾਕਾਰਾਂ ਵਿਚ ਕਾਵਿ-ਸਿਰਜਣਾ ਕੀਤੀ ਹੈ। ਉਨ੍ਹਾਂ ਨੇ ਪੁਰਾਤਨ ਅਤੇ ਆਧੁਨਿਕ ਦੋਹਾਂ ਪ੍ਰਕਾਰ ਦੇ ਕਾਵਿ-ਰੂਪਾਕਾਰ ਵਿਚ ਕਵਿਤਾ ਰਚੀ ਹੈ। ਇਹ ਰੂਪਾਕਾਰ ਬਿਰਤਾਂਤਕ ਵੀ ਹਨ ਤੇ ਵਰਣਨਾਤਮਕ ਵੀ। ਇਨ੍ਹਾਂ ਵਿਚ ਪ੍ਰਗੀਤ ਰਚਨਾ ਵਧੇਰੇ ਹੋਈ ਹੈ, ਪਰ ਕੁਝ ਮਿਸਾਲਾਂ ਨਾਟਕੀ ਕਾਵਿ ਦੀਆਂ ਵੀ ਮਿਲਦੀਆਂ ਹਨ। ਇਸ ਤਰ੍ਹਾਂ ਰੂਪਾਕਾਰਕ ਦ੍ਰਿਸ਼ਟੀ ਤੋਂ ਨਾਮਧਾਰੀ ਕਵਿਤਾ ਪੁਰਾਤਨ ਪੰਜਾਬੀ ਕਵਿਤਾ ਅਤੇ ਆਧੁਨਿਕ ਪੰਜਾਬੀ ਕਵਿਤਾ ਵਿਚਕਾਰ ਇਕ ਕੜੀ ਦੀ ਭੂਮਿਕਾ ਅਦਾ ਕਰਦੀ ਹੈ।

(ੲ) ਨਾਮਧਾਰੀ ਕਾਵਿ ਦੀ ਭਾਸ਼ਾ

ਕਵੀ ਆਪਣੇ ਭਾਵਾਂ/ਵਿਚਾਰਾਂ ਨੂੰ ਪਾਠਕਾਂ ਤਕ ਪਹੁੰਚਾਉਣ ਲਈ ਸੁਹਜਾਤਮਕ ਭਾਸ਼ਾ ਦਾ ਪ੍ਰਯੋਗ ਕਰਦਾ ਹੈ। ਭਾਰਤੀ ਕਾਵਿ-ਸ਼ਾਸਤਰੀਆਂ ਦੁਆਰਾ ਪ੍ਰਤਿਪਾਦਿਤ ਧੁਨੀ

ਸਿਧਾਂਤ ਕਾਵਿ ਦੇ ਭਾਸ਼ਾਈ ਸੁਹਜ ਦੇ ਆਧਾਰਾਂ ਦੀ ਵਿਆਖਿਆ ਕਰਦਾ ਹੈ ਅਤੇ ਕਾਵਿ ਦੀ ਉਤਮਤਾ ਨੂੰ ਭਾਸ਼ਾ ਦੇ ਵਿਸ਼ੇਸ਼ ਪ੍ਰਯੋਗ ਨਾਲ ਜੋੜਦਾ ਹੈ। ਧ੍ਵਨੀ ਆਚਾਰੀਆ ਆਨੰਦ ਵਰਧਨ ਨੇ ਵਿਅੰਜਤ ਅਰਥਾਂ ਦੀ ਸੁੰਦਰਤਾ ਨੂੰ ਕਾਵਿ ਦੀ ਸੁੰਦਰਤਾ ਕਿਹਾ ਹੈ। ਵਿਸ਼ਵਨਾਥ ਅਨੁਸਾਰ, "ਜਿਸ ਵਿਚ ਵਿਅੰਗਆਰਥ ਵਾਚਿਆਰਥ ਨਾਲੋਂ ਵਧੇਰੇ ਚਮਤਕਾਰ ਵਾਲਾ ਹੁੰਦਾ ਹੈ.... ਉਹੋ ਉਤਮ ਕਾਵਿ ਹੈ।"[68] ਉੱਤਮ ਕਾਵਿ ਵਿਅੰਜਤ ਅਰਥ ਦੀ ਸਿਰਜਣਾ ਕਰਕੇ ਕਾਵਿ ਰਚਨਾ ਵਿਚ ਸੁਹਜ, ਆਨੰਦ-ਅਨੁਭਵ ਅਤੇ ਹੁਲਾਸ ਪੈਦਾ ਕਰਦਾ ਹੈ। ਧ੍ਵਨੀਵਾਦੀਆਂ ਨੇ ਤਿੰਨ ਸ਼ਬਦ-ਸ਼ਕਤੀਆਂ ਦਾ ਵਰਣਨ ਕੀਤਾ ਹੈ। ਪਹਿਲੀ ਸ਼ਬਦ-ਸ਼ਕਤੀ ਅਭਿਧਾ ਹੈ, ਜਿਸ ਰਾਹੀਂ ਸ਼ਬਦਾਂ ਦੇ ਸਿੱਧੇ ਅਤੇ ਕੋਸ਼ਗਤ ਅਰਥਾਂ ਦੀ ਪ੍ਰਤੀਤੀ ਹੁੰਦੀ ਹੈ। ਸ਼ਬਦ ਅਤੇ ਅਰਥ ਦੇ ਸਿੱਧੇ ਅਤੇ ਪ੍ਰਤੱਖ ਸੰਬੰਧ ਨੂੰ ਅਭਿਧਾ ਕਿਹਾ ਜਾਂਦਾ ਹੈ।

ਨਾਮਧਾਰੀ ਕਵੀਆਂ ਦੁਆਰਾ ਰਚਿਤ ਪ੍ਰਚਾਰਮੂਲਕ ਕਵਿਤਾ ਅਭਿਧਾਮੂਲਕ ਸ਼ਬਦ-ਸ਼ਕਤੀ ਦੇ ਮਾਧਿਅਮ ਰਾਹੀਂ ਸਿੱਧੇ ਅਤੇ ਕੋਸ਼ਗਤ ਅਰਥਾਂ ਦੀ ਪ੍ਰਤੀਤੀ ਕਰਾਉਂਦੀ ਹੈ। ਅਜਿਹੀ ਕਵਿਤਾ ਦੀ ਵੰਨਗੀ ਵਜੋਂ ਗੁਰਦੇਵ ਸਿੰਘ ਰਾਏ ਦੀ ਰਚਨਾ **ਅਦੁੱਤੀ ਰਹਿਬਰ**, ਸੇਵਾ ਸਿੰਘ ਦੀ ਰਚਨਾ **ਪ੍ਰਸੰਗ ਸਤਿਗੁਰੂ**, ਤਰਨ ਸਿੰਘ ਵਹਿਮੀ ਦੀ **ਸੁਹੇਵਾ ਸਾਹਿਬ**, ਗੁਰਬਖਸ਼ ਸਿੰਘ ਸ਼ੌਕ ਦੀ **ਸ਼ੌਕ ਤਰਾਨੇ** ਆਦਿ ਜ਼ਿਕਰਯੋਗ ਹਨ। ਇਹ ਰਚਨਾਵਾਂ ਗਹਿਨ ਅਰਥਾਂ ਦੀ ਥਾਂ ਸਤਹੀ ਅਰਥ ਸੰਚਾਰਿਤ ਕਰਦੀਆਂ ਹਨ। ਇਨ੍ਹਾਂ ਰਚਨਾਵਾਂ ਵਿਚ ਕਵੀਆਂ ਦਾ ਮਨੋਰਥ ਨਾਮਧਾਰੀ ਲਹਿਰ ਦੇ ਵਿਚਾਰਧਾਰਾਈ ਆਧਾਰਾਂ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ ਹੈ। ਇਸ ਦੇ ਲਈ ਉਨ੍ਹਾਂ ਨੇ ਸਾਧਾਰਨ ਜਿਹੀ ਤੁਕਬੰਦੀ ਦੇ ਰੂਪ ਵਿਚ ਕਾਵਿ-ਸੁਨੇਹੇ ਨੂੰ ਕਾਵਿਬੱਧ ਕੀਤਾ ਹੈ। ਏਥੇ ਮਿਸਲਾ ਦੇ ਤੌਰ 'ਤੇ ਗੁਰਦੇਵ ਸਿੰਘ ਰਾਏ ਰਚਿਤ ਕੁਝ ਕਾਵਿ-ਸਤਰਾਂ ਅੰਕਿਤ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਵਿਚ ਕਵੀ ਨੇ ਗੁਰੂ ਰਾਮ ਸਿੰਘ ਦੁਆਰਾ ਇਸਤਰੀਆਂ ਨੂੰ ਅੰਮ੍ਰਿਤ ਛਕਾਉਣ ਦੀ ਘਟਨਾ ਦਾ ਸਾਧਾਰਨ ਜਿਹਾ ਵਰਣਨ ਕੀਤਾ ਹੈ। ਕਵੀ ਲਿਖਦਾ ਹੈ:

ਇਕ ਦਿਨ ਪਿੰਡ ਸਿਆੜ ਵਿਚ ਆ ਡੇਰਾ ਲਾਇਆ।
ਅੰਮ੍ਰਿਤ ਦੇ ਇਤਿਹਾਸ ਵਿਚ ਨਵ-ਪੰਧ ਦਰਸਾਇਆ।
ਪਹਿਲੀ ਵਾਰ ਇਤਿਹਾਸ ਵਿਚ ਇਉਂ ਗਿਆ ਛਕਾਇਆ।
ਪਾਵਨ ਅੰਮ੍ਰਿਤ ਬੀਬੀਆਂ ਨੂੰ ਪਾਨ ਕਰਾਇਆ।
ਉਹਨਾਂ ਵਿਚ ਕਕਾਰਾਂ ਦਾ ਪ੍ਰਵੇਸ਼ ਕਰਾਇਆ।
ਸੁੱਚਮ ਸਾਦਾ ਜ਼ਿੰਦਗੀ ਸੰਕਲਪ ਦ੍ਰਿੜਾਇਆ।[69]

ਇਹ ਕਾਵਿ-ਪੰਗਤੀਆਂ ਮੁਢਲੇ ਅਤੇ ਸੰਦਰਭਗਤ ਅਰਥ ਸੰਚਾਰਿਤ ਕਰਦੀਆਂ ਹਨ। ਕਵੀ ਨੇ ਇਸਤਰੀਆਂ ਨੂੰ ਅੰਮ੍ਰਿਤ ਛਕਾਉਣ ਦੀ ਘਟਨਾ ਦਾ ਵਰਣਨ ਪ੍ਰਸੰਸਾਮੂਲਕ ਦ੍ਰਿਸ਼ਟੀ ਤੋਂ ਕੀਤਾ ਹੈ। ਇਸ ਵਰਣਨ ਦੀ ਭਾਸ਼ਾ ਦੀ ਪ੍ਰਕਿਰਤੀ ਬਹੁਅਰਥੀ ਅਤੇ ਅਨੇਕ ਪਾਸਾਰੀ ਨਹੀਂ ਹੈ। ਹਰ ਸ਼ਬਦ ਦੇ ਬਰਾਬਰ ਇਕ ਅਰਥ ਟਿਕਾ ਦਿੱਤਾ ਗਿਆ ਹੈ। ਇਹ ਉਸ ਸ਼ਬਦ ਦਾ ਕੋਸ਼ਗਤ ਅਰਥ ਹੈ। ਇਸ ਕਾਵਿ-ਭਾਸ਼ਾ ਵਿਚੋਂ ਪ੍ਰਗਟ ਹੁੰਦੇ ਅਰਥ ਆਮ ਵਰਤੋਂ-ਵਿਉਹਾਰ ਵਾਲੇ ਹਨ। ਇਸ ਤਰ੍ਹਾਂ ਦੀ ਕਾਵਿ-ਭਾਸ਼ਾ ਵਿਸ਼ੇਸ਼ ਅਰਥ ਚਮਤਕਾਰ ਪੈਦਾ ਨਹੀਂ ਕਰਦੀ। ਧ੍ਵਨੀਵਾਦੀਆਂ ਨੇ ਅਜਿਹੇ ਕਾਵਿ ਨੂੰ ਅਧਮ-ਕਾਵਿ ਕਿਹਾ ਹੈ। ਮੰਮਟ ਦਾ ਵਿਚਾਰ ਹੈ, "ਜਿਸ ਵਿਚ ਵਿਅੰਗਾਰਥ ਦਾ ਅਭਾਵ ਹੁੰਧਾ ਹੈ, ਉਸ ਨੂੰ ਅਵਰ ਕਾਵਿ ਅਰਥਾਤ ਅਧਮ ਕਾਵਿ ਕਹਿੰਦੇ ਹਨ।"[70]

ਭਾਸ਼ਾ ਸਤਹੀ ਅਰਥਾਂ ਤੋਂ ਅਗਾਂਹ ਜਾ ਕੇ ਲਖਸ਼ਿਤ ਅਰਥ ਵੀ ਸੰਚਾਰਿਤ ਕਰਦੀ ਹੈ। ਇਥੇ ਦੂਜੀ ਸ਼ਬਦ ਸ਼ਕਤੀ ਲਕਸ਼ਣਾ ਕਾਰਜਸ਼ੀਲ ਹੁੰਦੀ ਹੈ। ਇਸ ਸ਼ਬਦ ਸ਼ਕਤੀ ਦੇ ਮਾਧਿਅਮ ਰਾਹੀਂ ਸ਼ਬਦ ਸਵੈ-ਇੱਛਤ ਅਰਥ ਪ੍ਰਗਟਾਉਣ ਵਿਚ ਸਫ਼ਲ ਹੁੰਦੇ ਹਨ। ਲਕਸ਼ਿਤ ਅਰਥਾਂ ਦਾ ਬੋਧ ਅਭਿਧਾ ਦੁਆਰਾ ਪ੍ਰਗਟਾਏ ਗਏ ਅਰਥਾਂ ਤੋਂ ਮਗਰੋਂ ਹੁੰਦਾ ਹੈ। ਲਕਸ਼ਣਾਂ ਸ਼ਕਤੀ ਦੁਆਰਾ ਪ੍ਰਤੀਤ ਕੀਤੇ ਗਏ ਅਰਥ ਸਿੱਧੇ ਅਤੇ ਕੋਸ਼ਗਤ ਅਰਥਾਂ ਦੀ ਥਾਂ ਲੁਕਵੇਂ ਹੁੰਦੇ ਹਨ। "ਮੁਖ ਅਰਥ ਦੇ ਬਾਧਿਤ ਹੋਣ 'ਤੇ ਅਰਥਾਤ ਬੰਨ੍ਹੇ ਜਾਣ 'ਤੇ ਅਤੇ ਉਸ ਦੇ ਨਾਲ ਹੋਰ ਅਰਥ ਦਾ ਸੰਬੰਧ ਹੋਣ ਤੇ ਰੂੜ੍ਹੀ (ਵਰਤੋਂ ਦੇ ਪ੍ਰਸਿੱਧ ਹੋਣ) ਨਾਲ ਜਾਂ ਪ੍ਰਯੋਜਨ ਨਾਲ ਜਿਸ ਨਾਲ ਵ੍ਰਿਤੀ ਰਾਹੀਂ ਦੂਜੇ ਅਰਥ ਦੀ ਪ੍ਰਤੀਤੀ ਹੁੰਦੀ ਹੈ, ਉਸ ਆਰੋਪਿਤ ਵ੍ਰਿਤੀ ਜਾਂ ਸ਼ਕਤੀ ਨੂੰ ਲਕਸ਼ਣਾ ਕਹਿੰਦੇ ਹਨ।"[71]

ਅਮਰੀਕ ਸਿੰਘ, ਕਿਰਪਾਲ ਸਿੰਘ ਕਸੇਲ, ਧਿਆਨ ਸਿੰਘ ਕਾਦਰਾਬਾਦੀ, ਗਿਆਨੀ ਗਿਆਨ ਸਿੰਗ, ਸੁਖਵੰਤ ਸਿੰਘ ਕੰਗ, ਅਜੀਤ ਸਿੰਘ ਚੀਮਾ ਆਦਿ ਨਾਮਧਾਰੀ ਕਵੀਆਂ ਦੀਆਂ ਕੁਝ ਰਚਨਾਵਾਂ ਲਖਣਾਰਥ ਦੀ ਪ੍ਰਤੀਤੀ ਕਰਾਉਂਦੀਆਂ ਹਨ। ਲਕਸ਼ਣਾ ਸ਼ਬਦ-ਸ਼ਕਤੀ ਦੀ ਕਾਰਜਸ਼ੀਲਤਾ ਦੀ ਮਿਸਾਲ ਵਜੋਂ ਅਮਰੀਕ ਸਿੰਘ ਦੁਆਰਾ ਰਚਿਤ ਨਿਮਨਅੰਕਿਤ ਸਤਰਾਂ ਦਾ ਅਧਿਐਨ ਕੀਤਾ ਜਾ ਸਕਦਾ ਹੈ:

ਜਿਸ ਨੂੰ ਵੀ ਚਰਨ ਛੁਹਾਂਦਾ ਏ
ਉਹ ਪਾਰਸ ਹੀ ਬਣ ਜਾਂਦਾ ਏ
ਫਰਸ਼ਾਂ ਤੋਂ ਅਰਸ਼ ਪੁਚਾਂਦਾ ਏ
.... ਸੰਗਤ ਵਿਚ ਐਸਾ ਫੱਬਦਾ ਏ
ਉਸ ਜਿਹਾ ਨਾ ਕੋਈ ਲੱਭਦਾ ਏ
ਉਹ ਰੂਪ ਨਿਰਾ ਹੀ ਰੱਬ ਦਾ ਏ
ਨਜ਼ਰਾਂ ਨੇ ਤਨ ਮਨ ਜੀਤ ਦੀਆਂ।[72]

ਉਪਰੋਕਤ ਸਤਰਾਂ ਦੇ ਅਧਿਐਨ ਤੋਂ ਸਪਸ਼ਟ ਹੈ ਕਿ ਕਵੀ ਕਾਵਿ-ਨਾਇਕ ਨੂੰ ਰੱਬ ਦਾ ਰੂਪ ਮੰਨਦਾ ਹੈ, ਜਿਸ ਕਾਰਨ ਉਸ ਦੇ ਸੰਪਰਕ ਵਿਚ ਆਉਣ ਵਾਲਾ ਹਰ ਵਿਅਕਤੀ ਪਾਰਸ ਬਣ ਜਾਂਦਾ ਹੈ ਅਤੇ ਉਹ ਫ਼ਰਸ਼ ਤੋਂ ਅਰਸ਼ 'ਤੇ ਪਹੁੰਚ ਜਾਂਦਾ ਹੈ। ਇਨ੍ਹਾਂ ਸ਼ਬਦਾਂ ਦੇ ਕੋਸ਼ਗਤ ਅਰਥਾਂ ਵਿਚ ਕੋਈ ਵੀ ਵਿਅਕਤੀ ਧਾਤੂ ਨਹੀਂ ਬਣ ਸਕਦਾ। ਇਸੇ ਤਰ੍ਹਾਂ ਧਰਤੀ ਤੋਂ ਜਾ ਕੇ ਅਸਮਾਨ 'ਤੇ ਟਿਕੇ ਰਹਿਣਾ ਵੀ ਅਸੰਭਵ ਹੈ। ਇਥੇ ਸ਼ਬਦਾਂ ਦੇ ਮੁਖ (ਅਭਿਧਾਮੂਲਕ) ਅਰਥਾਂ ਵਿਚ ਰੁਕਾਵਟ ਪੈ ਰਹੀ ਹੈ ਅਤੇ ਰੂੜ੍ਹੀ ਦੀ ਸਹਾਇਤਾ ਨਾਲ ਸ਼ਬਦਾਂ ਦੇ ਮੁਖ ਅਰਥ ਦੀ ਥਾਂ ਉਨ੍ਹਾਂ ਨਾਲ ਸੰਬੰਧਿਤ ਦੂਜੇ ਅਰਥ ਗ੍ਰਹਿਣ ਕੀਤੇ ਜਾਂਦੇ ਹਨ। ਪਾਰਸ ਦਾ ਅਰਥ ਧਾਤੂ ਨਹੀਂ, ਸਗੋਂ ਪਵਿੱਤਰ ਅਤੇ ਬਹੁਮੁੱਲਾ ਹੋਣ ਤੇ ਦੂਜਿਆਂ ਨੂੰ ਬਹੁੱਮੁਲੇ ਬਣਾਉਣਾ ਹੈ। ਇਸੇ ਤਰ੍ਹਾਂ ਫ਼ਰਸ਼ ਤੋਂ ਅਰਸ਼ ਤਕ ਪਹੁੰਚਣ ਦਾ ਦੂਜਾ ਅਰਥ ਨੀਵਿਓਂ ਉੱਚੇ ਕਰਨਾ ਹੈ। ਜੋ ਵੀ ਵਿਅਕਤੀ ਕਾਵਿ-ਨਾਇਕ ਦੀ ਸ਼ਰਨ ਵਿਚ ਆਉਂਦਾ ਹੈ, ਉਹ ਪਾਰਸ ਵਾਂਗ ਸ਼ੁੱਧ ਹੋ ਕੇ ਨੇਕ ਇਨਸਾਨ ਬਣ ਜਾਂਦਾ ਹੈ ਅਤੇ ਆਤਮਿਕ ਵਿਕਾਸ ਦੀ ਸਿਖ਼ਰ ਛੁਹ ਲੈਂਦਾ ਹੈ। ਜਿਸ ਸ਼ਬਦ-ਸ਼ਕਤੀ ਰਾਹੀਂ ਇਨ੍ਹਾਂ ਅਰਥਾਂ ਦੀ ਪ੍ਰਤੀਤੀ ਹੁੰਦੀ ਹੈ, ਉਹ ਲਖਸ਼ਣਾਂ-ਸ਼ਕਤੀ ਹੈ। ਲਖਸ਼ਣਾਮੂਲਕ ਕਾਵਿ ਨੂੰ ਭਾਰਤੀ ਕਾਵਿ-ਸ਼ਾਸਤਰੀਆਂ ਨੇ ਦੂਜੇ ਦਰਜੇ ਦਾ ਕਾਵਿ ਕਿਹਾ ਹੈ।

ਨਾਮਧਾਰੀ ਕਵੀਆਂ ਦੀਆਂ ਰਚਨਾਵਾਂ ਵਿਅੰਗਾਰਥ ਦੇ ਮਾਧਿਅਮ ਰਾਹੀਂ ਪੈਦਾ

ਕੀਤੇ ਗਏ ਅਰਥ ਚਮਤਕਾਰ ਦੀਆਂ ਮਿਸਾਲਾਂ ਵੀ ਉਪਲਬਧ ਹਨ। ਕਾਵਿ ਵਿਚ ਭਾਸ਼ਾ ਦੀ ਵਿਅੰਜਨਾ-ਸ਼ਕਤੀ ਦੇ ਮਾਧਿਅਮ ਰਾਹੀਂ ਇਕ ਸ਼ਬਦ ਦੇ ਇਕ ਤੋਂ ਵਧੀਕ ਅਰਥਾਂ ਦੀ ਪ੍ਰਤੀਤੀ ਹੁੰਦੀ ਹੈ ਧੁਨੀਵਾਦੀਆਂ ਅਨੁਸਾਰ ਕਾਵਿ ਦੇ ਵਿਅੰਗਾਰਥ ਤਕ ਪਹੁੰਚਣ ਲਈ ਪਾਠਕ ਨੂੰ ਉਹ ਵਿਸ਼ੇਸ਼ ਪ੍ਰਸੰਗ ਵੀ ਸਾਹਮਣੇ ਰੱਖਣਾ ਪੈ ਸਕਦਾ ਹੈ, ਜਿਸ ਵਿਚ ਉਹ ਕਾਵਿ-ਰਚਨਾ ਸਿਰਜੀ ਗਈ ਹੈ। ਕਾਵਿ-ਰਚਨਾ ਨੂੰ ਵਿਸ਼ੇਸ਼ ਪ੍ਰਸੰਗ ਨਾਲ ਜੋੜਨ ਤੋਂ ਬਿਨਾਂ ਕਾਵਿ-ਭਾਸ਼ਾ ਤੇ ਵਿਅੰਜਿਤ ਅਰਥ ਉਜਾਗਰ ਨਹੀਂ ਹੁੰਦੇ। ਉੱਤਮ-ਕਾਵਿ ਦੀ ਭਾਸ਼ਾ ਲੁਕਵੇਂ ਅਰਥਾਂ ਅਰਥਾਤ ਵਿਅੰਗਾਰਥ ਦੀ ਧਾਰਨੀ ਹੁੰਦੀ ਹੈ ਅਤੇ ਵਿਅੰਗਾਰਥ, ਵਾਚਾਰਥ ਅਤੇ ਲੱਖਣਾਰਥ ਤੋਂ ਅਧਿਕ ਸੁਹਜਮਈ ਅਤੇ ਪ੍ਰਭਾਵਸ਼ਾਲੀ ਹੁੰਦਾ ਹੈ। ਮੰਮਟ ਅਨੁਸਾਰ: ਅਨੇਕ ਅਰਥ ਵਾਲੇ ਸ਼ਬਦ ਦੀ ਸੰਯੋਗ, ਵਿਯੋਗ ਆਦਿ ਰਾਹੀਂ ਵਾਚਕਤਾ ਦੇ ਨਿਯਤ ਹੋ ਜਾਣ ਤੇ ਉਸ ਦੇ ਵਾਚਿਆਰਥ ਤੋਂ ਵੱਖਰੇ ਕਿਸੇ ਹੋਰ ਅਰਥ ਦੀ ਪ੍ਰਤੀਤੀ ਕਰਾਉਣ ਵਾਲਾ ਜਿਹੜਾ ਵਿਆਪਾਰ ਹੈ, ਉਸ ਨੂੰ ਵਿਅੰਜਨਾ ਕਿਹਾ ਜਾਂਦਾ ਹੈ।[73]

ਨਾਮਧਾਰੀ ਕਵੀਆਂ ਦੁਆਰਾ ਰਚੇ ਹੋਏ ਬਾਰਾਂਮਾਹਿਆਂ, **ਮਾਲਵੇਂਦ੍ਰ, ਸ੍ਰੀ ਸਤਿਗੁਰੂ ਬਿਲਾਸ, ਅਣਖੀ ਮਸਤਾਨੇ, ਸੀਤਲਤਾ ਦਾ ਸਰੋਤ** ਆਦਿ ਰਚਨਾਵਾਂ ਦੀ ਕਾਵਿ-ਭਾਸ਼ਾ ਵਿਅੰਗਾਰਥ ਦੇ ਮਾਧਿਅਮ ਰਾਹੀਂ ਅਰਥ ਚਮਤਕਾਰ ਪੈਦਾ ਕਰਦੀ ਹੈ। ਅਜਿਹੀਆਂ ਹੀ ਕੁਝ ਰਚਨਾਵਾਂ ਦੀਆਂ ਮਿਸਾਲਾਂ ਹਰਿਭਜਨ ਸਿੰਗ, ਕਰਤਾਰ ਸਿੰਘ ਪੰਛੀ, ਅਜੀਤ ਸਿੰਘ ਚੀਮਾ, ਸੁਰਿੰਦਰ ਕੌਰ ਖਰਲ ਆਦਿ ਕਵੀਆਂ ਦੀ ਕਾਵਿ-ਰਚਨਾ ਵਿਚ ਵੀ ਮਿਲਦੀਆਂ ਹਨ। ਅਜਿਹੀਆਂ ਰਚਨਾਵਾਂ ਦੀ ਭਾਸ਼ਾ ਵਿਅੰਜਨਾ - ਸ਼ਕਤੀ ਦੇ ਮਾਧਿਅਮ ਰਾਹੀਂ ਇਕ ਸ਼ਬਦ ਦੇ ਇਕ ਤੋਂ ਵੱਧ ਅਰਥਾਂ ਦੀ ਪ੍ਰਤੀਤੀ ਕਰਾਉਂਦੀ ਹੈ। ਇਸ ਦੁਆਰਾ ਕਾਵਿ ਵਿਚੋਂ ਅਨੇਕ ਸੁਤੰਤਰ ਅਰਥਾਂ ਦਾ ਬੋਧ/ਅਨੁਭਵ ਹੁੰਦਾ ਹੈ। ਅਜਿਹੇ ਵਿਅੰਜਿਤ ਅਰਥ ਉਸ ਵਿਸ਼ੇਸ਼ ਪ੍ਰਸੰਗ ਨਾਲ ਜੁੜ ਕੇ ਹੀ ਉਜਾਗਰ ਹੁੰਦੇ ਹਨ ਜਿਸ ਵਿਚ ਰਚਨਾ ਰਚੀ ਗਈ ਹੈ। ਉਦਾਹਰਣ ਦੇ ਤੌਰ 'ਤੇ ਬਾਰਾਂਮਾਹ ਰਚਨਾਵਾਂ ਦਾ ਨਾਮਧਾਰੀ ਗੁਰੂ ਦੀ ਜਲਾਵਤਨੀ ਦੇ ਵਿਸ਼ੇਸ਼ ਪ੍ਰਸੰਗ ਨਾਲ ਜੋੜ ਕੇ ਅਧਿਐਨ ਕਰਨ ਨਾਲ ਵਿਅੰਗਾਰਥ ਪ੍ਰਗਟ ਹੁੰਦਾ ਹੈ।

ਨਾਮਧਾਰੀ ਕਵੀਆਂ ਦੀਆਂ ਰਚਨਾਵਾਂ ਦੀ ਭਾਸ਼ਾ ਉੱਤੇ ਬ੍ਰਿਜ, ਹਿੰਦੀ, ਅਰਬੀ-ਫ਼ਾਰਸੀ ਅਤੇ ਅੰਗਰੇਜ਼ੀ ਭਾਸ਼ਾ ਦੀ ਸ਼ਬਦਾਵਲੀ ਦਾ ਪ੍ਰਭਾਵ ਦ੍ਰਿਸ਼ਟੀਗੋਚਰ ਹੁੰਦਾ ਹੈ। ਇਨ੍ਹਾਂ ਭਾਸ਼ਾਵਾਂ ਦੇ ਸ਼ਬਦ ਤਤਸਮ ਅਤੇ ਤਤਸਮ ਦੋਹਾਂ ਰੂਪਾਂ ਵਿਚ ਵਰਤੇ ਗਏ ਹਨ। ਬ੍ਰਜ ਭਾਸ਼ਾ ਦਾ ਨਾਮਧਾਰੀ ਕਾਵਿ ਉੱਤੇ ਬਹੁਤ ਪ੍ਰਭਾਵ ਹੈ। ਕਈ ਮਹੱਤਵਪੂਰਨ ਕਾਵਿ-ਰਚਨਾਵਾਂ ਜਿਵੇਂ ਸ੍ਰੀ ਸਤਿਗੁਰੂ ਬਿਲਾਸ ਅਤੇ ਨਾਮਧਾਰੀ ਸਿੱਖ ਸੰਖੇਪ ਵਿਵਰਨ ਦੀ ਲਿਪੀ ਗੁਰਮੁਖੀ ਹੈ, ਜਦਕਿ ਭਾਸ਼ਾ ਬ੍ਰਿਜ ਹੈ। ਇਹ ਪੂਰੀਆਂ ਦੀਆਂ ਪੂਰੀਆਂ ਰਚਨਾਵਾਂ ਬ੍ਰਜ ਭਾਸ਼ਾ ਵਿਚ ਲਿਖੀਆਂ ਗਈਆਂ ਹਨ। ਏਥੇ ਉਦਾਹਰਣ ਦੇ ਤੌਰ 'ਤੇ ਕੁਝ ਸਤਰਾਂ ਨਿਮਨਅੰਕਿਤ ਹਨ:

ਸੁਖ ਕੇ ਹੇਤੂ ਦੋਇ ਸੰਤ ਸੇਵ ਬ੍ਰਹਮ ਵਿਦਿਆ
ਯਾ ਬਿਨ ਸਭ ਹੀ ਰੋਇ ਸੁਰ ਨਰ ਕੀੜੇ ਅਸੁਰ ਖਗਾ।[74]

ਏਸੇ ਤਰ੍ਹਾਂ ਨਾਮਧਾਰੀ ਕਾਵਿ-ਭਾਸ਼ਾ ਉੱਤੇ ਹਿੰਦੀ ਭਾਸ਼ਾ ਦੀ ਸ਼ਬਦਾਵਲੀ ਦਾ ਪ੍ਰਭਾਵ ਵੀ ਪ੍ਰਤੱਖ ਦੇਖਿਆ ਜਾ ਸਕਦਾ ਹੈ। ਕਿਤੇ-ਕਿਤੇ ਤਾਂ ਪੂਰੇ ਦਾ ਪੂਰੇ ਕਾਵਿ-ਬੰਦ ਸਮੁੱਚੀ ਰਚਨਾ ਹੀ ਹਿੰਦੀ ਭਾਸ਼ਾ ਵਿਚ ਰਚੀ ਹੋਣ ਦਾ ਪ੍ਰਭਾਵ ਪਾਉਂਦੀ ਹੈ। ਇਕਬਾਲ ਸਿੰਘ ਮਨਚੰਦਾ ਦਾ ਬਾਰਾਂਮਾਹ ਇਸ ਸੰਦਰਭ ਵਿਚ ਵਿਸ਼ੇਸ਼ ਤੌਰ 'ਤੇ ਅਧਿਐਨਯੋਗ ਹੈ। ਇਸ ਦਾ 'ਸਾਵਣ' ਮਹੀਨੇ ਦੇ ਵਰਣਨ ਵਾਲਾ ਬੰਦ ਹਿੰਦੀ ਭਾਸ਼ਾ ਵਿਚ ਲਿਖਿਆ ਗਿਆ

ਹੈ:

ਸਾਵਣ ਦੀ ਘਟਾ ਘਨਘੋਰ ਛਾਈ ਚਾਰੋਂ ਓਰ,
ਦਾਮਿਨ ਚਮਕ ਦੇਖ ਜੀਅਰਾ ਡਰਤ ਹੈ।
ਮੋਰਨ ਕੀ ਕੂਕ ਸੁਣ ਹੂਕ ਉਠੇ ਮੋਰੋ ਤਨ,
ਬਿਰਹਾ ਕੀ ਅਗਨੀ ਸੇ ਜੀਅਰਾ ਡਰਤ ਹੈ।
ਨੈਨਨ ਕੀ ਜੋਤ ਫੀਕੀ ਪਰ ਗਈ ਰੁਦਨ ਕਰ,
ਧੀਆਂ ਜੋ ਅਧੀਰ ਮਨਧੀਰ ਨਾ ਧਰਤ ਹੈ।
ਦੀਨਨ ਦਿਆਲ ਸਤਿਗੁਰੂ ਰਾਮ ਸਿੰਘ ਬਿਨ,
ਹਰ ਘੜੀ ਪਲ ਮੋ ਕੋ ਚੈਨ ਨਾ ਪਰਤ ਹੈ।[75]

ਨਾਮਧਾਰੀ-ਕਾਵਿ ਦੀ ਪ੍ਰਸਤੁਤੀ ਵਿਧੀ ਦਾ ਅਧਿਐਨ ਤਿੰਨ ਪੱਖਾਂ ਕਾਵਿ-ਜੁਗਤਾਂ, ਕਾਵਿ-ਰੂਪ ਅਤੇ ਕਾਵਿ-ਭਾਸ਼ਾ ਦੇ ਆਧਾਰ 'ਤੇ ਕਰਨ ਉਪਰੰਤ ਇਹ ਕਿਹਾ ਜਾ ਸਕਦਾ ਹੈ ਕਿ ਇਸ ਕਵਿਤਾ ਦੀ ਪ੍ਰਸਤੁਤੀ ਵਿਧੀ ਦੀ ਆਪਣੀ ਵਿਲੱਖਣਤਾ ਹੈ। ਨਾਮਧਾਰੀ ਕਵੀਆਂ ਨੇ ਪੰਜਾਬੀ ਕਾਵਿ-ਪਰੰਪਰਾ ਵਿਚ ਮੌਜੂਦ ਕਾਵਿ-ਜੁਗਤਾਂ ਅਤੇ ਕਾਵਿ-ਰੂਪਾਂ ਦੇ ਮਾਧਿਅਮ ਰਾਹੀਂ ਕਾਵਿ-ਵਸਤੂ ਨੂੰ ਪੇਸ਼ ਕੀਤਾ ਹੈ।

ਹਵਾਲੇ ਤੇ ਟਿੱਪਣੀਆਂ

1. ਬਲਜੀਤ ਕੌਰ, ਆਧੁਨਿਕ ਪੰਜਾਬੀ ਕਾਵਿ : ਸੁਹਜ ਦ੍ਰਿਸ਼ਟੀ, ਪੰਨਾ 18.
2. Structuralism and Semiotics, pp. 64-65.
3. ਬਲਜੀਤ ਕੌਰ, ਉਹੀ ਰਚਨਾ, ਪੰਨਾ 18.
4. 'ਸੰਰਚਨਾਵਾਦੀ ਲਿਖਣ ਸਿਧਾਂਤ', ਰਚਨਾ-ਸੰਰਚਨਾ, ਪੰਨਾ 82.
5. ਸਿਮਰਨ, ਪੰਨਾ 79.
6. ਉਹੀ, ਪੰਨਾ 100.
7. ਉਹੀ, ਪੰਨਾ 100.
8. ਰਾਮ ਵਿਯੋਗੀਆਂ ਦੇ ਬਾਰਾਂਮਾਹ, ਪੰਨੇ 61-62
9. ਰਾਜਿੰਦਰ ਰਾਹੀ (ਸੰਪ.), ਸੰਤ ਰਾਮ ਉਦਾਸੀ ਜੀਵਨ ਤੇ ਰਚਨਾ, ਪੰਨਾ 94.
10. ਉਹੀ, ਪੰਨਾ 85
11. ਸਿਮਰਨ, ਪੰਨਾ 27
12. ਬਖ਼ਸ਼ਿਸ਼, ਪੰਨਾ 42
13. ਸਿਮਰਨ, ਪੰਨਾ 27
14. ਉਹੀ, ਪੰਨਾ 52
15. ਪ੍ਰਭੂ ਅਬਿਨਾਸੀ, ਪੰਨਾ 14
16. ਸੁਰਿੰਦਰ ਕੌਰ ਖਰਲ, ਬਖ਼ਸ਼ਿਸ਼, ਪੰਨਾ 34
17. ਪ੍ਰੀਤਮ ਸਿੰਘ ਕਵੀ, ਸਿਮਰਨ, ਪੰਨਾ 50
18. ਉਹੀ, ਪੰਨਾ 14

19. ਉਹੀ, ਪੰਨਾ 14
20. ਤਾਰਾ ਸਿੰਘ ਕਮਲ (ਸੰਪ.) **ਪ੍ਰਭੂ ਅਬਿਨਾਸੀ**, ਪੰਨਾ 25.
21. ਸਿਮਰਨ, ਪੰਨਾ 13
22. ਬਖ਼ਸ਼ਿਸ਼, ਪੰਨਾ 40
23. ਸੰਤ ਰਾਮ ਉਦਾਸੀ ਜੀਵਨ ਤੇ ਰਚਨਾ (ਸੰਪ.) ਪੰਨਾ 85.
24. ਪ੍ਰਭੂ ਅਬਿਨਾਸੀ, ਪੰਨਾ 23.
25. ਸਿਮਰਨ, ਪੰਨਾ 12
26. ਰਾਮ ਵਿਯੋਗੀਆਂ ਦੇ ਬਾਰਾਂਮਾਹ (ਸੰਪ.), ਪੰਨੇ 79-80.
27. ਉਹੀ, ਪੰਨਾ 18
28. ਪ੍ਰਭੂ ਅਬਿਨਾਸੀ, ਪੰਨਾ 28.
29. ਉਹੀ, ਪੰਨਾ 71
30. ਸੰਤ ਰਾਮ ਉਦਾਸੀ ਜੀਵਨ ਤੇ ਰਚਨਾ (ਸੰਪ.) ਪੰਨਾ 90.
31. ਵਿਹਾਰਕ ਸਮੀਖਿਆ, ਪੰਨਾ 46.
32. ਪ੍ਰਭੂ ਅਬਿਨਾਸੀ, ਪੰਨਾ 119.
33. ਮਾਸਟਰ ਨਿਹਾਲ ਸਿੰਘ, **ਸੀਤਲਤਾ ਦਾ ਸਰੋਤ**, ਪੰਨਾ 62.
34. ਰਾਮ ਵਿਯੋਗੀਆਂ ਦੇ ਬਾਰਾਂਮਾਹ (ਸੰਪ.), ਪੰਨੇ 64.
35. ਪ੍ਰਭੂ ਅਬਿਨਾਸੀ, ਪੰਨਾ 120.
36. ਨਾਮਧਾਰੀ ਸਿਖ-ਸੰਖੇਪ ਵਿਵਰਨ, ਪੰਨੇ 91-92.
37. ਉਹੀ, ਪੰਨਾ 91
38. ਰਾਮ ਵਿਯੋਗੀਆਂ ਦੇ ਬਾਰਾਂਮਾਹ (ਸੰਪ.), ਪੰਨੇ 40-42.
39. ਉਹੀ, ਪੰਨੇ 42-43.
40. ਪ੍ਰਭੂ ਅਬਿਨਾਸੀ, ਪੰਨਾ 67.
41. ਬਖ਼ਸ਼ਿਸ਼, ਪੰਨਾ 35.
42. ਰਾਮ ਵਿਯੋਗੀਆਂ ਦੇ ਬਾਰਾਂਮਾਹ (ਸੰਪ.), ਪੰਨੇ 89.
43. ਉਹੀ, ਪੰਨੇ 47.
44. ਸ੍ਰੀ ਸਤਿਗੁਰੂ ਬਿਲਾਸ, ਪੰਨਾ 30.
45. ਉਹੀ, ਪੰਨੇ 19.
46. ਸੰਤ ਖ਼ਾਲਸਾ, ਪੰਨਾ 34.
47. ਸ੍ਰੀ ਸਤਿਗੁਰੂ ਬਿਲਾਸ, ਪੰਨਾ 96.
48. ਨਾਮਧਾਰੀ ਸਿਖ-ਸੰਖੇਪ ਵਿਵਰਨ, ਪੰਨਾ 34.
49. ਧਿਆਨ ਸਿੰਘ ਕਾਦਰਾਬਾਦੀ, **ਸ੍ਰੀ ਸਤਿਗੁਰੂ ਬਿਲਾਸ**, ਪੰਨਾ 56.
50. ਸ੍ਰੀ ਸਤਿਗੁਰੂ ਬਿਲਾਸ, ਪੰਨਾ 125.
51. ਆਧੁਨਿਕ ਪੰਜਾਬੀ ਕਾਵਿ ਰੂਪ ਅਧਿਐਨ, ਪੰਨਾ 59.
52. ਅਦੁੱਤੀ ਰਹਿਬਰ, ਪੰਨਾ 80.
53. ਆਧੁਨਿਕ ਪੰਜਾਬੀ ਕਾਵਿ ਰੂਪ ਅਧਿਐਨ, ਪੰਨਾ 67.
54. ਅਣਖੀ ਮਸਤਾਨੇ, ਪੰਨਾ 43.

55. ਬ੍ਰਿਹਾ, ਪੰਨਾ 54.
56. ਉਹੀ, ਪੰਨੇ 57-58.
57. ਬਖ਼ਸ਼ਿਸ਼, ਪੰਨਾ 87.
58. ਆਧੁਨਿਕ ਪੰਜਾਬੀ ਕਾਵਿ ਰੂਪ ਅਧਿਐਨ, ਪੰਨਾ 171.
59. ਫਸ਼ੂਠਭ ਓਨਗਲਸਿਹ-ਫੁਨਜਓਬਕਿ ਧਚਿਟੌਨਿਓਰੇ, ਪ.669.
60. ਪ੍ਰਭੁ ਅਬਿਨਾਸੀ, ਪੰਨੇ 28-29.
61. ਆਧੁਨਿਕ ਪੰਜਾਬੀ ਕਾਵਿ ਰੂਪ ਅਧਿਐਨ, ਪੰਨਾ 118.
62. ਸਿਮਰਨ, ਪੰਨਾ 19.
63. ਉਹੀ, ਪੰਨਾ 19.
64. ਚਰਨ ਭੇਟ, ਪੰਨਾ 58.
65. ਡਾ. ਨਿਰੇਸ਼, ਗ਼ਜ਼ਲ ਦਾ ਰਚਨਾ ਵਿਧਾਨ, ਪੰਨੇ 10-11.
66. ਚਰਨ ਭੇਟ, ਪੰਨਾ 38.
67. ਜਸਵੰਤ ਬੇਗੋਵਾਲ (ਸੰਪ.) ਸਿਰਜਨਾ ਦੇ ਰੂਬਰੂ, ਪੰਨਾ 71.
68. ਦੁਨੀ ਚੰਦ (ਅਨੁ.), ਸਾਹਿਤਯ ਦਰਪਣ, ਪੰਨਾ 104.
69. ਅਦੁੱਤੀ ਰਹਿਬਰ, ਪੰਨਾ 44.
70. ਰਾਜਿੰਦਰ ਸਿੰਘ ਸ਼ਾਸਤਰੀ, ਕਾਵਿ ਪ੍ਰਕਾਸ਼ (ਅਨੁ.), ਪੰਨਾ 56.
71. ਮੰਮਟ, ਕਾਵਿ-ਪ੍ਰਕਾਸ਼ (ਅਨੁ. ਰਾਜਿੰਦਰ ਸਿੰਘ ਸ਼ਾਸਤਰੀ), ਪੰਨਾ 78.
72. ਸਚੀ ਤੇਰੀ ਸਿਫ਼ਤੀ, ਪੰਨਾ 15.
73. ਕਾਵਿ-ਪ੍ਰਕਾਸ਼ (ਅਨੁ. ਰਾਜਿੰਦਰ ਸਿੰਘ ਸ਼ਾਸਤਰੀ), ਪੰਨਾ 104.
74. ਧਿਆਨ ਸਿੰਘ ਕਾਦਰਾਬਾਦੀ, ਸ੍ਰੀ ਸਤਿਗੁਰੂ ਬਿਲਾਸ, ਪੰਨਾ 31.
75. ਰਾਮ ਵਿਯੋਗੀਆਂ ਦੇ ਬਾਰਾਂਮਾਹ (ਸੰਪ.), ਪੰਨਾ 77.

ਪੁਸਤਕ - ਸੂਚੀ

ਪੰਜਾਬੀ ਪੁਸਤਕਾਂ :

- ਉਦਾਸੀ, ਸੰਤ ਰਾਮ, ਜੀਵਨ ਤੇ ਸਮੁੱਚੀ ਰਚਨਾ(ਸੰਪ.) ਰਾਜਿੰਦਰ ਰਾਹੀ, ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਚੰਡੀਗੜ੍ਹ, 1996.
- ਅਨਜਾਣ, ਤਾਰਾ ਸਿੰਘ (ਸੰਪ.), ਰਾਮ ਵਿਯੋਗੀਆਂ ਦੇ ਬਾਰਾਂਮਾਹ, ਨਾਮਧਾਰੀ ਦਰਬਾਰ, ਭੈਣੀ ਸਾਹਿਬ, 1995.
- _______________ (ਸੰਪ.), ਸਭਹਨ ਦੇ ਸਿਰਮੌਰ, ਨਾਮਧਾਰੀ ਦਰਬਾਰ, ਭੈਣੀ ਸਾਹਿਬ, 1995.
- ਅਮਰੀਕ ਸਿੰਘ, ਸਚੀ ਤੇਰੀ ਸਿਫ਼ਤਿ, ਨਾਮਧਾਰੀ ਦਰਬਾਰ, ਪੰਜਾਬ, 1995.
- ਸਤਿੰਦਰ ਸਿੰਘ, ਆਧੁਨਿਕ ਪੰਜਾਬੀ ਕਾਵਿ ਰੂਪ ਅਧਿਐਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1980.
- _______________, ਵਿਹਾਰਕ ਸਮੀਖਿਆ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986.
- ਸੰਪੂਰਨ ਸਿੰਘ, ਦਸ਼ਮੇਸ਼ ਲੀਲਾ, ਹਰੀ ਰਾਮ ਹਰੀ ਪ੍ਰੈਸ, ਸਰਸਾ, ਮਿਤੀਹੀਣ।
- ਹਰਿਭਜਨ ਸਿੰਘ (ਸੰਪ.), ਉਨ੍ਹਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ, ਨੈਸ਼ਨਲ ਬੁਕ ਟਰਸਟ, ਨਵੀਂ ਦਿੱਲੀ, 1993.
- ਕਸੇਲ, ਕਿਰਪਾਲ ਸਿੰਘ ਤੇ ਹੋਰ, ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਲਾਹੌਰ ਬੁਕ ਸ਼ਾਪ, ਲੁਧਿਆਣਾ, 1976.
- _______________, ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਦੂਜਾ, ਭਾਸ਼ਾ ਵਿਭਾਗ ਪੰਜਾਬ, 1983.
- _______________, ਜੈਸਾ ਸਤਿਗੁਰ ਸੁਣੀਦਾ, ਪੰਜਾਬ ਪਬਲੀਕੇਸ਼ਨ ਪਟਿਆਲਾ, 1996.
- _______________, ਚਾਲੀਸਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਨਾਮਧਾਰੀ ਦਰਬਾਰ, ਭੈਣੀ ਸਾਹਿਬ, 1999.
- ਕਰਮਜੀਤ ਸਿੰਘ, ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਦੇ ਵਿਚਾਰਧਾਰਾਈ ਆਧਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1994.
- ਕਾਮਲ, ਤਾਰਾ ਸਿੰਘ (ਸੰਪ.), ਪ੍ਰਭੂ ਅਬਿਨਾਸੀ, ਸਤਿਗੁਰੂ ਪ੍ਰਤਾਪ ਅਵਤਾਰ ਸ਼ਤਾਬਦੀ ਕਮੇਟੀ, ਨਵੀਂ ਦਿੱਲੀ, 1991.
- ਕਾਦਰਬਾਦੀ, ਧਿਆਨ ਸਿੰਘ, ਸ੍ਰੀ ਸਤਿਗੁਰੂ ਬਿਲਾਸ, ਨਾਮਧਾਰੀ ਦਰਬਾਰ, ਭੈਣੀ ਸਾਹਿਬ, 1998.
- ਕੰਵਰ, ਤਰਲੋਕ ਸਿੰਘ, ਬਦਲਦੇ ਪਰਿਪੇਖ, ਵਿਦਵਾਨ ਪ੍ਰਕਾਸ਼ਨ, ਅੰਬਾਲਾ, 1975.
- ਖਰਲ, ਸੁਰਿੰਦਰ ਕੌਰ, ਬਖ਼ਸ਼ਿਸ਼, ਨਾਮਧਾਰੀ ਇੰਜੀਨੀਅਰਿੰਗ ਵਰਕਸ, ਰੋਪੜ, 1996.
- _______________, ਤੂੰ ਹੀ ਤੂੰ, ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ, 2000.

- ਗਿਆਨੀ, ਗਿਆਨ ਸਿੰਘ, ਨਾਮਧਾਰੀ ਸਿੱਖ-ਸੰਖੇਪ ਵਿਵਰਨ, ਮੈਨੇਜਰ ਸਤਿਜੁਗ, ਸਰਸਾ, 1988.
- ਚਾਨਾ, ਹਰਿਭਜਨ ਕੌਰ, ਅਨੋਖੇ ਬਾਗ ਦੀ ਸੈਰ, ਨਾਮਧਾਰੀ ਦਬਰਾਰ ਭੈਣੀ ਸਾਹਿਬ, 2000.
- ਚੀਮਾ, ਅਜੀਤ ਸਿੰਘ, ਬ੍ਰਿਹਾ, ਨਾਮਧਾਰੀ ਦਰਬਾਰ, ਨਵੀਂ ਦਿੱਲੀ, 1994.
- ____________, ਰੁਬਾਈਆਂ ਦੀ ਪਟਾਰੀ, ਛਾਬੜਾ ਕੰਪੋਜ਼ਿੰਗ ਹਾਊਸ, ਜਲੰਧਰ, 1997.
- ____________, ਗੁਲਜ਼ਾਰੇ-ਗ਼ਜ਼ਲ, ਵਾਈਟਕਰਾਸ ਪ੍ਰਿੰਟਰਜ਼, ਜਲੰਧਰ, 1998.
- ਚੰਦ, ਰਣਧੀਰ ਸਿੰਘ, ਸਮੀਖਿਆ ਸ਼ਾਸਤਰ, ਸੁੰਧਰ ਬੁਕ ਡਿਪੋ, ਜਲੰਧਰ, 1993.
- ਜਗਨ ਨਾਥ, ਰਸ ਗੰਗਾਧਾਰ (ਅਨੁ,), ਓਮ ਪ੍ਰਕਾਸ਼ ਭਾਰਦਵਾਜ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.
- ਜਸਵਿੰਦਰ ਸਿੰਘ, ਹੁਕਮਨਾਮੇ, ਨਾਮਧਾਰੀ ਦਰਬਾਰ, ਭੈਣੀ ਸਾਹਿਬ, 1998.
- ਜੱਗੀ, ਗੁਰਸ਼ਰਨ ਕੌਰ, ਭਾਰਤੀ ਕਾਵਿ-ਸ਼ਾਸਤਰ ਸਰੂਪ ਤੇ ਸਿਧਾਂਤ, ਆਰਸੀ ਪਬਲਿਸ਼ਰਜ਼, ਦਿੱਲੀ, 1981.
- ਢਿੰਦ, ਕਰਨੈਲ ਸਿੰਘ (ਸੰਪ.), ਸਾਹਿਤ ਅਧਿਐਨ ਪ੍ਰਣਾਲੀਆਂ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1977.
- ਨਾਮਧਾਰੀ, ਜੰਗੀਰ ਸਿੰਘ, ਸਾਧ ਕੀ ਮਹਿਮਾ ਬੇਦ ਨਾ ਜਾਨਹਿ, ਜੰਗੀਰ ਸਿੰਘ, ਮਾਨਸਾ, 1999.
- ਨਿਹਾਲ ਸਿੰਘ, ਸੀਤਲਤਾ ਦਾ ਸਰੋਤ, ਨਾਮਧਾਰੀ ਦਰਬਾਰ, ਭੈਣੀ ਸਾਹਿਬ, 1996.
- ਪੰਛੀ, ਕਰਤਾਰ ਸਿੰਘ, ਚਰਨ ਭੇਂਟ, ਸਤਿਗੁਰੂ ਪ੍ਰਤਾਪ ਅਵਤਾਰ ਸ਼ਤਾਬਦੀ ਕਮੇਟੀ, ਨਵੀਂ ਦਿੱਲੀ, 1991.
- ਬਲਜੀਤ ਕੌਰ, ਆਧੁਨਿਕ ਪੰਜਾਬੀ ਕਾਵਿ ਸੁਹਜ-ਦ੍ਰਿਸ਼ਟੀ, ਦੀਪਕ ਪਬਲਿਸ਼ਰਜ਼, ਜਲੰਧਰ, 1986.
- ____________, ਗੁਰਬਾਣੀ : ਧਰਮ ਅਤੇ ਸਾਹਿਤ, ਸੁੰਦਰ ਬੁਕ ਡਿਪੋ, ਜਲੰਧਰ, 1996.
- ਮੰਮਟ, ਕਾਵਿ ਪ੍ਰਕਾਸ਼ (ਅਨੁ.) ਰਾਜਿੰਦਰ ਸਿੰਘ ਸ਼ਾਸਤਰੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1981.
- ਰਵ੍ਹੀ, ਰਵਿੰਦਰ ਸਿੰਘ, ਨਵੀਨ ਆਲੋਚਨਾ ਪ੍ਰਣਾਲੀ, ਸੋਧ ਪ੍ਰਕਾਸ਼ਨ, ਪਟਿਆਲਾ, 1982.
- ________, ਰਵੀ ਚੇਤਨਾ (ਸੰਪ.) ਗੁਰਚਰਨ ਸਿੰਘ ਅਰਸ਼ੀ, ਰਵੀ ਮੈਮੋਰੀਅਲ ਟ੍ਰਸਟ, ਪਟਿਆਲਾ, 1991.
- ਰਤਨ, ਹਰਿਭਜਨ ਸਿੰਗ, ਗੁਰਗੀਤ ਰਤਨਮਾਲਾ, ਨਾਮਧਾਰੀ ਦਰਬਾਰ, ਭੈਣੀ ਸਾਹਿਬ, 2000.
- ਰਾਏ, ਗੁਰਦੇਵ ਸਿੰਘ, ਅਦੁੱਤੀ ਰਹਿਬਰ, ਗੁਰਦੇਵ ਸਿੰਘ ਰਾਏ, ਸਾਹਿਤ ਪ੍ਰਕਾਸ਼ਨ, ਰੱਕੜਾਂ, 1996.

- ਰਾਜਿੰਦਰ ਸਿੰਘ ਰਾਹੀ (ਸੰਪ.) ਸੰਤ ਰਾਮ ਉਦਾਸੀ : ਜੀਵਨ ਤੇ ਰਚਨਾ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2000.
- ਵਹਿਮੀ, ਤਰਨ ਸਿੰਘ, ਸੁਹੇਵਾ ਸਾਹਿਬ, ਅਵਾਸੀ ਪ੍ਰਿੰਟਿੰਗ ਪ੍ਰੈਸ, ਜਲੰਧਰ, ਮਿਤੀਹੀਣ।
- ਵਿਸ਼ਵਨਾਥ, ਸਾਹਿਤਯ ਦਰਪਣ (ਅਨੁ.) ਦੁਨੀ ਚੰਦ, ਪਬਲੀਕੇਸ਼ਨ ਬਿਊਰੋ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1972.

ਅੰਗਰੇਜ਼ੀ ਪੁਸਤਕਾਂ

- Ahluwali, M.L., Land Marksin Sikh History, Ashaba Internaitonal Publishers, New Delhi, 1996.
- Antonna, K., A History of India, Progress Publishers, Moseow, 1978.
- Bali, Yogender and Kalika Bali, The Warriors in White, Har-Anada Publications, New Delhi, 1995.
- Eliot, T.S. Selected Essays, Faber and Faber Ltd. London, 1969.
- Hawkes, T., Structuralism and Senioties, Methuens Co. Ltd. Lon don.
- Jaswinder Singh, Kuka Movement Freedom Strugugle in Punjab, Attandie Publishers, New Delhi, 1985.
- Narhar Singh, Gooroo Ram Singh and the Kuka Sikhs, Amrit Book Co., New Delhi, 1996.

ਪਤ੍ਰਿਕਾਵਾਂ :

- ਸਤਿਜੁਗ, ਜੀਵਨ ਨਗਰ, ਸਰਸਾ, ਸੰਮਤ 2042.
- ਸਤਿਜੁਗ, ਨਾਮਧਾਰੀ ਦਰਬਾਰ ਭੈਣੀ ਸਾਹਿਬ, ਸੰਮਤ 2049.
- ਸਤਿਜੁਗ, ਨਾਮਧਾਰੀ ਦਰਬਾਰ ਭੈਣੀ ਸਾਹਿਬ, ਸੰਮਤ 2052.
- ਸਤਿਜੁਗ, ਨਾਮਧਾਰੀ ਦਰਬਾਰ ਭੈਣੀ ਸਾਹਿਬ, ਸੰਮਤ 2054.
- ਖੋਜ ਪਤ੍ਰਿਕਾ, 'ਆਧੁਨਿਕ ਕਾਵਿ ਅੰਕ', ਪੰਜਾਬੀ ਯੂਨੀਵਰਸਿਟੀ, ਪਟਿਆਲਾ ਸਤੰਬਰ 1983
- ਖੋਜ ਪਤ੍ਰਿਕਾ, 'ਗੁਰਮਤਿ ਕਾਵਿ ਅੰਕ', ਪੰਜਾਬੀ ਯੂਨੀਵਰਸਿਟੀ, ਪਟਿਆਲਾ ਸਤੰਬਰ 1985.
- ਖੋਜ ਪਤ੍ਰਿਕਾ, 'ਬੀਰ ਕਾਵਿ ਅੰਕ', ਪੰਜਾਬੀ ਯੂਨੀਵਰਸਿਟੀ, ਪਟਿਆਲਾ 1992.
- ਖੋਜ ਦਰਪਣ (ਪੰਜਾਬੀ ਸਾਹਿਤ ਦੀ ਇਤਿਹਾਸਕਾਰੀ), ਪੰਜਾਬੀ ਅਧਿਐਨ ਸਕੂਲ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਜਨਵਰੀ 1986.
- ਖੋਜ ਦਰਪਣ (ਪੰਜਾਬੀ ਸਾਹਿਤ ਦੀ ਇਤਿਹਾਸਕਾਰੀ-2), ਪੰਜਾਬੀ ਅਧਿਐਨ ਸਕੂਲ

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਜੁਲਾਈ 1986.

- ਖੋਜ ਦਰਪਣ (ਪੰਜਾਬੀ ਸਾਹਿਤ ਦੀ ਇਤਿਹਸਕਾਰੀ-3), ਪੰਜਾਬੀ ਅਧਿਐਨ ਸਕੂਲ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਜਨਵਰੀ 1987.
- ਵਰਿਆਮ (ਬਸੰਤ ਵਿਸ਼ੇਸ਼ ਅੰਕ), ਜਲੰਧਰ 1992.

ਅਣਪ੍ਰਕਾਸ਼ਿਤ ਖੋਜ-ਪ੍ਰਬੰਧ:

- ਰਾਜਿੰਦਰ ਸਿੰਘ, ਬੰਦੀਵਾਨ ਪੰਜਾਬੀ ਕਵੀ ਅਤੇ ਉਨ੍ਹਾਂ ਦੀ ਕਵਿਤਾ
- ਵਿਰਾਲੀ, ਤੇਜਿੰਦਰ, ਜੁਝਾਰਵਾਦੀ ਪੰਜਾਬੀ ਕਾਵਿ-ਧਾਰਾ - ਸੁਹਜ ਸ਼ਾਸਤਰੀ ਅਧਿਐਨ

ਅਣਪ੍ਰਕਾਸ਼ਿਤ ਖੋਜ-ਪੱਤਰ:

- ਨਾਮਧਾਰੀ ਲਹਿਰ : ਇਤਿਹਾਸ, ਸਾਹਿਤ ਅਤੇ ਯੋਗਦਾਨ (ਸੈਮੀਨਾਰ ਜਿਲਦ), ਨਾਮਧਾਰੀ ਗੁਰੂ ਰਾਮ ਸਿੰਘ ਚੇਅਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2001.



ਨਾਮਧਾਰੀ ਲਹਿਰ ਦੇ ਮੁਢਲੇ ਦੌਰ ਵਿਚ ਰਚੀ ਗਈ ਪੰਜਾਬੀ ਕਵਿਤਾ ਵੀ ਸਤਿਗੁਰੂ ਰਾਮ ਸਿੰਘ ਜੀ ਦੇ ਇਨ੍ਹਾਂ ਉਪਦੇਸ਼ਾਂ ਨੂੰ ਕਾਵਿ ਬੱਧ ਕਰਦੀ ਹੋਈ ਇਸ ਸੰਪ੍ਰਦਾਇ ਦੀਆਂ ਵਿਚਾਰਧਾਰਕ ਤੇ ਵਿਹਾਰਕ ਵਿਲੱਖਣਤਾਵਾਂ ਦਾ ਵਰਣਨ ਵੀ ਕਰਦੀ ਹੈ। ਇਹ ਕਵਿਤਾ ਨਾਮਧਾਰੀ ਗੁਰੂਆਂ ਸਤਿਗੁਰੂ ਰਾਮ ਸਿੰਘ ਜੀ, ਸਤਿਗੁਰੂ ਬਾਲਕ ਸਿੰਘ ਜੀ, ਸਤਿਗੁਰੂ ਹਰੀ ਸਿੰਘ ਜੀ ਦੀ ਮਹਿਮਾ ਦਾ, ਉਨ੍ਹਾਂ ਦੀ ਅਦੁੱਤੀ ਸ਼ਖ਼ਸੀਅਤ ਅਤੇ ਉਨ੍ਹਾਂ ਦੀ ਮਹਾਨ ਧਾਰਮਿਕ ਸਮਾਜਿਕ ਤੇ ਇਤਿਹਾਸਕ ਦੇਣ ਦਾ ਜਸ ਗਾਇਨ ਵੀ ਕਰਦੀ ਹੈ ਅਤੇ ਪ੍ਰਸੰਸਾਮੂਲਕ ਸੁਰ ਵਿਚ ਨਾਮਧਾਰੀ ਸੰਪ੍ਰਦਾਇ ਦੇ ਪੈਰੋਕਾਰਾਂ ਵੱਲੋਂ ਦੇਸ਼ ਕੌਮ ਤੇ ਧਰਮ ਦੀ ਖਾਤਿਰ ਦਿੱਤੀਆਂ ਕੁਰਬਾਨੀਆਂ ਦੇ ਪ੍ਰਸੰਗ ਵੀ ਸੁਣਾਉਂਦੀ ਹੈ।

ਮੈਂ ਡਾ. ਰਣਜੀਤ ਕੌਰ ਨੂੰ ਉਸਦੇ ਉਦਮ 'ਤੇ ਸ਼ਾਬਾਸ ਤੇ ਵਧਾਈ ਦਿੰਦੀ ਹੋਈ ਇਹ ਸ਼ੁਭ ਕਾਮਨਾ ਕਰਦੀ ਹਾਂ ਕਿ ਉਹ ਇਸ ਪੁਸਤਕ ਦੇ ਰੂਪ ਵਿਚ ਆਰੰਭ ਕੀਤੇ ਸਾਹਿਤ-ਅਧਿਐਨ ਦੇ ਆਪਣੇ ਸਿਰੜ ਨੂੰ ਕਾਇਮ ਰੱਖਦੀ ਹੋਈ ਇਸ ਖੇਤਰ ਵਿਚ ਅਗਾਂਹ ਵੀ ਕਾਰਜਸ਼ੀਲ ਰਹੇ।

— ਡਾ. ਬਲਜੀਤ ਕੌਰ

ISBN 978-93-80427-26-3
9 789380 427263
₹ 200/-